

TANYA'S
BEAUTY SALON
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Ad Space Available
Please Call
Ph:847-359-0746

Fourteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 29, July 20th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388

## ਮੋਦੀ ਨੇ ਬਾਦਲ ਨੂੰ ਕਸੂਤੇ ਫਸਾਇਆ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਵਜੋਂ ਉਭਾਰੇ ਜਾ ਰਹੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਦੇ 'ਅਗਨ ਬਾਣਾਂ' ਦਾ ਸੇਕ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੀ ਲੱਗਾ ਹੈ। ਸ੍ਰੀ ਮੋਦੀ ਨੇ ਖ਼ਬਰ ਏਜੰਸੀ 'ਰਾਇਟਰਜ਼' ਨਾਲ ਇੰਟਰਵਿਊ ਦੌਰਾਨ ਕਿਹਾ ਕਿ ਉਹ ਰਾਸ਼ਟਰਵਾਦੀ ਹਿੰਦੂ ਹੈ ਅਤੇ ਉਸ ਨੇ ਗੋਧਰਾ ਕਾਂਡ ਤੋਂ ਬਾਅਦ ਹੋਏ ਦੰਗਿਆਂ ਦੌਰਾਨ ਜੋ ਕੁਝ ਵੀ ਕੀਤਾ, ਉਸ ਵਿਚ ਕੁਝ ਵੀ ਗਲਤ ਨਹੀਂ। ਸ੍ਰੀ ਮੋਦੀ ਨੂੰ ਜਦੋਂ 2002 ਦੇ ਦੰਗਿਆਂ ਦੇ ਪਛਤਾਵੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇ ਕੋਈ ਕਤੂਰਾ ਵੀ ਕਾਰ ਥੱਲੇ ਆ ਜਾਵੇ ਤਾਂ ਮਨ ਉਦਾਸ ਹੋ ਜਾਂਦਾ ਹੈ।

ਸ੍ਰੀ ਮੋਦੀ ਦੀ ਇਸ ਟਿੱਪਣੀ ਨੂੰ ਲੈ ਕੇ ਦੇਸ਼ ਭਰ ਵਿਚ ਭਾਜਪਾ ਦੀ ਅਲੋਚਨਾ ਹੋਈ। ਸਭ ਤੋਂ ਜ਼ਿਆਦਾ ਔਖੀ ਹਾਲਤ ਘੱਟ-ਗਿਣਤੀਆਂ ਦੀ ਨੁਮਾਇੰਦਗੀ ਕਰਦੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਬਣੀ। ਕਾਂਗਰਸ, ਸਮਾਜਵਾਦੀ ਪਾਰਟੀ, ਸੀ.ਪੀ.ਐਮ., ਸੀ.ਪੀ.ਆਈ. ਅਤੇ ਜਨਤਾ ਦਲ (ਯੂ) ਦੇ ਆਗੂਆਂ ਨੇ ਸਪਸ਼ਟ ਕਿਹਾ ਹੈ ਕਿ ਮੋਦੀ ਨੇ ਦੇਸ਼ ਦੇ ਮੁਸਲਮਾਨਾਂ ਨੂੰ 'ਕਤੂਰਾ' ਕਿਹਾ ਹੈ ਤੇ ਉਹ ਅਜਿਹੀਆਂ ਸ਼ਰਮਸਾਰ ਕਰਨ ਵਾਲੀਆਂ ਟਿੱਪਣੀਆਂ ਲਈ ਮੁਆਫ਼ੀ ਮੰਗੇ। ਘੱਟ-ਗਿਣਤੀਆਂ ਨਾਲ ਸਬੰਧਤ ਹੋਰ ਜਥੇਬੰਦੀਆਂ ਨੇ ਵੀ ਨਰੇਂਦਰ ਮੋਦੀ ਦੇ ਬਿਆਨ ਦੀ ਤਿੱਖੀ ਆਲੋਚਨਾ ਕੀਤੀ ਹੈ।

ਪੰਜਾਬ ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਦਿਆਂ ਸਵਾਲ ਖੜ੍ਹੇ ਕੀਤੇ ਹਨ ਕਿ ਉਹ ਆਪਣੀ ਸਥਿਤੀ ਸਪਸ਼ਟ ਕਰੇ ਕਿ ਉਹ ਹਿੰਦੂਵਾਦੀ ਨਰੇਂਦਰ ਮੋਦੀ ਦੀ ਵਿਚਾਰਧਾਰਾ ਨਾਲ ਖੜ੍ਹਾ ਹੈ ਜਾਂ ਭਾਰਤ ਦੇ ਸੰਵਿਧਾਨ ਦੀ ਧਰਮ ਨਿਰਪੱਖਤਾ ਵਾਲੀ ਸੋਚ 'ਤੇ ਕਾਇਮ ਹੈ। ਕਾਂਗਰਸ ਦਾ ਕਹਿਣਾ ਹੈ ਕਿ ਅਕਾਲੀ ਦਲ ਵੱਲੋਂ ਦੋਹਰੇ ਮਾਪਦੰਡ ਅਪਨਾਏ ਜਾ ਰਹੇ ਹਨ। ਇਕ ਪਾਸੇ ਮੌਕਾ ਮਿਲਦੇ ਹੀ 1984 ਦੇ ਸਿੱਖ ਕਤਲੇਆਮ ਦੀ ਨਿੰਦਾ ਕੀਤੀ ਜਾਂਦੀ ਹੈ ਅਤੇ ਵੋਟਾਂ ਖਾਤਰ ਸਿੱਖਾਂ ਦੇ ਜਜ਼ਬਾਤ ਨੂੰ ਕਾਂਗਰਸ

*(ਬਾਕੀ ਸਫਾ 6 'ਤੇ)*

## ਬਾਦਲਾਂ ਨੂੰ ਵੰਗਾਰਨ ਲਈ ਨਵੇਂ ਸਿਰਿਓਂ ਸਫਬੰਦੀ

### ਪੀ.ਪੀ.ਪੀ. ਤੇ ਕਾਂਗਰਸ ਇਕੋ ਰਾਹ 'ਤੇ

### ਅਕਾਲੀ ਧੜੇ ਏਕਤਾ ਲਈ ਅਹੁਲੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਬਾਦਲਾਂ ਨੂੰ ਵੰਗਾਰਨ ਲਈ ਸਿਆਸੀ ਜੋੜ-ਤੋੜ ਸ਼ੁਰੂ ਹੋ ਗਿਆ ਹੈ। ਇਕ ਪਾਸੇ ਕਾਂਗਰਸ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹੋਈਆਂ ਗਲਤੀਆਂ ਨੂੰ ਸੁਧਾਰਨ ਦਾ ਯਤਨ ਕਰਦਿਆਂ ਬਾਦਲ ਪਰਿਵਾਰ ਵਿਚੋਂ ਹੀ ਬਗਾਵਤ ਕਰ ਕੇ ਆਪਣੇ ਸ਼ਰੀਕਾਂ ਨਾਲ ਟੱਕਰ ਲੈ ਰਹੇ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਨੂੰ ਨੇੜੇ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਬਾਦਲਾਂ ਨੂੰ ਪੰਥਕ ਮੁੱਦਿਆਂ 'ਤੇ ਘੇਰਨ ਲਈ ਸ਼੍ਰੋਮਣੀ ਅਕਾਲੀ ਦਲ (ਅ) ਸਣੇ ਹੋਰ ਅਕਾਲੀ ਦਲ ਇਕ ਮੰਚ 'ਤੇ ਇਕੱਠੇ ਹੋਣ ਲਈ ਹੰਭਲਾ ਮਾਰ ਰਹੇ ਹਨ।


*ਮਨਪ੍ਰੀਤ ਸਿੰਘ ਬਾਦਲ*


*ਸਿਮਰਨਜੀਤ ਸਿੰਘ ਮਾਨ*


*ਪਰਮਜੀਤ ਸਿੰਘ ਸਰਨਾ*

ਮੀਡੀਆ ਰਿਪੋਰਟਾਂ ਅਨੁਸਾਰ ਬਾਦਲਾਂ ਨੂੰ ਟੱਕਰ ਦੇਣ ਲਈ ਕਾਂਗਰਸ ਅਤੇ ਪੀਪਲਜ਼ ਪਾਰਟੀ ਵਿਚਾਲੇ ਚੋਣ ਸਮਝੌਤਾ ਤਕਰੀਬਨ ਸਿਰੇ ਚੜ੍ਹ ਗਿਆ ਹੈ ਪਰ ਕਾਂਗਰਸ ਅਤੇ ਪੀ.ਪੀ.ਪੀ. ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਸ ਬਾਰੇ ਖੁੱਲ੍ਹ ਕੇ ਕੁਝ ਨਹੀਂ ਕਿਹਾ ਜਾ ਰਿਹਾ। ਸੂਤਰਾਂ ਅਨੁਸਾਰ ਪੀਪਲਜ਼ ਪਾਰਟੀ ਨੂੰ ਬਠਿੰਡਾ ਤੇ ਫ਼ਤਿਹਗੜ੍ਹ ਸਾਹਿਬ ਦੀਆਂ ਦੋ ਲੋਕ ਸਭਾ ਸੀਟਾਂ ਛੱਡੇ ਜਾਣ ਬਾਰੇ ਦੋਵਾਂ ਪਾਰਟੀਆਂ ਵਿਚਾਲੇ ਸਹਿਮਤੀ ਬਣ ਗਈ ਹੈ ਜਦਕਿ ਫ਼ਰੀਦਕੋਟ ਲੋਕ ਸਭਾ ਸੀਟ ਪੀਪਲਜ਼ ਪਾਰਟੀ ਲਈ ਛੱਡਣ ਬਾਰੇ ਗੱਲਬਾਤ ਜਾਰੀ ਹੈ। ਸੂਤਰਾਂ ਅਨੁਸਾਰ ਦੋਹਾਂ ਪਾਰਟੀਆਂ ਵਿਚਾਲੇ ਅਜੇ ਇਹ ਤੈਅ ਹੋਣਾ ਬਾਕੀ ਹੈ ਕਿ ਪੀਪਲਜ਼ ਪਾਰਟੀ ਦੇ ਉਮੀਦਵਾਰ ਪਤੰਗ ਦੇ ਨਿਸ਼ਾਨ 'ਤੇ ਚੋਣਾਂ ਲੜਨਗੇ ਜਾਂ ਫਿਰ ਉਨ੍ਹਾਂ ਨੂੰ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ 'ਤੇ ਚੋਣ ਲੜਾਈ ਜਾਵੇਗੀ। ਕਾਂਗਰਸ ਵੱਲੋਂ ਪੀਪਲਜ਼ ਪਾਰਟੀ ਦੇ ਉਮੀਦਵਾਰਾਂ ਨੂੰ ਵੀ ਪੰਜੇ ਦੇ ਨਿਸ਼ਾਨ 'ਤੇ ਚੋਣ

*(ਬਾਕੀ ਸਫਾ 6 'ਤੇ)*


Heating, Ventilation & Air Conditioning
Serving in all FIVE BOROUGHS
Residential & Commercial
Sales, Services & Installations
Room AC, PTAC, Split, Central
Roof Top, Packaged, Water Source
Chiller & Cooling Tower
COOL AIR INC.
35-57 9th Street, Long Island City, NY 11106
*Authorized Warranty Service Center
*OSHA, EPA & FDNY Certificated Techs
*Licensed & FULLY insured
"Experienced HVAC Mechanics needed. Call for interview"
We keep NYC cool
For pricing, estimates & information, log on to www.coolairnyc.com
www.coolairny.com
Write us at coolair@coolairnyc.com
Call Now:
718-721-2131


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400







*ਨਿਊ ਯਾਰਕ: ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਨਿਊ ਯਾਰਕ ਵਲੋਂ ਲੰਘੀ 7 ਜੁਲਾਈ ਨੂੰ ਨਗਰ ਕੀਰਤਨ ਸਜਾਇਆ ਗਿਆ। ਗੁਰੂ ਘਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਇਹ ਨਗਰ ਕੀਰਤਨ ਅਰੰਭ ਹੋ ਕੇ ਨਾਲ ਲਗਦੇ 14 ਬਲਾਕਾਂ ਤੋਂ ਹੁੰਦਾ ਹੋਇਆ ਵਾਪਸ ਗੁਰੂ ਘਰ ਪਹੁੰਚ ਕੇ ਸਮਾਪਤ ਹੋਇਆ। ਟਰਾਈ ਸਟੇਟ ਦੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ ਅਤੇ ਸੰਗਤਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ। ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਦੀ ਇਕ ਤਸਵੀਰ। (ਫੋਟੋ: ਟੀਟੂ)*

## ਸਿੱਖ ਕਲਚਰਲ ਸੁਸਾਇਟੀ ਦਾ ਦੋ ਰੋਜ਼ਾ ਖੇਡ ਮੇਲਾ 20 ਤੋਂ

**ਨਿਊ ਯਾਰਕ:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਲੋਂ ਆਪਣਾ ਦੂਜਾ ਕਬੱਡੀ ਖੇਡ ਮੇਲਾ 20 ਤੇ 21 ਜੁਲਾਈ ਨੂੰ ਸਮੋਕੀ ਪਾਰਕ (125 ਸਟਰੀਟ ਤੇ ਅਟਲਾਂਟਿਕ ਐਵਨਿਊ) ਵਿਚ ਕਰਵਾਇਆ ਜਾ ਰਿਹਾ ਹੈ। 20 ਜੁਲਾਈ ਨੂੰ ਬੱਚਿਆਂ ਦੀਆਂ ਦੌੜਾਂ ਤੇ ਹੋਰ ਖੇਡਾਂ ਤੋਂ ਇਲਾਵਾ ਬਾਸਕਿਟਬਾਲ ਤੇ ਵਾਲੀਬਾਲ ਦੇ ਮੈਚ ਕਰਵਾਏ ਜਾਣਗੇ। 21 ਜੁਲਾਈ ਐਤਵਾਰ ਨੂੰ ਕਬੱਡੀ ਮੈਚ ਕਰਵਾਏ ਜਾਣਗੇ ਜਿਨ੍ਹਾਂ ਵਿਚ ਕੌਮਾਂਤਰੀ ਪੱਧਰ ਦੀਆਂ ਟੀਮਾਂ ਹਿੱਸਾ ਲੈਣਗੀਆਂ।

ਇਹ ਜਾਣਕਾਰੀ ਦਿੰਦਿਆਂ ਸਿੱਖ ਕਲਚਰਲ ਸੁਸਾਇਟੀ ਦੇ ਲੋਕ ਸੰਪਰਕ ਚੇਅਰਮੈਨ ਭੁਪਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਜੋ ਬੱਚੇ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣਾ ਚਾਹੁੰਦੇ ਹਨ, ਉਹ ਆਪਣੇ ਨਾਂ ਦਰਜ ਕਰਵਾ ਦੇਣ ਤੇ ਜੋ ਸੰਸਥਾ ਜਾਂ ਪਰਿਵਾਰ ਪਾਣੀ, ਚਾਹ ਤੇ ਲੰਗਰ ਦੀ ਸੇਵਾ ਕਰਨੀ ਚਾਹੁੰਦੇ ਹਨ, ਉਹ ਸਪੋਰਟਸ ਵਿੰਗ ਦੇ ਚੇਅਰਮੈਨ ਹਰਬੰਸ ਸਿੰਘ ਢਿੱਲੋਂ 917-515-1721 ਨਾਲ ਸੰਪਰਕ ਕਰ ਸਕਦੇ ਹਨ। ਹੋਰ ਜਾਣਕਾਰੀ ਲਈ ਭੁਪਿੰਦਰ ਸਿੰਘ ਅਟਵਾਲ ਨਾਲ ਫੋਨ 347-837-5615 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਮਨਾਈ

**ਨਿਊ ਯਾਰਕ (ਬਲਦੇਵ ਸਿੰਘ):** ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਸਬੰਧੀ ਇਕ ਸਮਾਗਮ ਇਥੇ ਸੰਤ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਡੇਰਾ ਬਾਬਾ ਕਰਮ ਸਿੰਘ ਹੋਤੀ ਮਰਦਾਨ ਮਕਸੂਦਪੁਰ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਰੋਸ਼ਨ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਸ਼ਬਦ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ ਅਤੇ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਜੀਵਨੀ ਅਤੇ ਉਨ੍ਹਾਂ ਵਲੋਂ ਕੀਤੇ ਗਏ ਕਾਰਜਾਂ ਉਤੇ ਰੋਸ਼ਨੀ ਪਾਈ।



ਡਾ. ਅਮਰੀਕ ਸਿੰਘ ਨੇ ਸੰਤ ਪ੍ਰੇਮ ਸਿੰਘ ਦੀ ਸਿੱਖੀ ਜੀਵਨ-ਜਾਚ ਅਤੇ ਉਨ੍ਹਾਂ ਵਲੋਂ ਗੁਰਮਤਿ ਪ੍ਰਚਾਰ, ਸਮਾਜ ਸੁਧਾਰ ਅਤੇ ਵਿਦਿਆ ਦੇ ਖੇਤਰ ਵਿਚ ਕੀਤੇ ਗਏ ਕਾਰਜਾਂ ਨੂੰ ਮਿਸਾਲੀ ਕਰਾਰ ਦਿੱਤਾ। ਕਰਮਜੋਤ ਜਥੇ ਦੇ ਬੱਚਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਲਖਵਿੰਦਰ ਸਿੰਘ ਨੇ ਵੀ ਸ਼ਬਦ ਕੀਰਤਨ ਕੀਤਾ। ਇਸ ਮੌਕੇ ਬੱਚਿਆਂ ਦੇ ਕਰਮਜੋਤ ਜਥੇ ਵਲੋਂ ਰਿਕਾਰਡ ਕਰਵਾਈ ਗਈ ਇਕ ਸੀ ਡੀ ਵੀ ਸੰਤ ਬਾਬਾ ਰੋਸ਼ਨ ਸਿੰਘ ਨੇ ਰਿਲੀਜ਼ ਕੀਤੀ।



*ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ ਮਨਾਉਣ ਆਈਆਂ ਸੰਗਤਾਂ ਸੰਤ ਰੋਸ਼ਨ ਸਿੰਘ ਨਾਲ*

## ਸਿੱਖ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਨਿਊ ਯਾਰਕ (ਬਿਊਰੋ):** ਰਿਚਮੰਡ ਹਿੱਲ ਰਹਿੰਦੇ 31 ਸਾਲਾ ਨੌਜਵਾਨ ਦਵਿੰਦਰ ਸਿੰਘ ਉਰਫ ਭਾਅ ਦੀ ਇਕ ਕਾਰ ਹਾਦਸੇ ਵਿਚ ਮੌਤ ਹੋ ਗਈ। ਦਵਿੰਦਰ ਸਿੰਘ ਪੇਸ਼ੇ ਵਜੋਂ ਟਰੱਕ ਡਰਾਈਵਰ ਸੀ। ਹਾਦਸੇ ਸਮੇਂ ਉਹ ਆਪਣੀ ਸ਼ੌਕੀਆ ਖਰੀਦੀ ਸਪੋਰਟਸ ਕਾਰ ਚਲਾ ਰਿਹਾ ਸੀ ਜੋ ਬੈਲੈਂਸ ਵਿਗੜ ਜਾਣ ਕਾਰਨ ਗਰੀਨ ਏਕੜ ਦੇ ਨਜ਼ਦੀਕ ਉਲਟ ਗਈ ਅਤੇ ਪੌਣੇ ਸੱਤ ਫੁਟੇ ਇਸ ਨੌਜਵਾਨ ਦੀ ਗੰਭੀਰ ਸੱਟਾਂ ਲੱਗਣ ਕਾਰਨ ਮੌਤ ਹੋ ਗਈ। ਉਹ ਆਪਣੇ ਪਿਛੇ ਪਿਤਾ ਨਿਰਮਲ ਸਿੰਘ ਚੀਮਾ, ਮਾਤਾ ਜਸਵਿੰਦਰ ਕੌਰ ਤੋਂ ਇਲਾਵਾ ਪਤਨੀ ਅਤੇ ਇਕ ਦਸ ਮਹੀਨੇ ਦੀ ਛੋਟੀ ਜਿਹੀ ਬੱਚੀ ਨੂੰ ਰੋਂਦੇ ਕੁਰਲਾਉਂਦੇ ਛੱਡ ਗਿਆ ਹੈ।



ਦਵਿੰਦਰ ਸਿੰਘ ਦਾ ਪਰਿਵਾਰ ਜਲੰਧਰ ਦੇ ਨਜ਼ਦੀਕ ਪਿੰਡ ਸਕੰਦਰਪੁਰ ਰਹਿਣ ਵਾਲਾ ਹੈ ਅਤੇ ਦਵਿੰਦਰ ਸਿੰਘ 14 ਸਾਲ ਦੀ ਉਮਰ ਵਿਚ ਹੀ ਆਪਣੇ ਪਰਿਵਾਰ ਨਾਲ ਅਮਰੀਕਾ ਆ ਗਿਆ ਸੀ। ਉਹ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੈਂਬਰ ਸ. ਲਹਿੰਬਰ ਸਿੰਘ ਚੀਮਾ ਦਾ ਸਕਾ ਭਤੀਜਾ ਸੀ। ਦਵਿੰਦਰ ਸਿੰਘ ਨਮਿਤ ਅਖੰਡ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਸਨਿਚਰਵਾਰ 18 ਜੁਲਾਈ ਨੂੰ ਬਾਅਦ ਦੁਪਹਿਰ ਇਕ ਵਜੇ ਹੋਵੇਗੀ।

## ਮਨਤਾਰ ਸਿੰਘ ਬਰਾੜ ਨਿਊ ਯਾਰਕ ਪਹੁੰਚੇ



*ਮੁੱਖ ਪਾਰਲੀਮਾਨੀ ਸਕੱਤਰ ਮਨਤਾਰ ਸਿੰਘ ਬਰਾੜ ਦੇ ਨਾਲ ਅਕਾਲੀ ਦਲ ਅਮਰੀਕਾ ਦੇ ਮੈਂਬਰ*

**ਨਿਊ ਯਾਰਕ (ਬਲਦੇਵ ਸਿੰਘ):** ਹਲਕਾ ਫਰੀਦਕੋਟ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਅਤੇ ਚੀਫ ਪਾਰਲੀਮਾਨੀ ਸਕੱਤਰ ਸ. ਮਨਤਾਰ ਸਿੰਘ ਬਰਾੜ ਆਪਣੇ ਅਮਰੀਕਾ ਦੌਰੇ ਦੌਰਾਨ ਇਨ੍ਹੀਂ ਦਿਨੀਂ ਨਿਊ ਯਾਰਕ ਪਹੁੰਚੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਪ੍ਰਤੀਨਿਧੀਆਂ ਨੇ ਉਨ੍ਹਾਂ ਦਾ ਇਕ ਸਮਾਗਮ ਕਰਕੇ ਮਾਣ ਸਤਿਕਾਰ ਕੀਤਾ ਅਤੇ ਉਨ੍ਹਾਂ ਨਾਲ ਪੰਜਾਬ ਦੇ ਹਾਲਾਤ ਉਤੇ ਵਿਚਾਰ-ਵਟਾਂਦਰਾ ਕੀਤਾ।

ਇਸ ਸਨਮਾਨ ਸਮਾਗਮ ਸਮੇਂ ਅਕਾਲੀ ਦਲ ਨਿਊ ਯਾਰਕ ਦੇ ਪ੍ਰਧਾਨ ਸ. ਰਘਬੀਰ ਸਿੰਘ ਸੁਭਾਨਪੁਰ ਨੇ ਸ. ਬਰਾੜ ਨੂੰ ਲੋਈ ਭੇਟ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਾਰਟੀ ਦੀ ਅਮਰੀਕਾ ਇਕਾਈ ਦੇ ਕਾਰਜਕਾਰੀ ਪ੍ਰਧਾਨ ਮੋਹਨ ਸਿੰਘ ਖੱਟੜਾ, ਅਕਾਲੀ ਦਲ ਦੇ ਮੁੱਖ ਬੁਲਾਰੇ ਸਤਪਾਲ ਸਿੰਘ ਬਰਾੜ ਤੋਂ ਇਲਾਵਾ ਪ੍ਰਤਾਪ ਸਿੰਘ ਗਿੱਲ, ਲਖਵੀਰ ਸਿੰਘ ਤੱਖਰ, ਰਣਜੀਤ ਸਿੰਘ ਮਹਿਮਦਪੁਰ, ਬਲਵਿੰਦਰ ਸਿੰਘ ਨਵਾਂ ਸ਼ਹਿਰ, ਕੁਲਦੀਪ ਸਿੰਘ ਗਿੱਲ, ਹਰਬਖਸ਼ ਸਿੰਘ ਟਾਹਲੀ ਅਤੇ ਕਸ਼ਮੀਰ ਸਿੰਘ ਪਿਹੋਵਾ ਹਾਜ਼ਰ ਸਨ।

## ਬਾਦਲ ਤੱਕ ਸੰਮਨ ਪਹੁੰਚਾਉਣ ਦੇ ਫਿਰ ਯਤਨ

**ਵਾਸ਼ਿੰਗਟਨ:** 'ਦਿ ਸਿੱਖਸ ਫਾਰ ਜਸਟਿਸ' (ਐਸ.ਐਸ.ਜੇ.) ਨੇ ਕਿਹਾ ਹੈ ਕਿ ਇਹ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਅਮਰੀਕੀ ਅਦਾਲਤ ਦੇ ਸੰਮਨ ਭਿਜਵਾਉਣ ਲਈ ਹੇਗ ਸਰਵਿਸ ਸੰਧੀ ਦਾ ਸਹਾਰਾ ਲਏਗੀ। ਜਥੇਬੰਦੀ ਵੱਲੋਂ ਬਾਦਲ 'ਤੇ ਮਾਨਵੀ ਹੱਕਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਜਾ ਰਹੇ ਹਨ।

ਚੇਤੇ ਰਹੇ ਕਿ ਹੇਗ ਸੰਧੀ ਉਤੇ ਭਾਰਤ ਨੇ ਵੀ ਸਹੀ ਪਾਈ ਹੋਈ ਹੈ ਤੇ ਇਸ ਸੰਧੀ ਰਾਹੀਂ ਬਿਨਾਂ ਸਫ਼ਾਰਤੀ ਸ਼ਮੂਲੀਅਤ ਦੇ ਦੋ ਮੈਂਬਰ ਮੁਲਕ, ਨਿਆਂਇਕ ਕਾਗਜ਼ ਇਧਰ-ਉਧਰ ਪੁੱਜਦੇ ਕਰ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ (ਅ) ਨਾਲ ਰਲ ਕੇ ਐਸ.ਐਫ.ਜੇ. ਨੇ ਪਹਿਲਾਂ ਬਾਦਲ ਵਿਰੁੱਧ ਮਾਨਵੀ ਹੱਕਾਂ ਦੀ ਉਲੰਘਣਾ ਦਾ ਕੇਸ ਪਾਇਆ ਸੀ। ਜਥੇਬੰਦੀ ਨੇ ਹਾਲ ਹੀ 'ਚ ਬਾਦਲਾਂ ਨੂੰ ਸੰਮਨ ਪਹੁੰਚਾਉਣ 'ਚ ਅਸਫ਼ਲ ਰਹਿਣ ਮਗਰੋਂ ਹੋਈ ਸੰਧੀ ਰਾਹੀਂ ਇਹ ਕੰਮ ਨੇਪਰੇ ਚਾੜ੍ਹਨ ਦਾ ਫੈਸਲਾ ਕੀਤਾ ਹੈ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਹੇਗ ਸਰਵਿਸ ਕਨਵੈਨਸ਼ਨ ਰਾਹੀਂ ਬਕਾਇਆ ਪਏ ਫੈਡਰਲ ਸੰਮਨ ਭਾਰਤ 'ਚ ਬਾਦਲ ਤਕ ਪੁੱਜਦੇ ਕਰ ਕੇ ਉਨ੍ਹਾਂ ਨੂੰ ਵਿਸਕਾਨਸਿਨ ਫੈਡਰਲ ਕੋਰਟ 'ਚ ਜੁਆਬਦੇਹ ਬਣਾਇਆ ਜਾਵੇਗਾ।

PPG PITTSBURGH PAINTS
Best Deal in New York
Mercury Paint Corp.
Mercury Paint
Buy Direct From Manufacturers & Save
Visit Our Affiliated New Location
Hillside Paint Depot
255-13 Hillside Ave., Floral Park, New York 11004
Exit: Hillside Ave (28A), Cross Island Parkway-West 1 mile on left
(Across from Dunkin Donuts)
Ph: 718-347-4500



ਘਰਾਂ, ਬਿਜਨਸ ਅਤੇ ਸਨਅਤਾਂ ਲਈ ਪੇਂਟ ਅਤੇ ਪੇਂਟ ਸਪਲਾਈ ਬਹੁਤ ਹੀ ਵਾਜਬ ਰੇਟ 'ਤੇ ਖਰੀਦੋ
One time 10% discount with this ad.
We sell full line of Residential, Commercial, Industrial paints & paint supplies of Government specifications.
Qmar Khokhar, Nadeem Ilahi, Wagley John
Ph: 347-369-3337

# ਅਲਵਿਦਾ ਪ੍ਰਾਣ

**ਮੁੰਬਈ:** ਸਦਾਬਹਾਰ ਬਾਲੀਵੁੱਡ ਅਦਾਕਾਰ ਪ੍ਰਾਣ ਦਾ 93 ਵਰ੍ਹਿਆਂ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਲੰਬੇ ਸਮੇਂ ਤੋਂ ਬਿਮਾਰੀ ਨਾਲ ਜੂਝ ਰਹੇ ਸਨ। ਪ੍ਰਾਣ ਦਾ ਲੀਲਾਵਤੀ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ ਜਿੱਥੇ ਉਨ੍ਹਾਂ ਆਖਰੀ ਸਾਹ ਲਿਆ। ਪ੍ਰਾਣ ਦਾ ਪੂਰਾ ਨਾਂ ਪ੍ਰਾਣ ਕ੍ਰਿਸ਼ਨ ਸਿਕੰਦ ਸੀ। ਉਨ੍ਹਾਂ ਦਾ ਜਨਮ 12 ਫਰਵਰੀ, 1920 ਨੂੰ ਪੁਰਾਣੀ ਦਿੱਲੀ ਦੇ ਕੋਠਗੜ੍ਹ ਵਿਚ ਹੋਇਆ। ਉਹ ਇਕ ਅਮੀਰ ਪੰਜਾਬੀ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਸਿਕੰਦ ਸਿਵਲ ਇੰਜਨੀਅਰ ਸਨ ਤੇ ਸਰਕਾਰੀ ਠੇਕੇਦਾਰ ਸਨ।




ਉਨ੍ਹਾਂ ਨੇ ਆਪਣੀ ਪੜ੍ਹਾਈ ਵੱਖ-ਵੱਖ ਸ਼ਹਿਰਾਂ ਕਪੂਰਥਲਾ, ਮੇਰਠ, ਦੇਹਰਾਦੂਨ ਤੇ ਰਾਮਪੁਰ ਵਿਚ ਕੀਤੀ। ਉਨ੍ਹਾਂ ਨੇ ਮੈਟ੍ਰਿਕ ਰਜ਼ਾ ਹਾਈ ਸਕੂਲ, ਰਾਮਗੜ੍ਹ ਤੋਂ ਕੀਤੀ। ਪ੍ਰਾਣ ਸ਼ੁਰੂਆਤ ਵਿਚ ਇਕ ਪੇਸ਼ੇਵਰ ਫੋਟੋਗ੍ਰਾਫਰ ਬਣਨਾ ਚਾਹੁੰਦੇ ਸਨ ਪਰ ਕਿਸਮਤ ਨੂੰ ਕੁਝ ਹੋਰ ਮਨਜ਼ੂਰ ਸੀ। ਫਿਲਮ ਨਿਰਮਾਤਾ ਨਾਲ ਇਕ ਅਚਨਚੇਤ ਮੁਲਾਕਾਤ ਨਾਲ ਹੀ ਉਸ ਨੂੰ ਫਿਲਮ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਆਪਣੀ ਫਿਲਮੀ ਜੀਵਨ ਦੀ ਸ਼ੁਰੂਆਤ 1940 ਵਿਚ ਲਾਹੌਰ ਤੋਂ ਕੀਤੀ। ਉਨ੍ਹਾਂ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਯਮਲਾ ਜੱਟ' ਵਿਚ ਰੋਲ ਮਿਲਿਆ।

ਪ੍ਰਾਣ ਨੇ ਦੇਸ਼ ਦੀ ਵੰਡ ਤੋਂ ਪਹਿਲਾਂ 1942-46 ਤੱਕ 22 ਫਿਲਮਾਂ ਵਿਚ ਕੰਮ ਕੀਤਾ ਜਿਨ੍ਹਾਂ ਵਿਚੋਂ 18 ਫਿਲਮਾਂ ਰਿਲੀਜ਼ ਹੋਈਆਂ। ਇਸ ਤੋਂ ਬਾਅਦ ਉਨ੍ਹਾਂ ਨੇ 1941 ਵਿਚ 'ਚੌਧਰੀ', 1942 ਵਿਚ 'ਖਾਨਦਾਨ', 1945 ਵਿਚ 'ਕੈਸੇ ਕਹੂੰ' ਤੇ 1946 ਵਿਚ 'ਬਦਨਾਮੀ' ਫਿਲਮ 'ਚ ਕੰਮ ਕੀਤਾ। ਦੇਸ਼ ਦੀ ਵੰਡ ਤੋਂ ਬਾਅਦ ਪ੍ਰਾਣ ਆਪਣੀ ਪਤਨੀ ਸ਼ੁਕਲਾ ਤੇ ਪੁੱਤਰ ਅਰਵਿੰਦ ਤੇ ਸੁਨੀਲ ਨਾਲ ਮੁੰਬਈ ਆ ਗਏ। ਇਥੇ ਪਹਿਲਾਂ ਉਨ੍ਹਾਂ ਨੇ ਆ ਕੇ ਕਈ ਹੋਟਲਾਂ ਵਿਚ ਕੰਮ ਕੀਤਾ।

1948 ਵਿਚ ਪ੍ਰਾਣ ਨੂੰ ਬੰਬੇ ਟਾਕੀਜ਼ ਦੀ ਫਿਲਮ 'ਜ਼ਿੱਦੀ' ਵਿਚ ਕੰਮ ਕਰਨ ਦਾ ਮੌਕਾ ਮਿਲਿਆ ਜਿਸ ਵਿਚ ਉਨ੍ਹਾਂ ਨੂੰ ਦੇਵ ਆਨੰਦ ਤੇ ਅਦਾਕਾਰਾ ਕਾਮਿਨੀ ਕੌਸ਼ਲ ਵਰਗੇ ਫਨਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਪ੍ਰਾਣ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਤੋਂ ਪ੍ਰਾਣ ਨੇ 1969 ਤੋਂ 1982 ਤੱਕ ਫਿਲਮਾਂ ਵਿਚ ਖਲਨਾਇਕ ਵਜੋਂ ਕਈ ਯਾਦਗਾਰ ਰੋਲ ਕੀਤੇ ਜਿਸ ਵਿਚ 'ਮਧੂਮਤੀ', 'ਜਿਸ ਦੇਸ਼ ਮੇ ਗੰਗਾ ਬਹਿਤੀ ਹੈ', 'ਰਾਮ ਔਰ ਸ਼ਾਮ' ਤੇ 'ਦੇਵਦਾਸ' ਵਰਗੀਆਂ ਫਿਲਮਾਂ ਸ਼ਾਮਲ ਸਨ।

ਪਰਦੇ 'ਤੇ ਪ੍ਰਾਣ ਵਲੋਂ ਨਿਭਾਏ ਗਏ ਖਲਨਾਇਕ ਦੇ ਰੋਲ ਦਾ ਦਰਸ਼ਕਾਂ 'ਤੇ ਇੰਨਾ ਪ੍ਰਭਾਵ ਸੀ ਕਿ ਉਸ ਸਮੇਂ ਮਾਤਾ-ਪਿਤਾ ਨੇ ਆਪਣੇ ਬੱਚਿਆਂ ਦਾ ਨਾਂ 'ਪ੍ਰਾਣ' ਰੱਖਣ ਤੋਂ ਕੰਨੀਂ ਕਤਰਾਉਣ ਲੱਗ ਪਏ ਸਨ। ਖਲਨਾਇਕ ਤੋਂ ਇਲਾਵਾ ਉਨ੍ਹਾਂ ਵੱਲੋਂ 'ਉਪਕਾਰ' ਫਿਲਮ ਵਿਚ 'ਮੰਗਲ ਚਾਚਾ', ਜ਼ੰਜ਼ੀਰ ਫਿਲਮ ਵਿਚ 'ਸ਼ੇਰ ਖਾਨ' ਤੇ ਗੁਲਜ਼ਾਰ ਦੀ ਫਿਲਮ 'ਪਰਿਚੇ' ਵਿਚ ਉਨ੍ਹਾਂ ਵੱਲੋਂ ਦਾਦੇ ਦੀ ਨਿਭਾਈ ਗਈ ਭੂਮਿਕਾ ਨੂੰ ਕੌਣ ਭੁਲਾ ਸਕਦਾ ਹੈ।

ਪ੍ਰਾਣ ਛੇ ਦਹਾਕਿਆਂ ਤੱਕ ਫਿਲਮ ਜਗਤ ਵਿਚ 'ਤੇ ਛਾਏ ਰਹੇ। ਇਸ ਦੌਰਾਨ ਉਨ੍ਹਾਂ ਪੰਜਾਬੀ, ਹਿੰਦੀ ਤੇ ਬੰਗਲਾ ਭਾਸ਼ਾ ਦੀਆਂ 400 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਦੀ ਕਾਬਲੀਅਤ ਦਾ ਇਸ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੂੰ ਫਿਲਮ ਦੇ ਮੁੱਖ ਅਦਾਕਾਰ ਦੇ ਬਰਾਬਰ ਹੀ

# ਭਰੋਵਾਲ ਦੇ ਚੇਤਿਆਂ 'ਚ ਵੱਸਿਆ...

**ਹੁਸ਼ਿਆਰਪੁਰ:** ਸ਼ਿਵਾਲਿਕ ਪਹਾੜੀਆਂ ਦੀ ਗੋਦੀ ਵਿਚ ਵਸਿਆ ਇਤਿਹਾਸਕ ਪਿੰਡ ਭਰੋਵਾਲ ਉਦਾਸ ਹੈ ਕਿਉਂਕਿ ਇਸ ਪਿੰਡ ਦੇ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਤ ਹਿੰਦੀ ਫਿਲਮਾਂ ਦੇ ਉੱਘੇ ਅਦਾਕਾਰ ਪ੍ਰਾਣ ਉਰਫ ਕ੍ਰਿਸ਼ਨ ਸਿਕੰਦ ਇਸ ਫਾਨੀ ਸੰਸਾਰ ਨੂੰ ਸਦਾ ਲਈ ਛੱਡ ਕੇ ਚਲੇ ਗਏ ਹਨ। ਮੌਤ ਦੀ ਖ਼ਬਰ ਬੀਤੀ ਰਾਤ ਜਦੋਂ ਪਿੰਡ ਪੁੱਜੀ ਤਾਂ ਉਸ ਦੇ ਪਰਿਵਾਰਕ ਮੈਂਬਰ ਬਜ਼ੁਰਗ ਰਾਜਜੀਤ ਸਿੰਘ ਵਾਲੀਆ ਦੋਵੇਂ ਪੱਟਾਂ 'ਤੇ ਹੱਥ ਮਾਰ ਕੇ ਰੋਣ ਲੱਗ ਪਏ।

ਅਖ਼ਬਾਰਾਂ ਤੇ ਟੀਵੀ ਚੈਨਲਾਂ ਵਿਚ ਪ੍ਰਾਣ ਦੇ ਚਲਾਣੇ ਦੀਆਂ ਖ਼ਬਰਾਂ ਸੁਣ ਕੇ ਪਿੰਡ ਵਾਸੀਆਂ ਨੂੰ ਦੁੱਖ ਲੱਗਾ ਕਿ ਮੀਡੀਆ ਨੇ ਇਸ ਮਹਾਨ ਕਲਾਕਾਰ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਨਾਲ ਲੱਗਦੇ ਪਿੰਡ ਭਰੋਵਾਲ ਨਾਲ ਸਬੰਧ ਰੱਖਣ ਦਾ ਜ਼ਿਕਰ ਤੱਕ ਨਹੀਂ ਕੀਤਾ। ਰਾਜਜੀਤ ਸਿੰਘ ਵਾਲੀਆ ਹੀ ਇਕ ਅਜਿਹਾ ਪਰਿਵਾਰਕ ਮੈਂਬਰ ਹੈ ਜਿਸ ਨੇ ਪ੍ਰਾਣ ਨਾਲ ਆਪਣਾ ਬਚਪਨ ਗੁਜ਼ਾਰਿਆ।

ਉਨ੍ਹਾਂ ਦੱਸਿਆ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਉਹ ਪਾਕਿਸਤਾਨੀ ਪੰਜਾਬ ਵਿਚ ਰਹੇ। ਦੇਸ਼ ਦੀ ਵੰਡ ਤੋਂ ਬਾਅਦ ਪਰਿਵਾਰ ਦੇ ਕੁਝ ਮੈਂਬਰ ਦਿੱਲੀ ਰਹਿਣ ਲੱਗੇ ਤੇ ਪ੍ਰਾਣ ਨਾਲ ਸਬੰਧਤ ਪਰਿਵਾਰ ਪਿੰਡ ਭਰੋਵਾਲ ਆ ਵਸਿਆ। ਪਿੰਡ ਵਿਚ ਪ੍ਰਾਣ ਦੇ ਪਰਿਵਾਰ ਦੀ ਤਕਰੀਬਨ 70 ਕਿੱਲੇ ਜ਼ਮੀਨ ਸੀ ਪਰ ਜਦ ਪ੍ਰਾਣ ਦੀ ਹਿੰਦੀ ਫਿਲਮਾਂ ਵਿਚ ਤੂਤੀ ਬੋਲਣ ਲੱਗੀ ਤਾਂ ਇਕ ਇਕ ਕਰਕੇ ਪਰਿਵਾਰ ਦੇ ਸਾਰੇ ਮੈਂਬਰ ਦਿੱਲੀ ਤੇ ਮੁੰਬਈ ਰਹਿਣ ਲੱਗ ਪਏ। ਉਨ੍ਹਾਂ ਦੱਸਿਆ ਕਿ ਪ੍ਰਾਣ ਦਾ ਜਨਮ ਫਰਵਰੀ 1920 ਵਿਚ ਦਿੱਲੀ ਵਿਚ ਹੋਇਆ ਸੀ। ਉਸ ਦੇ ਪਿਤਾ ਕੇਵਲ ਕ੍ਰਿਸ਼ਨ ਵੀ ਵਧੀਆ ਸਮਾਜ ਸੇਵੀ ਸੁਭਾਅ ਵਾਲੇ ਵਿਅਕਤੀ ਸਨ।

ਪ੍ਰਾਣ ਦੇ ਦੋਸਤ ਰਹੇ ਬਜ਼ੁਰਗ ਨੰਬਰਦਾਰ ਧਰਮ ਸਿੰਘ ਨੇ ਦੱਸਿਆ ਕਿ ਪ੍ਰਾਣ ਪਿੰਡ ਬਹੁਤ ਘੱਟ ਆਇਆ ਪਰ ਉਹ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਬੱਚਿਆਂ ਸਮੇਤ ਪਿੰਡ ਆਉਂਦੇ ਸਨ। ਜਦ ਉਹ ਫਿਲਮਾਂ ਵਿਚ ਨਾਮਵਰ ਅਦਾਕਾਰ ਬਣ ਗਏ ਤਾਂ ਦਿੱਲੀ ਰਹਿੰਦੇ ਉਸ ਦੇ ਚਾਚੇ ਕਮਲਜੀਤ ਸਿੰਘ ਵਾਲੀਆ ਤੇ ਉਸ ਦੇ ਲੜਕਿਆਂ ਨੇ ਪਿੰਡ ਆ ਕੇ ਆਪਣੀ ਜੱਦੀ ਜ਼ਮੀਨ ਵੇਚ ਦਿੱਤੀ। ਪ੍ਰਾਣ ਦੇ ਖਾਸ ਦੋਸਤ ਰਹੇ ਬਜ਼ੁਰਗ ਹਰੀ ਸਿੰਘ ਨੇ ਦੱਸਿਆ ਕਿ ਪ੍ਰਾਣ ਦਾ ਚਾਚਾ ਕਮਲਜੀਤ ਸਿੰਘ ਪਿੰਡ ਭਰੋਵਾਲ ਦਾ ਕਈ ਸਾਲ ਸਰਪੰਚ ਚੁਣਿਆ ਜਾਂਦਾ ਰਿਹਾ।

ਉਸ ਨੇ ਦੱਸਿਆ ਕਿ ਉਹ 1974 ਵਿਚ ਭਜਨ ਸਿੰਘ, ਧਰਮ ਸਿੰਘ ਤੇ ਪਿੰਡ ਦੇ ਹੋਰ ਬੰਦਿਆਂ ਨਾਲ ਮੁੰਬਈ ਵਿਖੇ ਪ੍ਰਾਣ ਨੂੰ ਮਿਲਣ ਉਨ੍ਹਾਂ ਦੇ ਘਰ ਗਏ ਸਨ। ਪ੍ਰਾਣ ਵੱਲੋਂ ਉਨ੍ਹਾਂ ਦੀ ਖ਼ੂਬ ਸੇਵਾ ਕੀਤੀ ਤੇ ਪਿੰਡ ਦੇ ਵਿਕਾਸ ਲਈ ਆਪਣੇ ਭਤੀਜੇ ਕਮਲਜੀਤ ਸਿੰਘ ਵਾਲੀਆ ਦੀ ਡਿਊਟੀ ਲਾਈ। ਉਨ੍ਹਾਂ ਦੱਸਿਆ ਪ੍ਰਾਣ ਉਸ ਵਕਤ ਫਿਲਮ 'ਲਾਖੋਂ ਮੇਂ ਏਕ' ਦੀ ਸ਼ੂਟਿੰਗ ਵਿਚ ਰੁੱਝੇ ਹੋਏ ਸਨ। ਉਨ੍ਹਾਂ ਦੇ ਭਤੀਜੇ ਨੇ ਉਸ ਵਕਤ ਪਿੰਡ ਦੇ ਵਿਕਾਸ ਲਈ ਦੋ ਲੱਖ ਰੁਪਿਆ ਦਿੱਤਾ ਤੇ 30 ਤੋਂ 40 ਲੱਖ ਰੁਪਿਆ ਪਿੰਡ ਨੂੰ ਹੋਰ ਦੇਣ ਦਾ ਵਾਅਦਾ ਕੀਤਾ। ਪ੍ਰਾਣ ਦੇ ਪਰਿਵਾਰ ਵੱਲੋਂ ਪਿੰਡ ਦੀ ਸਰਪੰਚੀ ਕੀਤੀ ਹੋਣ ਕਾਰਨ ਉਹ ਪਿੰਡ ਨੂੰ ਹੋਰ ਵੀ ਸੁੰਦਰ ਬਣਾਉਣ ਦੇ ਚਾਹਵਾਨ ਸਨ ਪਰ ਫਿਲਮਾਂ ਵਿਚ ਮਸਰੂਫ ਰਹਿਣ ਕਾਰਨ ਉਨ੍ਹਾਂ ਨੂੰ ਪਿੰਡ ਆਉਣ ਦਾ ਸਮਾਂ ਹੀ ਨਹੀਂ ਮਿਲਿਆ।

## ਵਿਲੇਨ ਆਫ਼ ਦਿ ਮਿਲੇਨੀਅਮ

ਭਾਰਤੀ ਸਿਨੇਮਾ ਦੇ ਖਲਨਾਇਕ ਹੁੰਦਿਆ ਹੋਏ ਵੀ ਪ੍ਰਾਣ ਨਾਇਕ ਸਨ। ਉਨ੍ਹਾਂ ਦੇ ਅਭਿਨੈ ਦਾ ਅੰਦਾਜ਼ ਨਾਇਕ ਦੇ ਅਭਿਨੈ ਨੂੰ ਵੀ ਫਿੱਕਾ ਕਰ ਦਿੰਦਾ ਸੀ। ਪ੍ਰਾਣ ਸਾਹਿਬ ਨੇ ਭਾਰਤੀ ਫਿਲਮ ਉਦਯੋਗ ਵਿਚ ਖਲਨਾਇਕਾਂ ਦੇ ਖੇਤਰ ਵਿਚ ਕਾਫੀ ਸਮੇਂ ਤੱਕ ਰਾਜ ਕੀਤਾ ਤੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ।

ਫਿਲਮ ਗੁੰਮਨਾਮ, ਕਟੀ ਪਤੰਗ, ਰਾਮ ਔਰ ਸ਼ਾਮ, ਹੀਰ ਰਾਂਝਾ, ਮਧੂਮਤੀ, ਡਾਨ ਵਿਚ ਖਲਨਾਇਕ ਦੇ ਰੂਪ ਵਿਚ ਉਨ੍ਹਾਂ ਯਾਦਗਾਰ ਅਭਿਨੈ ਕੀਤਾ ਤੇ ਕਾਫੀ ਸਮਾਂ ਖਲਨਾਇਕ ਰਹਿਣ ਦੇ ਬਾਅਦ ਆਪਣੀ ਅਦਾਕਾਰੀ ਦੀ ਪਾਰੀ ਨੂੰ ਬਦਲਦਿਆ ਪ੍ਰਾਣ ਨੇ ਜ਼ੰਜ਼ੀਰ ਤੇ ਉਪਕਾਰ ਫਿਲਮਾਂ ਵਿਚ ਅਜਿਹਾ ਅਭਿਨੈ ਕੀਤਾ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।

'ਵਿਲੇਨ ਆਫ਼ ਦਿ ਮਿਲੇਨੀਅਮ' ਨਾਂ ਨਾਲ ਜਾਣੇ ਜਾਂਦੇ ਪ੍ਰਾਣ ਨੇ ਕਿਰਦਾਰ ਦੇ ਬਿਲਕੁਲ ਉਲਟ ਆਪਣੇ ਫਿਲਮੀ ਸਹਿ-ਕਲਾਕਾਰਾਂ ਨਾਲ ਖ਼ੂਬ ਯਾਰੀ ਨਿਭਾਈ।

## ਪ੍ਰਾਣ ਅਤੇ ਸਨਮਾਨ

*ਪ੍ਰਾਣ ਨੂੰ ਫਿਲਮ ਜਗਤ ਵਿਚ ਸ਼ਾਨਦਾਰ ਸੇਵਾਵਾਂ ਲਈ ਅਨੇਕਾਂ ਸਨਮਾਨ ਵੀ ਮਿਲੇ। ਉਨ੍ਹਾਂ ਨੂੰ 1967, 1969 ਤੇ 1972 ਵਿਚ 'ਫਿਲਮਫੇਅਰ ਸਰਬੋਤਮ ਸਹਿ ਅਦਾਕਾਰ' ਦਾ ਐਵਾਰਡ ਮਿਲਿਆ। ਸਾਲ 1997 ਵਿਚ ਪ੍ਰਾਣ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਫ਼ਿਲਮਫੇਅਰ ਐਵਾਰਡ ਦਿੱਤਾ ਗਿਆ। ਸਾਲ 2000 ਵਿਚ ਉਨ੍ਹਾਂ ਨੂੰ 'ਵਿਲਿਨ ਆਫ ਦ ਮਿਲੇਨੀਅਮ ਐਵਾਰਡ' (ਸਦੀ ਦੇ ਸਰਬੋਤਮ ਖਲਨਾਇਕ ਐਵਾਰਡ) ਨਾਲ ਸਨਮਾਨਿਤ ਕੀਤਾ ਗਿਆ।*

*ਭਾਰਤ ਸਰਕਾਰ ਨੇ ਸਾਲ 2001 ਵਿਚ ਉਨ੍ਹਾਂ ਨੂੰ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤਾ। ਸੀ.ਐਨ.ਐਨ ਨੇ ਸਾਲ 2010 ਵਿਚ ਪ੍ਰਾਣ ਨੂੰ ਏਸ਼ੀਆ ਦੇ 25 ਮਹਾਨ ਅਦਾਕਾਰਾਂ ਦੀ ਸੂਚੀ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਸਨਮਾਨ ਦਿੱਤਾ। ਭਾਰਤ ਸਰਕਾਰ ਨੇ ਸਾਲ 2013 ਵਿਚ ਉਨ੍ਹਾਂ ਨੂੰ ਦੇਸ਼ ਦੇ ਸਰਬੋਤਮ ਫਿਲਮ ਐਵਾਰਡ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਸਨਮਾਨਿਤ ਕੀਤਾ। ਬਿਮਾਰ ਹੋਣ ਕਾਰਨ ਉਹ ਸਨਮਾਨ ਹਾਸਲ ਕਰਨ ਲਈ ਸਮਾਰੋਹ ਵਿਚ ਨਹੀਂ ਆ ਸਕੇ ਤੇ ਬਾਅਦ ਵਿਚ ਸੂਚਨਾ ਤੇ ਪ੍ਰਸਾਰਣ ਮੰਤਰੀ ਮੁਨੀਸ਼ ਤਿਵਾੜੀ ਨੇ ਉਨ੍ਹਾਂ ਦੇ ਘਰ ਜਾ ਉਨ੍ਹਾਂ ਨੂੰ ਸਨਮਾਨ ਭੇਟ ਕੀਤਾ।*

# ਪਰਵਾਸੀ ਪੰਜਾਬੀਆਂ ਲਈ ਬਣਾਏ ਨੌਂ ਥਾਣੇ

**ਅੰਮ੍ਰਿਤਸਰ:** ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੇ ਪੁਲਿਸ ਨਾਲ ਸਬੰਧਤ ਮਾਮਲਿਆਂ ਨੂੰ ਹੱਲ ਕਰਨ ਤੇ ਉਨ੍ਹਾਂ ਨੂੰ ਖੱਜਲ-ਖ਼ੁਆਰੀ ਤੋਂ ਬਚਾਉਣ ਲਈ ਨੌਂ ਐਨ.ਆਰ.ਆਈ ਥਾਣਿਆਂ ਦੀ ਸਥਾਪਨਾ ਕੀਤੀ ਹੈ। ਇਨ੍ਹਾਂ ਥਾਣਿਆਂ ਵਿਚ ਸਿਰਫ ਐਨ.ਆਰ.ਆਈ. ਪੰਜਾਬੀਆਂ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਹੀ ਕੀਤੀ ਜਾਂਦੀ ਹੈ।

ਪੰਜਾਬ ਦੇ ਪਰਵਾਸੀ ਪੰਜਾਬੀ ਮਾਮਲਿਆਂ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਦੀਆਂ ਸਿਕਾਇਤਾਂ ਨੂੰ ਸੂਚਾਰੂ ਢੰਗ ਨਾਲ ਹੱਲ ਕਰਨ ਲਈ ਪਹਿਲਾਂ 2008 ਵਿਚ ਨੌਂ ਐਨ.ਆਰ.ਆਈ. ਥਾਣੇ ਜ਼ਿਲ੍ਹਾ ਜਲੰਧਰ, ਹੁਸਿਆਰਪੁਰ, ਲੁਧਿਆਣਾ, ਮੋਗਾ, ਨਵਾਂ ਸ਼ਹਿਰ ਤੇ ਕਪੂਰਥਲਾ ਵਿਖੇ ਸਥਾਪਤ ਕੀਤੇ ਗਏ ਸਨ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਤਿੰਨ ਹੋਰ ਐਨ.ਆਰ.ਆਈ. ਥਾਣੇ ਜ਼ਿਲ੍ਹਾ ਜਲੰਧਰ (ਦਿਹਾਤੀ), ਲੁਧਿਆਣਾ (ਦਿਹਾਤੀ) ਤੇ ਅੰਮ੍ਰਿਤਸਰ ਵਿਖੇ ਸਥਾਪਤ ਕੀਤੇ ਹਨ ਜਿਸ ਨਾਲ ਇਨ੍ਹਾਂ ਦੀ ਗਿਣਤੀ ਨੌਂ ਹੋ ਗਈ ਹੈ।

ਸ. ਮਜੀਠੀਆ ਨੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਦੀ ਮੰਗ ਨੂੰ ਵੇਖਦਿਆਂ ਉਨ੍ਹਾਂ ਨੂੰ ਪਾਰਦਰਸ਼ੀ ਸਮਾਂਬੱਧ ਇਨਸਾਫ ਦਿਵਾਉਣ ਲਈ ਕੁਝ ਹੋਰ ਅਜਿਹੇ ਥਾਣੇ ਬਣਾਏ ਜਾਣਗੇ। ਪਰਵਾਸੀ ਪੰਜਾਬੀਆਂ ਦੇ ਪੁਲੀਸ ਨਾਲ ਸਬੰਧਤ ਮਾਮਲਿਆਂ ਨੂੰ ਹੱਲ ਕਰਨ ਲਈ ਆਈ.ਜੀ. ਪੱਧਰ ਦੇ ਅਧਿਕਾਰੀ ਦੀ ਨਿਯੁਕਤੀ ਕੀਤੀ ਗਈ ਹੈ। ਜੇਕਰ ਕਿਸੇ ਵੀ ਐਨ.ਆਰ. ਆਈ. ਨੂੰ ਇਨ੍ਹਾਂ ਥਾਣਿਆਂ ਜਾਂ ਜ਼ਿਲ੍ਹੇ ਵਿਚ ਤਾਇਨਾਤ ਅਧਿਕਾਰੀਆਂ ਤੋਂ ਆਪਣੀ ਸ਼ਿਕਾਇਤ ਦਾ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਉਹ ਪੁਲਿਸ ਹੈੱਡਕੁਆਰਟਰ ਵਿਚ ਆਈ.ਜੀ.ਪੀ. ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਪੰਜਾਬ ਪੁਲੀਸ ਦੀ ਵੈੱਬਸਾਈਟ 'ਤੇ ਇੱਕ ਨਵਾਂ ਵੈਬ ਪੇਜ ਤਿਆਰ ਕੀਤਾ ਗਿਆ ਹੈ ਜਿਸ 'ਤੇ ਉਹ ਆਪਣੀਆਂ ਦਰਖਾਸਤਾਂ ਈਮੇਲ ਰਾਹੀਂ ਭੇਜ ਸਕਦੇ ਹਨ। ਇਸ ਦੇ ਨਾਲ ਹੀ ਸਰਕਾਰ ਨੇ ਐਨ.ਆਰ.ਆਈ ਵਾਸਤੇ ਹੈਲਪਲਾਈਨ ਟੈਲੀਫੋਨ 0172-2748100 ਵੀ ਮੁਹੱਈਆ ਕਰਵਾਇਆ ਹੈ। ਸ. ਮਜੀਠੀਆ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਹਦਾਇਤਾਂ ਕੀਤੀਆਂ ਹਨ ਕਿ ਕਿਸੇ ਵੀ ਪਰਵਾਸੀ ਪੰਜਾਬੀ ਖ਼ਿਲਾਫ਼ ਐਫ.ਆਈ.ਆਰ. ਡੀ.ਐਸ.ਪੀ. ਪੱਧਰ ਤੋਂ ਜਾਂਚ ਕੀਤੇ ਬਿਨਾਂ ਦਰਜ ਨਹੀਂ ਕੀਤੀ ਜਾਵੇਗੀ।

## ਹੁਣ ਕਦੇ ਨਹੀਂ ਆਵੇਗੀ ਤਾਰ

**ਨਵੀਂ ਦਿੱਲੀ:** ਪਿਛਲੇ 160 ਸਾਲਾਂ ਤੋਂ ਵੱਧ ਸਮੇਂ ਤੱਕ ਭਾਰਤ ਦੇ ਦੂਰ ਦਰਾਡੇ ਦੇ ਇਲਾਕਿਆਂ ਨੂੰ ਇਕ ਦੂਸਰੇ ਨਾਲ ਜੋੜਕੇ ਰੱਖਣ ਵਾਲੀ ਟੈਲੀਗ੍ਰਾਮ ਸੇਵਾ ਹਮੇਸ਼ਾ ਲਈ ਬੰਦ ਹੋ ਗਈ ਹੈ। ਟੈਲੀਗ੍ਰਾਮ ਸੇਵਾ ਨੂੰ ਚਲਾਉਣ ਵਾਲੀ ਕੰਪਨੀ ਭਾਰਤ ਸੰਚਾਰ ਨਿਗਮ ਲਿਮਟਿਡ (ਬੀ.ਐਸ.ਐਨ.ਐਲ) ਨੇ ਦੱਸਿਆ ਕਿ ਟੈਲੀਗ੍ਰਾਮ ਪ੍ਰਣਾਲੀ ਰਾਹੀਂ ਆਖ਼ਰੀ ਤਾਰ 15 ਜੁਲਾਈ ਤੋਂ ਬਾਅਦ ਨਹੀਂ ਪਹੁੰਚੇਗਾ।

ਹੁਣ ਗੌਰਵਸ਼ਾਲੀ ਇਤਿਹਾਸ ਰੱਖਣ ਵਾਲੀ ਇਹ ਸੇਵਾ ਇਤਿਹਾਸ ਦੇ ਪੰਨਿਆਂ ਤੇ ਅਜਾਇਬ ਘਰਾਂ ਤੱਕ ਹੀ ਸੀਮਤ ਰਹਿ ਜਾਵੇਗੀ। ਤਾਰ ਸੇਵਾ ਅਜਿਹੇ ਸਮੇਂ ਬੰਦ ਹੋਈ ਹੈ ਜਦ ਸਾਰੇ ਸ਼ਹਿਰਾਂ ਵਿਚ ਇੰਟਰਨੈਟ ਵਰਗੀਆਂ ਸਹੂਲਤਾਂ ਲੋਕਾਂ ਕੋਲ ਮੌਜੂਦ ਹਨ, ਉਥੇ ਇਸ ਸੇਵਾ ਦੇ ਬੰਦ ਹੋਣ ਦਾ ਵਿਰੋਧ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਅਜੇ ਵੀ ਕੁਝ ਦੂਰ ਦਰਾਡੇ ਦੇ ਇਲਾਕੇ ਅਜਿਹੇ ਹਨ ਜਿਥੇ ਇਸ ਸੇਵਾ ਦੀ ਬੇਹੱਦ ਜ਼ਰੂਰਤ ਹੈ। ਬੀ.ਐਸ.ਐਨ.ਐਲ ਦਾ ਕਹਿਣਾ ਹੈ ਕਿ ਕੰਪਨੀ ਨੂੰ ਤਾਰ ਸੇਵਾ ਦੀ ਵਜ੍ਹਾ ਕਰਕੇ ਸਾਲਾਨਾ 300 ਤੋਂ 400 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਤਾਰ ਸੇਵਾ ਭਾਰਤ ਦਾ ਪੁਰਾਣਾ ਸੰਚਾਰ ਜ਼ਰੀਆ ਹੈ। ਦੇਸ਼ ਦਾ ਪਹਿਲਾ ਤਾਰ 5 ਨਵੰਬਰ, 1850 ਨੂੰ ਉਸ ਸਮੇਂ ਕਲਕੱਤਾ ਤੋਂ 50 ਕਿਲੋਮੀਟਰ ਦੂਰ ਸਥਿਤ ਡਾਇਮੰਡ ਹਾਰਬਰ ਵਿਚਕਾਰ ਭੇਜਿਆ ਗਿਆ ਸੀ ਤੇ ਇਸ ਦੇ ਪੰਜ ਸਾਲਾਂ ਬਾਅਦ ਇਸ ਸੰਚਾਰ ਜ਼ਰੀਏ ਨੂੰ ਆਮ ਜਨਤਾ ਲਈ ਖੋਲ੍ਹ ਦਿੱਤਾ ਗਿਆ ਸੀ।





ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579

www.punjabtimesusa.com



# ਝੂਠੇ ਪੁਲਿਸ ਮੁਕਾਬਲੇ: ਨਿਆਂ ਲਈ ਆਵਾਜ਼ ਬੁਲੰਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤਕਰੀਬਨ ਢਾਈ ਦਹਾਕੇ ਪਹਿਲਾਂ ਪੰਜਾਬ ਦੇ ਲੋਕਾਂ 'ਤੇ ਹੋਏ ਜ਼ੁਲਮ ਦੀਆਂ ਹੌਲਨਾਕ ਘਟਨਾਵਾਂ ਦੇ ਕੁਝ ਹੋਰ ਸੱਚ ਸਾਹਮਣੇ ਆਉਣ ਨਾਲ ਪੰਜਾਬ ਪੁਲਿਸ ਦਾ ਵਹਿਸ਼ੀ ਚਿਹਰਾ ਬੇਨਕਾਬ ਹੋਇਆ ਹੈ। ਬੇਸ਼ੱਕ ਪਹਿਲਾਂ ਵੀ ਖਾਲੜਾ ਕਮਿਸ਼ਨ ਨੇ ਹਜ਼ਾਰਾਂ ਕੇਸ ਸਾਹਮਣੇ ਲਿਆਂਦੇ ਸਨ ਪਰ ਅਜੇ ਵੀ ਪੁਲਿਸ ਦੀ ਦਹਿਸ਼ਤ ਤੇ ਸਰਕਾਰਾਂ ਦੇ ਗ਼ੈਰ ਜ਼ਿੰਮੇਵਾਰੀ ਵਾਲੇ ਰਵੱਈਏ ਕਰਕੇ ਪੀੜਤ ਜ਼ੁਬਾਨ ਖੋਲ੍ਹਣ ਤੋਂ ਡਰਦੇ ਰਹੇ ਹਨ। ਤਾਜ਼ਾ ਹੋਏ ਖੁਲਾਸੇ ਤੋਂ ਬਾਅਦ ਦਰਜਨਾਂ ਪਰਿਵਾਰ ਇਨਸਾਫ ਲਈ ਅੱਗੇ ਆਏ ਹਨ।

ਤਰਨ ਤਾਰਨ ਜ਼ਿਲ੍ਹੇ ਵਿਚ ਇਕ ਪੁਲਿਸ ਮੁਲਾਜ਼ਮ ਵੱਲੋਂ ਝੂਠੇ ਮੁਕਾਬਲਿਆਂ ਦਾ ਖੁਲਾਸਾ ਕਰਨ ਤੋਂ ਬਾਅਦ ਕਈ ਹੋਰ ਪੁਲਿਸ ਮੁਲਾਜ਼ਮਾਂ ਨੇ ਵੀ ਆਪਣੀ ਜ਼ੁਬਾਨ ਖੋਲ੍ਹਣੀ ਸ਼ੁਰੂ ਕਰ ਦਿੱਤੀ ਹੈ ਜਿਸ ਕਰਕੇ ਪੀੜਤਾਂ ਨੇ ਵੀ ਇਨਸਾਫ ਲਈ ਆਵਾਜ਼ ਬੁਲੰਦ ਕੀਤੀ ਹੈ। ਇਸ ਤੋਂ ਇਲਾਵਾ ਗੁਜਰਾਤ ਵਿਚ ਨੌਜਵਾਨ ਲੜਕੀ ਇਸ਼ਰਤ ਜਹਾਂ ਤੇ ਉਸ ਦੇ ਦੋ ਸਾਥੀਆਂ ਦੇ ਝੂਠੇ ਪੁਲਿਸ ਮੁਕਾਬਲੇ



ਵਿਚ ਮਾਰੇ ਜਾਣ ਦੇ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ 'ਤੇ ਸ਼ਿਕੰਜ਼ਾ ਕੱਸਣ ਤੋਂ ਉਤਸ਼ਾਹਿਤ ਹੋ ਕੇ ਵੀ ਪੀੜਤ ਪਰਿਵਾਰ ਇਨਸਾਫ ਲਈ ਅੱਗੇ ਆਉਣ ਲੱਗੇ ਹਨ। ਪੰਜਾਬ ਮਨੁੱਖੀ ਅਧਿਕਾਰ ਸੰਸਥਾ ਦੇ ਸੱਦੇ 'ਤੇ ਜਲੰਧਰ ਵਿਖੇ ਦੋ ਦਰਜਨ ਦੇ ਕਰੀਬ ਪੀੜਤ ਪਰਿਵਾਰ ਪੁੱਜੇ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਪੁਲਿਸ ਚੁੱਕ ਕੇ ਲੈ ਗਈ ਸੀ ਤੇ ਮੁੜ ਅੱਜ ਤੱਕ ਕੋਈ ਉੱਘ-ਸੁੱਘ ਨਹੀਂ ਨਿਕਲੀ ਜਾਂ ਜਿਨ੍ਹਾਂ ਬਾਰੇ ਦੋਸ਼ ਹੈ ਕਿ ਉਨ੍ਹਾਂ ਨੂੰ ਕਾਫ਼ੀ ਸਮੇਂ ਤਸ਼ੱਦਦ ਕਰਨ ਬਾਅਦ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ। ਮਨੁੱਖੀ ਅਧਿਕਾਰ ਸੰਗਠਨ ਦੇ ਆਗੂਆਂ ਕਿਰਪਾਲ ਸਿੰਘ ਰੰਧਾਵਾ, ਉੱਘੇ ਵਕੀਲ ਅਮਰ ਸਿੰਘ ਚਾਹਲ, ਦਲਬੀਰ ਸਿੰਘ ਤੇ ਗੁਰਬਚਨ ਸਿੰਘ ਨੇ ਦੱਸਿਆ ਕਿ ਇਸ ਸਮੇਂ ਪੀੜਤਾਂ ਦੇ ਕੇਸਾਂ ਬਾਰੇ ਵੱਖ-ਵੱਖ ਤੌਰ 'ਤੇ ਹਾਈ ਕੋਰਟ ਵਿਚ ਪਟੀਸ਼ਨਾਂ ਦਾਇਰ ਕੀਤੀਆਂ ਜਾਣਗੀਆਂ ਤੇ ਤਰਨ ਤਾਰਨ ਦੇ ਨਵੇਂ ਇੰਕਸ਼ਾਫ਼ ਕਰਨ ਵਾਲੇ ਸੁਰਜੀਤ ਸਿੰਘ ਦੀ ਸੁਰੱਖਿਆ ਤੇ ਉਸ ਵੱਲੋਂ ਸਾਹਮਣੇ ਲਿਆਂਦੇ ਮਾਮਲਿਆਂ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਏ ਜਾਣ ਲਈ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕੀਤੀ ਜਾਵੇਗੀ।

ਇਸ ਮੌਕੇ ਪੀੜਤ ਪਰਿਵਾਰਾਂ ਵਿਚੋਂ ਪਿੰਡ ਡੇਹਰੀਵਾਲਾ ਦੇ ਹਰਭਜਨ ਸਿੰਘ ਨੇ ਦੱਸਿਆ ਕਿ ਪੁਲਿਸ ਦੇ ਤਸ਼ੱਦਦ ਕਾਰਨ ਉਹ ਟਾਟਾ ਨਗਰ (ਜਮਸ਼ੈਦਪੁਰ) ਚਲੇ ਗਏ ਸਨ। ਪੁਲਿਸ ਉਸ ਦੇ ਭਰਾ ਬਘੇਲ ਸਿੰਘ ਨੂੰ ਉਥੋਂ ਪ੍ਰੋਡਕਸ਼ਨ ਵਾਰੰਟ ਉੱਪਰ ਲਿਆਈ ਸੀ। ਕਈ ਦਿਨ ਮਾਲ ਮੰਡੀ ਤਸੀਹਾ ਕੇਂਦਰ ਵਿਚ ਰੱਖ ਕੇ ਉਸ 'ਤੇ ਤਸ਼ੱਦਦ ਢਾਹਿਆ ਗਿਆ। ਹਿਰਾਸਤ ਵਿਚ ਹੀ ਉਸ ਦੀ ਮੌਤ ਹੋ ਗਈ ਤਾਂ ਗਗੜਭਾਣਾ ਲਾਗੇ ਪੁਲਿਸ ਦੇ ਚੁੰਗਲ ਵਿਚੋਂ ਭੱਜਣ ਦੇ ਯਤਨ ਵਿਚ ਟਰੱਕ ਹੇਠ ਆ ਕੇ ਮੌਤ ਹੋ ਜਾਣ ਦੀ ਕਹਾਣੀ ਘੜ ਦਿੱਤੀ ਗਈ। ਜ਼ਿਕਰਯੋਗ ਇਹ ਹੈ ਕਿ ਉਸ ਸਮੇਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਅਖ਼ਬਾਰਾਂ ਵਿਚ ਬਿਆਨ ਛਪਿਆ ਸੀ ਕਿ ਕਿਧਰੇ ਬਘੇਲ ਸਿੰਘ ਨੂੰ ਝੂਠੇ ਮੁਕਾਬਲੇ ਵਿਚ ਨਾ ਮਾਰ ਦਿੱਤਾ ਜਾਵੇ। ਹੁਣ ਸੁਰਜੀਤ ਸਿੰਘ ਨੇ ਵੀ ਦਾਅਵਾ ਕੀਤਾ ਹੈ ਕਿ ਬਘੇਲ ਸਿੰਘ ਉੱਪਰ ਬੁਲਟ ਪਰੂਫ ਟਰੈਕਟਰ ਚੜ੍ਹਾ ਕੇ ਹਾਦਸੇ ਵਿਚ ਮਾਰੇ ਜਾਣ ਦਾ ਡਰਾਮਾ ਕੀਤਾ ਸੀ। ਤਰਨ ਤਾਰਨ ਦੇ ਪਿੰਡ ਜੋਧਪੁਰ ਦੇ ਕਾਬਲ ਸਿੰਘ ਨੇ ਆਪਣੇ ਛੋਟੇ ਭਰਾ ਅਵਤਾਰ ਸਿੰਘ ਤੇ ਨੌਜਵਾਨ ਪੁੱਤਰ ਦੇਵਿੰਦਰ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਪਾ ਦੇਣ ਦੀ ਦਰਦਨਾਕ ਕਹਾਣੀ ਦੱਸੀ।

ਤਰਨ ਤਾਰਨ ਨੇੜਲੇ ਪਿੰਡ ਮਹੱਦੀਪੁਰ ਦੀ ਕਰਮਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਿਤਾ ਬਲਵੰਤ ਸਿੰਘ, ਚਾਚੇ ਕੁਲਵੰਤ ਸਿੰਘ ਤੇ ਸੁਖਵੰਤ ਸਿੰਘ ਨੂੰ ਨਵੰਬਰ 1991 ਵਿਚ ਪੁਲਿਸ ਫੜ ਕੇ ਲੈ ਗਈ, ਮੁੜ ਕਦੇ ਕੁਝ ਪਤਾ ਨਹੀਂ ਲੱਗਾ। ਪਿੰਡ ਸਖੀਰਾ ਦੀ ਵਸਨੀਕ ਕਸ਼ਮੀਰ ਕੌਰ ਨੇ ਦੱਸਿਆ ਕਿ ਉਸ ਦੇ 18 ਸਾਲ ਦੇ ਪੁੱਤਰ ਪ੍ਰਗਟ ਸਿੰਘ ਨੂੰ 11 ਦਸੰਬਰ, 1991 ਨੂੰ ਪੁਲਿਸ ਘਰੋਂ ਫੜ ਕੇ ਲੈ ਗਈ ਤੇ ਬਾਅਦ ਵਿਚ ਕਿਹਾ ਕਿ ਗੱਗੋਬੂਆ ਲਾਗੇ ਮੁਕਾਬਲੇ ਵਿਚ ਮਾਰਿਆ ਗਿਆ।

## *ਥਾਣੇਦਾਰੀ ਖੁੱਸਣ ਮਗਰੋਂ ਸੁਰਜੀਤ ਨੇ ਖੋਲ੍ਹੀ ਪੋਲ*

*ਪੰਜਾਬ ਪੁਲਿਸ ਦੇ ਮੁਅੱਤਲ ਥਾਣੇਦਾਰ ਸੁਰਜੀਤ ਸਿੰਘ ਨੇ ਹਾਈ ਕੋਰਟ ਵਿਚ ਤੇ ਪੱਤਰਕਾਰਾਂ ਸ਼ਰੇਆਮ ਇਕਬਾਲ ਕੀਤਾ ਕਿ ਅਤੀਤ ਵਿਚ ਪੁਲਿਸ ਵੱਲੋਂ ਸਿੱਖ ਮੁੰਡਿਆਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਿਆ ਗਿਆ ਸੀ। ਸੁਰਜੀਤ ਸਿੰਘ ਥਾਣਾ ਮਹਿਤਾ ਦਾ ਮੁਖੀ ਸੀ ਤੇ ਮੁਖੀ ਬਣਨ ਤੋਂ ਪਹਿਲਾਂ ਉਕਤ ਥਾਣੇ ਦੇ ਮੁਖੀ ਸਰਬਜੀਤ ਸਿੰਘ ਦਾ ਹੀ ਗਨਮੈਨ ਸੀ ਪਰ ਉਦੋਂ ਦੇ ਉੱਚ ਅਧਿਕਾਰੀਆਂ ਨੇ ਹੀ ਸੁਰਜੀਤ ਤੋਂ ਝੂਠੇ ਮੁਕਾਬਲੇ ਦਾ ਕੰਮ ਲੈਣ ਲਈ ਚੌਕੀ ਇੰਚਾਰਜ ਬਣਾ ਕੇ ਪੰਧੇਰ ਨੂੰ ਉਸ ਦੇ ਮਾਤਹਿਤ ਕਰ ਦਿੱਤਾ। ਇਹ ਗੱਲ ਅਜੇ ਵੀ ਲੁਕੀ ਰਹਿਣੀ ਜੇ ਪੁਲਿਸ ਅਧਿਕਾਰੀ ਉਸ ਦਾ ਸਬ ਇੰਸਪੈਕਟਰ ਦਾ ਅਹੁਦਾ ਖੋਹ ਕੇ ਉਸ ਨੂੰ ਸਿਪਾਹੀ ਬਣਾ ਕੇ ਪੁਲਿਸ ਲਾਈਨ ਵਿਚ ਨਾ ਭੇਜਦੇ।*

## ਪੰਜਾਬ ਪੁਲਿਸ ਹਾਈ ਕੋਰਟ ਦੇ ਹੁਕਮਾਂ ਤੋਂ ਵੀ ਬੇਪ੍ਰਵਾਹ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਪੰਜਾਬ ਪੁਲਿਸ ਪਹਿਲੇ ਨੰਬਰ 'ਤੇ ਆਉਂਦੀ ਹੈ। ਇਹੀ ਨਹੀਂ ਗੁਆਂਢੀ ਸੂਬੇ ਹਰਿਆਣਾ ਤੇ ਚੰਡੀਗੜ੍ਹ ਪੁਲਿਸ ਵੀ ਇਸੇ ਰਾਹ 'ਤੇ ਚੱਲ ਰਹੀ ਹੈ। ਇਥੇ ਵੀ ਪੁਲਿਸ ਅਧਿਕਾਰੀ ਹਾਈ ਕੋਰਟ ਦੇ ਹੁਕਮਾਂ ਨੂੰ ਬਹੁਤੀ ਤਵੱਜੋਂ ਨਹੀਂ ਦਿੰਦੇ।

ਹਾਸਲ ਜਾਣਕਾਰੀ ਅਨੁਸਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਕਰੀਬਨ ਦੋ ਹਫ਼ਤੇ ਪਹਿਲਾਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਰਾਜਾਂ ਦੀ ਪੁਲਿਸ ਨੂੰ ਹੁਕਮ ਜਾਰੀ ਕੀਤੇ ਸਨ ਕਿ ਪੁਲਿਸ ਥਾਣਿਆਂ ਵਿਚ ਐਫ.ਆਈ.ਆਰ. ਦਰਜ ਕਰਨ ਤੋਂ ਬਾਅਦ 24 ਘੰਟਿਆਂ ਦੇ ਅੰਦਰ-ਅੰਦਰ ਸਬੰਧਤ ਐਫ.ਆਈ.ਆਰ. ਦੀ ਡਿਟੇਲ ਪੁਲਿਸ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਜਾਵੇ ਪਰ ਤਿੰਨਾਂ ਰਾਜਾਂ ਦੀ ਪੁਲਿਸ ਵੱਲੋਂ ਹੁਣ ਤੱਕ ਇਨ੍ਹਾਂ ਹੁਕਮਾਂ 'ਤੇ ਅਮਲ ਨਹੀਂ ਕੀਤਾ ਗਿਆ।

ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਜਸਬੀਰ ਸਿੰਘ ਤੇ ਰਾਕੇਸ਼ ਕੁਮਾਰ ਜੈਨ ਦੇ ਬੈਂਚ ਨੇ 16 ਮਈ ਨੂੰ ਇਹ ਹੁਕਮ ਸੀਨੀਅਰ ਵਕੀਲ ਅਜੇ ਜੱਗਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ ਸਨ। ਇਹੀ ਨਹੀਂ ਜ਼ਿਆਦਾਤਰ ਮਾਮਲਿਆਂ ਵਿਚ ਕੇਸ ਦਰਜ ਹੋਣ ਦੇ ਬਾਵਜੂਦ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਛੁਪਾ ਕੇ ਰੱਖਿਆ ਜਾਂਦਾ ਹੈ। ਪੰਜਾਬ ਪੁਲਿਸ ਦੇ ਹੈੱਡ ਕੁਆਰਟਰ ਤੇ ਮੁਹਾਲੀ ਸਮੇਤ ਛੇ ਜ਼ਿਲ੍ਹਿਆਂ ਵਿਚ ਇੰਟਰਨੈੱਟ ਸਹੂਲਤ ਠੱਪ ਹੋ ਗਈ ਹੈ। ਪੁਲਿਸ ਵੱਲ ਕੰਪਨੀ ਦਾ 41 ਲੱਖ ਰੁਪਏ ਤੋਂ ਵੱਧ ਰਾਸ਼ੀ ਦਾ ਬਿੱਲ ਬਕਾਇਆ ਖੜ੍ਹਾ ਹੈ ਜਿਸ ਕਾਰਨ ਹੁਣ ਪੁਲਿਸ ਕੰਟਰੋਲ ਰੂਮ ਦਾ 100 ਨੰਬਰ ਵੀ ਬੰਦ ਹੋਣ ਵਾਲਾ ਹੈ। ਐਚ.ਸੀ.ਐਲ ਕੰਪਨੀ ਦੇ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਪੁਲਿਸ ਨੇ ਇਸ ਬਿੱਲ ਦਾ ਭੁਗਤਾਨ ਨਹੀਂ ਕੀਤਾ ਤਾਂ 100 ਨੰਬਰ ਦੀ ਸਹੂਲਤ ਵੀ ਬੰਦ ਕੀਤੀ ਜਾ ਸਕਦੀ ਹੈ।

## ਬਾਦਲਾਂ ਦੀ ਜ਼ੁਬਾਨ ਨੂੰ ਲੱਗ ਗਏ ਤਾਲੇ!

**ਚੰਡੀਗੜ੍ਹ:** ਖਾੜਕੂਵਾਦ ਦੇ ਦਿਨਾਂ ਦੌਰਾਨ ਪੰਜਾਬ ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਮਾਰ ਖਪਾਉਣ ਦੀ ਹਕੀਕਤ ਸਾਹਮਣੇ ਆਉਣ ਤੋਂ ਬਾਅਦ ਵੀ ਸਿੱਖਾਂ ਦੀ ਨੁਮਾਇੰਦਗੀ ਕਰਦੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ (ਬ) ਨੇ ਜ਼ੁਬਾਨ ਨੂੰ ਤਾਲੇ ਲਾਏ ਹੋਏ ਹਨ। ਹਰ ਗੱਲ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਉਣ ਵਾਲੇ ਅਕਾਲੀ ਦਲ ਦੇ ਆਗੂ ਪੰਜਾਬ ਪੁਲਿਸ ਦੀ ਵਹਿਸ਼ਤ ਬਾਰੇ ਕੋਈ ਵੀ ਟਿੱਪਣੀ ਕਰਨ ਲਈ ਤਿਆਰ ਨਹੀਂ। ਉਲਟਾ ਪੂਰੇ ਸਿੱਖ ਜਗਤ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਬਸੱਤਾ 'ਤੇ ਕਾਬਜ਼ ਬਾਦਲਾਂ ਨੇ ਆਪਣੇ ਹਿੱਤਾਂ ਦੀ ਰਾਖੀ ਲਈ ਅਜਿਹੇ ਹੀ ਕਈ ਦੋਸ਼ਾਂ ਵਿਚ ਘਿਰੇ ਅਫਸਰ ਸੁਮੇਧ ਸੈਣੀ ਨੂੰ ਪੁਲਿਸ ਮੁਖੀ ਬਣਾ ਦਿੱਤਾ। ਪੰਜਾਬੀਆਂ ਨੂੰ ਅਜੇ ਇਹ ਗੱਲ ਨਹੀਂ ਭੁੱਲੀ ਕਿ 1986 ਤੇ 1997 ਵਿਚ ਅਕਾਲੀ ਦਲ ਨੇ ਚੋਣਾਂ ਪੰਜਾਬ ਸਮੱਸਿਆ ਪੈਦਾ ਕਰਨ ਪਿੱਛੇ ਲੁਕੇ ਕਾਰਨਾਂ ਨੂੰ ਜਨਤਾ ਸਾਹਮਣੇ ਲਿਆਉਣ ਦੇ ਵਾਅਦੇ ਨਾਲ ਜਿੱਤੀਆਂ ਸਨ। ਉਦੋਂ ਤੋਂ ਹੁਣ ਤਕ ਜਿਥੇ ਵੱਖ-ਵੱਖ ਸੂਬਾ ਸਰਕਾਰਾਂ ਨੇ ਪੰਜਾਬ ਮਸਲੇ ਦੀ ਸਚਾਈ ਜਾਣਨ ਦੇ ਕੋਈ ਯਤਨ ਨਹੀਂ ਕੀਤੇ, ਉਥੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਕੀਤੇ ਉਪਰਾਲਿਆਂ ਨੂੰ ਲੀਹੋਂ ਲਾਹ ਦਿੱਤਾ। ਜਸਵੰਤ ਸਿੰਘ ਖਾਲੜਾ ਜੋ ਅਕਾਲੀ ਦਲ ਨਾਲ ਹੀ ਸਬੰਧਤ ਸਨ, ਵੱਲੋਂ ਕੀਤੀ ਝੂਠੇ ਮੁਕਾਬਲਿਆਂ ਬਾਰੇ ਅਹਿਮ ਪੜਤਾਲ ਅਜੇ ਕਿਸੇ ਤਣ-ਪੱਤਣ ਨਹੀਂ ਲੱਗੀ ਸੀ ਕਿ ਖਾਲੜਾ ਨੂੰ ਲੋਪ ਕਰ ਦਿੱਤੇ ਜਾਣ ਬਾਰੇ ਜਾਂਚ ਵੀ ਵਿਚੇ ਹੀ ਰੁਲ ਗਈ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਬਾਰੇ ਹੋਈ ਜਾਂਚ ਦਾ ਵੀ ਇਹੋ ਹਾਲ ਹੋਇਆ। ਉਕਤ ਸਾਰੀਆਂ ਪੜਤਾਲਾਂ ਦਾਅਵਿਆਂ ਤੇ ਭਰੋਸਿਆਂ ਦੇ ਬੋਝ ਹੇਠ ਹੀ ਦੱਬ ਗਈਆਂ। ਹੁਣ ਇਕ ਪੁਲਿਸ ਅਫ਼ਸਰ ਨੇ ਖ਼ੁਦ ਬਿਆਨ ਕੀਤ ਹੈ ਕਿ ਉਸ ਨੇ ਅਨੇਕਾਂ ਸਿੱਖ ਨੌਜਵਾਨ ਆਪਣੇ ਸੀਨੀਅਰ ਅਫ਼ਸਰਾਂ ਦੇ ਕਹੇ 'ਤੇ ਫ਼ਰਜ਼ੀ ਮੁਕਾਬਲੇ ਵਿਚ ਮਾਰ ਦਿੱਤੇ ਸਨ ਪਰ ਫਿਰ ਅਕਾਲੀ ਦਲ ਚੁੱਪ ਹੈ।

ਸਿੱਖ ਹਲਕਿਆਂ ਵਿਚ ਚਰਚਾ ਹੈ ਕਿ ਜੇ ਸੂਬੇ ਵਿਚ ਕਾਂਗਰਸ ਸਰਕਾਰ ਹੁੰਦੀ ਤਾਂ ਇਸ ਗੰਭੀਰ ਮਸਲੇ 'ਤੇ ਅਕਾਲੀ ਦਲ ਨੇ ਜ਼ਮੀਨ ਅਸਮਾਨ ਇਕ ਕਰ ਦੇਣਾ ਸੀ ਪਰ ਹੁਣ ਤਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਹੋਰਾਂ ਤਖ਼ਤਾਂ ਦੇ ਜਥੇਦਾਰ ਵੀ ਸਿੱਖ ਕੌਮ ਦੇ ਹੋਏ ਘਾਣ 'ਤੇ ਚੁੱਪ ਧਾਰੀ ਬੈਠੇ ਹਨ।

## ਪੁਲਿਸ ਮੁਕਾਬਲਿਆਂ ਬਾਰੇ ਸੀ.ਬੀ.ਆਈ. ਜਾਂਚ ਮੰਗੀ

**ਤਰਨਤਾਰਨ:** ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਪੰਜਾਬ ਨੇ ਖਾੜਕੂਵਾਦ ਦੇ ਦੌਰ ਦੌਰਾਨ ਸੂਬੇ ਵਿਚ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰੇ ਗਏ ਸਿੱਖ ਨੌਜਵਾਨਾਂ ਬਾਰੇ ਸੀ.ਬੀ.ਆਈ ਜਾਂਚ ਦੀ ਮੰਗ ਕੀਤੀ ਹੈ।

ਕਮੇਟੀ ਨੇ ਇਹ ਮੰਗ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਸੁਰਜੀਤ ਸਿੰਘ ਵੱਲੋਂ ਉੱਚ ਅਧਿਕਾਰੀਆਂ ਦੇ ਦਬਾਅ ਹੇਠ ਆ ਕੇ ਦਰਜਨਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਦੇਣ ਬਾਰੇ ਖ਼ੁਦ ਹੀ ਇਕਬਾਲ ਕਰ ਲੈਣ ਪਿੱਛੋਂ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਬਾਬਾ ਦਰਸ਼ਨ ਸਿੰਘ ਨੇ ਕਿਹਾ ਕਿ ਸੂਬੇ ਅੰਦਰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ 25000 ਸਿੱਖ ਨੌਜਵਾਨਾਂ ਦੀ ਸਚਾਈ ਜਾਨਣ ਲਈ ਹੁਣ ਜਾਂਚ ਕਰਾਈ ਜਾਣੀ ਹੋਰ ਵੀ ਮਹੱਤਵਪੂਰਨ ਬਣ ਗਈ ਹੈ।

## ਬਰਾੜ 'ਤੇ ਹਮਲੇ ਦੇ ਕੇਸ ਦੀ ਸੁਣਵਾਈ ਸ਼ੁਰੂ

**ਲੰਡਨ:** ਜੂਨ 1984 ਦੇ ਆਪਰੇਸ਼ਨ ਬਲੂ ਸਟਾਰ ਸਮੇਂ ਭਾਰਤੀ ਫੌਜ ਦੀ ਅਗਵਾਈ ਕਰਨ ਵਾਲੇ ਲੈਫਟੀਨੈਂਟ ਜਨਰਲ (ਰਿਟਾਇਰਡ) ਕੁਲਦੀਪ ਸਿੰਘ ਬਰਾੜ ਉਤੇ ਹਮਲੇ ਦੇ ਕੇਸ ਵਿਚ ਤਿੰਨ ਜਣਿਆਂ ਖਿਲਾਫ ਅਦਾਲਤੀ ਸੁਣਵਾਈ ਸ਼ੁਰੂ ਹੋ ਗਈ ਹੈ।

ਜਨਰਲ ਬਰਾੜ ਉਤੇ ਇਹ ਹਮਲਾ ਪਿਛਲੇ ਸਾਲ 30 ਸਤੰਬਰ ਨੂੰ ਹੋਇਆ ਸੀ ਤੇ ਪੁਲਿਸ ਨੇ ਮਨਦੀਪ ਸਿੰਘ ਸੰਧੂ (34), ਦਿਲਬਾਗ ਸਿੰਘ (36) ਤੇ ਹਰਜੀਤ ਕੌਰ (38) ਨੂੰ ਗ੍ਰਿਫਤਾਰ ਕੀਤਾ ਸੀ। ਬਚਾਅ ਪੱਖ ਦੇ ਵਕੀਲ ਰਾਜਵਿੰਦਰ ਦਿਆਲ ਨੇ ਦੱਸਿਆ ਕਿ ਇਹ ਸੁਣਵਾਈ ਤਕਰੀਬਨ ਚਾਰ ਹਫਤੇ ਚੱਲੇਗੀ। ਚੌਥੇ ਮੁਲਜ਼ਮ ਬਰਜਿੰਦਰ ਸਿੰਘ ਸੰਘਾ (33) ਜਿਸ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ, ਬਾਰੇ ਫੈਸਲਾ ਇਹ ਸੁਣਵਾਈ ਖਤਮ ਹੋਣ ਮਗਰੋਂ ਸੁਣਾਇਆ ਜਾਵੇਗਾ।

## ਇਕ ਹੋਰ ਚਸ਼ਮਦੀਦ ਗਵਾਹ ਨਿੱਤਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦੀ ਚਰਚਾ ਸ਼ੁਰੂ ਤੋਂ ਹੀ ਹੁੰਦੀ ਰਹੀ ਹੈ ਪਰ ਹੁਣ ਇਨ੍ਹਾਂ ਮੁਕਾਬਲਿਆਂ ਦੀ ਖੇਡ ਰਚਣ ਵਾਲੀ ਪੁਲਿਸ ਪਾਰਟੀ ਵਿਚ ਸ਼ਾਮਲ ਰਹੇ ਪੁਲਿਸ ਮੁਲਾਜ਼ਮਾਂ ਨੇ ਪਹਿਲੀ ਵਾਰ ਆਪਣੀ ਜ਼ੁਬਾਨ ਖੋਲ੍ਹਣੀ ਸ਼ੁਰੂ ਕੀਤੀ ਹੈ। ਮਨੁੱਖੀ ਅਧਿਕਾਰ ਸੰਗਠਨ ਵੱਲੋਂ ਮੁਕਾਬਲਿਆਂ ਦੇ ਪੀੜਤ ਪਰਿਵਾਰਾਂ ਦੀ ਲੰਘੇ ਦਿਨ ਜਲੰਧਰ ਵਿਚ ਕੀਤੀ ਮੀਟਿੰਗ ਵਿਚ ਪੁੱਜੇ ਸਾਬਕਾ ਪੁਲਿਸ ਸਿਪਾਹੀ ਸਤਵੰਤ ਸਿੰਘ ਮਾਣਕ ਨੇ ਦੱਸਿਆ ਕਿ ਉਹ ਨਵੰਬਰ 1991 ਤੋਂ ਮਾਰਚ 1993 ਤੱਕ ਉਹ ਸੀ.ਆਈ.ਏ. ਮੋਗਾ ਵਿਖੇ ਤਾਇਨਾਤ ਰਿਹਾ ਤੇ ਇਸ ਦੌਰਾਨ ਉਹ ਘੱਟੋ-ਘੱਟ 15 ਝੂਠੇ ਪੁਲਿਸ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੈ।

### 15 ਝੂਠੇ ਮੁਕਾਬਲਿਆਂ ਦਾ ਖੁਲਾਸਾ



ਉਸ ਨੇ ਦੱਸਿਆ ਕਿ ਅੰਨ੍ਹੇ ਤਸ਼ੱਦਦ ਬਾਅਦ ਅਜਿਹੇ ਨੌਜਵਾਨਾਂ ਨੂੰ ਨਸ਼ੇ ਵਿਚ ਧੁੱਤ ਪੁਲਿਸ ਵਾਲੇ ਨਹਿਰਾਂ ਜਾਂ ਸੂਇਆਂ ਉੱਪਰ ਲਿਜਾ ਕੇ ਗੋਲੀਆਂ ਨਾਲ ਭੁੰਨ ਕੇ ਲਾਸ਼ਾਂ ਵਾਪਸ ਲੈ ਆਉਂਦੇ ਸਨ ਤੇ ਅਗਲੇ ਦਿਨ ਅਖ਼ਬਾਰਾਂ ਵਿਚ ਪੁਲਿਸ ਮੁਕਾਬਲੇ ਦੀਆਂ ਖ਼ਬਰਾਂ ਛਪ ਜਾਂਦੀਆਂ ਸਨ। ਸਤਵੰਤ ਸਿੰਘ ਮਾਣਕ ਨੇ ਦੱਸਿਆ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਘੁਮਿਆਰਾ ਦੇ ਚੜ੍ਹਦੀ ਉਮਰ ਦੇ ਨੌਜਵਾਨ ਕੁਲਵੰਤ ਸਿੰਘ ਕੰਤਾ ਨੂੰ ਉਸ ਦੀ ਭੂਆ ਦੇ ਪਿੰਡ ਠੱਠਾ ਕਿਸ਼ਨ ਸਿੰਘ ਵਾਲਾ ਤੋਂ ਫੜਕੇ ਲਿਆਂਦਾ ਸੀ।

ਕਈ ਦਿਨ ਸੀ.ਆਈ.ਏ. ਮੋਗਾ ਵਿਚ ਰੱਖ ਕੇ ਤਸ਼ੱਦਦ ਕੀਤਾ ਤੇ ਫਿਰ ਇਕ ਰਾਤ ਉਸ ਨੂੰ ਰਾਊਕੇ ਲਾਗਲੇ ਸੇਮ ਨਾਲੇ 'ਤੇ ਲੈ ਗਏ। ਉਥੇ ਬੱਧਣੀ ਕਲਾਂ ਥਾਣੇ ਦਾ ਮੁਖੀ ਇਕ ਹੋਰ ਵਿਅਕਤੀ ਬਲਦੇਵ ਸਿੰਘ ਕਰਮਿਤੀ ਨੂੰ ਲੈ ਕੇ ਆਇਆ। ਦੋਵਾਂ ਨੂੰ ਨਾਲੇ ਉਪਰ ਖੜ੍ਹਾ ਕਰਕੇ ਗੋਲੀਆਂ ਮਾਰ ਦਿੱਤੀਆਂ। ਇਕ ਹੋਰ ਰੌਂਗਟੇ ਖੜ੍ਹੇ ਕਰਨ ਵਾਲੀ ਘਟਨਾ ਬਿਆਨ ਕਰਦਿਆਂ ਸਤਵੰਤ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਬਿਜਲੀ ਵਾਲਾ ਦੀ ਪਤਨੀ ਦੇ ਜੌੜੀਆਂ ਲੜਕੀਆਂ ਜੰਮੀਆਂ ਸਨ ਤੇ ਉਹ ਸਹੁਰੇ ਘਣੀਏਵਾਲ ਗਿਆ ਸੀ ਤੇ ਪੁਲਿਸ ਉਸ ਨੂੰ ਉਥੋਂ ਫੜ ਲਿਆਈ।

ਇਸੇ ਤਰ੍ਹਾਂ ਨਿਰਮਲ ਸਿੰਘ ਨਿੰਮਾ ਰਾਜੇਆਣਾ ਜਿਸ ਨੂੰ ਪਹਿਲਾਂ ਬਾਘਾ ਪੁਰਾਣਾ ਪੁਲਿਸ ਨੇ ਫੜਿਆ ਸੀ ਤੇ ਫਿਰ ਅਗਲੀ ਤਫ਼ਤੀਸ਼ ਲਈ ਸੀ.ਆਈ.ਏ. ਮੋਗਾ ਹਵਾਲੇ ਕਰ ਦਿੱਤਾ ਸੀ, ਦੋਵਾਂ ਨੂੰ ਥਾਣਾ ਸਦਰ ਫ਼ਰੀਦਕੋਟ ਤੇ ਸੀ.ਆਈ.ਏ. ਮੋਗਾ ਦੀ ਪੁਲਿਸ ਬੱਧਨੀ ਕਲਾਂ ਨਹਿਰ ਉਪਰ ਲੈ ਗਈ। ਉਸ ਦੇ ਸਾਹਮਣੇ ਬਿਜਲੀਵਾਲਾ ਨੂੰ ਦਾਤਰ ਮਾਰ ਕੇ ਉਸ ਦੀ ਧੌਣ ਵੱਢ ਦਿੱਤੀ। ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿੱਤੀ ਗਈ ਤੇ ਨਿੰਮਾ ਨੂੰ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ। ਵਾਰਦਾਤ ਇਹ ਬਣਾਈ ਕਿ ਨਿੰਮਾ ਮੁਕਾਬਲੇ ਵਿਚ ਮਾਰਿਆ ਗਿਆ ਤੇ ਬਿਜਲੀਵਾਲਾ ਭੱਜਣ ਵਿਚ ਕਾਮਯਾਬ ਹੋ ਗਿਆ। ਸਤਵੰਤ ਸਿੰਘ ਨੇ ਆਪਣੀਆਂ ਅੱਖਾਂ ਸਾਹਮਣੇ ਵਾਪਰੇ ਸਾਰੇ ਮਾਮਲਿਆਂ ਦੀ ਪਟੀਸ਼ਨ ਹਾਈ ਕੋਰਟ ਵਿਚ ਵੀ ਦਾਇਰ ਕੀਤੀ ਹੈ।

## ਅਕਾਲੀ ਦਲ ਆਪਣਾ ਫਰਜ਼ ਪਛਾਣੇ: ਫੈਡਰੇਸ਼ਨ

**ਅੰਮ੍ਰਿਤਸਰ:** ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖਾਂ ਦੇ ਧਾਰਮਿਕ ਤੇ ਕੌਮੀ ਮੁੱਦਿਆਂ ਪ੍ਰਤੀ ਵੀ ਗੰਭੀਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀਆਂ ਮੰਗਾਂ ਨੂੰ ਭੁੱਲ ਗਿਆ ਹੈ ਜਿਨ੍ਹਾਂ ਲਈ ਅਨੇਕ ਘੋਲ ਕਰਨੇ ਪਏ ਸਨ। ਅਕਾਲੀ ਦਲ ਦਾ ਮੁੱਢਲਾ ਮੈਂਬਰ ਵੀ ਅੰਮ੍ਰਿਤਧਾਰੀ ਹੁੰਦਾ ਸੀ।

ਉਨ੍ਹਾਂ ਕਿਹਾ ਕਿ ਥਾਣੇਦਾਰ ਸੁਰਜੀਤ ਸਿੰਘ ਵੱਲੋਂ ਝੂਠੇ ਪੁਲਿਸ ਮੁਕਾਬਲੇ ਇਕਬਾਲ ਕਰ ਲੈਣ 'ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਇਸ ਬਾਰੇ ਹਾਈ ਕੋਰਟ ਦਾ ਦਰਵਾਜਾ ਖੜ੍ਹਕਾਉਣ ਜਾ ਰਹੀ ਹੈ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਸ਼ਹਿਰਾਂ ਦੇ ਨਵੀਨੀਕਰਨ ਤੇ ਹੋਰ ਵਿਕਾਸ ਯੋਜਨਾਵਾਂ ਸ਼ਲਾਘਾਯੋਗ ਕਦਮ ਹਨ ਪਰ ਅਕਾਲੀ ਦਲ ਸਿੱਖਾਂ ਦੇ ਧਾਰਮਿਕ ਤੇ ਕੌਮੀ ਮੁੱਦਿਆਂ ਬਾਰੇ ਆਈ ਖੜੋਤ ਨੂੰ ਵੀ ਤੋੜੇ ਤੇ ਇਨ੍ਹਾਂ ਦੀ ਪ੍ਰਾਪਤੀ ਲਈ ਠੋਸ ਕਦਮ ਚੁੱਕੇ। ਕੇਂਦਰ ਦੀਆਂ ਧੱਕੇਸ਼ਾਹੀਆਂ, ਬੇਇਨਸਾਫੀਆਂ ਕਾਰਨ ਅੱਜ ਪੰਜਾਬੀਆਂ ਦੀਆਂ ਬੁਨਿਆਦੀ ਮੰਗਾਂ ਤੇ ਸੂਬੇ ਦੇ ਖੋਹੇ ਹੱਕ ਜਿਉਂ ਦੇ ਤਿਉਂ ਖੜ੍ਹੇ ਹਨ।

# ਵਾਈਟ ਹਾਊਸ ਵਿਚ ਅਮਰੀਕਾ ’ਚ ਸਿੱਖ ਸ਼ਤਾਬਦੀ ਸਮਾਗਮ

**ਵਾਸ਼ਿੰਗਟਨ (ਚਰਨਜੀ ਸਿੰਘ ਪੰਨੂ):** ਅਜ ਤੋਂ ਠੀਕ 100 ਸਾਲ ਪਹਿਲਾਂ ਜੁਲਾਈ 1913 ਵਿਚ ਭਗਤ ਸਿੰਘ ਥਿੰਦ ਉਚੇਰੀ ਸਿੱਖਿਆ ਹਾਸਲ ਕਰਨ ਅਤੇ ਬਿਹਤਰ ਜ਼ਿੰਦਗੀ ਜਿਊਣ ਦੇ ਇਰਾਦੇ ਨਾਲ ਅਮਰੀਕਾ ਪਹੁੰਚਿਆ। ਇਸ ਤੋਂ 100 ਸਾਲ ਬਾਅਦ ਕੋਈ 150 ਸਿੱਖ ਆਗੂ ਅਤੇ ਵਖ ਵਖ ਕੰਪਨੀਆ ਦੇ ਮੁਖੀ ਇਸ ਇਕ ਸਦੀ ਦੌਰਾਨ ਅਮਰੀਕੀ ਸਿੱਖ ਭਾਈਚਾਰੇ ਵੋਂ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਪਿਛਲੇ ਦਿਨੀਂ ਵਾਈਟ ਹਾਊਸ ਵਿਚ ਇਕੱਤਰ ਹੋਏ।

‘ਅਨੇਕਤਾ ਵਿਚ ਏਕਤਾ’ ਦੀ ਸਰਕਾਰੀ ਨੀਤੀ ਤਹਿਤ ਪ੍ਰਸ਼ਾਸਨ ਅਤੇ ਲੋਕਾਂ ਵਿਚਾਲੇ ਨੇੜਤਾ ਹੋਰ ਵਧਾਉਣ ਦੇ ਮਨੋਰਥ ਨਾਲ ਵਾਈਟ ਹਾਊਸ ਦੇ ਲੋਕ ਸੰਪਰਕ ਵਿਭਾਗ ਵਲੋਂ ਸਿੱਖ ਕੌਂਸਲ ਆਨ ਰਿਲੀਜੀਅਸ ਐਜੂਕੇਸ਼ਨ (ਸਕੋਰ) ਸੰਸਥਾ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਹ ਸਮਾਗਮ ਭਗਤ ਸਿੰਘ ਥਿੰਦ ਦੇ ਅਮਰੀਕਾ ਆਉਣ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੀ।

ਸਕੋਰ ਦੇ ਮੁਖੀ ਡਾ. ਰਾਜਵੰਤ ਸਿੰਘ ਦੇ ਉਦਮ ਨਾਲ ਹੋਏ ਸਮਾਗਮ ਦਾ ਅਰੰਭ ਸਿੱਖ ਅਰਦਾਸ ‘ਨਾਨਕ ਨਾਮ ਚੜ੍ਹਦੀ ਕਲਾ...’ ਸ਼ਬਦ ਨਾਲ ਹੋਇਆ।

ਵਾਈਟ ਹਾਊਸ ਦੇ ਲੋਕ ਸੰਪਰਕ ਵਿਭਾਗ ਦੇ ਐਸੋਸੀਏਟ ਡਾਇਰੈਕਟਰ ਪਾਲ ਮੌਨਟੇਰੀਓ ਨੇ ਕਿਹਾ ਕਿ ਇਸ ਸਮਾਗਮ ਦਾ ਮਨੋਰਥ ਸਿੱਖ ਭਾਈਚਾਰੇ ਦੀ ਦੇਸ਼ ਨੂੰ ਦੇਣ ਅਤੇ ਅਮਰੀਕਾ ਵਿਚ ਇਸ ਭਾਈਚਾਰੇ ਵਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਮਾਨਤਾ ਦੇਣਾ ਹੈ। ਉਨ੍ਹਾਂ ਕਿਹਾ ਕਿ ਵਾਈਟ ਹਾਊਸ ਨੂੰ ਉਮੀਦ ਹੈ ਕਿ ਇਸ ਸਮਾਗਮ ਨਾਲ ਜਿਥੇ ਸਿੱਖ ਪਰਵਾਸੀਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਮਿਲੇਗੀ, ਉਥੇ ਓਬਾਮਾ ਪ੍ਰਸ਼ਾਸਨ ਅਤੇ ਸਿੱਖਾਂ ਵਿਚਾਲੇ ਸਾਂਝ ਆਉਣ ਵਾਲੇ ਸਾਲਾਂ ਵਿਚ ਹੋਰ ਵਧੇਗੀ।



ਆਪਣੇ ਉਦਘਾਟਨੀ ਭਾਸ਼ਣ ਵਿਚ ਸ੍ਰੀ ਮੌਨਟੇਰੀਓ ਨੇ ਇਸ ਗੱਲ ‘ਤੇ ਜ਼ੋਰ ਦਿੱਤਾ ਕਿ ਅਮਰੀਕਾ ਵਸਦੇ ਸਿੱਖ ਭਾਈਚਾਰੇ ਪ੍ਰਤੀ ਮੁਖ ਧਾਰਾ ਦੇ ਕੁਝ ਹਲਕਿਆਂ ਵਿਚ ਬਣੀ ਗਲਤ ਧਾਰਨਾ ਬਿਲਕੁਲ ਹੀ ਨਿਰਮੂਲ ਹੈ। ਉਨ੍ਹਾਂ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਡੇ ਨਾਲ ਕੰਮ ਕਰਦਿਆਂ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਤੁਸੀਂ ਇਸ ਦੇਸ਼ ਲਈ ਯੋਗਦਾਨ ਹੀ ਦਿੱਤਾ ਹੈ, ਆਰਥਕ ਤਰੱਕੀ ਵਿਚ ਹਿੱਸਾ ਪਾਇਆ ਅਤੇ ਜਾਬਾਂ ਪੈਦਾ ਕੀਤੀਆਂ ਹਨ। ਤੁਸੀਂ ਜ਼ਿੰਮੇਵਾਰ ਅਤੇ ਮਿਹਨਤੀ ਸ਼ਹਿਰੀ ਹੋ। ਉਨ੍ਹਾਂ ਕਿਹਾ ਕਿ ਮਿਲਟਰੀ ਸਣੇ ਕਈ ਅਹਿਮ ਮਹਿਕਮਿਆਂ ਵਿਚ ਸਿੱਖ ਪੂਰੀ ਤਨਦੇਹੀ ਤੇ ਸੁਹਿਰਦਤਾ ਨਾਲ ਦੇਸ਼ ਸੇਵਾ ਕਰ ਰਹੇ ਹਨ।

ਪਾਲ ਮੌਨਟੇਰੀਓ ਨੇ ਸਿੱਖ ਨੁਮਾਇੰਦਿਆਂ ਨੂੰ ਦਸਿਆ ਕਿ ਰਾਸ਼ਟਰਪਤੀ ਓਬਾਮਾ ਤੁਹਾਨੂੰ ਮਿਲਣਾ ਲੋਚਦੇ ਸਨ ਪਰ ਜਰੂਰੀ ਰੁਝੇਵਿਆਂ ਕਾਰਨ ਇਹ ਸੰਭਵ ਨਹੀਂ ਹੋ ਸਕਿਆ। ਉਸ ਨੇ ਡਾ. ਰਾਜਵੰਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਉਦਮ ਸਦਕਾ ਇਹ ਸਮਾਗਮ ਉਲਿਕਿਆ ਗਿਆ ਤੇ ਕਾਮਯਾਬੀ ਨਾਲ ਸਿਰੇ ਚੜ੍ਹਿਆ।

ਸਕੋਰ ਦੇ ਕਰਤਾ ਧਰਤਾ ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇੰਨੇ ਉਘੇ ਸਿੱਖ ਬਿਜਨਸ ਆਗੂ ਇਕ ਥਾਂ ਇਕੱਠੇ ਹੋਏ ਹਨ। ਜ਼ਾਹਰ ਹੈ ਕਿ ਅਸੀਂ ਇਕ ਭਾਈਚਾਰੇ ਦੇ ਤੌਰ ‘ਤੇ ਦੌਲਤ ਅਤੇ ਜਾਬਾਂ ਪੈਦਾ ਕਰਕੇ ਆਪਣੇ ਮਹੱਤਵ ਨੂੰ ਸਾਬਤ ਕਰ ਦਿੱਤਾ ਹੈ।

ਇਸ ਮੌਕੇ ਬੋਲਦਿਆਂ ਅਮਰੀਕੀ ਪ੍ਰਸ਼ਾਸਨ ਦੇ ਵਖ ਵਖ ਬੁਲਾਰਿਆਂ ਨੇ ਵਿਸਕਾਨਸਿਨ ਦੇ ਗੁਰਦੁਆਰਾ ਓਕ ਕਰੀਕ ਦੇ ਗੋਲੀ ਕਾਂਡ ਵਿਚ ਮਾਰੇ ਗਏ ਸਿੱਖ ਸ਼ਰਧਾਲੂਆਂ ਅਤੇ ਨਿਊ ਯਾਰਕ ਵਿਚ ਸਿੱਖ ਟੈਕਸੀ ਡਰਾਈਵਰ ‘ਤੇ ਨਸਲੀ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਅਜਿਹੀਆਂ ਅਣਹੋਣੀਆਂ ਘਟਨਾਵਾਂ ਨੂੰ ਬੜੀ ਗੰਭੀਰਤਾ ਨਾਲ ਲੈ ਰਹੀ ਹੈ। ਉਨ੍ਹਾਂ ਸਿੱਖਾਂ ਦੀ ਹਰ ਕਿਸਮ ਦੀ ਮਦਦ ਦਾ ਭਰੋਸਾ ਦਿਵਾਇਆ। ਹੋਮਲੈਂਡ ਸਿਕਿਓਰਟੀ ਦੇ ਬੁਲਾਰੇ ਟਾਇਲਰ ਮੂਰੇਨ ਨੇ ਘਰੇਲੂ ਪਾਲਿਸੀ, ਆਜਾਦੀ, ਸਿਵਲ ਰਾਈਟਸ ਤੇ ਆਰਥਿਕ ਸੁਧਾਰਾਂ ਬਾਰੇ ਚਾਨਣਾ ਪਾਇਆ। ਇਮੀਗ੍ਰੇਸ਼ਨ ਸੁਧਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਓਬਾਮਾ ਸਰਕਾਰ ਵੀਜ਼ਿਆਂ ਦੀ ਗਿਣਤੀ ਵਧਾਉਣ ਅਤੇ ਬੈਕਲਾਗ ਦੂਰ ਕਰਨ ਦੀ ਸਕੀਮ ‘ਤੇ ਵਿਚਾਰ ਕਰ ਰਹੀ ਹੈ। ਸਰੋਤਿਆਂ ਦੇ ਇਸ ਸਵਾਲ ਕਿ ਨੇਪਾਲ, ਪਾਕਿਸਤਾਨ ਅਤੇ ਕਈ ਹੋਰ ਦੇਸ਼ਾਂ ਵਾਂਗ ਭਾਰਤ ਨੂੰ ਵੀ ਸਾਲਾਨਾ ਲਾਟਰੀ ਕੋਟੇ ਤਹਿਤ ਤਰਜੀਹ ਦਿੱਤੀ ਜਾਵੇ, ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਨੁਕਤਾ ਸਰਕਾਰ ਤੱਕ ਪਹੁੰਚਾ ਦਿਆਂਗੀ। ਹੋਰ ਬੁਲਾਰਿਆਂ ਵਿਚ ਰਾਸ਼ਟਰਪਤੀ ਦੇ ਵਿਸ਼ੇਸ਼ ਸਹਾਇਕ ਐਰੀ ਮਾਟੁਸਿਆਕ, ਨਿਆਂ ਮਹਿਕਮੇ ਦੇ ਹਰਪ੍ਰੀਤ ਸਿੰਘ ਮੋਖਾ, ਲੈਜਿਸਲੇਟਿਵ ਅਸਿਸਟੈਂਟ ਹੈਲਨ ਚੁੰਗ ਵੀ ਸ਼ਾਮਲ ਸਨ।

ਸਮਾਗਮ ਦੇ ਸਭਿਆਚਾਰਕ ਹਿੱਸੇ ਵਿਚ ਬਲਜੀਤ ਬਾਠ, ਸੰਨੀ ਸਿੰਘ ਅਤੇ ਅਮਰਦੀਪ ਸਿੰਘ ਨੇ ਆਪਣੀ ਸਫਲਤਾ ਦੀਆਂ ਕਹਾਣੀਆਂ ਤੇ ਰਾਜ਼ ਸਾਂਝੇ ਕੀਤੇ। ਰਾਗਿੰਦਰ ਸਿੰਘ ਮੋਮੀ ਨੇ ਸਿਤਾਰ ਵਜਾਈ ਤੇ ਪੰਜਾਬੀ ਗੀਤਾਂ ਦੀਆਂ ਧੁਨਾਂ ਨਾਲ ਸਰੋਤੇ ਮੰਤਰ ਮੁਗਧ ਕਰ ਦਿੱਤੇ। ਸਹਿਜਮੀਤ ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿਚ ਪੰਜਾਬੀ ਗੀਤ ‘ਸਾਡੀ ਕੌਮ ਹੈ ਸ਼ੇਰਾਂ ਦੀ ਸਾਨੂੰ ਕਹਿੰਦੇ ਲੋਕ ਪੰਜਾਬੀ’ ਪੇਸ਼ ਕੀਤਾ। ਮੈਰੀਲੈਂਡ ਦੇ ਭੰਗੜਾ ਗਰੁੱਪ ਨੇ ਰਵੀਨਾ ਅਹੂਜਾ ਦੀ ਅਗਵਾਈ ਵਿਚ ਭੰਗੜਾ ਪਾ ਕੇ ਵਾਈਟ ਹਾਊਸ ਦੀ ਸਟੇਜ਼ ਧਮਕਾ ਦਿੱਤੀ। ਸਿੱਖ ਰੰਗ ਵਿਚ ਰੰਗੇ ਗੋਰੇ ਬੁਲਾਰਿਆਂ ਨੇ ਸਤਿ ਸ੍ਰੀ ਅਕਾਲ ਅਤੇ ਫਤਿਹ ਦੇ ਜੈਕਾਰੇ ਬੁਲਾਏ।

ਇਸ ਸਮਾਗਮ ਵਿਚ ਵਖ ਵਖ ਸਟੇਟਾਂ ਅਤੇ ਵਖ ਵਖ ਕਿਤਿਆਂ ਤੋਂ ਆਏ 122 ਮੋਹਤਬਰ ਸਿੱਖ ਹਾਜ਼ਰ ਸਨ। ਇਨ੍ਹਾਂ ਵਿਚੋਂ ਪ੍ਰਮੁਖ ਸ਼ਿਕਾਗੋ ਤੋਂ ਸਾਧੂ ਸਿੰਘ ਰਿਖੀਰਾਜ, ਬਲਵਿੰਦਰ ਸਿੰਘ ਢਿੱਲੋਂ, ਤੇਜਿੰਦਰ ਸਿੰਘ ਬਿੰਦਰਾ, ਲਖਬੀਰ ਸਿੰਘ, ਜਸਬੀਰ ਸਿੰਘ, ਰਾਮਿੰਦਰ ਬਿੰਦਰਾ, ਹਰਬਿੰਦਰ ਸਿੰਘ ਸਾਹਨੀ, ਚਰਨਜੀਤ ਸਿੰਘ ਮਿਨਹਾਸ, ਸੁਪਰੀਤ ਸਿੰਘ, ਹਰਬੀਰ ਸਿੰਘ ਭਾਟੀਆ, ਅਮਿਤਪਾਲ ਸਿੰਘ, ਚਰਨਪਰੀਤ ਬੱਗਾ, ਦਰਸ਼ਨ ਸਿੰਘ ਬੱਗਾ, ਅਨੀਤਾ ਗੰਭੀਰ, ਬਲਦੀਪ ਦੂਆ, ਬੌਬੀ ਸੈਣੀ, ਚਰਨਬੀਰ ਸਿੰਘ ਮਾਹਲ, ਦਵਿੰਦਰ ਖੰਨਾ, ਡਿੱਕੀ ਸਿੰਘ, ਬਲਜੀਤ ਬਾਠ, ਸੰਨੀ ਸਿੰਘ, ਕੰਵਲ ਕੌਰ, ਗੁਰਪਰੀਤ ਸਿੰਘ, ਡਾ. ਦਲਵੀਰ ਸਿੰਘ ਪੰਨੂ, ਗੁਰਮੀਤ ਸਿੰਘ ਭਾਟੀਆ, ਲਖਬੀਰ ਸਿੰਘ ਅਤੇ ਦਵਿੰਦਰ ਸਿੰਘ ਖੰਨਾ ਆਦਿ ਸਨ।

## ਨਸ਼ੇੜੀ ਪਤੀ ਵੱਲੋਂ ਕਹੀ ਮਾਰ ਕੇ ਪਤਨੀ ਦੀ ਹੱਤਿਆ

**ਬੁਢਲਾਡਾ:** ਪੇਕੇ ਘਰ ਆਈ ਔਰਤ ਦਾ ਉਸ ਦੇ ਪਤੀ ਨੇ ਕਹੀ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਮਨਪ੍ਰੀਤ ਕੌਰ ਪੁੱਤਰੀ ਦੇਵ ਸਿੰਘ ਵਾਸੀ ਪਿੰਡ ਬੱਛੋਆਣਾ ਦਾ ਵਿਆਹ ਮੰਗਤ ਸਿੰਘ ਵਾਸੀ ਪਿੰਡ ਕੁਲੈਹਰੀ ਜ਼ਿਲ੍ਹਾ ਮਾਨਸਾ ਨਾਲ ਹੋਇਆ ਸੀ ਜਿਸ ਦੇ ਦੋ ਪੁੱਤਰ ਹਨ। ਮੰਗਤ ਸਿੰਘ ਬੁਢਲਾਡਾ ਸ਼ਹਿਰ ਵਿਚ ਦਿਹਾੜੀ ਕਰਦਾ ਸੀ, ਜਿਹੜਾ ਦਿਹਾੜੀ ਦੇ ਪੈਸੇ ਸ਼ਰਾਬ ਵਿਚ ਉਡਾ ਦਿੰਦਾ ਸੀ।

ਘਰ ਵਿਚ ਪਤੀ ਪਤਨੀ ਦਾ ਅਕਸਰ ਗੁਜ਼ਾਰੇ ਲਈ ਝਗੜਾ ਰਹਿੰਦਾ ਸੀ। ਚਾਰ ਜੁਲਾਈ ਨੂੰ ਸ਼ਰਾਬੀ ਮੰਗਤ ਸਿੰਘ ਨੇ ਆਪਣੀ ਪਤਨੀ ਦੀ ਕੁੱਟਮਾਰ ਕਰ ਕੇ ਉਸ ਨੂੰ ਪਿੰਡ ਬੱਛੋਆਣਾ ਭੇਜ ਦਿੱਤਾ। ਇਸ ਬਾਰੇ ਮਨਪ੍ਰੀਤ ਕੌਰ ਦੀ ਮਾਂ ਨੇ ਮੰਗਤ ਸਿੰਘ ਵਿਰੁੱਧ ਦਰਖਾਸਤ ਥਾਣੇ ਵਿਚ ਦਿੱਤੀ ਸੀ। ਇਸ ‘ਤੇ 12 ਜੁਲਾਈ ਨੂੰ ਦੋਵਾਂ ਪਿੰਡਾਂ ਕੁਲੈਹਰੀ ਤੇ ਬੱਛੋਆਣਾ ਦੀਆਂ ਪੰਚਾਇਤਾਂ ਤੇ ਹੋਰ ਮੋਹਤਬਰਾਂ ਦੀ ਹਾਜ਼ਰੀ ਵਿਚ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਕਰਵਾ ਦਿੱਤਾ ਗਿਆ ਸੀ।

ਮੰਗਤ ਸਿੰਘ ਪਿੰਡ ਬੱਛੋਆਣਾ ਵਿਖੇ ਆਪਣੇ ਸਹੁਰੇ ਘਰ ਆਇਆ ਸੀ। ਉਸ ਨੇ ਅਗਲੇ ਦਿਨ ਆਪਣੀ ਪਤਨੀ ਮਨਪ੍ਰੀਤ ਕੌਰ ਨੂੰ ਨਾਲ ਲੈ ਕੇ ਜਾਣਾ ਸੀ। ਘਟਨਾ ਵਾਲੇ ਦਿਨ ਮੰਗਤ ਸਿੰਘ ਨੇ ਆਪਣੀ ਪਤਨੀ ਨੂੰ ਤੁਰੰਤ ਤਿਆਰ ਹੋ ਕੇ ਨਾਲ ਚੱਲਣ ਲਈ ਕਿਹਾ। ਟਾਲ-ਮਟੋਲ ਕਰਨ ‘ਤੇ ਮੰਗਤ ਸਿੰਘ ਨੇ ਕਮਰੇ ਵਿਚ ਪਈ ਕਹੀ ਚੁੱਕ ਕੇ ਆਟਾ ਗੁੰਨ੍ਹ ਰਹੀ ਮਨਪ੍ਰੀਤ ਕੌਰ ਦੇ ਸਿਰ ਵਿਚ ਮਾਰ ਦਿੱਤੀ। ਉਸ ਨੇ ਕਹੀ ਦੇ ਪੀਨ ਨਾਲ ਮਨਪ੍ਰੀਤ ਕੌਰ ਦੇ ਸਿਰ ਵਿਚ ਕਈ ਵਾਰ ਕੀਤੇ। ਇਸ ਮਗਰੋਂ ਉਹ ਮੌਕੇ ਤੋਂ ਫਰਾਰ ਹੋ ਗਿਆ।

### ਭਾਰਤੀ ਆਰਥਿਕਤਾ ਨੂੰ ਝਟਕਾ

**ਨਵੀਂ ਦਿੱਲੀ:** ਦੇਸ਼ ਦੀ ਬਰਾਮਦ ਜੂਨ ਮਹੀਨੇ ਸਾਲਾਨਾ ਆਧਾਰ ‘ਤੇ 4.6 ਫੀਸਦੀ ਘਟ ਕੇ 23.79 ਅਰਬ ਡਾਲਰ ਰਹਿ ਗਈ। ਇਹ ਲਗਾਤਾਰ ਦੂਜਾ ਮਹੀਨਾ ਹੈ ਜਦੋਂ ਬਰਾਮਦ ਵਿਚ ਗਿਰਾਵਟ ਦਰਜ ਕੀਤੀ ਗਈ। ਇਸੇ ਦੌਰਾਨ ਮਈ ਮਹੀਨੇ ਸਨਅਤੀ ਉਤਪਾਦਨ 1.6 ਫੀਸਦ ਤੱਕ ਘਟ ਗਿਆ ਜੋ ਬੀਤੇ 11 ਮਹੀਨਿਆਂ ਵਿਚ ਸਭ ਤੋਂ ਘੱਟ ਹੈ। ਇਹ ਉਤਪਾਦਨ ਘਟਣ ਦਾ ਮੁੱਖ ਕਾਰਨ ਮੈਨੂਫੈਕਚਰਿੰਗ ਤੇ ਮਾਈਨਿੰਗ ਖੇਤਰਾਂ ਵੱਲੋਂ ਦਿਖਾਈ ਮਾੜੀ ਕਾਰਗੁਜ਼ਾਰੀ ਹੈ।

## ਪਿੰਡ ਗੜ੍ਹਦੀਵਾਲਾ ‘ਚ ਅਕਾਲੀ ਆਗੂ ਵੱਲੋਂ ਨੌਜਵਾਨ ਦਾ ਕਤਲ

**ਹੁਸ਼ਿਆਰਪੁਰ:** ਕੁਝ ਹਥਿਆਰਬੰਦ ਵਿਅਕਤੀਆਂ ਨੇ ਪਿੰਡ ਗੜ੍ਹਦੀਵਾਲਾ ਵਿਚ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਮਾਮਲੇ ਵਿਚ ਗੜ੍ਹਦੀਵਾਲਾ ਪੁਲਿਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਆਗੂ ਸਮੇਤ ਅੱਠ ਜਣਿਆਂ ਖ਼ਿਲਾਫ਼ ਪਰਚਾ ਦਰਜ ਕੀਤਾ ਹੈ। ਮ੍ਰਿਤਕ ਦੀ ਪਛਾਣ ਨਿਸ਼ਾਨ ਸਿੰਘ ਉਰਫ਼ ਸ਼ਾਨਾ (30 ਸਾਲ) ਵਾਸੀ ਖੁਰਦਾਂ ਵਜੋਂ ਹੋਈ ਹੈ। ਉਹ ਆਪਣੇ ਪਰਿਵਾਰ ਸਮੇਤ ਵਰਨਾ ਗੱਡੀ ਵਿਚ ਕਿਸੇ ਰਿਸ਼ਤੇਦਾਰ ਦੇ ਘਰ ਸਮਾਗਮ ਤੋਂ ਪਰਤ ਰਿਹਾ ਸੀ ਜਦੋਂ ਹਥਿਆਰਬੰਦ ਬੰਦਿਆਂ ਨੇ ਗੱਡੀ ਰੋਕ ਕੇ ਹਮਲਾ ਕਰ ਦਿੱਤਾ। ਇਕ ਹਮਲਾਵਰ ਨੇ ਗੋਲੀ ਚਲਾ ਦਿੱਤੀ ਜੋ ਉਸ ਦੀ ਛਾਤੀ ਵਿਚ ਲੱਗੀ।

ਮ੍ਰਿਤਕ ਦੇ ਭਰਾ ਸਤਨਾਮ ਸਿੰਘ ਜੋ ਪਿਛਲੇ ਦਿਨੀਂ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣਿਆ ਗਿਆ ਹੈ, ਮੁਤਾਬਕ ਉਹ ਤੇ ਉਸ ਦਾ ਭਰਾ ਪਰਿਵਾਰ ਸਮੇਤ ਗੜ੍ਹਦੀਵਾਲਾ ਤੋਂ ਵਾਪਸ ਜਾ ਰਹੇ ਸਨ ਤਾਂ 15-20 ਵਿਅਕਤੀਆਂ ਨੇ ਉਨ੍ਹਾਂ ‘ਤੇ ਹੱਲਾ ਬੋਲ ਦਿੱਤਾ ਤੇ ਉਸ ਦੇ ਭਰਾ ਦੀ ਹੱਤਿਆ ਕਰ ਦਿੱਤੀ। ਉਸ ਨੇ ਦੋਸ਼ ਲਾਇਆ ਕਿ ਦੋਸ਼ੀਆਂ ਦੀ ਪਛਾਣ ਹੋ ਚੁੱਕੀ ਹੈ ਪਰ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ। ਉਸ ਦੇ ਭਰਾ ‘ਤੇ ਪ੍ਰਦੀਪ ਸਿੰਘ ਨਾਂ ਦੇ ਵਿਅਕਤੀ ਨੇ ਗੋਲੀ ਚਲਾਈ ਜਦਕਿ ਕਤਲ ਦਾ ਮੁੱਖ ਸਾਜ਼ਿਸ਼ਕਾਰ ਅਕਾਲੀ ਆਗੂ ਰਾਜਵਿੰਦਰ ਸਿੰਘ ਰਾਜਾ ਹੈ।

## Matrimonials

### ਕੰਨਿਆ ਦੀ ਲੋੜ

ਜੱਟ ਸਿੱਖ ਕਲੀਨਸ਼ੇਵ, 30 ਸਾਲ, 6’, ਬੀ ਐਸ ਸੀ ਨਰਸਿੰਗ, 10 ਸਾਲ ਦੇ ਵੀਜ਼ੇ ਤੇ ਅਮਰੀਕਾ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਲੁਧਿਆਣਾ ਨੇੜੇ 20 ਕਿਲੇ ਸ਼ਹਿਰੀ ਜ਼ਮੀਨ, ਭੈਣ ਤੇ ਮਾਪੇ ਅਮਰੀਕਾ ਵਿਚ। ਫੋਟੋ ਤੇ ਵੇਰਵਾ ਭੇਜੋ। ਈਮੇਲ:gurjeet9587@aol.com

### ਵਰ ਦੀ ਲੋੜ

Wanted suitable US Citizen match for Jatt Sikh girl, 28, 5’-6", diploma in Aviation Management, working with Indigo Airline in New Delhi. Contact with details at e-mail: prince84india@yahoo.com

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5’-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ ‘ਤੇ ਆਏ ਲੜਕੇ ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com


OKKJI Transfer LLC.
15238 Radiance Dr., Noblesville, IN, 46060
ਓਨਰ ਅਪਰੇਟਰ ਚਾਹੀਦੇ ਹਨ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ

ਟਰੱਕ ਪਾਰਕਿੰਗ ਮਾਸਿਕ ਰੈਂਟ ’ਤੇ ਉਪਲਬਧ ਹੈ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665



RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲਾਂ ਨੂੰ ਵੰਗਾਰਨ ਲਈ ਵਿਰੋਧੀਆਂ ਵਲੋਂ ਫਿਰ ਸਫਬੰਦੀ

*(ਸਫਾ ਇਕ ਦੀ ਬਾਕੀ)*

ਲੜਾਉਣ ਲਈ ਜ਼ੋਰ ਪਾਇਆ ਜਾ ਰਿਹਾ ਹੈ ਜਦਕਿ ਪੀਪਲਜ਼ ਪਾਰਟੀ ਪਤੰਗ ਦੇ ਨਿਸ਼ਾਨ 'ਤੇ ਚੋਣ ਲੜਨ ਦੀ ਚਾਹਵਾਨ ਹੈ।

ਸੂਤਰਾਂ ਅਨੁਸਾਰ ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ 28 ਜੁਲਾਈ ਨੂੰ ਦਿੱਲੀ ਵਿਚ ਆਲ ਇੰਡੀਆ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਜਾਣਗੇ ਜਿਥੇ ਉਹ ਸ੍ਰੀਮਤੀ ਗਾਂਧੀ ਨੂੰ ਪੰਜਾਬ ਦੇ ਤਾਜ਼ਾ ਸਿਆਸੀ ਹਾਲਾਤ ਤੋਂ ਜਾਣੂ ਕਰਵਾਉਣਗੇ।

ਉਨ੍ਹਾਂ ਬਠਿੰਡਾ ਤੋਂ ਸਮਝੌਤੇ ਤਹਿਤ ਚੋਣ ਲੜਨ ਦੇ ਸੰਕੇਤ ਵੀ ਦਿੱਤੇ ਹਨ। ਉਹ ਹੁਣ ਸਾਂਝੇ ਮੋਰਚੇ ਵਿਚ ਸਾਂਝੀ ਰਾਏ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਂਜ, ਪੀ.ਪੀ.ਪੀ. ਦੇ ਬਹੁਤੇ ਆਗੂਆਂ ਦਾ ਮੰਨਣਾ ਹੈ ਕਿ ਖੱਬੀਆਂ ਪਾਰਟੀਆਂ ਜੇ ਸਿਆਸੀ ਮਜਬੂਰੀਵੱਸ ਨਾਲ ਨਹੀਂ ਤੁਰਦੀਆਂ ਤਾਂ ਵੀ ਕਾਂਗਰਸ ਨਾਲ ਰਲ ਕੇ ਚੋਣ ਲੜਨ ਵਿਚ ਕੋਈ ਹਰਜ ਨਹੀਂ ਹੈ। ਪੀ.ਪੀ.ਪੀ. ਆਗੂਆਂ ਦੀ ਰਾਏ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀਆਂ ਦੀਆਂ ਚੋਣਾਂ ਕਾਂਗਰਸ ਨਾਲ ਰਲ ਕੇ ਲੜਨ ਵਿਚ ਫਾਇਦਾ ਰਿਹਾ ਹੈ। ਪੰਚਾਇਤ ਚੋਣਾਂ ਵਿਚ ਵੀ ਕਾਂਗਰਸ ਨਾਲ ਰਜ਼ਾਮੰਦੀ ਕਾਰਗਰ ਸਾਬਤ ਹੋਈ ਹੈ। ਇਸ ਬਾਰੇ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਬਰਾੜ ਦਾ ਕਹਿਣਾ ਹੈ ਕਿ ਅਜਿਹਾ ਨਹੀਂ ਲੱਗਦਾ ਕਿ ਮਨਪ੍ਰੀਤ ਬਾਦਲ ਉਨ੍ਹਾਂ ਨਾਲੋਂ ਅਲੱਗ ਹੋ ਕੇ ਤੁਰੇ, ਪਰ ਉਨ੍ਹਾਂ ਦੀ ਪਾਰਟੀ ਕੇਂਦਰੀ ਕਮੇਟੀ ਦੀਆਂ ਹਦਾਇਤਾਂ ਦੀ ਪਾਲਣ ਕਰਨ ਦੀ ਪਾਬੰਦ ਹੈ।

ਉਧਰ, ਬਾਦਲਾਂ ਖਿਲਾਫ਼ ਮੁੜ ਮੋਰਚਾ ਖੋਲ੍ਹਦਿਆਂ ਵੱਖ-ਵੱਖ ਅਕਾਲੀ ਦਲਾਂ ਨੇ ਸਾਂਝੇ ਮੰਚ 'ਤੇ ਇਕੱਠੇ ਹੋਣ ਦੀ ਮੁਹਿੰਮ ਸ਼ੁਰੂ ਕੀਤੀ ਹੈ ਜਿਸ ਤਹਿਤ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਿਚਾਲੇ ਮੀਟਿੰਗ ਹੋਈ। ਮੀਟਿੰਗ ਵਿਚ ਸਿੱਖ ਵਿਦਵਾਨਾਂ ਦੀ ਕਾਨਫਰੰਸ ਸੱਦਣ ਦਾ ਫੈਸਲਾ ਵੀ ਕੀਤਾ ਗਿਆ ਤਾਂ ਜੋ ਭਵਿੱਖ ਵਿਚ ਪੰਥਕ ਏਜੰਡੇ ਮੁਤਾਬਕ ਪ੍ਰੋਗਰਾਮ ਉਲੀਕਿਆ ਜਾ ਸਕੇ। ਸ. ਸਰਨਾ ਅਨੁਸਾਰ ਉਨ੍ਹਾਂ ਸਿੱਖ ਵਿਦਵਾਨਾਂ ਦੀ ਕੌਂਸਲ ਬਣਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਇਕ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਵੱਖ ਵੱਖ ਅਕਾਲੀ ਦਲਾਂ ਨੂੰ ਇਕ ਮੰਚ 'ਤੇ ਇਕੱਠੇ ਕੀਤਾ ਜਾ ਸਕੇ।

ਘੱਟੋ ਘੱਟ ਸਾਂਝਾ ਪ੍ਰੋਗਰਾਮ ਉਲੀਕੇ ਜਾਣ ਨਾਲ ਸਮੂਹ ਅਕਾਲੀ ਦਲਾਂ ਦੇ ਆਪਸੀ ਮਤਭੇਦ ਘਟ ਜਾਣਗੇ ਤੇ ਸਾਰੇ ਇਸ ਸਾਂਝੇ ਪ੍ਰੋਗਰਾਮ ਨੂੰ ਲੈ ਕੇ ਇਕ ਮੰਚ 'ਤੇ ਇਕੱਠੇ ਹੋ ਸਕਣਗੇ। ਉਨ੍ਹਾਂ ਆਸ ਪ੍ਰਗਟਾਈ ਹੈ ਕਿ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਖ਼ਤ ਟੱਕਰ ਦੇਣ ਲਈ ਸਾਰੇ ਅਕਾਲੀ ਦਲ ਇਕ ਮੰਚ 'ਤੇ ਇਕੱਠੇ ਹੋ ਜਾਣਗੇ। ਜੇ ਸਭ ਕੁਝ ਯੋਜਨਾਬੱਧ ਢੰਗ ਨਾਲ ਹੋਇਆ ਤਾਂ ਅਗਲੇ ਮਹੀਨੇ ਤੱਕ ਇਹ ਸਾਂਝਾ ਫੋਰਮ ਸਾਹਮਣੇ ਆ ਜਾਵੇਗਾ।

ਜ਼ਿਕਰਯੋਗ ਹੈ ਕਿ ਵੱਖ ਵੱਖ ਅਕਾਲੀ ਦਲਾਂ ਨੂੰ ਇਕ ਮੰਚ 'ਤੇ ਲਿਆਉਣ ਲਈ ਇਹ ਮੁਹਿੰਮ ਸ਼੍ਰੋਮਣੀ ਅਕਾਲੀ ਦਲ (ਅ) ਅਤੇ ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸੇ ਵਰ੍ਹੇ ਸ਼ੁਰੂ ਕੀਤੀ ਗਈ ਸੀ। ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਜਸਵੰਤ ਸਿੰਘ ਮਾਨ ਨੇ ਆਪਣੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ (ਅ) ਵਿਚ ਰਲੇਵਾਂ ਕਰ ਦਿੱਤਾ ਸੀ।

ਮਗਰੋਂ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਅਤੇ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨਾਲ ਵੀ ਮਈ ਮਹੀਨੇ ਮੁਲਾਕਾਤ ਕੀਤੀ ਸੀ ਅਤੇ ਸ. ਕਲਕੱਤਾ ਨੂੰ ਜਥੇਬੰਦੀ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਇਸ ਦੌਰਾਨ ਦੋਵਾਂ ਵੱਲੋਂ ਅਕਾਲੀ ਦਲ 1920 ਨਾਲ ਆਪਸੀ ਏਕਤਾ ਬਾਰੇ ਗੱਲਬਾਤ ਕੀਤੀ ਗਈ ਹੈ ਤੇ ਹਾਲ ਹੀ ਵਿਚ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਾਲ ਵੀ ਇਨ੍ਹਾਂ ਆਗੂਆਂ ਨੇ ਕਸੌਲੀ ਵਿਖੇ ਮੁਲਾਕਾਤ ਕੀਤੀ। ਸ. ਜਸਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਸਮੂਹ ਅਕਾਲੀ ਦਲਾਂ ਨੂੰ ਇਕ ਮੰਚ 'ਤੇ ਇਕੱਠੇ ਕਰਨ ਦਾ ਕਾਰਜ 30 ਨਵੰਬਰ ਤੋਂ ਪਹਿਲਾਂ ਮੁਕੰਮਲ ਹੋ ਜਾਵੇਗਾ। ਇਸ ਸੂਰਤ ਵਿਚ ਉਹ 14 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਅੰਮ੍ਰਿਤਸਰ ਵਿਚ ਕਾਨਫਰੰਸ ਕਰਨਗੇ ਜਿਸ ਵਿਚ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।

# ਨਰੇਂਦਰ ਮੋਦੀ ਨੇ ਬਾਦਲ ਨੂੰ ਕਸੂਤੇ ਫਸਾਇਆ

*(ਸਫਾ ਇਕ ਦੀ ਬਾਕੀ)*

ਖ਼ਿਲਾਫ਼ ਭੜਕਾਇਆ ਜਾਂਦਾ ਹੈ; ਦੂਜੇ ਪਾਸੇ ਗੁਜਰਾਤ ਦੰਗਿਆਂ 'ਤੇ ਚੁੱਪ ਰਹਿਣ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਦੇ ਹਿੰਦੂਤਵ ਏਜੰਡੇ ਤੋਂ ਖਫ਼ਾ ਹੋ ਕੇ ਕੌਮੀ ਜਮਹੂਰੀ ਮੋਰਚੇ ਦੇ ਕਈ ਭਾਈਵਾਲ ਲਾਂਭੇ ਹੋ ਗਏ ਹਨ ਤੇ ਅਜੇ ਪਿਛਲੇ ਮਹੀਨੇ ਹੀ ਜਨਤਾ ਦਲ (ਯੂ) ਨੇ ਤੋੜ ਵਿਛੋੜਾ ਕੀਤਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਅਜੇ ਵੀ ਭਾਜਪਾ ਨਾਲ ਡਟ ਕੇ ਖੜ੍ਹਾ ਹੈ। ਭਾਜਪਾ ਨਾਲ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼ਿਵ ਸੈਨਾ ਤੋਂ ਬਿਨਾਂ ਹੋਰ ਕੋਈ ਤਕੜਾ ਭਾਈਵਾਲ ਨਹੀਂ ਰਿਹਾ। ਸਿੱਖ ਹਲਕਿਆਂ ਵੱਲੋਂ ਜ਼ੋਰ-ਸ਼ੋਰ ਨਾਲ ਮੰਗ ਕੀਤੀ ਜਾ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਭਾਜਪਾ ਦਾ ਸਾਥ ਛੱਡ ਦੇਣਾ ਚਾਹੀਦਾ ਹੈ, ਪਰ ਬਾਦਲ ਆਪਣੀਆਂ ਗਿਣਤੀਆਂ ਮਿਣਤੀਆਂ ਕਰਕੇ ਐਨ.ਡੀ.ਏ. ਨਾਲ ਡਟੇ ਹੋਏ ਹਨ। ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਪੁੱਛਿਆ ਹੈ ਕਿ ਕੀ ਅਕਾਲੀ ਦਲ ਮੋਦੀ ਦੇ ਹਿੰਦੂ ਰਾਸ਼ਟਰਵਾਦ ਜਾਂ ਇਕ ਧਾਰਮਿਕ ਰਾਜ ਦੀ ਸੋਚ ਦੀ ਹਮਾਇਤ ਕਰਦਾ ਹੈ? ਕੀ ਉਹ ਮੋਦੀ ਵੱਲੋਂ ਗੁਜਰਾਤ ਦੰਗਿਆਂ ਨੂੰ ਜਾਇਜ਼ ਠਹਿਰਾਉਣ ਦੀ ਹਮਾਇਤ ਕਰਦਾ ਹੈ? ਕੀ ਉਹ ਭਾਜਪਾ ਤੇ ਮੋਦੀ ਵੱਲੋਂ ਭਾਰਤ ਵਿਚ ਸਾਂਝੇ ਸਿਵਲ ਕੋਡ ਲਾਗੂ ਕੀਤੇ ਜਾਣ ਦੀ ਮੰਗ ਦੀ ਹਮਾਇਤ ਕਰਦਾ ਹੈ? ਕੀ ਉਹ ਸਿੱਖਾਂ ਲਈ ਲਾਗੂ ਕੀਤੇ ਅਨੰਦ ਮੈਰਿਜ ਐਕਟ ਨੂੰ ਅਯੋਗ ਕਰਾਰ ਹੋਣ ਦੇਣਗੇ? ਕੀ ਅਕਾਲੀ ਦਲ ਸੰਵਿਧਾਨ ਦੇ ਆਰਟੀਕਲ 25 ਵਿਚ ਸੋਧ ਕਰਦੇ ਹੋਏ ਸਿੱਖਾਂ ਲਈ ਅਲੱਗ ਪਛਾਣ ਦੀ ਮੰਗ 'ਤੇ ਕਾਇਮ ਰਹਿਣਗੇ ਜਾਂ ਉਹ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਦੀ ਹਮਾਇਤ ਕਰਨਗੇ?

ਇਸ ਤਰ੍ਹਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਮੁੜ ਹਿੰਦੂਤਵ ਏਜੰਡਾ ਉਭਾਰੇ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ (ਬ) ਕਸੂਤਾ ਘਿਰ ਗਿਆ ਹੈ। ਜ਼ਿਕਰਯੋਗ ਹੈ ਕਿ ਚੁਫੇਰਿਉਂ ਮਾਰ ਪੈਣ ਤੋਂ ਬਾਅਦ ਭਾਜਪਾ ਵੱਲੋਂ ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਦੋਹਰੀ ਰਣਨੀਤੀ ਅਪਨਾਈ ਜਾ ਰਹੀ ਹੈ। ਇਕ ਪਾਸੇ ਕਾਂਗਰਸ ਦੀਆਂ ਆਰਥਿਕ ਨਾਕਾਮੀਆਂ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ, ਦੂਜੇ ਪਾਸੇ ਹਿੰਦੂਤਵ ਦੇ ਚਿਹਰੇ ਵਜੋਂ ਜਾਣੇ ਜਾਂਦੇ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਉਭਾਰ ਕੇ ਕੱਟੜ ਵੋਟ ਬੈਂਕ ਨੂੰ ਭਰਮਾਇਆ ਜਾ ਰਿਹਾ ਹੈ ਅਤੇ ਭਾਜਪਾ ਦਾ ਹਿੰਦੂਤਵ ਏਜੰਡਾ ਪੰਜਾਬ ਵਿਚ ਬਾਦਲਾਂ ਲਈ ਸਿਰਦਰਦੀ ਖੜ੍ਹੀ ਕਰ ਰਿਹਾ ਹੈ।

ਕਾਂਗਰਸ ਨੇ ਦੇਸ਼ ਦੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਭਾਜਪਾ ਦੀ ਕੌਮੀ ਪਾਰਟੀ ਵਜੋਂ ਮਾਨਤਾ ਰੱਦ ਕੀਤੀ ਜਾਵੇ ਕਿਉਂਕਿ ਮੋਦੀ ਦੇ ਬਿਆਨ ਨੇ ਸਪੱਸ਼ਟ ਤੌਰ 'ਤੇ ਰੀਪਰਜ਼ੈਂਟੇਸ਼ਨ ਆਫ ਪੀਪਲ ਐਕਟ, 1951 ਦੇ ਸੈਕਸ਼ਨ 291 ਦੇ ਸਬ ਸੈਕਸ਼ਨ (5) ਦੀ ਉਲੰਘਣਾ ਕੀਤੀ ਹੈ। ਇਸ ਸੈਕਸ਼ਨ ਅਨੁਸਾਰ ਹਰ ਪਾਰਟੀ ਨੂੰ ਹੋਰ ਕਦਰਾਂ ਕੀਮਤਾਂ ਦੇ ਨਾਲ ਹੀ ਧਰਮ ਨਿਰਪੱਖਤਾ ਨੂੰ ਕਾਇਮ ਰੱਖਣ ਦੀ ਭਾਰਤ ਦੇ ਸੰਵਿਧਾਨ ਪ੍ਰਤੀ ਸਹੁੰ ਚੁੱਕਣੀ ਪੈਂਦੀ ਹੈ ਜਦਕਿ ਭਾਜਪਾ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਹੁੰਦੇ ਹੋਏ ਸ੍ਰੀ ਮੋਦੀ ਨੇ ਖ਼ੁਦ ਨੂੰ ਹਿੰਦੂ ਰਾਸ਼ਟਰਵਾਦੀ ਤੇ ਆਪਣੀ ਵਿਚਾਰਧਾਰਾ ਨੂੰ ਹਿੰਦੂ ਰਾਸ਼ਟਰ ਵਾਲੀ ਕਰਾਰ ਦੇ ਕੇ ਉਪਰੋਕਤ ਸੈਕਸ਼ਨ ਦੀ ਉਲੰਘਣਾ ਕੀਤੀ ਹੈ।

# ਸੱਜਣ ਕੁਮਾਰ ਖਿਲਾਫ ਚੱਲੇਗਾ ਕੇਸ

## ਦਿੱਲੀ ਹਾਈ ਕੋਰਟ ਵੱਲੋਂ ਅਪੀਲ ਖ਼ਾਰਜ



**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਾਂਗਰਸ ਆਗੂ ਸੱਜਣ ਕੁਮਾਰ ਅਤੇ ਦੋ ਹੋਰਨਾਂ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿਚ ਉਨ੍ਹਾਂ ਖ਼ਿਲਾਫ਼ ਹੱਤਿਆ ਅਤੇ ਦੰਗੇ ਭੜਕਾਉਣ ਦੇ ਦੋਸ਼ ਆਇਦ ਕਰਨ ਖ਼ਿਲਾਫ਼ ਪਾਈ ਅਪੀਲ ਖਾਰਜ ਕਰ ਦਿੱਤੀ ਹੈ। ਹੁਣ ਇਨ੍ਹਾਂ ਖਿਲਾਫ ਇਸ ਕੇਸ ਦੀ ਸੁਵਾਈ 30 ਜੁਲਾਈ ਨੂੰ ਆਰੰਭ ਹੋ ਜਾਵੇਗੀ। ਜਸਟਿਸ ਸੁਰੇਸ਼ ਕਾਇਤ ਨੇ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਛੇ ਜਣਿਆਂ ਦੀ ਹੱਤਿਆ ਨਾਲ ਸਬੰਧਤ ਕੇਸ ਵਿਚ ਸੱਜਣ ਕੁਮਾਰ ਅਤੇ ਹੋਰ ਮੁਲਜ਼ਮਾਂ ਖ਼ਿਲਾਫ਼ ਟਰਾਇਲ ਕੋਰਟ ਵੱਲੋਂ ਆਇਦ ਕੀਤੇ ਗਏ ਦੋਸ਼ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਤਲੇਆਮ ਪੀੜਤ ਸ਼ੀਲਾ ਕੌਰ ਵੱਲੋਂ ਪਾਈ ਅਪੀਲ ਵੀ ਖਾਰਜ ਕਰ ਦਿੱਤੀ ਜਿਸ ਵਿਚ ਉਸ ਨੇ ਇਸ ਕੇਸ ਵਿਚ ਸੱਜਣ ਕੁਮਾਰ ਅਤੇ ਚਾਰ ਹੋਰਨਾਂ ਖ਼ਿਲਾਫ਼ ਵਾਧੂ ਦੋਸ਼ ਆਇਦ ਕਰਨ ਲਈ ਕਰਾਸ-ਅਪੀਲ ਦਾਇਰ ਕੀਤੀ ਸੀ।

ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਤੋਂ ਇਲਾਵਾ ਵੇਦ ਪ੍ਰਕਾਸ਼ ਪਿਆਲ ਉਰਫ਼ ਵੇਦੂ ਪ੍ਰਧਾਨ ਤੇ ਬ੍ਰਹਮਾਨੰਦ ਗੁਪਤਾ ਨੇ ਵੀ ਆਪਣੇ ਖ਼ਿਲਾਫ਼ ਦੋਸ਼ ਆਇਦ ਕੀਤੇ ਜਾਣ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਜੁਲਾਈ 2010 ਵਿਚ ਹੇਠਲੀ ਅਦਾਲਤ ਨੇ ਸੱਜਣ ਕੁਮਾਰ ਸਮੇਤ ਛੇ ਵਿਅਕਤੀਆਂ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਸਨ। ਦਿੱਲੀ ਵਿਚ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਅਦਾਲਤ ਨੇ ਇਸ ਸਬੰਧੀ ਹੱਤਿਆ ਅਤੇ ਦੰਗਾਬਾਜ਼ੀ ਤੋਂ ਇਲਾਵਾ ਕੇਸ ਦੇ ਮੁਲਜ਼ਮਾਂ ਖ਼ਿਲਾਫ਼ ਦੋ ਫਿਰਕਿਆਂ ਵਿਚਕਾਰ ਵੈਰ-ਭਾਵ ਫੈਲਾਉਣ ਦਾ ਦੋਸ਼ ਵੀ ਆਇਦ ਕੀਤਾ ਸੀ। ਸੀ.ਬੀ.ਆਈ. ਨੇ ਜਸਟਿਸ ਜੀ.ਟੀ. ਨਾਨਾਵਟੀ ਕਮਿਸ਼ਨ ਦੀ ਸਿਫਾਰਸ਼ 'ਤੇ 2005 ਵਿਚ ਦਰਜ ਕੀਤੇ ਕੇਸਾਂ ਸਬੰਧੀ ਜਨਵਰੀ 2010 ਵਿਚ ਸੱਜਣ ਕੁਮਾਰ ਅਤੇ ਹੋਰਨਾਂ ਖ਼ਿਲਾਫ਼ ਖ਼ਿਲਾਫ਼ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਸਨ। ਇਕ ਹੇਠਲੀ ਅਦਾਲਤ ਨੇ ਇਕ ਹੋਰ ਕੇਸ ਵਿਚੋਂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ। ਉਂਜ, ਦਿੱਲੀ ਛਾਉਣੀ ਵਿਚ ਪੰਜ ਸਿੱਖਾਂ ਦੀ ਹੱਤਿਆ ਦੇ ਇਸ ਕੇਸ ਵਿਚ ਪੰਜ ਹੋਰ ਮੁਲਜ਼ਮਾਂ ਨੂੰ ਹੱਤਿਆ ਅਤੇ ਭੀੜ ਦਾ ਹਿੱਸਾ ਹੋਣ ਦਾ ਦੋਸ਼ੀ ਕਰਾਰ ਦਿੱਤਾ ਸੀ।

# ਮਨੀਲਾ ਵਿਚ ਪੰਜਾਬੀ ਦੀ ਹੱਤਿਆ

**ਮੋਗਾ:** ਪਿੰਡ ਦੌਧਰ ਦੇ ਜਗਰੂਪ ਸਿੰਘ (48) ਦੀ ਮਨੀਲਾ ਵਿਚ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਪਿਛਲੇ ਛੇ ਸਾਲਾਂ ਤੋਂ ਮਨੀਲਾ ਰਹਿ ਰਿਹਾ ਸੀ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਜਗਰੂਪ ਸਿੰਘ ਤਿੰਨ ਭੈਣਾਂ ਤੇ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਜਗਰੂਪ ਸਿੰਘ ਡੇਢ ਸਾਲ ਪਹਿਲਾਂ ਭਾਰਤ ਆਇਆ ਸੀ ਤੇ ਆਪਣੇ ਪੁੱਤਰ ਦਾ ਵਿਆਹ ਕਰਕੇ ਵਾਪਸ ਚਲਾ ਗਿਆ ਸੀ।

ਘਟਨਾ ਵਾਲੇ ਦਿਨ ਕੰਮਕਾਜ ਤੋਂ ਵਿਹਲਾ ਹੋ ਕੇ ਜਗਰੂਪ ਸਿੰਘ ਘਰ ਵਾਪਸ ਆ ਗਿਆ। ਕੰਮ ਵਾਲੇ ਸਥਾਨ 'ਤੋਂ ਮੁੜ ਫੋਨ ਆਉਣ ਕਰਕੇ ਉਹ ਮੋਟਰਸਾਈਕਲ 'ਤੇ ਵਾਪਸ ਜਾ ਰਿਹਾ ਸੀ। ਇਸ ਦੌਰਾਨ ਦੋ ਹੈਲਮਟ ਪਹਿਨੀ ਮੋਟਰਸਾਈਕਲ ਸਵਾਰ ਉਸ ਦਾ ਪਿੱਛਾ ਕਰਨ ਲੱਗੇ ਤਾਂ ਉਸ ਨੇ ਡਰਦਿਆਂ ਆਪਣਾ ਮੋਟਰਸਾਈਕਲ ਪੈਟਰੋਲ ਪੰਪ ਵੱਲ ਮੋੜ ਦਿੱਤਾ ਪਰ ਉਨ੍ਹਾਂ ਉਥੇ ਆ ਕੇ ਗੋਲੀ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਕਈ ਪੰਜਾਬੀਆਂ ਦੀ ਮਨੀਲਾ ਵਿਚ ਹੱਤਿਆ ਕੀਤੀ ਜਾ ਚੁੱਕੀ ਹੈ ਪਰ ਕੇਂਦਰ ਸਰਕਾਰ ਨੇ ਕਦੇ ਵੀ ਇਸ ਮੁੱਦੇ 'ਤੇ ਮਨੀਲਾ ਸਰਕਾਰ ਨਾਲ ਗੱਲਬਾਤ ਨਹੀਂ ਕੀਤੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਜਲ੍ਹਿਆਂਵਾਲਾ ਬਾਗ ਤੱਕ ਸੜਕ ਚੌੜੀ ਕਰਨ ਲਈ ਇਮਾਰਤਾਂ ਢਾਹੀਆਂ

**ਅੰਮ੍ਰਿਤਸਰ:** ਅਦਾਲਤੀ ਹੁਕਮਾਂ 'ਤੇ ਅਮਲ ਕਰਦਿਆਂ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਵੱਲੋਂ ਘਿਉ ਮੰਡੀ ਤੋਂ ਜਲ੍ਹਿਆਂਵਾਲਾ ਬਾਗ ਤੱਕ ਜਾਂਦੀ ਸੜਕ ਨੂੰ 40 ਫੁੱਟ ਚੌੜਾ ਬਣਾਉਣ ਦੇ ਮੰਤਵ ਨਾਲ ਤਕਰੀਬਨ 140 ਦੁਕਾਨਾਂ ਤੇ ਘਰਾਂ ਨੂੰ ਢਾਹ ਦਿੱਤਾ ਹੈ। ਇਸ ਸੜਕ ਦੇ ਚੌੜੇ ਹੋ ਜਾਣ ਨਾਲ ਸ੍ਰੀ ਹਰਿਮੰਦਰ ਸਾਹਿਬ ਤੇ ਜਲ੍ਹਿਆਂਵਾਲਾ ਬਾਗ ਆਉਣ ਵਾਲੇ ਸੈਲਾਨੀਆਂ ਨੂੰ ਨਵਾਂ ਰਾਹ ਮਿਲ ਜਾਵੇਗਾ।

ਸ਼ਹਿਰ ਵਿਚ ਏਨੀ ਵੱਡੀ ਗਿਣਤੀ ਵਿਚ ਇਮਾਰਤਾਂ ਢਾਹੁਣ ਦੀ ਇਹ ਕਾਰਵਾਈ ਪਿਛਲੇ 25 ਸਾਲਾਂ ਦੇ ਇਤਿਹਾਸ ਵਿਚ ਦੂਜੀ ਵੱਡੀ ਕਾਰਵਾਈ ਹੈ। ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਗਲਿਆਰਾ ਉਸਾਰਨ ਲਈ ਸੈਂਕੜੇ ਇਮਾਰਤਾਂ ਨੂੰ ਢਹਿ-ਢੇਰੀ ਕੀਤਾ ਗਿਆ ਸੀ। ਟਰੱਸਟ ਦੇ ਚੇਅਰਮੈਨ ਸੰਦੀਪ ਰਿਸ਼ੀ ਮੁਤਾਬਕ ਭੂ ਪ੍ਰਾਪਤੀ ਵਿਭਾਗ ਤੋਂ ਟਰੱਸਟ ਨੇ ਇਸ ਇਲਾਕੇ ਦੀ ਜ਼ਮੀਨ ਪ੍ਰਾਪਤ ਕਰ ਲਈ ਹੈ ਤੇ ਇਸ 'ਤੇ ਹੁਣ 40 ਫੁੱਟ ਚੌੜੀ ਸੜਕ ਬਣਾਈ ਜਾਵੇਗੀ।

ਇਹ ਸੜਕ ਅਗਲੇ ਛੇ ਮਹੀਨਿਆਂ ਵਿਚ ਤਿਆਰ ਹੋਵੇਗੀ। ਸੜਕ ਦੇ ਨਿਰਮਾਣ 'ਤੇ ਤਕਰੀਬਨ ਦੋ ਕਰੋੜ ਰੁਪਏ ਖਰਚ ਹੋਣਗੇ। ਇਸ ਸੜਕ ਦੇ ਤਕਰੀਬਨ 700 ਮੀਟਰ ਲੰਮੇ ਹਿੱਸੇ ਵਿਚ ਕੋਈ ਵੀ ਇਮਾਰਤ ਵਿਰਾਸਤੀ ਮਹੱਤਤਾ ਵਾਲੀ ਨਹੀਂ ਸੀ। ਟਰੱਸਟ ਨੇ ਸੜਕ ਨੂੰ ਚੌੜੇ ਕਰਨ ਲਈ ਇਹ ਕਾਰਵਾਈ ਅਦਾਲਤੀ ਹੁਕਮਾਂ ਮੁਤਾਬਕ ਕੀਤੀ ਹੈ। ਸਰਕਾਰ ਨੇ ਇਸ ਸੜਕ ਨੂੰ ਚੌੜਾ ਕਰਨ ਦੀ ਯੋਜਨਾ 1998 ਵਿਚ ਬਣਾਈ ਸੀ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲੇ ਯਾਤਰੂਆਂ ਨੂੰ ਇਕ ਖੁੱਲ੍ਹਾ ਰਸਤਾ ਮੁਹਈਆ ਕਰਾਇਆ ਜਾ ਸਕੇ।

ਇਸ ਬਾਰੇ ਪ੍ਰਭਾਵਿਤ ਲੋਕਾਂ ਨੂੰ 8.98 ਕਰੋੜ ਰੁਪਏ ਮੁਆਵਜ਼ੇ ਵਜੋਂ ਦਿੱਤੇ ਗਏ ਸਨ ਪਰ ਇਹ ਕਾਰਜ ਲੰਮੇ ਸਮੇਂ ਤੋਂ ਰੁਕਿਆ ਹੋਇਆ ਸੀ ਤੇ ਹੁਣ ਅਦਾਲਤੀ ਹੁਕਮਾਂ ਨਾਲ ਪੂਰਾ ਕੀਤਾ ਜਾਵੇਗਾ। ਇਸ ਸੜਕ ਨੂੰ ਚੌੜਾ ਕਰਨ ਲਈ 140 ਇਮਾਰਤਾਂ ਪ੍ਰਭਾਵਿਤ ਹੋਈਆਂ ਹਨ ਜਿਨ੍ਹਾਂ ਵਿਚੋਂ 35 ਵਪਾਰੀਆਂ ਦੀਆਂ ਦੁਕਾਨਾਂ ਮੁਕੰਮਲ ਰੂਪ ਵਿਚ ਢਹਿ ਢੇਰੀ ਹੋ ਗਈਆਂ ਹਨ ਜਦਕਿ 16 ਦੁਕਾਨਾਂ ਛੋਟੀਆਂ ਹੋ ਗਈਆਂ ਹਨ।



## ਇਤਿਹਾਸਕ ਸ਼ਹਿਰ ਨਾਲ ਛੇੜ-ਛਾੜ ਗਲਤ: ਚਾਵਲਾ

*ਭਾਜਪਾ ਦੀ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਇਸ ਕਾਰਵਾਈ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਸੜਕਾਂ ਨੂੰ ਇੰਝ ਹੀ ਚੌੜਾ ਕਰਨਾ ਹੈ ਤਾਂ ਸ਼ਹਿਰ ਦੇ ਕਈ ਹਿੱਸਿਆਂ ਦੀਆਂ ਇਮਾਰਤਾਂ ਨੂੰ ਤੋੜਨਾ ਪਵੇਗਾ। ਉਨ੍ਹਾਂ ਇਸ ਕਾਰਵਾਈ ਨੂੰ ਸ਼ਹਿਰ ਦੇ ਇਤਿਹਾਸ ਵਿਚ ਕਾਲਾ ਪੰਨਾ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਲੋਕ ਚਾਹੁੰਦੇ ਹਨ ਕਿ ਜਿਵੇਂ ਗੁਰੂ ਸਾਹਿਬ ਨੇ ਇਸ ਸ਼ਹਿਰ ਨੂੰ ਵਸਾਇਆ ਸੀ, ਇਸ ਨੂੰ ਉਸੇ ਤਰਜ਼ 'ਤੇ ਹੀ ਸੰਭਾਲਿਆ ਜਾਵੇ ਨਾ ਕਿ ਇਸ ਦੇ ਪੁਰਾਤਨ ਸਰੂਪ ਨੂੰ ਖ਼ਤਮ ਕੀਤਾ ਜਾਵੇ।*

# ਗੁਰੂ ਕੀ ਨਗਰੀ ਨੂੰ ਦਿੱਤੀ ਜਾਵੇਗੀ ਵਿਰਾਸਤੀ ਦਿੱਖ

**ਅੰਮ੍ਰਿਤਸਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਸਰਕਾਰ ਅੰਮ੍ਰਿਤਸਰ ਨੂੰ ਵਿਰਾਸਤੀ ਦਿੱਖ ਦੇਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਸ਼ਹਿਰ ਨੂੰ ਵਿਰਾਸਤੀ ਦਿੱਖ ਦੇਣ ਲਈ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਨ ਤੋਂ ਪਹਿਲਾਂ ਉਪ ਮੁੱਖ ਮੰਤਰੀ ਨੇ ਹਾਲ ਬਾਜ਼ਾਰ ਮਾਰਕੀਟ, ਹਾਲ ਗੇਟ, ਗੋਲ ਬਾਗ, ਭੰਡਾਰੀ ਪੁਲ ਤੇ ਪੁਰਾਣੀ ਸਬਜ਼ੀ ਮੰਡੀ ਆਦਿ ਥਾਵਾਂ ਦਾ ਦੌਰਾ ਕੀਤਾ।

ਸ. ਬਾਦਲ ਨੇ ਆਖਿਆ ਕਿ ਵਿਕਾਸ ਦੇ ਨਾਲ ਇਸ ਸ਼ਹਿਰ ਦੀ ਵਿਰਾਸਤੀ ਦਿੱਖ ਨੂੰ ਕਾਇਮ ਕੀਤਾ ਜਾਵੇ। ਇਸ ਬਾਰੇ ਹਾਲ ਬਾਜ਼ਾਰ ਦੀਆਂ ਸਾਰੀਆਂ ਦੁਕਾਨਾਂ ਦੀ ਬਾਹਰੀ ਦਿੱਖ ਨੂੰ ਪੰਜਾਬ ਸਰਕਾਰ ਦੇ ਖਰਚੇ 'ਤੇ ਇਕੋ ਜਿਹੀ ਵਿਰਾਸਤੀ ਦਿੱਖ ਦਿੱਤੀ ਜਾਵੇਗੀ। ਭਵਿੱਖ ਵਿਚ ਸਿਟੀ ਬੱਸ ਦੇ ਸਾਰੇ ਠਹਿਰਾਅ ਸਥਾਨਾਂ ਨੂੰ ਨਾਨਕਸ਼ਾਹੀ ਇੱਟਾਂ ਨਾਲ ਬਣਾਇਆ ਜਾਵੇਗਾ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਖੇਤਰ ਤੇ ਆਉਣ ਵਾਲੇ ਰਸਤਿਆਂ ਦੀ ਸਫ਼ਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

ਸ਼ਹਿਰ ਵਿਚ ਬਿਜਲੀ ਤੇ ਟੈਲੀਫੋਨ ਦੀਆਂ ਤਾਰਾਂ ਨੂੰ ਜ਼ਮੀਨਦੋਜ਼ ਕੀਤਾ ਜਾਵੇਗਾ। ਅਹਿਮ ਚੌਕਾਂ ਵਿਚ ਮਾਝੇ ਨਾਲ ਸਬੰਧਤ ਸ਼ਹੀਦਾਂ ਦੇ ਬੁੱਤ ਲਾਏ ਜਾਣਗੇ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਹ ਸਾਰੇ ਸ਼ਹੀਦਾਂ ਦੀ ਸੂਚੀ ਬਣਾਵੇ ਜਿਸ ਦੇ ਆਧਾਰ 'ਤੇ ਮੁੜ ਬੁੱਤ ਸਥਾਪਤ ਹੋਣਗੇ। ਰੌਸ਼ਨੀ ਤੇ ਆਵਾਜ਼ 'ਤੇ ਆਧਾਰਤ ਪ੍ਰੋਗਰਾਮ ਰੋਜ਼ਾਨਾ ਦਿਖਾਇਆ ਜਾਵੇਗਾ ਜਿਸ ਵਿਚ ਪੰਜਾਬ ਦਾ ਵਿਰਸਾ ਤੇ ਸਭਿਆਚਾਰ ਹੋਵੇਗਾ। ਉਨ੍ਹਾਂ ਆਖਿਆ ਕਿ ਜਦੋਂ ਅਟਾਰੀ ਸਰਹੱਦ ਤੋਂ ਸੈਲਾਨੀ ਵਾਪਸ ਪਰਤਣਗੇ ਤਾਂ ਉਨ੍ਹਾਂ ਲਈ ਇਹ ਪ੍ਰੋਗਰਾਮ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ।

ਉਨ੍ਹਾਂ ਨੇ ਗਤਕੇ ਦੇ ਵਧੀਆ ਸ਼ੋਅ ਸ਼ੁਰੂ ਕਰਨ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਸੈਰ ਸਪਾਟਾ ਵਿਭਾਗ ਨੂੰ ਹਦਾਇਤ ਕੀਤੀ ਕਿ ਸਿਖਿਅਤ ਗਾਈਡ ਨਿਯੁਕਤ ਕੀਤੇ ਜਾਣ ਤਾਂ ਜੋ ਸੈਲਾਨੀਆਂ ਨੂੰ ਸ਼ਹਿਰ ਦੇ ਇਤਿਹਾਸ ਬਾਰੇ ਸਹੀ ਜਾਣਕਾਰੀ ਮਿਲ ਸਕੇ। ਸ਼ਹਿਰ ਨੂੰ ਆਉਣ ਵਾਲੀਆਂ ਸੜਕਾਂ ਨੂੰ ਚਾਰ ਮਾਰਗੀ ਤੇ ਅੱਠ ਮਾਰਗੀ ਬਣਾਇਆ ਜਾਵੇਗਾ। ਉਨ੍ਹਾਂ ਨੇ ਸ਼ਹਿਰ ਦੀਆਂ ਸਾਰੀਆਂ ਗਲੀਆਂ ਕੰਕਰੀਟ ਨਾਲ ਬਣਾਉਣ ਦੀ ਯੋਜਨਾ 'ਤੇ ਵੀ ਮੋਹਰ ਲਾਈ ਹੈ।

# ਯੂਨੈਸਕੋ ਸੰਭਾਲੇਗੀ ਪੰਜਾਬ ਦੀ ਸੱਭਿਆਚਾਰਕ ਵਿਰਾਸਤ

***ਚੰਡੀਗੜ੍ਹ:*** *ਪੰਜਾਬ ਸਰਕਾਰ ਨੇ ਰਾਜ ਦੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਢੁਕਵੀਂ ਨੀਤੀ ਤਿਆਰ ਕਰਨ ਲਈ ਯੂਨੈਸਕੋ ਨਾਲ ਸਹਿਮਤੀ ਪੱਤਰ 'ਤੇ ਸਹੀ ਪਾਈ ਹੈ ਤੇ ਇਸ ਲਈ 100 ਕਰੋੜ ਰੁਪਏ ਖ਼ਰਚੇ ਜਾਣ ਦਾ ਪ੍ਰਸਤਾਵ ਹੈ। ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਬੁਲਾਰੇ ਅਨੁਸਾਰ ਪੰਜਾਬ ਦੇਸ਼ ਦਾ ਪਹਿਲਾ ਰਾਜ ਹੈ ਜਿਸ ਨੇ ਰਾਜ ਦੀ ਸਦੀਆਂ ਪੁਰਾਣੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਪੇਸ਼ੇਵਰ ਪੰਹੁਚ ਅਪਣਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਅਮੀਰ ਸੱਭਿਆਚਾਰਕ ਇਤਿਹਾਸ ਹੈ। ਚੰਡੀਗੜ੍ਹ ਦੀ ਯੋਜਨਾਬੰਦੀ ਤੇ ਉਸਾਰੀ ਤੱਕ ਸਿੰਧ ਸੱਭਿਅਤਾ ਦੇ ਪੰਜ ਹਜ਼ਾਰ ਸਾਲਾਂ ਦੇ ਸਮੇਂ ਦੌਰਾਨ ਇਸ ਨੇ ਅਮੀਰ ਵਿਰਾਸਤ ਨੂੰ ਜਨਮ ਦਿੱਤਾ ਹੈ। ਇਸ ਉਪਰ 100 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਇਸ ਮਕਸਦ ਲਈ ਯੂਨੈਸਕੋ ਦੀ ਸਹਾਇਤਾ ਵੀ ਮੰਗੀ ਹੈ ਤਾਂ ਜੋ ਦੁਨੀਆਂ ਭਰ ਦੇ ਦੇਸ਼ਾਂ ਤੇ ਲੋਕਾਂ ਦੀ ਪੰਜਾਬ ਬਾਰੇ ਸਮਝ ਨੂੰ ਵਧਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਦੌਰਾਨ ਸਮਾਰਕਾਂ ਦੀ ਸੰਭਾਲ 'ਤੇ ਜੋਰ ਦਿੱਤਾ ਜਾਵੇਗਾ।*


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



Kenmax Express Inc.

Wanted Owner Operators & Drivers

ਇੰਡੀਅਨਐਪੋਲਿਸ ਦੀ ਟਰੱਕਿੰਗ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਕਲਾਸ ਏ ਕੰਪਨੀ ਡਰਾਈਵਰਾਂ ਅਤੇ ਓਨਰ ਆਪਰੇਟਰਾਂ ਦੀ ਲੋੜ ਹੈ।

ਕੰਪਨੀ ਡਰਾਈਵਰਾਂ ਲਈ ਵਧੀਆ ਅਤੇ ਸਾਫ ਸੁਥਰੇ ਟਰੱਕ

ਤਨਖਾਹ ਪ੍ਰਤੀ ਟ੍ਰਿਪ 650 ਡਾਲਰ ਅਤੇ 40 ਸੈਂਟ ਪ੍ਰਤੀ ਮੀਲ



ਫਿਊਲ ਕਾਰਡ ਅਤੇ ਤਨਖਾਹ ਹਰ ਹਫਤੇ ਸ਼ੁੱਕਰਵਾਰ ਨੂੰ
ਬਹੁਤੇ ਗੇੜੇ ਇੰਡੀਆਨਾ ਤੋਂ ਨਿਊ ਜਰਸੀ, ਕੈਨਟਕੀ ਤੋਂ ਨਿਊ ਜਰਸੀ,
ਟੈਕਸਸ ਤੋਂ ਨਿਊ ਜਰਸੀ-ਹਰ ਵੀਕਐਂਡ 'ਤੇ ਘਰ ਵਾਪਸ
ਜਿਨ੍ਹਾਂ ਓਨਰ ਆਪਰੇਟਰਾਂ ਪਾਸ ਵਧੀਆ ਅਤੇ ਸਾਫ ਸੁਥਰੇ ਟਰੱਕ ਹਨ,
ਉਹ ਸਾਡੇ ਨਾਲ ਕੰਮ ਕਰਕੇ ਚੰਗੇ ਪੈਸੇ ਕਮਾ ਸਕਦੇ ਹਨ

ਸੰਪਰਕ ਕਰੋ: ਸਰਬ ਗਿੱਲ
ਫੋਨ: 317-529-2644
E-mail: gill@kenmaxxpress.com

# ਪੰਜਾਬ ਵਿਚ ਇਕ ਹੋਰ ਲੋਕ ਸਭਾ ਹਲਕਾ ਹੋਵੇਗਾ ਰਿਜ਼ਰਵ

## ਤਿੰਨ ਵਿਧਾਨ ਸਭਾ ਹਲਕਿਆਂ ਨੂੰ ਵੀ ਰਾਖਵਾਂ ਕਰਨ ਲਈ ਸਹਿਮਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਅੰਦਰ ਤਿੰਨ ਵਿਧਾਨ ਸਭਾ ਤੇ ਇਕ ਲੋਕ ਸਭਾ ਹਲਕੇ ਨੂੰ ਅਨੁਸੂਚਿਤ ਜਾਤੀਆਂ ਲਈ ਰਾਖਵਾਂ ਕਰਨ ਦੇ ਮਤੇ ਨੂੰ ਸੰਸਦ ਦੀ ਸਟੈਂਡਿੰਗ ਕਮੇਟੀ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਹੈ ਤੇ ਹੁਣ ਇਹ ਮਤਾ ਸੰਸਦ ਦੇ ਮਾਨਸੂਨ ਸੈਸ਼ਨ ਦੌਰਾਨ ਲੋਕ ਸਭਾ ਤੇ ਰਾਜ ਸਭਾ ਵਿਚ ਪੇਸ਼ ਹੋਵੇਗਾ। ਜੇਕਰ ਦੋਵਾਂ ਸਦਨਾਂ ਵੱਲੋਂ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ ਤਾਂ ਪੰਜਾਬ ਦੇ ਇਹ ਨਵੇਂ ਹਲਕੇ ਅਨੁਸੂਚਿਤ ਜਾਤਾਂ ਲਈ ਰਾਖਵੇਂ ਕਰ ਦਿੱਤੇ ਜਾਣਗੇ। ਨਵੇਂ ਰਾਖਵੇਂ ਹਲਕਿਆਂ ਵਿਚ ਲੋਕ ਸਭਾ ਹਲਕਾ ਫਿਰੋਜ਼ਪੁਰ ਤੇ ਤਿੰਨ ਵਿਧਾਨ ਸਭਾ ਹਲਕੇ ਜਲਾਲਾਬਾਦ, ਗੁਰੂ ਹਰਸਹਾਏ ਤੇ ਫਾਜ਼ਿਲਕਾ ਸ਼ਾਮਲ ਹਨ।

ਸੂਤਰਾਂ ਮੁਤਾਬਕ ਕੁਲ ਹਿੰਦ ਰਾਏ ਸਿੱਖ ਸਭਾ ਵੱਲੋਂ ਸੁਪਰੀਮ ਕੋਰਟ ਵਿਚ ਰਿੱਟ ਦਾਖਲ ਕਰਕੇ ਮੰਗ ਕੀਤੀ ਗਈ ਸੀ ਕਿ ਰਾਏ ਸਿੱਖਾਂ ਦੀ ਆਬਾਦੀ ਨੂੰ ਅਨੁਸੂਚਿਤ ਜਾਤਾਂ ਵਿਚ ਸ਼ਾਮਲ ਕਰਕੇ ਰਾਖਵੇਂ ਹਲਕਿਆਂ ਬਾਰੇ ਮੁੜ ਵਿਚਾਰਿਆ ਜਾਵੇ। ਸੁਪਰੀਮ ਕੋਰਟ ਨੇ ਪਟੀਸ਼ਨ ਉਪਰ ਫ਼ੈਸਲਾ ਸੁਣਾਉਂਦਿਆਂ 2011 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਨਵੇਂ ਸਿਰਿਓਂ ਰਾਖਵੇਂ ਹਲਕੇ ਤੈਅ ਕਰਨ ਦਾ ਆਦੇਸ਼ ਦਿੱਤਾ ਸੀ। ਰਾਜ ਸਭਾ ਅੰਦਰ ਇਹ ਮਾਮਲਾ ਉਠਾਏ ਜਾਣ 'ਤੇ ਉਪ ਰਾਸ਼ਟਰਪਤੀ ਤੇ ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਨੇ ਇਹ ਮਾਮਲਾ ਸੰਸਦ ਦੀ ਸਟੈਂਡਿੰਗ ਕਮੇਟੀ ਹਵਾਲੇ ਕਰ ਦਿੱਤਾ ਸੀ। ਕਾਂਗਰਸ ਦੇ ਗੋਆ ਤੋਂ ਰਾਜ ਸਭਾ ਮੈਂਬਰ ਸ਼ਾਂਤਾ ਰਾਮ ਨਾਇਕ ਇਸ ਕਮੇਟੀ ਦੇ ਚੇਅਰਮੈਨ ਤੇ ਸਾਬਕਾ ਮੰਤਰੀ ਰਾਮ ਵਿਲਾਸ ਪਾਸਵਾਨ ਮੈਂਬਰ ਹਨ। ਪਤਾ ਲੱਗਾ ਹੈ ਕਿ ਸਟੈਂਡਿੰਗ ਕਮੇਟੀ ਨੇ ਇਸ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ 2007 ਵਿਚ ਰਾਏ ਸਿੱਖ ਬਰਾਦਰੀ ਨੂੰ ਅਨੁਸੂਚਿਤ ਜਾਤਾਂ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਪਰ ਕੌਮੀ ਹੱਦਬੰਦੀ ਕਮਿਸ਼ਨ ਹਲਕਿਆਂ ਦੀ ਨਵੀਂ ਹੱਦਬੰਦੀ ਦਾ ਕੰਮ ਪਹਿਲੋਂ ਨਿਬੇੜ ਚੁੱਕਾ ਸੀ। ਇਸ ਕਰਕੇ ਰਾਏ ਸਿੱਖ ਬਰਾਦਰੀ ਦੇ ਆਗੂਆਂ ਦਾ ਕਹਿਣਾ ਹੈ ਕਿ ਰਾਏ ਸਿੱਖਾਂ ਦੇ ਅਨੁਸੂਚਿਤ ਜਾਤਾਂ ਵਿਚ ਸ਼ਾਮਲ ਹੋਣ ਨਾਲ ਪੰਜਾਬ ਦੇ ਕਈ ਹਲਕਿਆਂ ਦੀ ਵਸੋਂ ਬਣਤਰ ਹੀ ਬਦਲ ਗਈ ਹੈ। ਇਸ ਕਰਕੇ ਨਵੀਂ ਵਸੋਂ ਬਣਤਰ ਦੇ ਆਧਾਰ ਉੱਪਰ ਰਾਖਵੇਂ ਹਲਕੇ ਤੈਅ ਕੀਤੇ ਜਾਣ। ਰਾਏ ਸਿੱਖਾਂ ਦੀ ਸਭ ਤੋਂ ਵਧੇਰੇ ਵਸੋਂ ਫਿਰੋਜ਼ਪੁਰ ਜ਼ਿਲ੍ਹੇ ਵਿਚ ਹੈ ਤੇ ਮੌਜੂਦਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਇਸੇ ਬਰਾਦਰੀ ਨਾਲ ਸਬੰਧਤ ਹਨ।

ਬਹੁਜਨ ਸਮਾਜ ਪਾਰਟੀ ਦੇ ਮੋਹਨ ਸਿੰਘ ਫਲੀਆਂਵਾਲਾ ਵੀ ਰਾਏ ਸਿੱਖ ਬਰਾਦਰੀ ਵਿਚੋਂ ਹੀ ਹਨ ਤੇ ਉਹ ਦੋ ਵਾਰ ਇਸ ਹਲਕੇ ਤੋਂ ਲੋਕ ਸਭਾ ਵਿਚ ਜਿੱਤ ਕੇ ਪੁੱਜੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਅਜਨਾਲਾ ਤੇ ਸ਼ਾਹਕੋਟ ਹਲਕੇ ਵਿਚ ਵੀ ਰਾਏ ਸਿੱਖਾਂ ਦੀ ਗਿਣਤੀ ਕਾਫੀ ਹੈ ਤੇ ਇਹ ਹਲਕੇ ਵੀ ਰਾਏ ਸਿੱਖ ਬਰਾਦਰੀ ਦੇ ਅਨੁਸੂਚਿਤ ਜਾਤਾਂ




ਵਿਚ ਸ਼ਾਮਲ ਕੀਤੇ ਜਾਣ ਬਾਅਦ ਕਿਸੇ ਸਮੇਂ ਵੀ ਰਾਖਵੇਂਕਰਨ ਦੇ ਦਾਇਰੇ ਵਿਚ ਲਿਆਂਦੇ ਜਾਣ ਲਈ ਵਿਚਾਰੇ ਜਾ ਸਕਦੇ ਹਨ। ਪਾਰਲੀਮਾਨੀ ਹਲਕਿਆਂ ਨਾਲ ਸਬੰਧਤ ਵਿਅਕਤੀਆਂ ਦਾ ਕਹਿਣਾ ਹੈ ਕਿ ਸਟੈਂਡਿੰਗ ਕਮੇਟੀ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਮਤਿਆਂ ਨੂੰ ਆਮ ਕਰਕੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਵੱਲੋਂ ਪ੍ਰਵਾਨਗੀ ਦੇ ਹੀ ਦਿੱਤੀ ਜਾਂਦੀ ਹੈ।

ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਚੋਣ ਕਮਿਸ਼ਨ ਨਵੇਂ ਰਾਖਵੇਂ ਹਲਕਿਆਂ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਲਈ ਪਾਬੰਦ ਹੋਵੇਗਾ ਤੇ ਅਗਲੇ ਵਰ੍ਹੇ ਹੋਣ ਵਾਲੀ ਲੋਕ ਸਭਾ ਚੋਣਾਂ ਵਿਚ ਫਿਰੋਜ਼ਪੁਰ ਹਲਕਾ ਰਾਖਵਾਂ ਬਣ ਜਾਵੇਗਾ। ਇਸ ਸਮੇਂ ਪੰਜਾਬ ਦੇ 13 ਹਲਕਿਆਂ ਵਿਚੋਂ ਚਾਰ ਪਹਿਲਾਂ ਹੀ ਰਾਖਵੇਂ ਹਨ ਤੇ ਨਵਾਂ ਫ਼ੈਸਲਾ ਆਉਣ ਨਾਲ ਰਾਖਵੇਂ ਹਲਕਿਆਂ ਦੀ ਗਿਣਤੀ ਪੰਜ ਹੋ ਜਾਵੇਗੀ। ਵਿਧਾਨ ਸਭਾ ਵਿਚ ਵੀ 34 ਰਾਖਵੇਂ ਹਲਕਿਆਂ ਦੀ ਥਾਂ 37 ਹੋ ਜਾਣਗੇ। ਜਲਾਲਾਬਾਦ ਵਿਧਾਨ ਸਭਾ ਹਲਕਾ ਰਿਜ਼ਰਵ ਹੋਣ ਦੀ ਸੰਭਾਵਨਾ ਦੇਖਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਨਵੇਂ ਹਲਕੇ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ।

### *ਫਿਰੋਜ਼ਪੁਰ ਨੂੰ ਅਨੁਸੂਚਿਤ ਜਾਤੀ ਦੀ ਬਹੁਤਾਤ ਵਾਲੇ ਭਾਰਤ ਦੇ ਦੂਜੇ ਜ਼ਿਲ੍ਹੇ ਦਾ ਮਾਣ*

*ਸਰਕਾਰੀ ਸੂਤਰਾਂ ਅਨੁਸਾਰ ਪੱਛਮੀ ਬੰਗਾਲ ਦਾ ਕੂਚ ਬਿਹਾਰ ਲੋਕ ਸਭਾ ਹਲਕਾ ਦੇਸ਼ ਵਿਚ ਸਭ ਤੋਂ ਵਧੇਰੇ ਅਨੁਸੂਚਿਤ ਜਾਤਾਂ ਦੀ ਵਸੋਂ ਵਾਲਾ ਹਲਕਾ ਹੈ ਜਿਥੇ ਉਨ੍ਹਾਂ ਦੀ 53 ਫੀਸਦੀ ਵਸੋਂ ਹੈ ਤੇ ਫਿਰੋਜ਼ਪੁਰ ਹਲਕਾ ਰਾਏ ਸਿੱਖ ਵਸੋਂ ਦੇ ਅਨੁਸੂਚਿਤ ਜਾਤਾਂ ਵਿਚ ਸ਼ਾਮਲ ਕੀਤੇ ਜਾਣ ਬਾਅਦ ਦੇਸ਼ ਦਾ ਅਨੁਸੂਚਿਤ ਜਾਤਾਂ ਦੀ ਵਧੇਰੇ ਵਸੋਂ ਵਾਲਾ ਦੂਜਾ ਹਲਕਾ ਹੈ ਤੇ ਇਥੇ ਹੁਣ ਅਨੁਸੂਚਿਤ ਜਾਤਾਂ ਦੀ ਵਸੋਂ 43.8 ਫੀਸਦੀ ਹੋ ਗਈ ਹੈ।*

*ਅਨੁਸੂਚਿਤ ਜਾਤਾਂ ਲਈ ਰਾਖਵੇਂ ਹਲਕੇ ਫਤਹਿਗੜ੍ਹ ਸਾਹਿਬ ਵਿਚ 31 ਫੀਸਦੀ ਹੈ। ਫਿਰੋਜ਼ਪੁਰ ਹਲਕੇ ਵਿਚ ਪੈਂਦੇ ਤਿੰਨ ਵਿਧਾਨ ਸਭਾ ਹਲਕਿਆਂ ਗੁਰੂ ਹਰਸਹਾਏ, ਜਲਾਲਾਬਾਦ ਤੇ ਫਾਜ਼ਿਲਕਾ ਵਿਚ ਵੀ ਅਨੁਸੂਚਿਤ ਜਾਤਾਂ ਦੀ ਵਸੋਂ ਬਹੁਤ ਵਧ ਗਈ ਹੈ।*

*ਗੁਰੂ ਹਰਸਹਾਏ ਵਿਚ 57 ਫੀਸਦੀ, ਜਲਾਲਾਬਾਦ ਵਿਚ 52 ਫੀਸਦੀ ਤੇ ਫਾਜ਼ਿਲਕਾ ਹਲਕੇ ਵਿਚ 43 ਫੀਸਦੀ ਦੇ ਕਰੀਬ ਅਨੁਸੂਚਿਤ ਜਾਤਾਂ ਦੀ ਵਸੋਂ ਹੈ। ਜਲਾਲਾਬਾਦ ਹਲਕੇ ਦੇ 20 ਪਿੰਡ ਫਾਜ਼ਿਲਕਾ ਵਿਚ ਚਲੇ ਜਾਣ ਕਾਰਨ ਉਸ ਦਾ ਵਸੋਂ ਬਣਤਰ ਵੀ ਕਾਫੀ ਪ੍ਰਭਾਵਿਤ ਹੋਇਆ ਹੈ।*

# *ਰਾਜਪਾਲ ਦੇ ਹਵਾਈ ਗੇੜਿਆਂ ਨੇ ਪੰਜਾਬ ਦਾ ਖ਼ਜ਼ਾਨਾ ਰਿੜਕਿਆ*

### ਮਹਾਰਾਸ਼ਟਰ ਤੱਕ ਹੈਲੀਕਾਪਟਰ ਗੇੜਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਰਾਜਪਾਲ ਦੇ ਹਵਾਈ ਝੂਟਿਆਂ ਦਾ ਭਾਰੀ ਮੁੱਲ ਤਾਰਨਾ ਪੈ ਰਿਹਾ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਰਾਜ ਦੇ ਸ਼ਹਿਰੀ ਹਵਾਬਾਜ਼ੀ ਵਿਭਾਗ ਤੋਂ ਹਾਸਲ ਜਾਣਕਾਰੀ ਮੁਤਾਬਕ ਪਿਛਲੇ ਡੇਢ ਕੁ ਸਾਲ ਦੇ ਸਮੇਂ ਦੌਰਾਨ ਰਾਜਪਾਲ ਸ਼ਿਵਰਾਜ ਵੀ ਪਾਟਿਲ ਵੱਲੋਂ ਪੰਜਾਬ ਤੇ ਸੂਬੇ ਤੋਂ ਬਾਹਰ ਹੈਲੀਕਾਪਟਰ ਤੇ ਵਿਸ਼ੇਸ਼ ਚਾਰਟਰਡ ਜਹਾਜ਼ਾਂ ਰਾਹੀਂ ਕੀਤੇ ਸਫ਼ਰ ਲਈ ਸਰਕਾਰੀ ਖ਼ਜ਼ਾਨੇ ਨੂੰ ਤਕਰੀਬਨ ਦੋ ਕਰੋੜ ਰੁਪਏ ਅਦਾ ਕਰਨੇ ਪਏ। ਸ੍ਰੀ ਪਾਟਿਲ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਹੀ ਨਹੀਂ ਗਏ ਸਗੋਂ ਉਨ੍ਹਾਂ ਆਪਣੇ ਪਿਤਰੀ ਰਾਜ ਮਹਾਰਾਸ਼ਟਰ, ਨਵੀਂ ਦਿੱਲੀ ਤੇ ਹੈਦਰਾਬਾਦ ਦੇ ਵਿਸ਼ੇਸ਼ ਦੌਰੇ ਵੀ ਕੀਤੇ। ਸਰਕਾਰ ਨੇ ਸੂਬੇ ਤੋਂ ਬਾਹਰਲੇ ਦੌਰੇ 'ਤੇ ਇਕੋ ਸਮੇਂ ਹਵਾਈ ਖਰਚੇ ਦੇ ਰੂਪ ਵਿਚ 16 ਲੱਖ ਰੁਪਏ ਤੱਕ ਦੀ ਅਦਾਇਗੀ ਵੀ ਕੀਤੀ ਹੈ। ਪਿਛਲੇ ਡੇਢ ਸਾਲ ਦੌਰਾਨ ਰਾਜਪਾਲ ਨੇ ਡੇਢ ਦਰਜਨ ਵਾਰੀ ਹਵਾਈ ਸਫ਼ਰ ਕੀਤਾ। 11 ਜੁਲਾਈ, 2012 ਨੂੰ ਉਨ੍ਹਾਂ ਅਜਿਹਾ ਦੌਰਾ ਕੀਤਾ ਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਨੇ 13 ਲੱਖ 64 ਹਜ਼ਾਰ 460 ਰੁਪਏ ਦੀ ਅਦਾਇਗੀ ਕੀਤੀ। 21 ਅਗਸਤ, 2012 ਨੂੰ ਕੀਤਾ ਗਿਆ ਚੰਡੀਗੜ੍ਹ ਤੋਂ ਸਿੱਧੇ ਲਾਤੂਰ ਦਾ ਦੌਰਾ ਸਰਕਾਰੀ ਖ਼ਜ਼ਾਨੇ ਨੂੰ 14 ਲੱਖ 45 ਹਜ਼ਾਰ 231 ਰੁਪਏ ਵਿੱਚ ਪਿਆ। ਇਸੇ ਸਾਲ ਫਰਵਰੀ ਮਹੀਨੇ ਦੌਰਾਨ ਸ੍ਰੀ ਪਾਟਿਲ ਮਹਾਰਾਸ਼ਟਰ ਦੇ ਦੌਰੇ ਦੌਰਾਨ ਜੂਹੂ, ਪੰਢਰਪੁਰ ਤੇ ਲਾਤੂਰ ਗਏ। ਇਸ ਦੌਰੇ ਦਾ ਖਰਚ 11 ਲੱਖ 41 ਹਜ਼ਾਰ 373 ਰੁਪਏ ਅਦਾ ਕਰਨਾ ਪਿਆ। ਪੰਜਾਬ ਵਿਚ ਹੈਲੀਕਾਪਟਰ ਜਾਂ ਵਿਸ਼ੇਸ਼ ਜਹਾਜ਼ ਦੀ ਵਰਤੋਂ ਰਾਜਪਾਲ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹੀ ਕਰਦੇ ਹਨ।

# ਦੋ ਦਹਾਕਿਆਂ ਬਾਅਦ ਛੱਡੀ ਭੱਠਲ ਨੇ ਸਰਕਾਰੀ ਕੋਠੀ

## ਹਾਈ ਕੋਰਟ ਦੇ ਦਖ਼ਲ ਮਗਰੋਂ ਬੀਬੀ ਮੰਨੀ

**ਚੰਡੀਗੜ੍ਹ:** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਆਖਰ ਸਰਕਾਰ ਵੱਲੋਂ ਅਲਾਟ ਕੀਤੀ ਨਵੀਂ ਕੋਠੀ ਵਿਚ ਆਪਣੀ ਰਿਹਾਇਸ਼ ਤਬਦੀਲ ਕਰ ਲਈ ਹੈ। ਬੀਬੀ ਭੱਠਲ 1992 ਤੋਂ ਹੀ ਸੈਕਟਰ ਦੋ ਵਿਚਲੀ 46 ਨੰਬਰ ਸਰਕਾਰੀ ਕੋਠੀ ਵਿਚ ਰਹਿੰਦੀ ਆ ਰਹੀ ਸੀ। ਇਹ ਕੋਠੀ ਬੇਅੰਤ ਸਿੰਘ ਵਜ਼ਾਰਤ ਵਿਚ ਮੰਤਰੀ ਹੁੰਦਿਆਂ ਅਲਾਟ ਹੋਈ ਸੀ। ਉਸ ਤੋਂ ਬਾਅਦ ਇਕ ਵਾਰੀ ਫਿਰ ਮੰਤਰੀ ਤੇ ਦੋ ਵਾਰੀ ਵਿਰੋਧੀ ਧਿਰ ਦੇ ਨੇਤਾ ਵਜੋਂ ਵੀ ਉਹ 46 ਨੰਬਰ ਕੋਠੀ ਵਿਚ ਹੀ ਰਹਿੰਦੇ ਰਹੇ।

ਇਥੋਂ ਤੱਕ ਕਿ ਕੁਝ ਮਹੀਨਿਆਂ ਲਈ ਮੁੱਖ ਮੰਤਰੀ ਦੀ ਕੁਰਸੀ ਵੀ ਮਿਲੀ ਸੀ ਪਰ ਮੁੱਖ ਮੰਤਰੀ ਵਜੋਂ ਉਹ ਮੰਤਰੀ ਵਾਲੀ ਕੋਠੀ ਵਿਚ ਹੀ ਰਹਿੰਦੇ ਰਹੇ। ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਦੋ ਦਹਾਕੇ ਪੁਰਾਣੇ ਸਰਕਾਰੀ ਘਰ ਨਾਲੋਂ ਮੋਹ ਛੱਡਣਾ ਪਿਆ। ਸਰਕਾਰ ਨੇ ਕੁਝ ਮਹੀਨੇ ਪਹਿਲਾਂ ਹੀ ਬੀਬੀ ਭੱਠਲ ਨੂੰ ਸੈਕਟਰ ਦੋ ਵਿਚ ਹੀ ਕੋਠੀ ਨੰਬਰ ਅੱਠ ਅਲਾਟ ਕਰ ਦਿੱਤੀ ਸੀ। ਨਵੀਂ ਕੋਠੀ ਅਲਾਟ ਹੋਣ ਤੋਂ



ਬਾਅਦ ਵੀ ਬੀਬੀ ਪੁਰਾਣੀ ਕੋਠੀ ਵਿਚ ਹੀ ਰਹਿ ਰਹੀ ਸੀ। ਪੁਰਾਣੀ ਕੋਠੀ ਨੂੰ ਲੈ ਕੇ ਉਹ ਲਗਾਤਾਰ ਵਿਵਾਦਾਂ ਵਿਚ ਘਿਰੇ ਹੋਏ ਸਨ। ਪੰਜਾਬ ਸਰਕਾਰ ਵੱਲੋਂ 2012 ਵਿਚ ਕੋਠੀ ਨੰਬਰ 46 ਜਿਸ ਵਿਚ ਬੀਬੀ ਭੱਠਲ ਰਹਿੰਦੇ ਸਨ, ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਅਲਾਟ ਕਰ ਦਿੱਤੀ ਗਈ ਸੀ। ਬੀਬੀ ਭੱਠਲ ਵੱਲੋਂ ਮਕਾਨ ਖਾਲੀ ਨਾ ਕੀਤੇ ਜਾਣ ਕਾਰਨ ਵਿਰੋਧੀ ਧਿਰ ਦੇ ਨੇਤਾ ਨੂੰ ਅਜੇ ਤੱਕ ਰਾਜਧਾਨੀ ਵਿਚ ਸਰਕਾਰੀ ਘਰ ਨਸੀਬ ਨਹੀਂ ਸੀ ਹੋਇਆ। ਹਾਲਾਂਕਿ ਰਾਜਪਾਲ ਸ਼ਿਵਰਾਜ ਪਾਟਿਲ ਨੇ ਵੀ ਸ੍ਰੀ ਜਾਖੜ ਨੂੰ ਇਕ ਘਰ ਅਲਾਟ ਕੀਤਾ ਸੀ ਪਰ ਉਨ੍ਹਾਂ ਵੀ ਉਸ ਮਕਾਨ ਵਿਚ ਆਪਣੀ ਰਿਹਾਇਸ਼ ਤਬਦੀਲ ਨਹੀਂ ਸੀ ਕੀਤੀ।

ਬੀਬੀ ਭੱਠਲ ਵੱਲੋਂ ਸਰਕਾਰੀ ਕੋਠੀ ਖਾਲੀ ਕਰ ਦੇਣ ਤੋਂ ਬਾਅਦ ਸ੍ਰੀ ਜਾਖੜ ਨੂੰ ਵੀ ਸਰਕਾਰੀ ਕੋਠੀ ਅਲਾਟ ਹੋਣ ਦੇ ਆਸਾਰ ਬਣ ਗਏ ਹਨ। ਬੀਬੀ ਭੱਠਲ ਦਾ ਪੁਰਾਣਾ ਮਕਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਲਕੁਲ ਗੁਆਂਢ ਵਿਚ ਹੈ। ਸਰਕਾਰ ਵੱਲੋਂ ਹੁਣ ਜਿਹੜਾ ਨਵਾਂ ਘਰ ਦਿੱਤਾ ਗਿਆ ਹੈ, ਉਹ ਘਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਅਲਾਟ ਹੋਏ ਮਕਾਨ ਦੇ ਪਿਛਲੇ ਪਾਸੇ ਹੈ। ਇਸ ਤਰ੍ਹਾਂ ਨਾਲ ਬੀਬੀ ਭੱਠਲ ਨਵੇਂ ਮਕਾਨ ਵਿਚ ਜਾਣ ਤੋਂ ਬਾਅਦ ਵੀ ਬਾਦਲਾਂ ਦੇ ਗੁਆਂਢੀ ਹੀ ਹਨ। ਜ਼ਿਕਰਯੋਗ ਹੈ ਕਿ ਕੋਠੀ ਨੰਬਰ 46 ਵਿਚ ਕਈ ਤਰ੍ਹਾਂ ਦੀਆਂ ਸਹੂਲਤਾਂ ਲਈਆਂ ਹੋਈਆਂ ਸਨ ਜਿਸ ਕਰਕੇ ਬੀਬੀ ਭੱਠਲ ਇਸੇ ਕੋਠੀ ਵਿਚ ਰਹਿਣਾ ਚਾਹੁੰਦੇ ਸਨ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਵਿਚ ਸਰਕਾਰੀ ਕੋਠੀਆਂ ਨਾਲ ਸਿਆਸਤਦਾਨ ਤੇ ਨੌਕਰਸ਼ਾਹ ਮੋਹ ਨਹੀਂ ਛੱਡਦੇ। ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਤੇ ਮੁੱਖ ਮੰਤਰੀ ਦੇ ਸਾਬਕਾ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਸਮੇਤ ਹੋਰ ਕਈਆਂ ਨੇ ਵੀ ਵਾਦ-ਵਿਵਾਦ ਤੋਂ ਬਾਅਦ ਹੀ ਸਰਕਾਰੀ ਕੋਠੀਆਂ ਖਾਲੀ ਕੀਤੀਆਂ ਸਨ।

# ਲੀਡਰਾਂ ਦੇ ਇਨਕਮ ਟੈਕਸ ਲਈ ਸਰਕਾਰੀ ਖਜ਼ਾਨੇ ਨੂੰ ਸੰਨ੍ਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਤੇ ਵਿਧਾਇਕ ਆਪਣੀ ਸਰਕਾਰੀ ਤਨਖਾਹ ਦਾ ਆਮਦਨ ਕਰ ਵੀ ਆਪਣੀ ਜੇਬ੍ਹ ਵਿਚੋਂ ਨਹੀਂ ਭਰਦੇ। ਇਹ ਟੈਕਸ ਵੀ ਸਰਕਾਰੀ ਖਜ਼ਾਨੇ ਨੂੰ ਝੱਲਣਾ ਪੈਂਦਾ ਹੈ। ਇਸ ਤਰ੍ਹਾਂ ਦੀ ਸਹੂਲਤ ਹੋਰ ਕਿਸੇ ਨੂੰ ਨਹੀਂ। ਹਰ ਵਰ੍ਹੇ ਮੁੱਖ ਮੰਤਰੀ ਤੇ ਵਿਧਾਇਕਾਂ ਦੀ ਸਰਕਾਰੀ ਆਮਦਨ ਬਾਰੇ ਆਮਦਨ ਕਰ ਦੀ ਰਿਟਰਨ ਸਰਕਾਰ ਆਪ ਹੀ ਭਰਦੀ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਜਦੋਂ ਤੋਂ ਵਿਧਾਇਕਾਂ ਤੇ ਮੁੱਖ ਮੰਤਰੀ ਦੀ ਤਨਖਾਹ ਤੇ ਹੋਰ ਭੱਤਿਆਂ ਵਿਚ ਵਾਧਾ ਹੋਇਆ ਹੈ, ਉਦੋਂ ਤੋਂ ਆਮਦਨ ਕਰ 'ਤੇ ਸਰਕਾਰ ਨੂੰ ਕਾਫੀ ਵੱਧ ਖਰਚਾ ਕਰਨਾ ਪੈ ਰਿਹਾ ਹੈ।

ਪੰਜਾਬ ਦੇ ਵਿਧਾਇਕਾਂ ਦੇ ਆਮਦਨ ਕਰ 'ਤੇ ਸਰਕਾਰ ਨੂੰ ਸਾਲ 2010-11 ਤੱਕ ਹਰ ਵਰ੍ਹੇ 6.50 ਲੱਖ ਰੁਪਏ ਤੋਂ ਘੱਟ ਰਕਮ ਹੀ ਸਾਲਾਨਾ ਆਮਦਨ ਕਰ ਭਰਨ 'ਤੇ ਖਰਚ ਕਰਨੀ ਪੈਂਦੀ ਹੈ। ਦੋ ਵਰ੍ਹੇ ਪਹਿਲਾਂ ਵਿਧਾਇਕਾਂ ਦੀ ਤਨਖਾਹ ਤੇ ਭੱਤੇ ਵਧ ਗਏ ਹਨ ਜਿਸ ਕਰਕੇ ਸਰਕਾਰੀ ਖਜ਼ਾਨੇ 'ਤੇ ਸਾਲਾਨਾ 27 ਲੱਖ ਦੇ ਕਰੀਬ ਬੋਝ ਆਮਦਨ ਕਰ ਦੇ ਰੂਪ ਵਿਚ ਪੈ ਗਿਆ। ਪੰਜਾਬ

### ਆਮਦਨ ਵਧਣ ਨਾਲ ਟੈਕਸ ਦਾ ਬੋਝ ਵੀ ਵਧਿਆ




ਸਰਕਾਰ ਵੱਲੋਂ ਮੁੱਖ ਮੰਤਰੀ ਦਾ ਵਿੱਤ ਸਾਲ 2007-08 ਤੋਂ 2012-13 ਤੱਕ 37.52 ਲੱਖ ਰੁਪਏ ਆਮਦਨ ਕਰ ਭਰਿਆ ਗਿਆ। ਉਪ ਮੁੱਖ ਮੰਤਰੀ ਦਾ ਇਸ ਸਮੇਂ ਦੌਰਾਨ 10.16 ਲੱਖ ਰੁਪਏ ਆਮਦਨ ਕਰ ਵੀ ਸਰਕਾਰ ਨੇ ਭਰਿਆ। ਇਸ ਤਰ੍ਹਾਂ ਪਿਤਾ-ਪੁੱਤਰ ਦਾ ਇਸ ਸਮੇਂ ਦਾ 47.69 ਲੱਖ ਰੁਪਏ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਭਰਿਆ ਗਿਆ। ਸਰਕਾਰੀ ਖਜ਼ਾਨਾ ਵਿਰੋਧੀ ਧਿਰ ਦੇ ਨੇਤਾ ਦੇ ਆਮਦਨ ਕਰ ਦਾ ਭਾਰ ਵੀ ਚੁੱਕਦਾ ਹੈ। ਪੰਜਾਬ ਸਰਕਾਰ ਨੇ ਵਿੱਤੀ ਸਾਲ 2007-08 ਤੋਂ ਸਾਲ 2012-13 ਤੱਕ ਵਿਰੋਧੀ ਧਿਰ ਦੇ ਨੇਤਾ ਦਾ ਆਮਦਨ ਕਰ 22.71 ਲੱਖ ਰੁਪਏ ਭਰਿਆ ਹੈ। ਵਿਰੋਧੀ ਧਿਰ ਦੇ ਨੇਤਾ ਦਾ ਸਭ ਤੋਂ ਜ਼ਿਆਦਾ ਆਮਦਨ ਕਰ ਸਾਲ 2008-09 ਵਿਚ 6.65 ਲੱਖ ਰੁਪਏ ਭਰਿਆ ਗਿਆ। ਮੁੱਖ ਮੰਤਰੀ ਦਾ ਸਭ ਤੋਂ ਜ਼ਿਆਦਾ ਆਮਦਨ ਕਰ ਸਾਲ 2013-13 ਵਿਚ 9.78 ਲੱਖ ਰੁਪਏ ਭਰਿਆ ਗਿਆ ਜਦੋਂਕਿ ਉਪ ਮੁੱਖ ਮੰਤਰੀ ਦਾ ਇਸ ਸਾਲ ਵਿਚ 3.27 ਲੱਖ ਰੁਪਏ ਆਮਦਨ ਕਰ ਭਰਿਆ ਗਿਆ।

ਵਿਧਾਇਕਾਂ ਦੀ ਗੱਲ ਕਰੀਏ ਤਾਂ ਸਾਲ 2007-08 ਤੋਂ 2012-13 ਤੱਕ ਸਰਕਾਰੀ ਖਜ਼ਾਨੇ ਵਿਚੋਂ ਵਿਧਾਇਕਾਂ ਦਾ 91.69 ਲੱਖ ਰੁਪਏ ਦਾ ਆਮਦਨ ਭਰਿਆ ਜਾ ਚੁੱਕਾ ਹੈ। ਸਾਲ 2012-13 ਵਿਚ ਸਰਕਾਰੀ ਖਜ਼ਾਨੇ ਵਿਚੋਂ 27.37 ਲੱਖ ਰੁਪਏ 79 ਵਿਧਾਇਕਾਂ ਦਾ ਆਮਦਨ ਕਰ ਭਰਨ 'ਤੇ ਖਰਚ ਕੀਤੇ ਗਏ ਹਨ ਜਦੋਂਕਿ ਸਾਲ 2011-12 ਵਿਚ 78 ਵਿਧਾਇਕਾਂ ਦੇ ਆਮਦਨ ਕਰ 'ਤੇ 26.64 ਲੱਖ ਰੁਪਏ ਖਰਚ ਹੋਏ ਸਨ। ਸਾਲ 2007-08 ਵਿਚ 97 ਵਿਧਾਇਕਾਂ ਦੇ ਆਮਦਨ ਕਰ 'ਤੇ 20.04 ਲੱਖ ਰੁਪਏ ਖਰਚ ਹੋਏ ਸਨ ਤੇ ਸਾਲ 2008-09 ਵਿਚ 81 ਵਿਧਾਇਕਾਂ ਦਾ ਆਮਦਨ ਕਰ 6.23 ਲੱਖ ਰੁਪਏ ਭਰਿਆ ਗਿਆ ਸੀ। ਇਸੇ ਤਰ੍ਹਾਂ ਸਰਕਾਰ ਨੇ ਸਾਲ 2009-10 ਵਿਚ 81 ਵਿਧਾਇਕਾਂ ਦਾ 5.55 ਲੱਖ ਰੁਪਏ ਦਾ ਆਮਦਨ ਕਰ ਭਰਿਆ ਸੀ ਤੇ ਸਾਲ 2010-11 ਵਿਚ 84 ਵਿਧਾਇਕਾਂ ਦਾ 5.83 ਲੱਖ ਰੁਪਏ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਭਰਿਆ ਗਿਆ ਹੈ।

ਮੰਤਰੀਆਂ ਤੇ ਵਿਧਾਇਕਾਂ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਭਰਨ ਦੀ ਵਿਵਸਥਾ ਸਿਰਫ ਪੰਜਾਬ ਤੱਕ ਸੀਮਤ ਨਹੀਂ, ਤਕਰੀਬਨ ਸਾਰੇ ਰਾਜਾਂ ਵਿਚ ਅਜਿਹਾ ਹੀ ਹੈ। ਭਾਵੇਂ ਸਰਕਾਰੀ ਖਜ਼ਾਨਾ ਸੰਕਟ ਵਿਚ ਚੱਲ ਰਿਹਾ ਹੈ ਪਰ ਇਸ ਦਾ ਅਸਰ ਵੀ.ਆਈ.ਪੀਜ਼ 'ਤੇ ਨਹੀਂ ਪੈਂਦਾ ਹੈ। ਪੰਜਾਬ ਸਰਕਾਰ ਨੇ ਸਾਲ 2007-08 ਤੋਂ ਸਾਲ 2012-13 ਤੱਕ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਆਮਦਨ ਕਰ 2.04 ਲੱਖ ਰੁਪਏ ਭਰਿਆ ਹਾਲਾਂਕਿ ਕੈਪਟਨ ਅਸੈਂਬਲੀ ਸੈਸ਼ਨ ਵਿਚੋਂ ਸਭ ਤੋਂ ਜ਼ਿਆਦਾ ਗੈਰਹਾਜ਼ਰ ਰਹਿੰਦੇ ਹਨ। ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਦਾ ਸਾਲ 2012-13 ਵਿਚ ਸਰਕਾਰ ਨੇ 32,226 ਰੁਪਏ ਆਮਦਨ ਕਰ ਭਰਿਆ ਹੈ।

# ਲਾਲ ਬੱਤੀਆਂ ਖੁੱਸਣ ਕਾਰਨ ਜਥੇਦਾਰ ਹੋਏ ਖ਼ਫ਼ਾ



**ਚੰਡੀਗੜ੍ਹ:** ਕਾਰਾਂ 'ਤੇ ਲਾਲ ਬੱਤੀ ਲਾਉਣ ਦਾ ਅਧਿਕਾਰ ਖੁਸਣ ਤੋਂ ਬਾਅਦ ਸਿਆਸੀ ਤੇ ਪ੍ਰਸ਼ਾਸਕੀ ਹਲਕਿਆਂ ਵਿਚ ਕਾਫੀ ਰੋਸ ਹੈ। ਧਾਰਮਿਕ ਤੇ ਸਿਆਸੀ ਸ਼ਖ਼ਸੀਅਤਾਂ ਵੱਲੋਂ ਇਹ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਉਠਾਇਆ ਗਿਆ ਹੈ। ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਨੂੰ ਲਾਲ ਬੱਤੀ ਦੀ ਵਰਤੋਂ ਸੀਮਤ ਕਰਨ ਦੇ ਅਧਾਰ ਬਾਰੇ ਤੱਥ ਸਪੱਸ਼ਟ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ। ਸੂਤਰਾਂ ਮੁਤਾਬਕ ਧਾਰਮਿਕ ਹਸਤੀਆਂ ਵਿਚ ਤਖ਼ਤਾਂ ਦੇ ਜਥੇਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀਆਂ ਕਾਰਾਂ 'ਤੇ ਲਾਲ ਬੱਤੀ ਦੀ ਸਹੂਲਤ ਮੁੜ ਤੋਂ ਦੇਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪਹੁੰਚ ਕੀਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਿੱਖ ਕੌਮ ਦੇ ਇਨ੍ਹਾਂ ਸਤਿਕਾਰਤ ਅਹੁਦਿਆਂ ਲਈ ਵਾਹਨਾਂ 'ਤੇ ਲਾਲ ਬੱਤੀ ਲਾਉਣ ਦੀ ਆਗਿਆ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਲਾਲ ਬੱਤੀ ਲਾਉਣ ਦੀ ਆਗਿਆ ਦੇਣਾ ਜਾਂ ਨਾ ਦੇਣਾ ਸਰਕਾਰ ਦਾ ਫੈਸਲਾ ਹੈ ਪਰ ਸਿੱਖ ਕੌਮ ਦੇ ਸਰਵਉਚ ਤਖ਼ਤ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਵਾਹਨਾਂ 'ਤੇ ਲਾਲ ਬੱਤੀ ਲਾਉਣ ਦੀ ਆਗਿਆ ਹੋਣੀ ਚਾਹੀਦੀ ਹੈ।

ਉਧਰ, ਟਰਾਂਸਪੋਰਟ ਵਿਭਾਗ ਵੱਲੋਂ ਇਸ ਸਬੰਧੀ ਸੁਪਰੀਮ ਕਰੋਟ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਦੇ ਹਵਾਲੇ ਨਾਲ ਲਾਲ ਬੱਤੀ ਖੁੱਸਣ ਵਾਲਿਆਂ ਨੂੰ ਧਰਵਾਸ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਪੰਜਾਬ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੇ ਲਾਲ ਬੱਤੀ ਖੁਸਣ ਮਗਰੋਂ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਆਈ.ਪੀ.ਐਸ. ਤੇ ਪੀ.ਪੀ.ਐਸ. ਅਧਿਕਾਰੀਆਂ ਦਾ ਕਹਿਣਾ ਹੈ ਕਿ ਲਾਲ ਬੱਤੀ ਦੀ ਵਰਤੋਂ ਏ.ਆਈ.ਜੀ. ਪੱਧਰ ਦੇ ਰੈਂਕ ਤੋਂ ਸ਼ੁਰੂ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਆਈ.ਏ.ਐਸ. ਅਧਿਕਾਰੀਆਂ ਦਾ ਤਰਕ ਹੈ ਕਿ ਸਕੱਤਰ ਪੱਧਰ ਦੇ ਅਧਿਕਾਰੀਆਂ ਤੇ ਵਿਭਾਗਾਂ ਦੇ ਮੁਖੀਆਂ ਨੂੰ ਲਾਲ ਬੱਤੀ ਦੀ ਵਰਤੋਂ ਦੇ ਅਧਿਕਾਰ ਦੇਣੇ ਚਾਹੀਦੇ ਹਨ।

ਟਰਾਂਸਪੋਰਟ ਵਿਭਾਗ ਨੇ ਆਈ.ਜੀ. ਰੈਂਕ ਦੇ ਅਧਿਕਾਰੀਆਂ ਤੋਂ ਵੀ ਲਾਲ ਬੱਤੀ ਦੀ ਵਰਤੋਂ ਦੇ ਅਧਿਕਾਰ ਵਾਪਸ ਲੈ ਲਏ ਹਨ। ਅਧਿਕਾਰੀਆਂ ਵਿਚ ਲਾਲ ਬੱਤੀ ਦੇ ਖੁੱਸਣ ਨੂੰ ਇੰਜ ਸਮਝਿਆ ਜਾ ਰਿਹਾ ਹੈ ਜਿਵੇਂ ਕੋਈ ਬਹੁਤ ਵੱਡੀ ਵਧੀਕੀ ਹੋ ਗਈ ਹੋਵੇ। ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ 13 ਵਰਗਾਂ ਤੋਂ ਬਿਨਾਂ ਜੇ ਕੋਈ ਹੋਰ ਵਿਅਕਤੀ ਲਾਲ ਬੱਤੀ ਦੀ ਵਰਤੋਂ ਕਰਦਾ ਹੈ ਤਾਂ ਪੁਲੀਸ ਕਾਰਵਾਈ ਹੋ ਸਕਦੀ ਹੈ।

ਇਸੇ ਦੌਰਾਨ ਟਰਾਂਸਪੋਰਟ ਵਿਭਾਗ ਵੱਲੋਂ ਨੀਲੀ ਬੱਤੀ ਦੀ ਵਰਤੋਂ ਬਾਰੇ ਵੀ ਦਿਸ਼ਾ ਨਿਰਦੇਸ਼ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲਾਲ ਬੱਤੀ ਵਾਂਗ ਹੀ ਸਰਕਾਰੀ ਅਧਿਕਾਰੀਆਂ ਵੱਲੋਂ ਨੀਲੀ ਬੱਤੀ ਦੀ ਵਰਤੋਂ ਵੀ ਧੜੱਲੇ ਨਾਲ ਕੀਤੀ ਜਾਂਦੀ ਹੈ। ਟਰਾਂਸਪਰਟ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੂਬਾ ਪੱਧਰ ਤੋਂ ਲੈ ਕੇ ਜ਼ਿਲ੍ਹਾ ਤੇ ਤਹਿਸੀਲ ਪੱਧਰ ਤੱਕ ਨੀਲੀ ਬੱਤੀ ਦੀ ਵਰਤੋਂ ਵਾਲੇ ਅਧਿਕਾਰੀਆਂ ਦੇ ਵਰਗਾਂ ਸਬੰਧੀ ਜਲਦੀ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਰਿਹਾ ਹੈ।

# ਪੰਜਾਬ ਪੁਲਿਸ ਹੁਣ ਦਾਨੀ ਸੱਜਣਾਂ ਦੇ ਸਹਾਰੇ !

**ਚੰਡੀਗੜ੍ਹ:** ਆਰਥਿਕ ਤੰਗੀਆਂ ਵਿਚ ਘਿਰੀ ਪੰਜਾਬ ਸਰਕਾਰ ਹੁਣ ਦਾਨ ਇਕੱਠਾ ਕਰਕੇ ਕੰਮ ਚਲਾਉਣ ਲੱਗੀ ਹੈ। ਸਰਕਾਰ ਵੱਲੋਂ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਦਾਨੀ ਸੱਜਣਾਂ ਦੀ ਸਹਾਇਤਾ ਨਾਲ ਪੁਲਿਸ ਪ੍ਰਬੰਧ ਸੁਧਾਰੇ ਜਾ ਰਹੇ ਹਨ। ਪਤਾ ਲੱਗਾ ਹੈ ਕਿ ਪੰਜਾਬ ਦੇ ਦਰਜਨ ਦੇ ਕਰੀਬ ਸ਼ਹਿਰਾਂ ਵਿਚ ਔਰਤਾਂ ਦੀ ਸੁਰੱਖਿਆ ਲਈ ਆਧੁਨਿਕ ਹਥਿਆਰਾਂ ਤੇ ਸੰਚਾਰ ਸਾਧਨਾਂ ਨਾਲ ਲੈਸ ਮਹਿਲਾ ਪੁਲਿਸ ਦੀਆਂ ਹਥਿਆਰਬੰਦ ਸੁਰੱਖਿਆ ਟੀਮਾਂ ਬਣਾਈਆਂ ਗਈਆਂ ਹਨ। ਉਂਜ, ਇਸ ਤੋਂ ਪਹਿਲਾਂ ਵੀ ਪੁਲਿਸ ਵਗਾਰਾਂ ਨਾਲ ਹੀ ਕੰਮ ਚਲਾਉਂਦੀ ਆਈ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅੱਧੀ ਦਰਜਨ ਜ਼ਿਲ੍ਹਿਆਂ ਦੀਆਂ ਇਨ੍ਹਾਂ ਟੀਮਾਂ ਨੂੰ ਪਿੰਡ ਬਾਦਲ ਵਿਚ 15 ਅਪਰੈਲ, 2013 ਨੂੰ ਹਰੀ ਝੰਡੀ ਦਿਖਾਈ ਸੀ ਤੇ ਉਸ ਮਗਰੋਂ ਮੁਹਾਲੀ ਵਿਚ ਪੰਜ ਜ਼ਿਲ੍ਹਿਆਂ ਦੀਆਂ ਟੀਮਾਂ ਨੂੰ 22 ਅਪਰੈਲ ਨੂੰ ਹਰੀ ਝੰਡੀ ਦਿਖਾਈ ਸੀ। ਸੁਖਬੀਰ ਬਾਦਲ ਨੇ ਬੜੇ ਜ਼ੋਰਸ਼ੋਰ ਨਾਲ ਇਸ ਨੂੰ ਪੰਜਾਬ ਸਰਕਾਰ ਦੀ ਵਿਸ਼ੇਸ਼ ਪ੍ਰਾਪਤੀ ਵਜੋਂ ਉਭਾਰਿਆ ਸੀ ਪਰ ਸੂਚਨਾ ਦੇ ਅਧਿਕਾਰ ਕਾਨੂੰਨ ਤੇ ਅਹਿਮ ਸੂਤਰਾਂ ਨੇ ਇਨ੍ਹਾਂ ਸੁਰੱਖਿਆ ਟੀਮਾਂ ਦਾ ਭੇਤ ਖੋਲ੍ਹ ਦਿੱਤਾ ਹੈ।

ਹਾਸਲ ਸੂਚਨਾ ਅਨੁਸਾਰ ਮਹਿਲਾ ਪੁਲਿਸ ਦੀਆਂ ਇਨ੍ਹਾਂ ਟੀਮਾਂ ਨੂੰ ਦਿੱਤੇ ਗਏ ਸਕੂਟਰਾਂ ਤੇ ਵਿਸ਼ੇਸ਼ ਵਰਦੀ 'ਤੇ ਪੰਜਾਬ ਸਰਕਾਰ ਨੇ ਧੇਲਾ ਖਰਚ ਨਹੀਂ ਕੀਤਾ ਬਲਕਿ ਇਹ ਸਭ ਕੁਝ ਦਾਨੀ ਸੱਜਣਾਂ ਦੀ ਮਾਇਆ ਨਾਲ ਖਰੀਦਿਆ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ ਤਾਂ ਸ਼ਰਾਬ ਦੀ ਇਕ ਕੰਪਨੀ ਨੇ ਜ਼ਿਲ੍ਹਾ ਪੁਲਿਸ ਨੂੰ ਸਕੂਟਰ ਲੈ ਕੇ ਦਿੱਤੇ ਹਨ।

ਸਰਕਾਰੀ ਸੂਚਨਾ ਅਨੁਸਾਰ ਮੁਕਤਸਰ ਜ਼ਿਲ੍ਹੇ ਵਿਚ ਮਹਿਲਾ ਪੁਲਿਸ ਲਈ 10 ਸਕੂਟਰ ਖਰੀਦੇ ਗਏ ਹਨ ਜਿਨ੍ਹਾਂ 'ਤੇ ਪੰਜ ਲੱਖ ਰੁਪਏ ਖਰਚ ਆਏ ਹਨ। ਇਹ ਸਕੂਟਰ ਖਰੀਦਣ ਲਈ ਰਾਸ਼ੀ ਦਾਨੀ ਸੱਜਣਾਂ ਨੇ ਦਿੱਤੀ ਹੈ। ਦਾਨ ਕਰਨ ਵਾਲਿਆਂ ਵਿਚ ਯੂਨੀਕ ਵਾਈਨ ਸ੍ਰੀ ਮੁਕਤਸਰ ਸਾਹਿਬ, ਜਨਤਾ ਟਰੱਕ ਯੂਨੀਅਨ ਗਿੱਦੜਬਾਹਾ ਤੇ ਵਪਾਰ ਮੰਡਲ ਮਲੋਟ ਸ਼ਾਮਲ ਹਨ।

ਜ਼ਿਲ੍ਹਾ ਮੋਗਾ ਵਿਚ ਵੀ ਨੌਂ ਸਮਾਜ ਸੇਵੀ ਸੱਜਣਾਂ ਨੇ ਪੁਲਿਸ ਨੂੰ ਮਹਿਲਾ ਪੁਲਿਸ ਵਾਸਤੇ 10 ਐਕਟਿਵਾ ਸਕੂਟਰ ਲੈ ਕੇ ਦਿੱਤੇ ਹਨ ਜਿਨ੍ਹਾਂ 'ਤੇ 5.30 ਲੱਖ ਰੁਪਏ ਖਰਚ ਆਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਮਹਿਲਾ ਪੁਲਿਸ ਨੇ ਵਿਸ਼ੇਸ਼ ਵਰਦੀ 'ਤੇ ਰਾਸ਼ੀ ਵੀ ਆਪਣੀ ਜੇਬ ਵਿਚੋਂ ਖਰਚ ਕੀਤੀ ਹੈ। ਜ਼ਿਲ੍ਹਾ ਫਾਜ਼ਿਲਕਾ ਵਿਚ ਪੁਲਿਸ ਨੂੰ 10 ਸਕੂਟਰ ਲੈਣ ਲਈ ਅੱਠ ਦਾਨੀ ਸੱਜਣਾਂ ਨੇ 6.73 ਲੱਖ ਦੀ ਰਾਸ਼ੀ ਦਾਨ ਵਜੋਂ ਦਿੱਤੀ।

ਬਠਿੰਡਾ ਪੁਲਿਸ ਨੂੰ 10 ਸਕੂਟਰ ਪੁਲਿਸ ਐਲਾਇਡ ਕਲੱਬ ਆਫ਼ ਬਠਿੰਡਾ ਨੇ ਦਿੱਤੇ ਹਨ। ਲੁਧਿਆਣਾ ਤੋਂ ਬਣਵਾਈ ਯੂਰਪੀ ਤਰਜ਼ ਦੀ ਵਿਸ਼ੇਸ਼ ਡਰੈੱਸ 'ਤੇ ਵੀ ਖਰਚ ਪ੍ਰਾਈਵੇਟ ਕਲੱਬ ਨੇ ਹੀ ਕੀਤਾ ਹੈ। ਇਥੋਂ ਤੱਕ ਕਿ ਸਕੂਟਰਾਂ ਦੀ ਰਜਿਸਟ੍ਰੇਸ਼ਨ 'ਤੇ ਵੀ ਖਰਚਾ ਪ੍ਰਾਈਵੇਟ ਕਲੱਬ ਨੇ ਹੀ ਕੀਤਾ ਹੈ। ਜ਼ਿਲ੍ਹਾ ਪਟਿਆਲਾ, ਲੁਧਿਆਣਾ, ਮੁਹਾਲੀ, ਜਲੰਧਰ ਤੇ ਅੰਮ੍ਰਿਤਸਰ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ ਹੈ। ਪੰਜਾਬ ਸਰਕਾਰ ਨੇ ਇਸ ਦਾ ਸਿਆਸੀ ਲਾਹਾ ਲੈਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ।

# ਪੰਜਾਬ ਦੇ ਛੋਟੇ ਉਦਯੋਗਪਤੀ ਸਰਕਾਰੀ ਨੀਤੀਆਂ ਤੋਂ ਤੰਗ

**ਚੰਡੀਗੜ੍ਹ:** ਫੈਡਰੇਸ਼ਨ ਆਫ਼ ਟਾਈਨੀ ਐਂਡ ਸਮਾਲ ਸਕੇਲ ਇੰਡਸਟਰੀ ਭਾਰਤ ਵੱਲੋਂ ਭਵਿੱਖ ਵਿਚ ਉਸੇ ਸਿਆਸੀ ਧਿਰ ਦੇ ਪੱਖ ਵਿਚ ਖੜ੍ਹਨ ਦਾ ਫੈਸਲਾ ਲਿਆ ਗਿਆ ਜਿਹੜੀ ਧਿਰ ਛੋਟੇ ਉਦਯੋਗਾਂ ਦੇ ਹੱਕਾਂ ਦੀ ਰਾਖੀ ਕਰੇਗੀ। ਪੰਜਾਬ ਸਰਕਾਰ ਵੱਲੋਂ ਪਿੱਛੇ ਜਿਹੇ ਨਵੀਂ ਉਦਯੋਗਕ ਨੀਤੀ ਦਾ ਐਲਾਨ ਕੀਤਾ ਪਰ ਪੰਜਾਬ ਵਿਚ ਕਈ ਦਹਾਕਿਆਂ ਤੋਂ ਛੋਟੇ ਉਦਯੋਗਾਂ ਨੂੰ ਸੰਭਾਲੀ ਬੈਠੇ ਉਦਯੋਗਪਤੀ ਸੂਬਾ ਸਰਕਾਰ ਦੀ ਇਸ ਨਵੀਂ ਨੀਤੀ ਤੋਂ ਨਾਖੁਸ਼ ਨਜ਼ਰ ਆ ਰਹੇ ਹਨ।

ਉਨ੍ਹਾਂ ਦੋਸ਼ ਲਾਇਆ ਕਿ ਰਾਜ ਸਰਕਾਰ ਵੱਲੋਂ ਰਾਜ ਦੇ ਕੁਝ ਵੱਡੇ ਉਦਯੋਗਿਕ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਹੀ ਇਹ ਨੀਤੀ ਬਣਾਈ ਗਈ ਹੈ। ਫੈਡਰੇਸ਼ਨ ਆਫ਼ ਟਾਈਨੀ ਐਂਡ ਸਮਾਲ ਇੰਡਸਟਰੀ ਆਫ਼ ਇੰਡੀਆ ਦੇ ਪ੍ਰਧਾਨ ਜੋਗਿੰਦਰ ਕੁਮਾਰ ਨੇ ਬਾਗੀ ਸੁਰ ਅਲਾਪਦਿਆਂ ਕਿਹਾ ਕਿ ਰਾਜ ਸਰਕਾਰ ਨੇ ਨਵੀਂ ਉਦਯੋਗਕ ਨੀਤੀ ਵਿਚ ਸਿਰਫ਼ ਕੁਝ ਕੁ ਵੱਡੇ ਉਦਯੋਗਪਤੀ ਘਰਾਣਿਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਇਹ ਘਰਾਣੇ ਤਾਦਾਦ ਵਿਚ ਬਹੁਤ ਘੱਟ ਹਨ ਜਦਕਿ 95 ਫੀਸਦੀ ਉਦਯੋਗਪਤੀ ਲੰਮੇ ਸਮੇਂ ਤੋਂ ਛੋਟੇ ਉਦਯੋਗਾਂ ਨੂੰ ਸੰਭਾਲੀ ਬੈਠੇ ਹਨ।

ਰਾਜ ਸਰਕਾਰ ਦੀ ਨਵੀਂ ਨੀਤੀ ਨਾਲ ਛੋਟੇ ਉਦਯੋਗ ਬੰਦ ਹੋਣ ਦੀ ਕਗਾਰ 'ਤੇ ਹਨ। ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਆਪ ਹਰ ਛੋਟੇ-ਵੱਡੇ ਉਦਯੋਗਪਤੀ ਨੂੰ ਮਿਲ ਕੇ ਉਨ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਹੱਲ ਕੱਢਣ ਲਈ ਤਿਆਰ ਰਹਿੰਦੇ ਸਨ ਪਰ ਸਾਲ 2007 ਤੋਂ ਮਗਰੋਂ ਸੂਬਾ ਸਰਕਾਰ ਵੱਲੋਂ ਪੰਜਾਬ ਵਿਚ ਵੱਖ-ਵੱਖ ਵਿਭਾਗਾਂ ਦੇ ਚੇਅਰਮੈਨ ਲਾ ਦਿੱਤੇ ਗਏ ਤੇ ਮੁੱਖ ਮੰਤਰੀ ਸਣੇ ਕਿਸੇ ਵੀ ਚੇਅਰਮੈਨ ਤੇ ਅਧਿਕਾਰੀ ਨੇ ਛੋਟੇ ਉਦਯੋਗਪਤੀਆਂ ਦੀ ਸਾਰ ਨਾ ਲਈ।

ਫੈਡਰੇਸ਼ਨ ਵੱਲੋਂ ਸੂਬਾ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ 'ਤੇ ਵੀ ਅਣਦੇਖੀ ਦੇ ਦੋਸ਼ ਲਾਏ ਗਏ ਹਨ। ਸਰਕਾਰੀ ਅਣਦੇਖੀ ਕਾਰਨ ਹੁਣ ਪੰਜਾਬ ਦਾ ਉਦਯੋਗ ਸੂਬੇ ਵਿਚ ਬਾਹਰ ਜਾਣ ਲੱਗਾ ਹੈ। ਫੈਡਰੇਸ਼ਨ ਵੱਲੋਂ ਇਸ ਮੌਕੇ ਐਲਾਨ ਕੀਤਾ ਕਿ ਜੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਹ ਭਵਿੱਖ ਵਿਚ ਉਸੇ ਪਾਰਟੀ ਨਾਲ ਖੜ੍ਹਨਗੇ ਜਿਸ ਪਾਰਟੀ ਵੱਲੋਂ ਛੋਟੇ ਉਦਯੋਗਪਤੀਆਂ ਦੇ ਹੱਕਾਂ ਦੀ ਰਾਖੀ ਦਾ ਵਾਅਦਾ ਕੀਤਾ ਜਾਵੇਗਾ।



# ਰੁਪਏ ਦੀ ਕਮਜ਼ੋਰੀ ਨਾਲ ਭਾਰਤ-ਪਾਕਿ ਵਪਾਰ ਘਟਿਆ

**ਚੰਡੀਗੜ੍ਹ:** ਅਮਰੀਕੀ ਡਾਲਰ ਮੁਕਾਬਲੇ ਰੁਪਏ ਦੀ ਕੀਮਤ ਘਟਣ ਦਾ ਅਟਾਰੀ-ਵਾਹਗਾ ਸਰਹੱਦੀ ਲਾਂਘੇ ਰਾਹੀਂ ਪਾਕਿਸਤਾਨ ਤੋਂ ਹੋਣ ਵਾਲੀਆਂ ਦਰਾਮਦਾਂ 'ਤੇ ਵੀ ਅਸਰ ਪਿਆ ਹੈ ਤੇ ਦਰਾਮਦਕਾਰਾਂ ਨੇ ਦਾਅਵਾ ਕੀਤਾ ਹੈ ਕਿ ਕਰੰਸੀ ਦੇ ਭਾਅ ਵਿਚ ਭਾਰੀ ਉਤਰਾਅ-ਚੜ੍ਹਾਅ ਹੋਣ ਕਾਰਨ ਗੁਆਂਢੀ ਦੇਸ਼ ਤੋਂ ਜਿਣਸਾਂ ਦੀ ਦਰਾਮਦ 30-35 ਫੀਸਦ ਘਟ ਗਈ ਹੈ।

ਭਾਰਤੀ ਵਪਾਰੀਆਂ ਨੇ ਸਾਵਧਾਨੀ ਵਰਤਦਿਆਂ ਹੁਣ ਜਾਂ ਤਾਂ ਆਪਣੇ ਨਵੇਂ ਦਰਾਮਦ ਆਰਡਰ ਘਟਾ ਦਿੱਤੇ ਹਨ ਜਾਂ ਫਿਰ ਰੁਪਏ ਦੀ ਕੀਮਤ ਜਿੰਨਾ ਚਿਰ ਸਥਿਰ ਨਹੀਂ ਹੋ ਜਾਂਦੀ, ਓਨਾ ਚਿਰ ਆਰਡਰ ਬਿਲਕੁਲ ਹੀ ਰੋਕ ਲਏ ਹਨ। ਅੰਮ੍ਰਿਤਸਰ ਦੇ ਵਪਾਰੀ ਜਸਪਾਲ ਸਿੰਘ ਦਾ ਕਹਿਣਾ ਹੈ ਕਿ ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ ਵਿਚ ਭਾਰੀ ਗਿਰਾਵਟ ਕਾਰਨ ਪਾਕਿਸਤਾਨ ਤੋਂ ਆਉਣ ਵਾਲੇ ਸਾਮਾਨ ਦੇ ਆਕਾਰ ਵਿਚ 30-35 ਫੀਸਦੀ ਕਮੀ ਆਈ ਹੈ।

ਉਸ ਅਨੁਸਾਰ ਪਹਿਲਾਂ ਜਿਥੇ ਸਾਮਾਨ ਨਾਲ ਭਰੇ 125-130 ਟਰੱਕ ਰੋਜ਼ਾਨਾ ਭਾਰਤ ਪੁੱਜਦੇ ਸਨ, ਉਥੇ ਹੁਣ ਇਨ੍ਹਾਂ ਦੀ ਗਿਣਤੀ 70 ਕੁ ਰਹਿ ਗਈ ਹੈ। ਇਨ੍ਹਾਂ ਵਿਚ ਮੁੱਖ ਤੌਰ 'ਤੇ ਪਾਕਿਸਤਾਨ ਤੋਂ ਸੀਮਿੰਟ, ਜਿਪਸਮ, ਰਸਾਇਣ ਆਦਿ ਹੁੰਦੇ ਹਨ। ਦਰਾਮਦਕਾਰਾਂ ਦਾ ਕਹਿਣਾ ਹੈ ਕਿ ਭਾਰਤੀ ਵਪਾਰੀ ਪਾਕਿਸਤਾਨ ਤੋਂ ਮੁੱਖ ਤੌਰ 'ਤੇ ਸੀਮਿੰਟ, ਜਿਪਸਮ, ਰਸਾਇਣ ਤੇ ਸੋਡਾ ਐਸ਼, ਤਰਲ ਤੇ ਸੁੱਕੇ ਮੇਵੇ ਮੰਗਵਾਉਂਦੇ ਹਨ ਜਿਨ੍ਹਾਂ ਦੀ ਕੀਮਤ ਸਾਲਾਨਾ 1000 ਕਰੋੜ ਰੁਪਏ ਤੋਂ ਜ਼ਿਆਦਾ ਬਣਦੀ ਹੈ। ਅਟਾਰੀ-ਵਾਹਗਾ ਸਰਹੱਦੀ ਲਾਂਘੇ 'ਤੇ ਭਾਰਤੀ ਤੇ ਪਾਕਿਸਤਾਨੀ ਵਪਾਰੀਆਂ ਵਿਚਕਾਰ ਲੈਣ-ਦੇਣ ਅਮਰੀਕੀ ਡਾਲਰ ਵਿਚ ਹੁੰਦਾ ਹੈ।

ਚਾਲੂ ਮਾਲੀ ਸਾਲ ਦੌਰਾਨ ਹੁਣ ਤਕ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ 10 ਫੀਸਦ ਤੋਂ ਜ਼ਿਆਦਾ ਘਟੀ ਹੈ ਤੇ ਲੰਘੀ ਅੱਠ ਜੁਲਾਈ ਨੂੰ ਰੁਪਇਆ 61.21 ਦੇ ਹੇਠਲੇ ਪੱਧਰ 'ਤੇ ਪਹੁੰਚ ਗਿਆ ਸੀ। ਦਰਾਮਦਕਾਰਾਂ ਦਾ ਇਹ ਵੀ ਕਹਿਣਾ ਹੈ ਕਿ ਅਮਰੀਕੀ ਕਰੰਸੀ ਦੇ ਮੁਕਾਬਲੇ ਭਾਰਤੀ ਰੁਪਏ ਦੀ ਹਾਲਤ ਕਮਜ਼ੋਰ ਪੈਣ ਨਾਲ ਐਤਕੀਂ ਸੁੱਕੇ ਮੇਵਿਆਂ ਦੀਆਂ ਦਰਾਮਦਾਂ 'ਤੇ ਵੀ ਅਸਰ ਪੈ ਸਕਦਾ ਹੈ ਜਿਸ ਦਾ ਨਵਾਂ ਸੀਜ਼ਨ ਅਗਲੇ 15-20 ਦਿਨਾਂ ਵਿਚ ਸ਼ੁਰੂ ਹੋਣ ਵਾਲਾ ਹੈ।

ਸੁੱਕੇ ਮੇਵਿਆਂ ਦੇ ਦਰਾਮਦਕਾਰ ਅਨਿਲ ਮਹਿਰਾ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਸੁੱਕੇ ਮੇਵਿਆਂ ਦੇ ਆਰਡਰਾਂ ਦੀ ਬੁਕਿੰਗ ਤਕਰੀਬਨ 40 ਫੀਸਦ ਘੱਟ ਹੈ ਕਿਉਂਕਿ ਵਪਾਰੀਆਂ ਨੂੰ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਘਟਣ ਕਾਰਨ ਨੁਕਸਾਨ ਹੋਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਸਾਲ ਵਿਚ ਗੁਆਂਢੀ ਦੇਸ਼ ਤੋਂ ਸੁੱਕੇ ਮੇਵਿਆਂ ਦੇ 17 ਲੱਖ ਕੱਟੇ (70 ਕਿਲੋਗ੍ਰਾਮ ਫੀ ਕੱਟਾ) ਮੰਗਵਾਏ ਜਾਂਦੇ ਹਨ ਕਿਉਂਕਿ ਪੂਰੇ ਭਾਰਤ ਵਿਚ ਸੁੱਕੇ ਮੇਵਿਆਂ ਦੀ ਚੋਖੀ ਖਪਤ ਹੈ।



# ਗਵਾਹੀਆਂ ਤੋਂ ਮੁੱਕਰਨ ਵਾਲਿਆਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਓਰੋ ਨੇ ਸਮੂਹ ਫੀਲਡ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਅਦਾਲਤਾਂ ਵਿਚ ਚਲਦੇ ਵਿਜੀਲੈਂਸ ਕੇਸਾਂ ਦੀ ਸੁਣਵਾਈ ਦੌਰਾਨ ਗਵਾਹੀਆਂ ਤੋਂ ਮੁੱਕਰਨ ਵਾਲੇ ਗਵਾਹਾਂ ਖ਼ਿਲਾਫ਼ ਅਦਾਲਤ ਦੇ ਅੰਤਿਮ ਫੈਸਲੇ ਦੀ ਉਡੀਕ ਕੀਤੇ ਬਿਨਾਂ ਹੀ ਅਪਰਾਧਕ ਦੰਡਾਵਲੀ ਦੀ ਧਾਰਾ 182 ਹੇਠ ਲੋੜੀਂਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

ਬਿਊਰੋ ਦੇ ਮੁੱਖ ਡਾਇਰੈਕਟਰ ਸੁਰੇਸ਼ ਅਰੋੜਾ ਨੇ ਕਿਹਾ ਹੈ ਕਿ ਸਮੂਹ ਫੀਲਡ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਅਧੀਨ ਜ਼ਿਲ੍ਹੇ ਵਿਚ ਤਾਇਨਾਤ ਕੋਈ ਵੀ ਮੁਲਾਜ਼ਮ ਜਾਂ ਅਧਿਕਾਰੀ ਭ੍ਰਿਸ਼ਟਾਚਾਰ ਦੀ ਕਾਰਵਾਈ ਵਿਚ ਰੰਗਿਆ ਨਾ ਹੋਵੇ। ਉਨ੍ਹਾਂ ਹਦਾਇਤ ਕੀਤੀ ਕਿ ਵੱਖ-ਵੱਖ ਅਦਾਲਤਾਂ ਵਿਚ ਚਲਦੇ ਵਿਜੀਲੈਂਸ ਕੇਸਾਂ ਦੀ ਮੁਕੰਮਲ ਪੈਰਵੀ ਯਕੀਨੀ ਬਣਾਈ ਜਾਵੇ ਤੇ ਗਵਾਹੀਆਂ ਤੋਂ ਮੁੱਕਰਨ ਵਾਲਿਆਂ ਖ਼ਿਲਾਫ਼ ਅਦਾਲਤ ਦੇ ਅੰਤਿਮ ਫੈਸਲੇ ਦੀ ਉਡੀਕ ਕੀਤੇ ਬਿਨਾ ਹੀ ਅਪਰਾਧਕ ਦੰਡਾਵਲੀ ਦੀ ਧਾਰਾ 182 ਹੇਠ ਲੋੜੀਂਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਦਰਜ ਮਾਮਲੇ ਤੇ ਹੋਰ ਕਈ ਰਿਸ਼ਵਤਖੋਰੀ ਦੇ ਮਾਮਲਿਆਂ ਵਿਚ ਵੱਡੀ ਪੱਧਰ 'ਤੇ ਗਵਾਹ ਮੁੱਕਰ ਗਏ ਸਨ।

ਸ੍ਰੀ ਅਰੋੜਾ ਨੇ ਵਿਜੀਲੈਂਸ ਅਧਿਕਾਰੀਆਂ ਨੂੰ ਆਖਿਆ ਹੈ ਕਿ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਦੋਸ਼ੀਆਂ ਦੇ ਬਰੀ ਹੋਣ 'ਤੇ ਅਦਾਲਤੀ ਫੈਸਲਿਆਂ ਦੀ ਪੂਰੀ ਪੜਚੋਲ ਕੀਤੀ ਜਾਵੇ ਤੇ ਜੇਕਰ ਕਿਸੇ ਮੁਲਾਜ਼ਮ ਜਾਂ ਅਧਿਕਾਰੀ ਦੀ ਅਣਗਹਿਲੀ ਕਾਰਨ ਦੋਸ਼ੀ ਬਰੀ ਹੋਇਆ ਹੋਵੇ ਤਾਂ ਅਜਿਹੇ ਮੁਲਾਜ਼ਮ ਜਾਂ ਅਧਿਕਾਰੀ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

# ਕੈਪਟਨ ਅਮਰਿੰਦਰ ਸਿੰਘ ਦਾ ਪੰਜਾਬ ਕਾਂਗਰਸ 'ਚ ਦਬਦਬਾ ਮੁੜ ਕਾਇਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਂਗਰਸ ਦੀ ਕੌਮੀ ਕਾਰਜਕਾਰਨੀ ਵਿਚ ਅਹਿਮ ਅਹੁਦਾ ਮਿਲਣ ਤੋਂ ਬਾਅਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫਿਰ ਪੰਜਾਬ ਦੀ ਸਿਆਸਤ ਵਿਚ ਦਬਦਬਾ ਬਣਾਉਣ ਸ਼ੁਰੂ ਕਰ ਦਿੱਤਾ ਹੈ। ਕੈਪਟਨ ਨਾਲ ਪੁਰਾਣੇ ਸਾਥੀ ਤੇ ਵਫ਼ਾਦਾਰ ਮੁੜ ਜੁੜਨੇ ਸ਼ੁਰੂ ਹੋ ਗਏ ਹਨ ਹਾਲਾਂਕਿ ਕੈਪਟਨ ਦੇ ਹੱਥੋਂ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਖੁੱਸਣ ਤੋਂ ਬਾਅਦ ਇਕਦਮ ਵਫ਼ਾਦਾਰੀਆਂ ਬਦਲ ਗਈਆਂ ਸਨ ਤੇ ਮੁਹਾਲੀ ਅਦਾਲਤ ਵਿਚ ਪੇਸ਼ੀਆਂ ਦੌਰਾਨ ਬੜੀ ਮੁਸ਼ਕਲ ਨਾਲ ਚੰਦ ਕੁ ਕਾਂਗਰਸੀ ਆਗੂ ਤੇ ਵਰਕਰ ਹੀ ਪੁੱਜਦੇ ਸਨ ਪਰ ਹੁਣ ਫਿਰ ਤੋਂ ਕੈਪਟਨ ਦੀ ਆਮਦ 'ਤੇ ਕਾਂਗਰਸੀਆਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਕਾਂਗਰਸ ਲੀਡਰਸ਼ਿਪ ਵਿਚ ਕੋਈ ਮਤਭੇਦ ਜਾਂ ਫੁੱਟ ਨਹੀਂ ਤੇ ਸਾਰੇ ਕਾਂਗਰਸੀ ਇਕ ਮੰਚ 'ਤੇ ਪੂਰੀ ਤਰ੍ਹਾਂ ਇਕਜੁੱਟ ਹਨ। ਇਥੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਮਾਮਲੇ ਵਿਚ ਪੇਸ਼ੀ ਭੁਗਤਣ ਆਏ ਕੈਪਟਨ ਨੇ ਕਿਹਾ ਕਿ ਜਦੋਂ ਕੋਈ ਨਵਾਂ ਪ੍ਰਧਾਨ ਬਣਦਾ ਹੈ ਤਾਂ ਉਸ ਨੂੰ ਸੈੱਟ ਹੋਣ ਵਿਚ ਥੋੜ੍ਹਾ ਸਮਾਂ ਜ਼ਰੂਰ ਲੱਗਦਾ ਹੈ।

ਪੰਜਾਬ ਕਾਂਗਰਸ ਦੇ ਗਠਨ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਦੇ ਵਫ਼ਾਦਾਰ ਵਰਕਰਾਂ ਤੇ ਸਰਗਰਮ ਆਗੂਆਂ ਦੀਆਂ ਸੂਚੀਆਂ ਤਿਆਰ ਹੋ ਰਹੀਆਂ ਹਨ ਤੇ ਹਾਈ ਕਮਾਂਡ ਦੀ ਪ੍ਰਵਾਨਗੀ ਮਿਲਦੇ ਹੀ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਹੁਦੇਦਾਰਾਂ ਦਾ ਐਲਾਨ ਕਰ ਦੇਣਗੇ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਸ੍ਰੀਮਤੀ ਸੋਨੀਆਂ ਗਾਂਧੀ ਨੂੰ ਪੱਤਰ ਲਿਖਣ ਦਾ ਕੂੜ ਪ੍ਰਚਾਰ ਵੀ ਸ਼ਰਾਰਤੀ ਅਨਸਰਾਂ ਦੀ ਸਾਜ਼ਿਸ਼ ਸੀ। ਕੈਪਟਨ ਨੇ ਕਿਹਾ ਕਿ ਪਿਛਲੇ ਛੇ ਸਾਲਾਂ ਵਿਚ ਸੱਤਾਧਾਰੀ ਗੱਠਜੋੜ ਨੇ ਧੱਕੇਸ਼ਾਹੀਆਂ ਦੀਆਂ ਸਾਰੀਆਂ ਹੱਦਾਂ ਪਾਰ ਦਿੱਤੀਆਂ ਹਨ। ਸਰਕਾਰ ਨੇ ਲੋਕਾਂ ਨੂੰ ਡਰਾ-ਧਮਕਾ ਕੇ ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਤੋਂ ਬਾਅਦ ਪੰਚਾਇਤੀ ਚੋਣਾਂ ਜਿੱਤੀਆਂ ਹਨ ਪਰ ਹੁਕਮਰਾਨਾਂ ਵੱਲੋਂ ਇਸ ਨੂੰ ਅਕਾਲੀ ਦਲ ਦੇ ਹੱਕ ਵਿਚ ਲੋਕਾਂ ਦਾ ਫਤਵਾ ਕਹਿਣਾ ਬਿਲਕੁਲ ਗ਼ਲਤ ਹੈ।



ਉਨ੍ਹਾਂ ਕਿਹਾ ਕਿ ਪਹਿਲਾਂ ਸੱਤਾਧਾਰੀ ਦਲ ਇਹ ਕਹਿੰਦਾ ਸੀ ਕਿ ਕਾਂਗਰਸੀਆਂ ਨੂੰ ਝੂਠੀਆਂ ਸ਼ਿਕਾਇਤਾਂ ਕਰਨ 'ਤੇ ਰੌਲਾ ਪਾਉਣ ਦੀ ਆਦਤ ਹੈ ਪਰ ਹੁਣ ਤਾਂ ਅਕਾਲੀ ਖੁਦ ਹੀ ਖੂਨੀ ਸੰਘਰਸ਼ 'ਤੇ ਉਤਾਰੂ ਹੋ ਗਏ ਹਨ ਤੇ ਖੁਦ ਹੀ ਇਕ ਦੂਜੇ ਨੂੰ ਗੋਲੀਆਂ ਮਾਰ ਰਹੇ ਹਨ। ਆਗਾਮੀ ਲੋਕ ਸਭਾ ਚੋਣਾਂ ਬਾਰੇ ਪੁੱਛੇ ਕੈਪਟਨ ਨੇ ਕਿਹਾ ਕਿ ਇਸ ਬਾਰੇ ਦੋ ਅਹਿਮ ਪੱਖਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਕ ਤਾਂ ਨੈਸ਼ਨਲ ਕਾਂਗਰਸ ਵੱਲੋਂ ਕੌਮੀ ਨੀਤੀ ਤੇ ਚੋਣ ਮੈਨੀਫੈਸਟੋ ਤਿਆਰ ਕੀਤਾ ਜਾ ਰਿਹਾ ਹੈ, ਦੂਜਾ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਵੀ ਆਪਣੇ ਪੱਧਰ 'ਤੇ ਚੋਣਾਂ ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਸਖ਼ਤ ਟੱਕਰ ਦੇਣ ਲਈ ਰਣਨੀਤੀ ਘੜੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਚੋਣਾਂ ਵਿਚ ਅਕਾਲੀਆਂ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਜਾਣਗੇ।

## ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁਹਾਲੀ ਅਦਾਲਤ ਨੇ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਬੀਤੀ ਚਾਰ ਜੁਲਾਈ ਨੂੰ ਆਪਣੇ ਵਕੀਲਾਂ ਰਾਹੀਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਪਰਮਿੰਦਰਪਾਲ ਸਿੰਘ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਵਿਦੇਸ਼ ਜਾਣ ਦੀ ਆਗਿਆ ਮੰਗੀ ਸੀ। ਇਸ ਅਰਜ਼ੀ ਬਾਰੇ ਵਿਜੀਲੈਂਸ ਨੇ ਆਖਿਆ ਕਿ ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ ਦੇਣ ਬਾਰੇ ਕੋਈ ਇਤਰਾਜ਼ ਨਹੀਂ ਹੈ। ਇਸ ਤਰ੍ਹਾਂ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ ਦਿੰਦੇ ਹੋਏ ਉਨ੍ਹਾਂ ਦਾ ਜ਼ਬਤ ਕੀਤਾ ਪਾਸਪੋਰਟ ਵੀ ਜਾਰੀ ਕਰ ਦਿੱਤਾ।

# ਪ੍ਰਤਾਪ ਸਿੰਘ ਬਾਜਵਾ ਵੱਲੋਂ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਕਾਰਜਕਾਰਨੀ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨੇੜਲਿਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ਪੰਜਾਬ ਇਕਾਈ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪਾਰਟੀ ਹਾਈ ਕਮਾਨ ਨੂੰ ਨਵੀਂ ਕਾਰਜਕਾਰਨੀ ਦੀ ਜਿਹੜੀ ਸੂਚੀ ਭੇਜੀ ਹੈ, ਉਸ ਵਿਚ ਕੈਪਟਨ ਦੇ ਨੇੜਲਿਆਂ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦਾ ਜਵਾਈ ਵਿਕਰਮ ਬਾਜਵਾ ਵੀ ਸ਼ਾਮਲ ਹੈ।

ਸ. ਬਾਜਵਾ ਸਾਰੇ ਧੜਿਆਂ ਨੂੰ ਨਾਲ ਲੈ ਕੇ ਚੱਲਣ ਦੇ ਚਾਹਵਾਨ ਹਨ। ਉਨ੍ਹਾਂ ਯਕੀਨ ਵੀ ਦਿਵਾਇਆ ਹੈ ਕਿ ਹੁਣ ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕਾਂ ਨੂੰ ਕੋਈ ਸ਼ਿਕਾਇਤ ਨਹੀਂ ਰਹੇਗੀ। ਉਂਜ, ਇਹ ਅਜੇ ਸਪਸ਼ਟ ਨਹੀਂ ਹੋਇਆ ਕਿ ਰਾਣਾ ਗੁਰਮੀਤ ਸਿੰਘ ਸੋਢੀ, ਕੇਵਲ ਢਿੱਲੋਂ ਤੇ ਰਾਣਾ ਕੇ.ਪੀ. ਨੂੰ ਨਵੀਂ ਕਾਰਜਕਾਰਨੀ ਵਿਚ ਉਪ ਪ੍ਰਧਾਨ ਬਣਾਇਆ ਜਾ ਰਿਹਾ ਹੈ ਜਾਂ ਨਹੀਂ। ਉਂਜ, ਚਾਰ ਉਪ ਪ੍ਰਧਾਨ ਤਾਂ ਪਹਿਲਾਂ ਹੀ ਨਿਯੁਕਤ ਕੀਤੇ ਜਾ ਚੁੱਕੇ ਹਨ ਤੇ ਇਨ੍ਹਾਂ ਨੂੰ ਵੱਖ-ਵੱਖ ਜ਼ੋਨ ਸੌਂਪ ਦਿੱਤੇ ਗਏ ਹਨ। ਇਸ ਲਈ ਫਿਲਹਾਲ ਹੋਰ ਉਪ ਪ੍ਰਧਾਨ ਬਣਾਉਣੇ ਮੁਸ਼ਕਲ ਹਨ।

ਕੈਪਟਨ ਅਮਰਿੰਦਰ ਸਿੰਘ ਦੇ ਕੱਟੜ ਸਮਰਥਕ ਚੌਧਰੀ ਜਗਜੀਤ ਸਿੰਘ ਜੋ ਦੋਆਬਾ ਖ਼ਿੱਤੇ ਦੇ ਦਲਿਤ ਲੀਡਰ ਹਨ, ਨੂੰ ਕਾਰਜਕਾਰਨੀ ਵਿਚ ਲੈਣ ਦਾ ਚਾਂਸ ਘੱਟ ਹੈ ਕਿਉਂਕਿ ਪਹਿਲਾਂ ਨਿਯੁਕਤ ਉਪ ਪ੍ਰਧਾਨਾਂ ਵਿਚੋਂ ਇਕ ਨੇ ਉਨ੍ਹਾਂ ਦਾ ਤਿੱਖਾ ਵਿਰੋਧ ਕੀਤਾ ਹੈ। ਚੇਤੇ ਰਹੇ ਕਿ ਦਲਿਤ



ਆਗੂ ਤਰਲੋਚਨ ਸਿੰਘ ਸੂੰਦ ਨੂੰ ਪਹਿਲਾਂ ਹੀ ਉਪ ਪ੍ਰਧਾਨ ਥਾਪਿਆ ਜਾ ਚੁੱਕਾ ਹੈ ਤੇ ਉਹ ਦੋਆਬਾ ਖੇਤਰ ਵਿਚੋਂ ਹੀ ਹਨ।

ਪਾਰਟੀ ਸੂਤਰਾਂ ਮੁਤਾਬਕ ਸ. ਬਾਜਵਾ ਨੇ ਰਾਣਾ ਗੁਰਜੀਤ ਸਿੰਘ ਦਾ ਨਾਂ ਨਵੀਂ ਕਾਰਜਕਾਰਨੀ ਲਈ ਭੇਜਿਆ ਹੈ ਤੇ ਉਨ੍ਹਾਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਧੜਿਆਂ ਵਿਚਕਾਰ ਸੰਤੁਲਨ ਕਾਇਮ ਰੱਖਣ ਲਈ ਸ. ਬਾਜਵਾ ਨੇ ਬੀਬੀ ਭੱਠਲ ਦੇ ਜਵਾਈ ਵਿਕਰਮ ਬਾਜਵਾ ਦਾ ਨਾਂ ਜਨਰਲ ਸਕੱਤਰ ਦੇ ਅਹੁਦੇ ਲਈ ਸਿਫਾਰਸ਼ ਕੀਤਾ ਹੈ। ਵਿਕਰਮ ਬਾਜਵਾ ਪਹਿਲੀ ਕਾਰਜਕਾਰਨੀ ਵਿਚ ਵੀ ਇਸੇ ਅਹੁਦੇ ਉਤੇ ਸਨ।

ਅਮਲੋਹ ਤੋਂ ਵਿਧਾਇਕ ਰਣਦੀਪ ਸਿੰਘ ਦਾ ਨਾਂ ਵੀ ਇਸੇ ਅਹੁਦੇ ਲਈ ਤਜਵੀਜ਼ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸ. ਬਾਜਵਾ ਨੇ ਪੁਰਾਣੇ ਉਪ ਪ੍ਰਧਾਨਾਂ ਨੂੰ ਜਨਰਲ ਸਕੱਤਰ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਉਨ੍ਹਾਂ 40 ਮੈਂਬਰੀ ਕਾਰਜਕਾਰਨੀ ਦੀ ਸੂਚੀ ਭੇਜੀ ਹੈ ਜਿਨ੍ਹਾਂ ਵਿਚ 10 ਜਨਰਲ ਸਕੱਤਰ ਤੇ 20 ਸਕੱਤਰ ਹੋਣਗੇ। ਪਹਿਲਾਂ ਵਾਲੀ ਸੂਚੀ ਵਿਚ 11 ਉਪ ਪ੍ਰਧਾਨ, ਨੌਂ ਜਨਰਲ ਸਕੱਤਰ, ਸੱਤ ਸਕੱਤਰ, ਇਕ ਖਜ਼ਾਨਚੀ ਤੇ 33 ਕਾਰਜਕਾਰਨੀ ਮੈਂਬਰ ਸਨ। ਜ਼ਿਲ੍ਹਾ ਪ੍ਰਧਾਨ ਪਹਿਲਾਂ ਵਾਲੇ ਹੀ ਰਹਿਣਗੇ। ਸਮਰਾਲਾ ਦੇ ਵਿਧਾਇਕ ਅਮਰੀਕ ਸਿੰਘ ਢਿੱਲੋਂ ਦਾ ਪੁੱਤਰ ਕਮਲਜੀਤ ਢਿੱਲੋਂ ਪਹਿਲਾਂ ਵਾਂਗ ਖਜ਼ਾਨਚੀ ਰਹੇਗਾ। ਸ. ਬਾਜਵਾ ਨੇ ਦੱਸਿਆ ਕਿ ਸੂਚੀ ਹਾਈ ਕਮਾਨ ਨੂੰ ਭੇਜੀ ਜਾ ਚੁੱਕੀ ਹੈ। ਅਹੁਦੇਦਾਰੀਆਂ ਬਾਰੇ ਐਲਾਨ ਛੇਤੀ ਹੀ ਹੋ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕਿਸੇ ਧੜੇ ਦੀ ਪੈਰਵੀ ਨਹੀਂ ਕੀਤੀ।

# ਸਾਬਕਾ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਕਸੂਤਾ ਘਿਰਿਆ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਾਬਕਾ ਮੁਖੀ ਪਰਮਦੀਪ ਸਿੰਘ ਗਿੱਲ ਸੰਕਟ ਵਿਚ ਘਿਰ ਗਏ ਹਨ। ਵੀ.ਆਈ.ਪੀਜ਼ ਵੱਲੋਂ ਚੰਡੀਗੜ੍ਹ ਦੇ ਆਲੇ-ਦੁਆਲੇ ਹੜੱਪੀ ਜ਼ਮੀਨ ਵਾਲੇ ਮਾਮਲੇ ਬਾਰੇ ਜਸਟਿਸ ਕੁਲਦੀਪ ਸਿੰਘ ਪੈਨਲ ਨੇ ਕਿਹਾ ਹੈ ਕਿ ਪਰਮਦੀਪ ਸਿੰਘ ਗਿੱਲ ਨੇ ਜ਼ਮੀਨ ਦਾ ਵੱਡਾ ਹਿੱਸਾ ਗ਼ੈਰਕਾਨੂੰਨੀ ਤੇ ਗ਼ਲਤ ਢੰਗ ਨਾਲ ਹੜੱਪ ਲਿਆ ਹੈ।

ਪੈਨਲ ਨੇ ਜੇਟੀਐਲ ਐਜੂਕੇਸ਼ਨ ਫਾਊਂਡੇਸ਼ਨ ਨੂੰ 33 ਸਾਲ ਲਈ ਜ਼ਮੀਨ ਲੀਜ਼ ਉਤੇ ਦੇਣ ਦੇ ਮਾਮਲੇ ਵਿਚ ਫਰਜ਼ੀ ਦਸਤਾਵੇਜ਼ ਲਾਉਣ ਦੀ ਗੱਲ

**ਜ਼ਮੀਨ ਹੜੱਪਣ ਦਾ ਮਾਮਲਾ**

ਵੀ ਆਖੀ ਹੈ। ਇਹ ਫਾਊਂਡੇਸ਼ਨ ਸਾਬਕਾ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਦੇ ਰਿਸ਼ਤੇਦਾਰਾਂ ਵੱਲੋਂ ਚਲਾਈ ਜਾ ਰਹੀ ਹੈ। ਪੈਨਲ ਦੀ ਇਸ ਰਿਪੋਰਟ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਕਸੂਤੀ ਹਾਲਤ ਵਿਚ ਫਸਾ ਦਿੱਤਾ ਹੈ ਕਿਉਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਚੋਣਾਂ ਦੌਰਾਨ ਪਰਮਦੀਪ ਸਿੰਘ ਗਿੱਲ ਨੂੰ ਮੋਗਾ ਤੋਂ ਪਾਰਟੀ ਟਿਕਟ ਦਿੱਤੀ ਸੀ ਪਰ ਗਿੱਲ ਇਹ ਚੋਣ ਹਾਰ ਗਏ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਮ੍ਹਾਂ ਕਰਵਾਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਖਰੜ ਸਬ-ਡਿਵੀਜ਼ਨ ਦੇ ਪਿੰਡ ਸੈਣੀ ਮਾਜਰਾ ਵਿਚ ਜ਼ਮੀਨ ਸਾਬਕਾ ਡੀਜੀਪੀ ਪਰਮਦੀਪ ਸਿੰਘ ਗਿੱਲ ਦੀ ਹੈ ਜੋ ਸੈਕਟਰ-16 ਦੇ ਮਕਾਨ ਨੰਬਰ 500 ਦੇ ਵਸਨੀਕ ਹਨ। ਪੈਨਲ ਅਨੁਸਾਰ ਪਰਮਦੀਪ ਸਿੰਘ ਗਿੱਲ ਨੇ 1199 ਕਨਾਲ ਤੇ ਇਕ ਮਰਲਾ ਜ਼ਮੀਨ ਨੂੰ ਸ਼ਾਮਲਾਤ ਹਸਬ ਰਸਾਲ ਜ਼ਰ ਖੇਵਟ ਸੀ, ਗ਼ੈਰਕਾਨੂੰਨੀ ਤੇ ਗ਼ਲਤ ਢੰਗ ਨਾਲ ਹਥਿਆ ਲਈ। ਪੈਨਲ ਮੁਤਾਬਕ ਨਾਇਬ ਤਹਿਸੀਲਦਾਰ ਨੇ 27 ਜਨਵਰੀ, 2012 ਨੂੰ ਫ਼ੈਸਲਾ ਸੁਣਾਇਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਉਨ੍ਹਾਂ ਦੇ ਨਾਂ ਜੋ ਗਿਰਦਾਵਰੀ ਹੋਈ ਹੈ, ਉਹ ਨਿਰੋਲ ਗ਼ੈਰਕਾਨੂੰਨੀ ਸੀ। ਪਿੰਡ ਸਨੌਲੀ ਦੀ ਸ਼ਾਮਲਾਤ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ 2010-11 ਦੀ ਜਮ੍ਹਾਂਬੰਦੀ ਦੱਸਦੀ ਹੈ ਕਿ ਜੇਟੀਐਲ ਐਜੂਕੇਸ਼ਨਲ ਫਾਊਂਡੇਸ਼ਨ ਨੂੰ 102 ਬਿੱਘਾ ਤੇ 18 ਬਿਸਵੇ ਜ਼ਮੀਨ 33 ਸਾਲ ਲਈ ਲੀਜ਼ 'ਤੇ ਦਿੱਤੀ ਗਈ।

## ਰਵੀ ਸਿੱਧੂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ 'ਚ ਛੇ ਸਾਲ ਕੈਦ

**ਰੂਪਨਗਰ:** ਰੂਪਨਗਰ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਤੇ ਦਰਜ ਹੋਏ ਰਿਸ਼ਵਤਖੋਰੀ ਦੇ ਇਕ ਮਾਮਲੇ ਵਿਚ ਦੋ ਧਾਰਾਵਾਂ ਤਹਿਤ ਛੇ ਸਾਲ ਤੇ ਚਾਰ ਸਾਲ ਦੀ ਕੈਦ ਤੇ ਇਕ ਲੱਖ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਣ ਵੇਲੇ ਰਵੀ ਸਿੱਧੂ ਨਾਲ ਉਨ੍ਹਾਂ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਮੌਜੂਦ ਨਹੀਂ ਸੀ। ਉਹ ਖੁਦ ਹੀ ਕਾਰ ਚਲਾ ਕੇ ਆਏ ਤੇ ਚਾਬੀਆਂ, ਨਕਦੀ ਤੇ ਮੋਬਾਈਲ ਵਕੀਲ ਨੂੰ ਫੜਾ ਕੇ ਪੁਲਿਸ ਮੁਲਾਜ਼ਮਾਂ ਨਾਲ ਜੇਲ੍ਹ ਲਈ ਰਵਾਨਾ ਹੋ ਗਏ।

ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਦੀ ਵਿਸ਼ੇਸ਼ ਅਦਾਲਤ ਵੱਲੋਂ ਸੁਣਾਏ ਗਏ ਫੈਸਲੇ ਦਾ ਮੁਕੱਦਮਾ ਵਿਜੀਲੈਂਸ ਬਿਊਰੋ ਥਾਣਾ ਫੇਜ਼-1 ਮੁਹਾਲੀ ਵਿਚ 25 ਮਾਰਚ, 2002 ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 13 (2) 88 ਤਹਿਤ ਪੰਜਾਬ ਸਿਵਲ ਸੇਵਾਵਾਂ ਦੀ ਪ੍ਰੀਖਿਆ ਪਿਛੋਂ ਉਸ ਸਮੇਂ ਦੇ ਐਕਸਾਈਜ਼ ਇੰਸਪੈਕਟਰ ਭੂਪਜੀਤ ਸਿੰਘ ਪੁੱਤਰ ਬੀਰਬਲਵਿੰਦਰ ਸਿੰਘ ਨਿਵਾਸੀ 1073 ਸੈਕਟਰ 39 ਚੰਡੀਗੜ੍ਹ ਦੇ ਨਾਂ ਦੀ ਸਿਫਾਰਸ਼ ਕਰਨ ਲਈ ਪੰਜ ਲੱਖ ਰੁਪਏ ਰਿਸ਼ਵਤ ਲੈਣ ਉਪਰੰਤ ਦਰਜ ਹੋਇਆ ਸੀ ਜਦੋਂਕਿ ਕੁਲ ਸੌਦਾ 35 ਲੱਖ ਰੁਪਏ ਵਿਚ ਤੈਅ ਹੋਇਆ ਸੀ। ਸਜ਼ਾ ਸੁਣਾਏ ਜਾਣ ਮਗਰੋਂ ਰਵੀ ਸਿੱਧੂ ਅਦਾਲਤ ਵਿਚ ਮਾਯੂਸ ਸਨ ਪਰ ਉਨ੍ਹਾਂ ਨੇ ਨਾ ਕੋਈ ਪਛਤਾਵਾ ਜ਼ਾਹਿਰ ਕੀਤਾ ਤੇ ਨਾ ਹੀ ਕੋਈ ਟਿੱਪਣੀ ਕੀਤੀ। ਰਵੀ ਸਿੱਧੂ ਅਦਾਲਤ ਵਿਚ ਮੋਬਾਈਲ ਰਾਹੀਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਜਲਦੀ ਪਹੁੰਚਣ ਲਈ ਆਖਦੇ ਰਹੇ ਪਰ ਪੰਜ ਵਜੇ ਤੋਂ ਬਾਅਦ ਜੱਜ ਦੇ ਰੀਡਰ ਨੇ ਪੁਲਿਸ ਨੂੰ ਸਖ਼ਤ ਸ਼ਬਦਾਂ ਵਿਚ ਅਦਾਲਤ ਵਿਚੋਂ ਬਾਹਰ ਜਾਣ ਦੀ ਹਦਾਇਤ ਕੀਤੀ ਜਿਸ ਮਗਰੋਂ ਰਵੀ ਸਿੱਧੂ ਪੁਲਿਸ ਮੁਲਾਜ਼ਮਾਂ ਦੇ ਘੇਰੇ ਵਿਚ ਮੀਡੀਆ ਤੋਂ ਬਚਣ ਲਈ ਉਥੋਂ ਦੌੜ ਪਿਆ।

# ਨਵਜੋਤ ਸਿੱਧੂ ਦੀ 'ਖਾਮੋਸ਼ੀ' ਬਣੀ ਭਾਜਪਾ ਲਈ ਸਿਰਦਰਦੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਨਵਜੋਤ ਸਿੰਘ ਸਿੱਧੂ ਦੇ ਖਾਮੋਸ਼ੀ ਅੱਗੇ ਪਾਰਟੀ ਦੇ ਸੂਬਾਈ ਆਗੂ ਬੇਵੱਸ ਦਿਖਾਈ ਦੇ ਰਹੇ ਹਨ। ਅੰਮ੍ਰਿਤਸਰ ਤੋਂ ਪਾਰਲੀਮੈਂਟ ਦੇ ਮੈਂਬਰ ਵਜੋਂ ਤੀਜੀ ਪਾਰੀ ਖੇਡ ਰਹੇ ਇਸ ਸਿਆਸੀ ਖਿਡਾਰੀ ਨੇ ਆਪਣੇ ਰਾਜਸੀ ਭਵਿੱਖ ਬਾਰੇ ਇਕ ਸ਼ਬਦ ਵੀ ਨਹੀਂ ਬੋਲਿਆ ਪਰ ਉਨ੍ਹਾਂ ਦੀ ਵਿਧਾਇਕ ਪਤਨੀ ਨੇ ਆਪਣੇ ਪਤੀ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਬਾਰੇ ਫੈਸਲਾ ਲਏ ਜਾਣ ਦਾ ਖੁਲਾਸਾ ਕਰ ਦਿੱਤਾ ਹੈ।



ਡਾ. ਨਵਜੋਤ ਕੌਰ ਸਿੱਧੂ ਕਈ ਵਾਰ ਆਖ ਚੁੱਕੇ ਹਨ ਕਿ 2014 ਦੀਆਂ ਚੋਣਾਂ ਦੌਰਾਨ ਉਨ੍ਹਾਂ ਦੇ ਪਤੀ ਉਮੀਦਵਾਰ ਨਹੀਂ ਹੋਣਗੇ ਜਦੋਂਕਿ ਭਾਜਪਾ ਦੀ ਸੂਬਾਈ ਲੀਡਰਸ਼ਿਪ ਅਜੇ ਵੀ ਨਵਜੋਤ ਸਿੱਧੂ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਉਮੀਦਵਾਰ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਸ. ਸਿੱਧੂ ਦੀ ਨਾਂਹ ਨੁੱਕਰ ਤੋਂ ਬਾਅਦ ਪਾਰਟੀ ਨੇ ਸੀਨੀਅਰ ਭਾਜਪਾ ਆਗੂ ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਉਮੀਦਵਾਰ ਬਣਾਉਣ ਦਾ ਮਨ ਬਣਾਇਆ ਸੀ ਪਰ ਸ੍ਰੀ ਜੇਤਲੀ ਅਜੇ ਤੱਕ ਖੁੱਲ੍ਹੀ ਮੈਦਾਨੀ ਸਿਆਸੀ ਲੜਾਈ ਲਈ ਮਨ ਨਹੀਂ ਬਣਾ ਸਕੇ। ਭਾਜਪਾ ਆਗੂਆਂ ਦਾ ਖੁਦ ਮੰਨਣਾ ਹੈ ਕਿ ਸ. ਸਿੱਧੂ ਪਿਛਲੇ ਤਕਰੀਬਨ ਦੋ ਸਾਲਾਂ ਤੋਂ ਆਪਣੇ ਨਿੱਜੀ ਤੇ ਪੇਸ਼ੇਵਰ ਕੰਮਾਂ ਵਿਚ ਰੁਝੇ ਹੋਏ ਹਨ ਜਿਸ ਕਰਕੇ ਸਿਆਸੀ ਹਲਕਿਆਂ ਵਿਚ ਨਜ਼ਰ ਨਹੀਂ ਆ ਰਹੇ। ਰੋਚਕ ਤੱਥ ਇਹ ਵੀ ਹੈ ਕਿ ਉਨ੍ਹਾਂ ਅਜੇ ਤੱਕ ਪਾਰਟੀ ਨਾਲ ਆਪਣੀ ਨਾਰਾਜ਼ਗੀ ਦਾ ਮੀਡੀਆ ਵਿਚ ਖੁੱਲ੍ਹ ਕੇ ਕੋਈ ਖੁਲਾਸਾ ਨਹੀਂ ਕੀਤਾ। ਭਾਜਪਾ ਦਾ ਇਹ ਸੰਸਦ ਮੈਂਬਰ ਗੁਜਰਾਤ ਵਿਚ ਹੋਈਆਂ ਵਿਧਾਨ ਸਭਾ ਦੀਆਂ ਆਮ ਚੋਣਾਂ ਦੌਰਾਨ ਇਕ ਵਾਰੀ ਸਿਆਸੀ ਸੀਨ 'ਤੇ ਲੋਕਾਂ ਦੇ ਸਾਹਮਣੇ ਆਏ ਸਨ ਪਰ ਉਸ ਤੋਂ ਬਾਅਦ ਇਕਦਮ ਲੋਪ ਹੀ ਹੋ ਗਏ।

ਉਨ੍ਹਾਂ ਦੇ ਦਰਸ਼ਨ ਇਨ੍ਹੀਂ ਦਿਨੀਂ ਕਲਰਜ਼ ਟੈਲੀਵਿਜ਼ਨ ਚੈਨਲ ਦੇ ਕਮੇਡੀ ਸ਼ੋਅ 'ਕਮੇਡੀ ਵਿਦ ਕਪਿਲ' ਵਿਚ ਕੀਤੇ ਜਾ ਸਕਦੇ ਹਨ। ਟੈਲੀਵਿਜ਼ਨ ਦੀਆਂ ਸਰਗਰਮੀਆਂ ਤੋਂ ਤਾਂ ਸਿਆਸੀ ਪੰਡਤਾਂ ਵੱਲੋਂ ਇਹੀ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਇਸ ਸਾਬਕਾ ਖਿਡਾਰੀ ਦਾ ਰਾਜਨੀਤੀ ਤੋਂ ਜਾਂ ਆਪਣੀ ਪਾਰਟੀ ਤੋਂ ਮੋਹ ਭੰਗ ਹੋ ਗਿਆ ਹੈ। ਪਾਰਟੀ ਹਲਕਿਆਂ ਵਿਚ ਇਹ ਵੀ ਚਰਚਾ ਚੱਲ ਰਹੀ ਹੈ ਕਿ ਸ. ਸਿੱਧੂ ਲੋਕ ਸਭਾ ਚੋਣਾਂ ਲੜਨ ਦੀ ਥਾਂ ਰਾਜ ਸਭਾ ਨੂੰ ਤਰਜੀਹ ਦੇ ਰਹੇ ਹਨ।

ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਵਿੱਚ ਵਿਧਾਇਕਾਂ ਦੀ ਗਿਣਤੀ ਮੁਤਾਬਕ ਭਾਜਪਾ ਦੇ ਹਿੱਸੇ ਮਸਾਂ ਇਕ ਸੀਟ ਹੀ ਆਉਂਦੀ ਹੈ ਜੋ ਤਿੰਨ ਸਾਲ ਬਾਅਦ ਖਾਲੀ ਹੋਣੀ ਹੈ। ਸ. ਸਿੱਧੂ ਦੇ ਮਾਮਲੇ ਨੂੰ ਲੈ ਕੇ ਭਾਜਪਾ ਦੇ ਸੂਬਾਈ ਆਗੂਆਂ ਦੀ ਹਾਲਤ ਦਿਨ ਪ੍ਰਤੀ ਦਿਨ ਪਤਲੀ ਹੁੰਦੀ ਜਾ ਰਹੀ ਹੈ। ਇਸ ਸੰਸਦ ਮੈਂਬਰ ਦਾ ਪਾਰਟੀ ਦੀਆਂ ਆਪਣੇ ਹੀ ਇਲਾਕੇ ਵਿਚ ਹੋਈਆਂ ਮਹੱਤਵਪੂਰਨ ਸਰਗਰਮੀਆਂ ਤੋਂ ਕਿਨਾਰਾ ਕਰ ਲੈਣ ਤੋਂ ਬਾਅਦ ਤਾਂ ਸੀਨੀਅਰ ਲੀਡਰਸ਼ਿਪ ਕੋਲ ਕਿਸੇ ਗੱਲ ਦਾ ਜਵਾਬ ਹੀ ਨਹੀਂ ਹੈ।

# 84: ਸੱਜਣ ਤੇ ਸੀ.ਬੀ.ਆਈ ਤਲਬ

**ਨਵੀਂ ਦਿੱਲੀ:** ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਚੁਰਾਸੀ ਕਤਲੇਆਮ ਦੇ ਇਕ ਕੇਸ ਵਿਚ ਬਰੀ ਕਰਨ ਖਿਲਾਫ਼ ਪੀੜਤ ਪਰਿਵਾਰ ਵੱਲੋਂ ਪਾਈ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਸੀ.ਬੀ.ਆਈ ਤੇ ਕਾਂਗਰਸੀ ਆਗੂ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਅਦਾਲਤ ਨੇ ਸੀ.ਬੀ.ਆਈ ਤੇ ਸੱਜਣ ਕੁਮਾਰ ਨੂੰ 27 ਅਗਸਤ ਤੱਕ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਹੈ। ਪੀੜਤਾਂ ਨੇ ਹਾਈ ਕੋਰਟ ਵਿਚ ਦਲੀਲ ਦਿੱਤੀ ਹੈ ਕਿ ਸੁਣਵਾਈ ਦੌਰਾਨ ਅਦਾਲਤ ਨੇ ਅਹਿਮ ਸਬੂਤਾਂ ਨੂੰ ਅੱਖੋਂ-ਪਰੋਖੇ ਕੀਤਾ ਜਿਸ ਕਾਰਨ ਸੱਜਣ ਕੁਮਾਰ ਬਰੀ ਹੋ ਗਿਆ।



ਇਹ ਪਟੀਸ਼ਨ ਬੀਬੀ ਜਗਦੀਸ਼ ਕੌਰ ਤੇ ਬੀਬੀ ਨਿਰਪ੍ਰੀਤ ਕੌਰ ਨੇ ਪਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਦਿੱਲੀ ਵਿਚ ਹੋਏ ਦੰਗਿਆਂ ਕਾਰਨ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਸਾਲ 30 ਅਪਰੈਲ ਨੂੰ ਸੁਣਵਾਈ ਅਦਾਲਤ ਨੇ ਕਾਂਗਰਸੀ ਆਗੂ ਨੂੰ ਬਰੀ ਕਰ ਦਿੱਤਾ ਸੀ। ਪੀੜਤਾਂ ਦੇ ਵਕੀਲ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਸੁਣਵਾਈ ਅਦਾਲਤ ਦਾ ਫੈਸਲਾ ਖਾਮੀਆਂ ਭਰਪੂਰ ਹੈ ਕਿਉਂਕਿ ਅਹਿਮ ਸਬੂਤਾਂ ਵੱਲ ਦੇਖਿਆ ਤੱਕ ਨਹੀਂ ਗਿਆ।

ਇਹ ਵੀ ਕਿਹਾ ਕਿ ਅਦਾਲਤ ਨੇ ਬੀਬੀ ਜਗਦੀਸ਼ ਕੌਰ ਤੇ ਬੀਬੀ ਨਿਰਪ੍ਰੀਤ ਕੌਰ ਦੇ ਬਿਆਨ ਨੂੰ ਅਣਸੁਣਿਆ ਕੀਤਾ ਹੈ। ਇਨ੍ਹਾਂ ਨੇ ਕਿਹਾ ਸੀ ਕਿ ਸੱਜਣ ਕੁਮਾਰ ਨੇ 2 ਨਵੰਬਰ, 1984 ਵਿਚ ਸਿੱਖਾਂ ਖਿਲਾਫ਼ ਭੜਕਾਊ ਭਾਸ਼ਨ ਦਿੱਤਾ ਸੀ ਜਿਹੜਾ ਉਨ੍ਹਾਂ ਨੇ ਖੁਦ ਸੁਣਿਆ ਸੀ। ਸੱਜਣ ਕੁਮਾਰ ਤੇ ਹੋਰਾਂ ਖਿਲਾਫ਼ 2005 ਵਿਚ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਕੇਸ ਦਰਜ ਕੀਤਾ ਗਿਆ ਸੀ। ਜਨਵਰੀ 2010 ਵਿਚ ਸੁਣਵਾਈ ਅਦਾਲਤ ਨੇ ਕਾਂਗਰਸੀ ਆਗੂ ਤੇ ਪੰਜ ਹੋਰਾਂ ਖ਼ਿਲਾਫ਼ ਧਾਰਾ 302, 395, 427, 153-ਏ, 120ਬੀ ਸਣੇ ਹੋਰ ਕਈ ਧਾਰਾਵਾਂ ਹੇਠ ਦੋਸ਼ ਆਇਦ ਕੀਤੇ ਸਨ।

## ਹਾਈ ਕੋਰਟ ਵੱਲੋਂ ਸੀ.ਬੀ.ਆਈ ਨੂੰ ਨੋਟਿਸ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਬਾਰੇ ਕੇਸ ਵਿਚ ਉਮਰ ਕੈਦ ਭੁਗਤ ਰਹੇ ਸਾਬਕਾ ਕੌਂਸਲਰ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਬਾਰੇ ਸੀ.ਬੀ.ਆਈ ਨੂੰ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਕੇਂਦਰੀ ਜਾਂਚ ਏਜੰਸੀ ਤੋਂ 27 ਅਗਸਤ ਤੱਕ ਜਵਾਬ ਮੰਗਿਆ ਹੈ। ਜ਼ਮਾਨਤ ਅਰਜ਼ੀ ਤੋਂ ਬਿਨਾਂ ਮੁਜਰਮ ਨੇ ਆਪਣੀ ਪਟੀਸ਼ਨ ਵਿਚ ਉਸ ਨੂੰ ਦੋਸ਼ੀ ਠਹਿਰਾ ਕੇ ਉਮਰ ਕੈਦ ਦੇਣ ਦੀ ਸੁਣਵਾਈ ਅਦਾਲਤ ਦੇ 30 ਅਪਰੈਲ ਦੇ ਫੈਸਲੇ ਨੂੰ ਵੀ ਚੁਣੌਤੀ ਦਿੱਤੀ ਹੈ।

## ਜਥੇਦਾਰ ਮੱਕੜ ਵਲੋਂ ਫ਼ੈਸਲੇ ਦੀ ਸ਼ਲਾਘਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਖ਼ਿਲਾਫ਼ ਸੀ.ਬੀ.ਆਈ ਜਾਂਚ ਨਾ ਰੋਕੇ ਜਾਣ ਦੇ ਦਿੱਤੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਪਿਛਲੇ 30 ਸਾਲਾਂ ਤੋਂ ਇਨਸਾਫ਼ ਦੀ ਮੰਗ ਕਰ ਰਹੇ ਸਿੱਖ ਭਾਈਚਾਰੇ ਨੂੰ ਨਿਆਂ ਦੀ ਕੁਝ ਆਸ ਬੱਝੀ ਹੈ।

# ਟਾਈਟਲਰ ਨੂੰ ਸੁਪਰੀਮ ਕੋਰਟ ਵੱਲੋਂ ਵੀ ਝਟਕਾ



**ਨਵੀਂ ਦਿੱਲੀ:** ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸੁਪਰੀਮ ਕੋਰਟ ਨੇ ਸਿੱਖ ਕਤਲੇਆਮ ਦੇ ਕੇਸ ਵਿਚ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਟਾਈਟਲਰ ਨੇ 1984 ਦੇ ਸਿੱਖ ਕਤਲੇਆਮ ਵਿਚ ਉਸ ਦੀ ਭੂਮਿਕਾ ਦੀ ਹੋਰ ਜਾਂਚ ਕਰਨ ਦੇ ਸੀ.ਬੀ.ਆਈ ਨੂੰ ਹੇਠਲੀ ਅਦਾਲਤ ਵੱਲੋਂ ਦਿੱਤੇ ਹੁਕਮਾਂ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ ਪਰ ਸੁਪਰੀਮ ਕੋਰਟ ਨੇ ਇਸ ਮੌਕੇ ਮਾਮਲੇ ਵਿਚ ਦਖਲ ਦੇਣ ਤੋਂ ਨਾਂਹ ਕਰ ਦਿੱਤੀ।

ਸੁਪਰੀਮ ਕੋਰਟ ਦੇ ਜਸਟਿਸ ਪੀ ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਹ ਮਾਮਲਾ ਪਹਿਲਾਂ ਹੀ ਦਿੱਲੀ ਹਾਈ ਕੋਰਟ ਦੇ ਜ਼ੇਰੇ ਗੌਰ ਹੈ ਜਿਥੇ ਇਸ ਉੱਤੇ 18 ਸਤੰਬਰ ਨੂੰ ਸੁਣਵਾਈ ਹੋਣੀ ਹੈ। ਇਸ ਲਈ ਅਦਾਲਤ ਨੂੰ ਇਸ ਵਿਚ ਦਖਲ ਨਹੀਂ ਦੇਣਾ ਚਾਹੀਦਾ। ਅਦਾਲਤ ਦੇ ਰੌਂਅ ਨੂੰ ਭਾਂਪਦਿਆਂ ਟਾਈਟਲਰ ਦੇ ਵਕੀਲ ਪਟੀਸ਼ਨ ਵਾਪਸ ਲੈਣ ਲਈ ਰਾਜ਼ੀ ਹੋ ਗਏ ਜਿਸ ਦੀ ਅਦਾਲਤ ਨੇ ਇਜਾਜ਼ਤ ਦੇ ਦਿੱਤੀ। ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਨੇ ਤਿੰਨ ਜੁਲਾਈ ਨੂੰ ਆਪਣੇ ਹੁਕਮਾਂ ਵਿਚ ਹੇਠਲੀ ਅਦਾਲਤ ਦੇ ਆਦੇਸ਼ਾਂ 'ਤੇ ਅੰਤਰਿਮ ਸਟੇਅ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਪਿਛੋਂ ਟਾਈਟਲਰ ਨੇ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ।

ਅਦਾਲਤ ਨੇ ਇਹ ਕਹਿੰਦਿਆਂ ਜਾਂਚ ਉਤੇ ਸਟੇਅ ਦੇਣ ਤੋਂ ਨਾਂਹ ਕਰ ਦਿੱਤੀ ਕਿ ਸਿਰਫ ਜਾਂਚ ਦਾ ਹੁਕਮ ਦਿੱਤਾ ਗਿਆ ਹੈ ਤੇ ਇਹ ਅਦਾਲਤ ਜਾਂਚ ਨੂੰ ਨਹੀਂ ਰੋਕੇਗੀ। ਟਾਈਟਲਰ ਨੇ 30 ਮਈ ਨੂੰ ਹਾਈ ਕੋਰਟ ਵਿਚ ਪਹੁੰਚ ਕਰ ਕੇ ਹੇਠਲੀ ਅਦਾਲਤ ਵੱਲੋਂ ਇਸ ਮਾਮਲੇ ਵਿਚ ਸੀ.ਬੀ.ਆਈ ਦੀ ਕਲੋਜ਼ਰ ਰਿਪੋਰਟ ਤੇ ਉਨ੍ਹਾਂ ਨੂੰ 29 ਸਾਲ ਪੁਰਾਣੇ ਇਸ ਮਾਮਲੇ ਵਿਚ ਕਲੀਨ ਚਿਟ ਦੇ ਦੇਣ ਦੀ ਕਾਰਵਾਈ ਨੂੰ ਖਾਰਜ ਕਰ ਕੇ ਮੁੜ ਤੋਂ ਜਾਂਚ ਖੋਲ੍ਹਣ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਹੇਠਲੀ ਅਦਾਲਤ ਨੇ ਜਾਂਚ ਏਜੰਸੀ ਨੂੰ ਕਿਹਾ ਸੀ ਕਿ ਉਹ ਚਸ਼ਮਦੀਦ ਗਵਾਹਾਂ ਤੇ ਕਤਲੇਆਮ ਬਾਰੇ ਜਾਣਕਾਰੀ ਰੱਖਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੇ ਬਿਆਨ ਦਰਜ ਕਰੇ।

# ਭਨਿਆਰਾਂਵਾਲਾ ਗ੍ਰੰਥ 'ਚੋਂ ਇਤਰਾਜ਼ਯੋਗ ਅੰਸ਼ ਹਟਾਉਣ ਲਈ ਤਿਆਰ

**ਚੰਡੀਗੜ੍ਹ:** ਭਨਿਆਰਾਂਵਾਲਾ ਆਪਣੇ ਗ੍ਰੰਥ 'ਭਵਸਾਗਰ' ਵਿਚੋਂ ਇਤਰਾਜ਼ਯੋਗ ਅੰਸ਼ ਹਟਾਉਣ ਲਈ ਰਾਜ਼ੀ ਹੋ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਦਿੱਤੇ ਨਿਰਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਭਨਿਆਰਾਂਵਾਲਾ ਸਾਧ ਪਿਆਰਾ ਸਿੰਘ ਦੇ ਵਿਵਾਦਿਤ ਭਵਸਾਗਰ ਗ੍ਰੰਥ ਵਿਚੋਂ ਇਤਰਾਜ਼ਯੋਗ ਹਿੱਸੇ ਕੱਢ ਦਿੱਤੇ ਜਾਣ, ਉਤੇ ਇਸ ਗ੍ਰੰਥ ਤੋਂ ਰੋਕ ਹਟਾਉਣ ਬਾਰੇ ਸਰਕਾਰ ਨੂੰ ਕੀ ਇਤਰਾਜ਼ ਹੈ।

ਅਦਾਲਤ ਨੇ ਇਸ ਕੇਸ ਦੀ ਸੁਣਵਾਈ ਕਰਦਿਆਂ ਇਸ ਦੀ ਅਗਲੀ ਤਰੀਕ 23 ਸਤੰਬਰ ਨੂੰ ਤੈਅ ਕੀਤੀ ਹੈ। ਭਨਿਆਰਾਂਵਾਲਾ ਦੇ ਵਕੀਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਪਟੀਸ਼ਨਰ ਉਕਤ ਗ੍ਰੰਥ ਵਿਚ ਪੰਜਾਬ ਸਰਕਾਰ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਚੁੱਕੇ ਗਏ ਇਤਰਾਜ਼ਾਂ ਤਹਿਤ ਉਸ ਹਿੱਸੇ ਨੂੰ ਕੱਟਣ ਲਈ ਤਿਆਰ ਹੈ ਤੇ ਇਹ ਵਿਵਾਦਿਤ ਹਿੱਸਾ ਕੱਢ ਕੇ ਉਸ ਦੇ ਗ੍ਰੰਥ ਨੂੰ ਰਿਲੀਜ਼ ਕੀਤਾ ਜਾਵੇ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਇਸ 'ਤੇ ਪੱਖ ਰੱਖਣ ਲਈ ਕਿਹਾ ਕਿ ਇਸ ਬਾਰੇ ਵਿਚਾਰ ਕਰਨ ਦਾ ਸਮਾਂ ਦਿੱਤਾ ਜਾਵੇ।

# ਸਾਕਿਆਂ ਦੌਰਾਨ ਨੁਕਸਾਨੇ ਸਰੂਪਾਂ ਦੀ ਹੋਵੇਗੀ ਸੰਭਾਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1921 ਵਿਚ ਸਾਕਾ ਨਨਕਾਣਾ ਸਾਹਿਬ ਤੇ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਸਮੇਂ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਦੀ ਸਾਂਭ ਸੰਭਾਲ ਲਈ ਮਾਹਰਾਂ ਦੀ ਮੱਦਦ ਲਈ ਜਾਵੇਗੀ। ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਮੀਟਿੰਗ ਹੋਈ ਜਿਸ ਦੌਰਾਨ ਅਕਾਲ ਤਖ਼ਤ ਸਥਿਤ ਸੁੱਖ ਆਸਨ ਵਿਖੇ ਰੱਖੇ ਇਨ੍ਹਾਂ ਸਰੂਪਾਂ ਦਾ ਮੁਆਇਨਾ ਵੀ ਕੀਤਾ ਹੈ।

ਇਸ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ 16 ਜੁਲਾਈ ਨੂੰ ਮਾਹਰਾਂ ਨੂੰ ਸੱਦਿਆ ਗਿਆ ਸੀ ਜਿਨ੍ਹਾਂ ਜ਼ਖ਼ਮੀ ਸਰੂਪਾਂ ਦੀ ਸਾਂਭ ਸੰਭਾਲ ਲਈ ਰਾਇ ਦਿੱਤੀ ਹੈ ਜਿਸ 'ਤੇ ਵਿਚਾਰ ਕਰਨ ਮਗਰੋਂ ਇਨ੍ਹਾਂ ਸਰੂਪਾਂ ਦੀ ਸਾਂਭ ਸੰਭਾਲ ਲਈ ਚਾਰਾਜੋਈ ਕੀਤੀ ਜਾਵੇਗੀ। ਦੋਵੇਂ ਸਰੂਪਾਂ ਵਿਚ ਗੋਲੀ ਲੱਗਣ ਨਾਲ ਕਈ ਅੰਗ ਪ੍ਰਭਾਵਿਤ ਹੋਏ ਸਨ। ਸਾਕਾ ਨਨਕਾਣਾ ਸਾਹਿਬ ਵਾਲੀ ਪੁਰਾਤਨ ਬੀੜ ਉਸ ਸਾਕੇ ਤੋਂ ਬਾਅਦ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਲਿਆਂਦੀ ਗਈ ਸੀ ਤੇ ਉਸ ਵੇਲੇ ਤੋਂ ਸੰਭਾਲ ਕੇ ਰੱਖੀ ਹੋਈ ਹੈ।

ਜੂਨ 1984 ਦੇ ਆਪਰੇਸ਼ਨ ਬਲੂ ਸਟਾਰ ਸਮੇਂ ਗੋਲੀ ਲੱਗਣ ਨਾਲ ਜ਼ਖ਼ਮੀ ਹੋਈ ਬੀੜ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤੀ ਹੋਈ ਸੀ। ਇਸ ਨੂੰ ਲੱਗੀ ਗੋਲੀ ਇਸ ਦੇ ਅੰਦਰ ਹੀ ਰਹਿ ਗਈ ਸੀ ਤੇ ਇਸ ਦੇ ਕਈ ਅੰਗ ਪ੍ਰਭਾਵਿਤ ਹੋਏ ਸਨ। ਇਸ ਬੀੜ ਨੂੰ ਵੀ ਸੰਭਾਲ ਕੇ ਰੱਖਿਆ ਹੋਇਆ ਸੀ।

# ਬੱਬਰਾਂ ਦੀ ਅਗਲੀ ਪੇਸ਼ੀ ਦੋ ਅਗਸਤ ਨੂੰ

**ਮੁਹਾਲੀ:** ਜ਼ਿਲ੍ਹਾ ਪੁਲਿਸ ਵੱਲੋਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕਾਰਕੁਨਾਂ ਬਲਬੀਰ ਸਿੰਘ ਭੂਤਨਾ, ਪ੍ਰਸ਼ੋਤਮ ਸਿੰਘ, ਪਿਆਰਾ ਸਿੰਘ, ਗੁਰਪ੍ਰੀਤ ਸਿੰਘ ਤੇ ਹਰਮਿੰਦਰ ਸਿੰਘ ਦਾ ਜੁਡੀਸ਼ਲ ਰਿਮਾਂਡ ਖ਼ਤਮ ਹੋਣ 'ਤੇ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ ਦੋ ਅਗਸਤ 'ਤੇ ਅੱਗੇ ਪਾ ਦਿੱਤੀ। ਇਸ ਮਾਮਲੇ ਵਿਚ ਜ਼ਮਾਨਤ 'ਤੇ ਚੱਲ ਰਹੇ ਤਿੰਨ ਮੁਲਜ਼ਮ ਦਲਜੀਤ ਸਿੰਘ, ਨਿੰਮਾ ਤੇ ਤਲਵਿੰਦਰ ਸਿੰਘ ਵੀ ਅਦਾਲਤ ਵਿਚ ਪੇਸ਼ ਹੋਏ।

ਮੁਲਜ਼ਮਾਂ ਖ਼ਿਲਾਫ਼ 19 ਮਾਰਚ, 2010 ਨੂੰ ਜ਼ੀਰਕਪੁਰ ਥਾਣੇ ਵਿਚ ਵੱਖ-ਵੱਖ ਕੇਸ ਦਰਜ ਕੀਤੇ ਗਏ ਸਨ। ਉਧਰ ਖਾੜਕੂ ਆਗੂ ਜਗਮੋਹਨ ਸਿੰਘ, ਦਰਸ਼ਨ ਸਿੰਘ ਉਰਫ਼ ਬਾਬੂ ਤੇ ਅਮਰਜੀਤ ਸਿੰਘ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਅਦਾਲਤ ਨੇ ਮੁਲਜ਼ਮਾਂ ਨੂੰ ਮੁੜ 23 ਜੁਲਾਈ ਤੱਕ ਜੁਡੀਸ਼ਲ ਰਿਮਾਂਡ 'ਤੇ ਭੇਜ ਦਿੱਤਾ।

ਮੁਲਜ਼ਮਾਂ ਖ਼ਿਲਾਫ਼ 25 ਸਤੰਬਰ, 2009 ਨੂੰ ਸੈਂਟਰਲ ਥਾਣਾ ਫੇਜ਼-8 ਵਿਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਪੁਲਿਸ ਦੇ ਪੜਤਾਲੀਆ ਅਫਸਰਾਂ ਤੇ ਸਰਕਾਰੀ ਗਵਾਹਾਂ ਦੀਆਂ ਗਵਾਹੀਆਂ ਚੱਲ ਰਹੀਆਂ ਹਨ।

# ਸੋਸ਼ਲ ਸਾਈਟਾਂ ਰਾਹੀਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ

## ਹੁਣ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ



**ਅੰਮ੍ਰਿਤਸਰ:** ਸੋਸ਼ਲ ਸਾਈਟਾਂ ਰਾਹੀਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀਆਂ ਵਾਰਦਾਤਾਂ ਨੇ ਗੰਭੀਰ ਚਰਚਾ ਛੇੜ ਦਿੱਤੀ ਹੈ। ਪਿਛਲੇ ਸਮੇਂ ਦੌਰਾਨ ਵੱਖ-ਵੱਖ ਧਰਮਾਂ ਪ੍ਰਤੀ ਅਪ ਸ਼ਬਦ ਲਿਖੇ ਜਾਣ ਕਰਕੇ ਕਾਫ਼ੀ ਵਿਵਾਦ ਛਿੜਦਾ ਰਿਹਾ ਹੈ। ਕੁਝ ਦਿਨ ਪਹਿਲਾਂ ਫੇਸਬੁੱਕ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਪਹਿਰਾਵੇ ਵਾਲੀ ਤਸਵੀਰ ਲਾਉਣ ਦਾ ਮਾਮਲਾ ਕਾਫੀ ਚਰਚਾ ਵਿਚ ਰਿਹਾ ਹੈ ਤੇ ਇਸ ਪ੍ਰਤੀ ਸਿੱਖਾਂ ਵਿਚ ਕਾਫੀ ਰੋਸ ਹੈ। ਇਸ ਤੋਂ ਹਫ਼ਤਾ ਬਾਅਦ ਹੀ ਸ੍ਰੀ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਦਾ ਮਾਮਲਾ ਸਾਹਮਣੇ ਆ ਗਿਆ ਹੈ।

ਸੋਸ਼ਲ ਸਾਈਟ ਫੇਸਬੁੱਕ ਉਪਰ ਸ੍ਰੀ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ। ਇਸੇ ਦੌਰਾਨ ਸੋਸ਼ਲ ਸਾਈਟ ਫੇਸਬੁੱਕ 'ਤੇ ਸ੍ਰੀ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਕੀਤੇ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਤੇ ਅਜਿਹੀ ਹਰਕਤ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਲਈ ਚਾਰਾਜੋਈ ਕੀਤੀ ਜਾ ਰਹੀ ਹੈ।

ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਕਾਨੂੰਨੀ ਮਾਹਰਾਂ ਦੀ ਰਾਏ ਨਾਲ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਕੁਝ ਲੋਕਾਂ ਵਲੋਂ ਅਜਿਹੀਆਂ ਕਾਰਵਾਈਆਂ ਨਾਲ ਸਿੱਖ ਭਾਵਨਾਵਾਂ ਨੂੰ ਭੜਕਾਉਣ ਤੇ ਸੂਬੇ ਦੇ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਵਿਅਕਤੀਆਂ ਖ਼ਿਲਾਫ਼ ਸਖ਼ਤ ਧਾਰਾ ਹੇਠ ਕੇਸ ਦਰਜ ਕੀਤਾ ਜਾਵੇ।

ਉਧਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਛੇੜਛਾੜ ਤੇ ਭੱਦੀ ਸ਼ਬਦਾਵਲੀ ਲਿਖੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਸਰਬਜੀਤ ਨਾਂ ਦੇ ਵਿਅਕਤੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਨਾਲ ਛੇੜਛਾੜ ਕਰਦਿਆਂ ਉਸ ਤਸਵੀਰ ਉਪਰ ਆਪਣਾ ਚਿਹਰਾ ਲਾਇਆ ਸੀ ਤੇ ਹੁਣ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਅਜਿਹੇ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ ਤਾਂ ਜੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਆਖਿਆ ਕਿ ਉਹ ਇਸ ਸਬੰਧ ਵਿਚ ਪੰਜਾਬ ਤੇ ਕੇਂਦਰ ਸਰਕਾਰ ਨਾਲ ਰਾਬਤਾ ਕਰਕੇ ਇਸ ਬਾਰੇ ਕਾਨੂੰਨ ਵਿਚ ਤਰਮੀਮ ਕਰਾਉਣ ਲਈ ਯਤਨ ਕਰੇ।

# ਪਾਕਿਸਤਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜੇ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਪੱਤਰ ਭੇਜ ਕੇ ਉਥੋਂ ਦੇ ਸ਼ੁਕਰ ਜ਼ਿਲ੍ਹੇ ਦੇ ਸ਼ਹਿਰ ਪਾਨੋਆਕਿਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾੜਨ ਵਾਲਿਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਲਿਖੇ ਪੱਤਰ ਵਿਚ ਦੱਸਿਆ ਕਿ 18 ਜੂਨ ਦੀ ਰਾਤ ਨੂੰ ਪਾਨੋਆਕਿਲ ਸ਼ਹਿਰ ਸਥਿਤ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਦਾਖ਼ਲ ਹੋ ਕੇ ਕੁਝ ਸ਼ਰਾਰਤੀ ਲੋਕਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ ਹੈ। ਇਨ੍ਹਾਂ ਲੋਕਾਂ ਨੇ ਪਾਵਨ ਸਰੂਪ ਦੇ ਪੱਤਰੇ ਪਾੜੇ ਹਨ। ਇਸ ਘਟਨਾ ਦੀ ਜਾਣਕਾਰੀ ਮਿਲਣ 'ਤੇ ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਦੀ ਕਰੜੀ ਨਿਖੇਧੀ ਕੀਤੀ ਸੀ। ਹੁਣ ਇਸ ਮਾਮਲੇ ਵਿਚ ਪਾਕਿਸਤਾਨ ਦੀ ਪੁਲਿਸ ਵੱਲੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਤੋਂ ਟਾਲ ਮਟੋਲ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਮਾਮਲੇ ਵਿਚ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਤੁਰੰਤ ਦਖ਼ਲ ਦੇ ਕੇ ਪੁਲਿਸ ਨੂੰ ਹਦਾਇਤ ਕਰੇ ਤੇ ਸ਼ਰਾਰਤੀ ਵਿਅਕਤੀਆਂ ਖ਼ਿਲਾਫ਼ ਕਾਰਵਾਈ ਹੋਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਜੁਲਾਈ 2013*

## ਧਰਮ ਅਤੇ ਧਰਮਨਿਰਪੱਖਤਾ: ਮੋਦੀ ਸਟਾਈਲ

ਹੁਣ ਕੋਈ ਸ਼ੱਕ ਨਹੀਂ ਰਿਹਾ ਕਿ ਕੱਟੜ ਹਿੰਦੂਵਾਦੀ ਜਥੇਬੰਦੀ ਆਰ.ਐਸ.ਐਸ. ਅਤੇ ਇਸ ਦੇ ਸਿਆਸੀ ਵਿੰਗ, ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਹੀ ਹਨ। ਪਹਿਲਾਂ ਜਦੋਂ ਉਸ ਨੂੰ ਪਾਰਟੀ ਦੀ ਚੋਣ ਕਮੇਟੀ ਦਾ ਮੁਖੀ ਥਾਪਿਆ ਗਿਆ ਸੀ ਤਾਂ ਮਾੜਾ ਜਿਹਾ ਓਹਲਾ ਰੱਖਿਆ ਗਿਆ ਸੀ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦੀ ਚੋਣ ਤਾਂ ਅਜੇ ਬਾਕੀ ਹੈ, ਪਰ ਜਿਸ ਤਰ੍ਹਾਂ ਮੋਦੀ ਜਲਸੇ ਕਰ ਰਿਹਾ ਹੈ ਅਤੇ ਬਿਆਨ-ਦਰ-ਬਿਆਨ ਦਾਗ ਰਿਹਾ ਹੈ, ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਆਰ.ਐਸ.ਐਸ. ਅਤੇ ਮੋਦੀ ਨੂੰ ਹੁਣ ਚਿੜੀ ਦੀ ਅੱਖ ਵਾਂਗ ਸਿਰਫ ਲੋਕ ਸਭਾ ਚੋਣਾਂ ਹੀ ਸਾਹਮਣੇ ਦਿਸ ਰਹੀਆਂ ਹਨ ਅਤੇ ਇਹ ਸਾਰਾ ਕੁਝ ਹੁਣ ਤੋਂ ਹੀ ਚੋਣਾਂ ਲਈ ਮੁੱਦੇ ਸੈਟ ਕਰਨ ਦੇ ਆਹਰੇ ਲੱਗ ਗਿਆ ਹੈ। ਆਰ.ਐਸ.ਐਸ ਨੇ ਇਸ ਸਿਲਸਿਲੇ ਵਿਚ ਐਨ ਜੂਆ ਖੇਡਣ ਦਾ ਯਤਨ ਕੀਤਾ ਹੈ। ਮੋਦੀ ਨੇ ਹੁਣ ਤੱਕ ਦਾ ਸਭ ਤੋਂ ਸਪਸ਼ਟ ਬਿਆਨ ਇਹੀ ਦਾਗਿਆ ਹੈ ਕਿ ਉਹ ਹਿੰਦੂ ਰਾਸ਼ਟਰਵਾਦੀ ਆਗੂ ਹੈ। ਦੂਜੇ ਉਸ ਨੇ ਕਾਂਗਰਸ ਦੀ ਅਖੌਤੀ ਧਰਮਨਿਰਪੱਖਤਾ ਉਤੇ ਸਿੱਧੀ ਚੋਟ ਮਾਰੀ ਹੈ। ਇਸ ਨਾਲ ਕਾਂਗਰਸੀ ਆਗੂ ਵੀ ਨੀਂਦ ਵਿਚੋਂ ਅਚਾਨਕ ਜਾਗਣ ਵਾਂਗ ਬਿਆਨ-ਦਰ-ਬਿਆਨ ਦਾਗਣ ਲੱਗ ਪਏ ਹਨ। ਦਿਨਾਂ ਵਿਚ ਹੀ ਸਿਆਸਤ ਅਤੇ ਮੀਡੀਏ ਦਾ ਪਿੜ ਭਖ ਉਠਿਆ ਹੈ।

ਮੀਡੀਏ ਦਾ ਇਕ ਤਕੜਾ ਹਿੱਸਾ ਮੋਦੀ ਲਈ ਨਰਮ ਗੋਸ਼ਾ ਰੱਖਦਾ ਹੈ। ਇਹ ਉਹੀ ਹਿੱਸਾ ਸੀ ਜਿਸ ਨੇ ਆਮ ਲੋਕਾਂ ਨੂੰ ਪਿਛਲੀਆਂ ਗੱਲਾਂ ਭੁੱਲ ਕੇ ਮੋਦੀ ਦੇ ਵਿਕਾਸ ਮਾਡਲ ਵੱਲ ਧਿਆਨ ਦੇਣ ਦਾ ਸੱਦਾ ਦਿੱਤਾ ਸੀ। ਅਸਲ ਵਿਚ ਮੀਡੀਏ ਦੇ ਇਸ ਹਿੱਸੇ ਦੇ ਹਿਤ ਕਾਰਪੋਰੇਟ ਤੇ ਧਨਾਢ ਘਰਾਣਿਆਂ ਨਾਲ ਜੁੜੇ ਹੋਏ ਹਨ ਅਤੇ ਇਹ ਘਰਾਣੇ ਅੱਜ ਦੀ ਤਾਰੀਖ ਵਿਚ ਚਾਹੁੰਦੇ ਹਨ ਕਿ ਦੇਸ਼ ਦਾ ਲੀਡਰ ਮੋਦੀ ਵਰਗਾ ਹੀ ਹੋਣਾ ਚਾਹੀਦਾ ਹੈ ਜਿਹੜਾ ਇਨ੍ਹਾਂ ਘਰਾਣਿਆਂ ਲਈ ਵਿਕਾਸ ਮਾਡਲ ਵਾਲੀਆਂ ਨਵੀਆਂ ਨੀਤੀਆਂ ਡੰਡੇ ਦੇ ਜ਼ੋਰ ਲਾਗੂ ਕਰੇ। ਉਂਜ, ਜਿਹੜੀ ਗੱਲ ਲੋਕਾਂ ਨੂੰ ਭੁਲਾਉਣ ਲਈ ਕਹੀ ਜਾ ਰਹੀ ਹੈ, ਉਹ ਲੋਕਾਂ ਨੂੰ ਇਕ ਦਿਨ ਵੀ ਭੁੱਲੀ ਨਹੀਂ ਹੈ ਅਤੇ ਉਸ ਬਾਰੇ ਮੋਦੀ ਨੇ ਵੀ ਹੁਣ ਠੋਕ-ਵਜਾ ਕੇ ਕਹਿ ਦਿੱਤਾ ਹੈ ਕਿ ਉਸ ਨੂੰ ਆਪਣੇ ਕੀਤੇ ਉਤੇ ਕੋਈ ਪਛਤਾਵਾ ਨਹੀਂ ਹੈ। ਸਭ ਨੂੰ ਚੇਤੇ ਹੋਵੇਗਾ ਕਿ ਮੋਦੀ ਨੇ 2002 ਵਿਚ ਗੁਜਰਾਤ ਦੰਗਿਆਂ ਦੌਰਾਨ ਮੁਸਲਮਾਨਾਂ ਪ੍ਰਤੀ ਉਹੀ ਨੀਤੀ ਅਪਣਾਈ ਸੀ ਜੋ ਕਾਂਗਰਸ ਨੇ 1984 ਵਿਚ ਸਿੱਖਾਂ ਪ੍ਰਤੀ ਅਖਤਿਆਰ ਕੀਤੀ ਸੀ। ਦੋਹਾਂ ਵੇਲਿਆਂ ਮੌਕੇ, ਹਿੰਦੂ ਫਿਰਕਾਪ੍ਰਸਤਾਂ ਨੂੰ ਘੱਟਗਿਣਤੀਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਸੀ। 1984 ਦੇ ਸਿੱਖ ਕਤਲੇਆਮ ਲਈ ਅਜੇ ਤੱਕ ਕਿਸੇ ਕਾਂਗਰਸੀ ਆਗੂ ਨੂੰ ਸੀਖਾਂ ਪਿੱਛੇ ਨਹੀਂ ਡੱਕਿਆ ਗਿਆ ਅਤੇ ਮੋਦੀ ਤਾਂ ਲਲਕਾਰੇ ਮਾਰ ਮਾਰ ਆਖ ਹੀ ਰਿਹਾ ਹੈ ਕਿ ਉਸ ਨੇ ਉਸ ਵਕਤ ਜੋ ਰੋਲ ਨਿਭਾਇਆ, ਉਹ ਠੀਕ ਹੀ ਸੀ।

ਜ਼ਾਹਿਰ ਹੈ ਕਿ ਮੁਸਲਮਾਨਾਂ ਦੇ ਲਹੂ ਨਾਲ ਹੱਥ ਲਬੇੜਨ ਵਾਲਾ ਨਰੇਂਦਰ ਮੋਦੀ ਧਰਮ ਦੇ ਰੱਥ ਉਤੇ ਸਵਾਰ ਹੋ ਕੇ ਸਿਆਸਤ ਦੇ ਪਿੜ ਵਿਚ ਗੇੜੇ ਦੇਣ ਲੱਗ ਪਿਆ ਹੈ। ਇਹ ਆਗੂ ਧਰਮ ਅਤੇ ਸਿਆਸਤ ਦਾ ਜਿਸ ਢੰਗ ਨਾਲ ਸੁਮੇਲ ਕਰ ਰਿਹਾ ਹੈ ਅਤੇ ਜਿਸ ਢੰਗ ਨਾਲ ਧਰਮਨਿਰਪੱਖਤਾ ਨੂੰ ਵੰਗਾਰ ਰਿਹਾ ਹੈ, ਉਸ ਤੋਂ ਇਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਉਸ ਦਾ ਸਿੱਧਾ ਨਿਸ਼ਾਨਾ ਬਹੁ-ਗਿਣਤੀ ਹਿੰਦੂ ਵੋਟਾਂ ਹੀ ਹਨ। ਇਸ ਪ੍ਰਸੰਗ ਵਿਚ ਸਭ ਤੋਂ ਕਸੂਤੀ ਹਾਲਤ ਸ਼੍ਰੋਮਣੀ ਅਕਾਲੀ ਦਲ ਦੀ ਹੈ ਜੋ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਮੁਤਾਬਕ ਸਦਾ ਹੀ ਧਰਮ ਅਤੇ ਸਿਆਸਤ ਦੇ ਸੁਮੇਲ ਦਾ ਹੋਕਾ ਦਿੰਦਾ ਰਿਹਾ ਹੈ। ਛੇਵੇਂ ਪਾਤਸ਼ਾਹ ਨੇ ਸਿਆਸਤ ਉਤੇ ਧਰਮ ਦੇ ਕੁੰਡੇ ਵਾਲੀ ਗੱਲ ਆਖੀ ਸੀ ਅਤੇ ਉਦੋਂ ਆਖੀ ਸੀ ਜਦੋਂ ਮੁਗਲ ਸ਼ਾਸਨ ਲਗਾਤਾਰ ਸਿਰ ਚੜ੍ਹਦਾ ਆ ਰਿਹਾ ਸੀ। ਪਹਿਲਾਂ 20ਵੀ ਸਦੀ ਅਤੇ ਹੁਣ 21ਵੀ ਸਦੀ ਦੇ ਦੂਜੇ ਦਹਾਕੇ ਦੌਰਾਨ ਅਕਾਲੀ ਦਲ ਵੱਲੋਂ ਧਰਮ ਅਤੇ ਸਿਆਸਤ ਦੇ ਸਿਧਾਂਤ ਦਾ ਹਾਲ ਇਹ ਬਣਾ ਦਿੱਤਾ ਗਿਆ ਕਿ ਸਿਆਸਤ ਦੇ ਪਿੜ ਵਿਚ ਪੈਰ ਬੰਨ੍ਹਣ ਲਈ ਧਰਮ ਨੂੰ ਆਧਾਰ ਬਣਾਇਆ ਗਿਆ। ਇਹ ਇਸੇ ਕੋਝੀ ਸਿਆਸਤ ਦੀ ਕੋਈ ਚੋਰ-ਮੋਰੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਮੋਦੀ ਵਰਗੇ ਆਗੂਆਂ ਦੀ ਪਿੱਠ 'ਤੇ ਆਣ ਖੜ੍ਹਾ ਹੋਇਆ ਹੈ। ਮੋਦੀ ਦੀ ਰੈਲੀ ਵਿਚ ਪੁੱਜਣ ਲਈ ਅਕਾਲੀ ਦਲ ਦਾ ਸਰਪ੍ਰਸਤ ਅਤੇ ਸੂਬੇ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣਾ ਵਿਦੇਸ਼ ਦੌਰਾ ਵਿਚੇ ਛੱਡ ਦਿੰਦਾ ਹੈ। ਇਹ ਸਾਰੀ ਗਿਣਤੀ-ਮਿਣਤੀ ਭਾਵੇਂ ਹੈ ਤਾਂ ਸਾਰੀ ਸਿਆਸੀ, ਪਰ ਇਸ ਨਾਲ ਇਕ ਤੱਥ ਤਾਂ ਚਿੱਟੇ ਦਿਨ ਵਾਂਗ ਸਾਫ ਹੋ ਗਿਆ ਹੈ ਕਿ ਬਹੁ-ਗਿਣਤੀ ਦੀ ਫਿਰਕਾਪ੍ਰਸਤੀ ਅਤੇ ਘੱਟ-ਗਿਣਤੀ ਦੀ ਫਿਰਕਾਪ੍ਰਸਤੀ ਇਕ ਮੋੜ 'ਤੇ ਆਣ ਕੇ ਇਕੱਠੀਆਂ ਹੋ ਗਈਆਂ ਹਨ, ਤੇ ਨਾਲ ਹੀ ਨਾਲ ਇਹ ਕਾਂਗਰਸ ਦੀ ਅਖੌਤੀ ਧਰਮਨਿਰਪੱਖਤਾ ਨੂੰ ਵੰਗਾਰਨ ਲੱਗ ਪਈਆਂ ਹਨ। ਇਹੀ ਉਹ ਮੋੜ ਅਤੇ ਤੱਥ ਹੈ ਜਿਥੇ ਪੁੱਜ ਕੇ 20ਵੀ ਸਦੀ ਦੇ ਅਰੰਭ ਵਿਚ ਦੇਸ਼ ਦੀ ਆਜ਼ਾਦੀ ਲਈ ਹੰਭਲਾ ਮਾਰਨ ਵਾਲੇ ਗਦਰੀਆਂ ਦਾ ਚੇਤਾ ਆਉਂਦਾ ਹੈ। ਉਨ੍ਹਾਂ ਨੇ ਬਾਕਾਇਦਾ ਆਪਣੇ ਮਤਿਆਂ ਵਿਚ ਧਰਮ ਨੂੰ ਹਰ ਇਕ ਦਾ ਨਿੱਜੀ ਮਸਲਾ ਐਲਾਨਿਆ ਸੀ ਅਤੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਮੰਚ ਉਤੇ ਇਕੱਠੇ ਕਰ ਕੇ, ਉਨ੍ਹਾਂ ਅੰਗਰੇਜ਼ ਸ਼ਾਸਕਾਂ ਖਿਲਾਫ ਹਥਿਆਰਬੰਦ ਸੰਘਰਸ਼ ਬਾਰੇ ਸੋਚਿਆ ਸੀ ਜਿਨ੍ਹਾਂ ਦੇ ਰਾਜ ਵਿਚ ਸੂਰਜ ਵੀ ਨਹੀਂ ਸੀ ਛੁਪਦਾ ਹੁੰਦਾ। ਉਹ ਆਪਣੇ ਉਸ ਗਦਰ ਨੂੰ ਭਾਵੇਂ ਸਿਰੇ ਨਹੀਂ ਸਨ ਲਾ ਸਕੇ, ਪਰ ਗਦਰੀਆਂ ਦੀ ਉਸ ਸੱਚੀ ਅਤੇ ਸੁੱਚੀ ਸੋਚ ਦਾ ਚਿਰਾਗ ਅੱਜ ਵੀ ਲਟ ਲਟ ਬਲ ਰਿਹਾ ਹੈ। ਅੱਜ ਵੀ ਲੋੜ ਗਦਰੀਆਂ ਦੇ ਬਾਲੇ ਇਸ ਚਿਰਾਗ ਵਿਚ ਤੇਲ ਪਾਉਣ ਦੀ ਹੈ ਤਾਂ ਕਿ ਨਰੇਂਦਰ ਮੋਦੀ ਵਰਗੇ ਲੀਡਰਾਂ ਦੀ ਧਰਮ ਆਧਾਰਤ ਅਖੌਤੀ ਸਿਆਸਤ ਅਤੇ ਕਾਂਗਰਸ ਦੀ ਨਕਲੀ ਧਰਮਨਿਰਪੱਖਤਾ ਵਾਲੀ ਸਿਆਸਤ ਨੂੰ ਵੰਗਾਰਿਆ ਜਾ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੌਮੀ ਗੈਰਤਾਂ ਅਲੋਪ?*

ਭ੍ਰਿਸ਼ਟਾਚਾਰੀਆਂ ਢੀਠਾਂ ਦੀ ਸੰਗ ਲੱਥੀ ਸ਼ਰਮਾਂ ਆਉਂਦੀਆਂ ਆਉਂਦੀਆਂ ਰੁਕ ਗਈਆਂ।
ਲੁੱਚੇ ਗੁੰਡਿਆਂ ਕਰੀ ਘੁਸਪੈਠ ਹਰ ਥਾਂ, ਅਣਖਾਂ ਵਾਲੀਆਂ ਅੱਖੀਆਂ ਝੁੱਕ ਗਈਆਂ।
ਵੋਟਾਂ ਆਉਣ 'ਤੇ ਨਵੇਂ ਹੀ ਪਾਉਣ ਪੰਗੇ, ਲੋਕ-ਰਾਜ ਪ੍ਰਣਾਲੀਆਂ ਠੁੱਕ ਗਈਆਂ।
ਸੁਪਨੇ ਲਏ ਸੀ ਜਿਨ੍ਹਾਂ ਤਬਦੀਲੀਆਂ ਦੇ, ਲੂਣ ਉਨ੍ਹਾਂ ਦੇ ਜ਼ਖਮਾਂ 'ਤੇ ਭੁੱਕ ਗਈਆਂ।
ਜਨਤਾ ਜਿਨ੍ਹਾਂ ਜਗਾਉਣੀ ਸੀ ਗਫਲਤਾਂ 'ਚੋਂ, ਧਿਰਾਂ ਆਪਣੇ ਫਰਜਾਂ ਤੋਂ ਉਕ ਗਈਆਂ।
ਧੋਖਾ, ਕਪਟ, ਖੁਦਗਰਜੀਆਂ ਆਮ ਹੋਈਆਂ, ਕੌਮੀ ਗੈਰਤਾਂ ਰਗਾਂ 'ਚੋਂ ਮੁੱਕ ਗਈਆਂ!

# ਕਸ਼ਮੀਰੀਆਂ ਦਾ ਸਵੈ-ਨਿਰਣੇ ਦਾ ਹੱਕ ਬਨਾਮ ਵਿਕਾਸ ਪ੍ਰਾਜੈਕਟ

ਜੂਨ ਦੇ ਆਖ਼ਰੀ ਹਫ਼ਤੇ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਮਕਬੂਜ਼ਾ ਕਸ਼ਮੀਰ ਵਿਚ 11 ਕਿਲੋਮੀਟਰ ਲੰਮੀ ਸੁਰੰਗ ਅਤੇ ਕਿਸ਼ਤਵਾੜ ਨੇੜੇ ਪਣ-ਬਿਜਲੀ ਪ੍ਰਾਜੈਕਟ ਦਾ ਮਹੂਰਤ ਕਰਦਿਆਂ ਵਿਕਾਸ ਦੇ ਉਸੇ ਤਰ੍ਹਾਂ ਦੇ ਦਮਗਜੇ ਮਾਰੇ, ਜਿਹੋ ਜਿਹੇ ਉਹ 'ਮੁੱਖਧਾਰਾ' ਭਾਰਤ ਵਿਚ ਅਕਸਰ ਦੁਹਰਾਉਂਦੇ ਹਨ। 'ਵਿਕਾਸ' ਪ੍ਰਾਜੈਕਟਾਂ ਅਤੇ 4 ਅਰਬ ਡਾਲਰ ਦੇ ਮੁੜ-ਉਸਾਰੀ ਪੈਕੇਜ ਦੇ ਵਾਅਦੇ ਨੂੰ ਪੂਰਾ ਕਰਨ ਦੀ ਮੁਹਾਰਨੀ ਉਸ ਸਰ-ਜ਼ਮੀਨ 'ਤੇ ਰਟੀ ਗਈ ਜਿਥੇ ਸਾਢੇ ਛੇ ਦਹਾਕੇ ਦੌਰਾਨ ਭਾਰਤੀ ਸਟੇਟ ਜੰਮੂ ਕਸ਼ਮੀਰ ਦੇ ਸਕੂਲੀ ਬੱਚਿਆਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਵੀ ਮੁਹੱਈਆ ਨਹੀਂ ਕਰਾ ਸਕਿਆ। ਜਿੱਥੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਅਜੇ ਵੀ 2342 ਸਕੂਲਾਂ ਦੇ ਬੱਚੇ ਪੀਣ ਵਾਲੇ ਪਾਣੀ ਦੀ ਸਹੂਲਤ ਤੋਂ ਵਾਂਝੇ ਹਨ। ਉਂਜ, ਅਖੌਤੀ ਵਿਕਾਸ ਉੱਥੇ ਕੋਈ ਮਾਇਨੇ ਵੀ ਨਹੀਂ ਰੱਖਦਾ ਜਿਥੇ ਕਿਸੇ ਭੂਗੋਲਿਕ-ਰਾਜਸੀ ਖਿੱਤੇ ਦਾ ਅਵਾਮ

**ਬੂਟਾ ਸਿੰਘ**
ਫ਼ੋਨ: 91-94634-74342

ਵਿਦੇਸ਼ੀ ਕਬਜ਼ੇ ਤੋਂ ਬੰਦ-ਖ਼ਲਾਸੀ ਲਈ ਸਵੈ-ਨਿਰਣੇ ਦੇ ਬੁਨਿਆਦੀ ਹੱਕ ਅਤੇ ਆਜ਼ਾਦੀ ਲਈ ਤਾਂਘ ਰਿਹਾ ਹੋਵੇ। ਮਨੁੱਖੀ ਇਤਿਹਾਸ 'ਚ ਬੇਸ਼ੁਮਾਰ ਮਿਸਾਲਾਂ ਸ਼ਾਹਦੀ ਭਰਦੀਆਂ ਹਨ ਕਿ ਫ਼ੌਜੀ ਤਾਕਤ ਆਜ਼ਾਦੀ ਦੀ ਰੀਝ ਨੂੰ ਸਦਾ ਲਈ ਕੁਚਲਣ 'ਚ ਕਿਤੇ ਵੀ ਸਫਲ ਨਹੀਂ ਹੋਈ ਤੇ ਕਸ਼ਮੀਰ ਨਿਸ਼ਚੇ ਹੀ ਇਸ ਲੜੀ 'ਚ ਇਕ ਹੋਰ ਮਿਸਾਲ ਹੋਵੇਗੀ।

ਕਸ਼ਮੀਰ ਘਾਟੀ ਵਿਚ ਸੁਰੰਗਾਂ ਖੋਦ ਕੇ ਸਫ਼ਰ ਦਾ ਭੂਗੋਲਿਕ ਫ਼ਾਸਲਾ ਘਟਾਉਣ ਦੇ ਪ੍ਰਸ਼ਾਸਨਿਕ ਹੀਲੇ ਕਸ਼ਮੀਰ ਤੇ ਭਾਰਤ ਦਰਮਿਆਨ ਭਾਵਨਾਮਕ ਪਾੜੇ ਨੂੰ ਪੂਰਨ ਦਾ ਸਾਧਨ ਨਹੀਂ ਬਣ ਸਕਦੇ; ਖ਼ਾਸ ਕਰ ਕੇ ਜਦੋਂ ਇਹ ਮੁੜ-ਉਸਾਰੀ ਪ੍ਰਾਜੈਕਟ ਕਸ਼ਮੀਰ ਦੇ ਸਵਾਲ ਪ੍ਰਤੀ ਉਸੇ ਗ਼ੈਰ-ਈਮਾਨਦਾਰਾਨਾ ਪਹੁੰਚ ਦੀ ਲਗਾਤਾਰਤਾ ਹਨ ਜੋ ਭਾਰਤੀ ਸਟੇਟ ਨੇ ਕਸ਼ਮੀਰ ਨੂੰ ਬੇਰਹਿਮ ਫ਼ੌਜੀ ਤਾਕਤ ਦੇ ਜ਼ੋਰ ਆਪਣਾ ਪ੍ਰਸ਼ਾਸਨਿਕ ਅੰਗ ਬਣਾਈ ਰੱਖਣ ਲਈ ਸਾਢੇ ਛੇ ਦਹਾਕਿਆਂ ਤੋਂ ਅਖ਼ਤਿਆਰ ਕੀਤੀ ਹੋਈ ਹੈ। 2002 ਤੋਂ ਹੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਥੇ ਰੇਲਵੇ ਲਾਈਨਾਂ ਦੀ ਉਸਾਰੀ ਨੂੰ 'ਕੌਮੀ ਪ੍ਰਾਜੈਕਟ' ਐਲਾਨ ਕੇ ਕਿਸ਼ਤਾਂ 'ਚ ਉਦਘਾਟਨੀ ਸਮਾਰੋਹ ਰਚਾਉਂਦਾ ਆ ਰਿਹਾ ਹੈ ਜਿਸ ਨੂੰ 2018 'ਚ ਮੁਕੰਮਲ ਕੀਤਾ ਜਾਣਾ ਹੈ। ਇਹ ਫੇਰੀਆਂ ਉਲਟਾ ਕਸ਼ਮੀਰੀ ਲੋਕਾਂ ਦੀਆਂ ਥੋਕ ਗ੍ਰਿਫ਼ਤਾਰੀਆਂ, ਜਬਰ ਅਤੇ ਉਨ੍ਹਾਂ ਦੀ ਆਮ ਜ਼ਿੰਦਗੀ 'ਚ ਖ਼ਲਲ ਤੋਂ ਬਿਨਾਂ ਕੁਝ ਨਹੀਂ, ਜਿਵੇਂ ਇਸ ਵਾਰ ਵੀ ਸਾਹਮਣੇ ਆਇਆ। ਕਸ਼ਮੀਰ ਦੇ ਸਵਾਲ ਦਾ ਭਰਵਾਂ ਸਿਆਸੀ ਹੱਲ ਪੇਸ਼ ਕਰਨ ਦੀ ਤਾਂ ਗੱਲ ਛੱਡੋ, 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਕੋਲ ਤਾਂ ਕਸ਼ਮੀਰੀਆਂ ਦੇ ਨਜ਼ਰ ਕਰਨ ਲਈ ਕੋਈ ਫੌਰੀ ਜਾਂ ਸੀਮਤ ਸਿਆਸੀ ਪੇਸ਼ਕਸ਼ ਵੀ ਨਹੀਂ। ਸਾਰੀ ਉਮਰ ਆਲਮੀ ਕਾਰਪੋਰੇਟ ਸਰਮਾਏਦਾਰੀ ਦੀ ਜੀ-ਹਜ਼ੂਰੀ ਕਰਨ ਵਾਲੀ ਅਤੇ ਜ਼ਮੀਰ-ਫ਼ਰੋਸ਼ ਇਸ ਜ਼ਹਿਨੀਅਤ ਨੂੰ ਕਦੇ ਇਹ ਅਹਿਸਾਸ ਹੋ ਹੀ ਨਹੀਂ ਸਕਦਾ ਕਿ ਰੇਲ ਗੱਡੀ ਦੇ ਝੂਟੇ ਜਾਂ ਬਿਜਲੀ ਦੇ ਲਾਟੂ ਆਜ਼ਾਦੀ ਦਾ ਬਦਲ ਨਹੀਂ ਹੋ ਸਕਦੇ।

ਭਾਰਤੀ ਹੁਕਮਰਾਨਾਂ ਦੀ ਕਸ਼ਮੀਰ ਬਾਰੇ ਪਹੁੰਚ ਐਨੀ ਘਿਣਾਉਣੀ ਹੈ ਕਿ ਯੂ.ਪੀ.ਏ. ਦਾ ਭਾਈਵਾਲ ਉਮਰ ਅਬਦੁੱਲਾ ਵੀ ਹਾਲੀਆ ਫੇਰੀ ਮੌਕੇ ਇਹ ਕਹਿਣੋਂ ਨਹੀਂ ਝਿਜਕਿਆ ਕਿ ਕਸ਼ਮੀਰ ਦੇ ਸਵਾਲ ਦਾ ਰਾਜਸੀ ਹੱਲ ਕਰਨ ਦੀ ਜ਼ਰੂਰਤ ਹੈ ਅਤੇ ਇਸ ਦਾ ਹੱਲ ਆਰਥਿਕ ਪੈਕੇਜਾਂ ਜਾਂ ਬੰਦੂਕ ਦੀ ਨੋਕ ਨਾਲ ਨਹੀਂ ਲੱਭਿਆ ਜਾ ਸਕਦਾ। ਪਾਕਿਸਤਾਨ ਹਮਾਇਤੀ ਮੰਨੇ ਜਾਂਦੇ ਚੋਟੀ ਦੇ ਹੁਰੀਅਤ ਆਗੂ ਅਲੀ ਸ਼ਾਹ ਗਿਲਾਨੀ ਨੇ ਕਿਹਾ, "ਇਹ (ਤਾਜ਼ਾ ਬੰਦ) ਕਸ਼ਮੀਰ ਉਪਰ ਜਬਰੀ ਫ਼ੌਜ ਕਬਜ਼ੇ ਦੇ ਬਰਖ਼ਿਲਾਫ਼ ਰੋਸ ਦਾ ਇਜ਼ਹਾਰ ਹੈ। ਅਸੀਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇਹ ਪੈਗ਼ਾਮ ਦੇਣਾ ਚਾਹੁੰਦੇ ਹਾਂ ਕਿ ਅਫ਼ਜ਼ਲ ਗੁਰੂ ਨੂੰ ਫਾਹੇ ਲਾ ਕੇ ਦਿੱਲੀ ਨੇ ਸਮੁੱਚੇ ਕਸ਼ਮੀਰੀਆਂ ਨੂੰ ਸਰਹੱਦੋਂ ਪਾਰ ਧੱਕ ਦਿੱਤਾ ਹੈ।" ਨਰਮ-ਖ਼ਿਆਲ ਹੁਰੀਅਤ ਆਗੂ ਮੀਰਵਾਇਜ਼ ਉਮਰ ਫਾਰੂਕ ਨੇ ਟਿੱਪਣੀ ਕੀਤੀ, "ਕਸ਼ਮੀਰ ਦਾ ਆਵਾਮ ਮੁਜਾਹਰੇ ਤੇ ਹੜਤਾਲਾਂ ਕਰਨ ਲਈ ਮਜਬੂਰ ਹੈ, ਕਿਉਂਕਿ ਭਾਰਤੀ ਆਗੂ ਕਸ਼ਮੀਰ ਨੂੰ ਰਾਜਸੀ ਤੌਰ 'ਤੇ ਮੁਖ਼ਾਤਬ ਹੋਣ ਦੀ ਥਾਂ ਇਸ ਨੂੰ ਆਰਥਿਕ ਪ੍ਰਿਜ਼ਮ ਵਿਚੋਂ ਦੇਖ ਰਹੇ ਹਨ। ਇਹ ਬੇਸਮਝ ਤੇ ਨਾਂਹਪੱਖੀ ਸਿਆਸਤ ਹੈ।"

ਇਹ ਚੇਤੇ ਰਹਿਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਦੀ ਫੇਰੀ ਉਸ ਮਾਹੌਲ ਵਿਚ ਵਿਉਂਤੀ ਗਈ ਜਦੋਂ ਵਹਿਸ਼ੀ ਫ਼ੌਜੀ ਜਬਰ, ਕਤਲੋਗਾਰਤ, ਜਬਰ ਜਨਾਹ, ਜ਼ਲਾਲਤ ਅਤੇ ਘੋਰ ਨਾ-ਉਮੀਦੀ 'ਚ ਗ੍ਰਸਤ ਪੂਰਾ ਕਸ਼ਮੀਰ ਅੰਦਰੋ-ਅੰਦਰੀ ਡੂੰਘੀ ਬੇਚੈਨੀ ਨਾਲ ਖੌਲ਼ ਰਿਹਾ ਸੀ। 2010 ਦੇ ਜ਼ਬਰਦਸਤ ਅਵਾਮੀ ਸ਼ਾਂਤਮਈ ਰੋਸ ਵਿਖਾਵਿਆਂ ਨੂੰ ਕੁਚਲ ਕੇ ਭਾਰਤੀ ਹੁਕਮਰਾਨ ਸ਼ਾਇਦ ਇਸ ਭਰਮ 'ਚ ਸਨ/ਹਨ ਕਿ ਉਨ੍ਹਾਂ ਨੇ ਸਥਾਈ 'ਅਮਨ-ਅਮਾਨ' ਕਾਇਮ ਕਰ ਲਿਆ ਹੈ; ਪਰ ਕਸ਼ਮੀਰ ਵਾਦੀ ਦੀ ਖ਼ਾਮੋਸ਼ੀ ਨੂੰ ਅਮਨ ਸਮਝਣ ਵਾਲੇ ਹੁਕਮਰਾਨਾਂ ਦਾ ਭਰਮ ਉਦੋਂ ਚਕਨਾਚੂਰ ਹੋ ਗਿਆ ਜਦੋਂ ਇਸ ਫੇਰੀ ਤੋਂ ਐਨ ਪਹਿਲਾਂ ਬੰਦ ਦੇ ਸੱਦੇ ਨੂੰ ਆਪ-ਮੁਹਾਰਾ ਭਰਵਾਂ ਹੁੰਗਾਰਾ ਮਿਲਿਆ ਅਤੇ ਦੂਜੇ ਪਾਸੇ, ਕਿਸੇ ਹਥਿਆਰਬੰਦ ਧੜੇ ਨੇ ਸ੍ਰੀਨਗਰ 'ਚ ਫ਼ੌਜੀ ਲਸ਼ਕਰ 'ਤੇ ਹਮਲਾ ਕਰ ਕੇ 8 ਜਵਾਨਾਂ ਨੂੰ ਢੇਰ ਕਰ ਦਿੱਤਾ। ਇਹ ਜੁਲਾਈ 2008 ਤੋਂ ਬਾਅਦ ਅਜਿਹਾ ਪਹਿਲਾ ਵੱਡਾ ਹਮਲਾ ਸੀ। ਇਸ ਸਮੇਂ ਭਾਵੇਂ ਜੰਮੂ-ਕਸ਼ਮੀਰ 'ਚ ਆਵਾਮ ਦੀ ਆਜ਼ਾਦੀ ਦੀ ਖ਼ਰੀ ਨੁਮਾਇੰਦਗੀ ਕਰਨ ਵਾਲੀ ਬੱਝਵੀਂ ਸਿਆਸੀ ਤਹਿਰੀਕ ਨਜ਼ਰ ਨਹੀਂ ਆ ਰਹੀ, ਪਰ ਭਾਰਤ ਦੇ ਪ੍ਰਧਾਨ ਮੰਤਰੀ ਦੀ ਫੇਰੀ ਦੇ ਵਿਰੋਧ 'ਚ ਕਸ਼ਮੀਰੀਆਂ ਦੇ ਇਹ ਰੋਹ-ਫੁਟਾਰੇ ਇਕ ਵਾਰ ਫਿਰ ਦਿੱਲੀ ਦੀਆਂ ਘਿਨਾਉਣੀਆਂ ਚਾਲਾਂ ਦਾ ਮੂੰਹ ਤੋੜ ਜਵਾਬ ਹੋ ਨਿੱਬੜੇ।

ਸਾਲਾਂ ਤੋਂ ਦਿੱਲੀ 'ਤੇ ਕਾਬਜ਼ ਸੱਤਾਧਾਰੀਆਂ ਦੀ ਦਲੀਲ ਰਹੀ ਹੈ ਕਿ ਉਹ ਤਾਂ ਮਸਲੇ ਨੂੰ ਹੱਲ ਕਰਨਾ ਚਾਹੁੰਦੇ ਹਨ, ਪਰ ਘਾਟੀ 'ਚ ਪਸਰੀ ਹਿੰਸਾ ਗੱਲਬਾਤ ਦਾ ਅਮਲ ਸ਼ੁਰੂ ਕਰਨ ਦੇ ਰਾਹ ਵਿਚ ਵੱਡਾ ਅੜਿੱਕਾ ਹੈ। ਸਿਤਮਜ਼ਰੀਫ਼ੀ ਦੀ ਹੱਦ ਦੇਖੋ, ਜਦੋਂ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਖਾੜਕੂ ਕਾਰਵਾਈਆਂ ਮੱਠੀਆਂ ਪੈ ਗਈਆਂ, ਤਾਂ ਦਿੱਲੀ ਨੇ ਕਸ਼ਮੀਰੀਆਂ ਦੇ ਸ਼ਾਂਤਮਈ ਰੋਸ ਵਿਖਾਵਿਆਂ ਨੂੰ 'ਐਜੀਟੇਸ਼ਨਲ ਦਹਿਸ਼ਤਵਾਦ' ਐਲਾਨ ਕੇ ਇਸ ਉੱਪਰ ਪੁਲਿਸ-ਫ਼ੌਜ ਦੇ ਕਟਕ ਚਾੜ੍ਹ ਦਿੱਤੇ। ਇਕੱਲੇ 2010 ਵਿਚ ਹੀ ਰੋਸ ਵਿਖਾਵੇ ਕੁਚਲਣ ਲਈ ਬੇਲਗਾਮ ਕੀਤੀ ਪੁਲਿਸ ਨੇ 127 ਕਸ਼ਮੀਰੀ ਨੌਜਵਾਨ ਕਤਲ ਕਰ ਦਿੱਤੇ। ਪਹਿਲਾਂ ਪੁਲਿਸ/ਫ਼ੌਜ ਨਾਲ ਮੁਕਾਬਲਿਆਂ 'ਚ ਕਸ਼ਮੀਰੀਆਂ ਨੂੰ ਵਸੀਹ ਪੱਧਰ 'ਤੇ ਕਤਲ ਕੀਤਾ ਗਿਆ, 2010 ਤੋਂ ਲੈ ਕੇ ਸ਼ਾਂਤਮਈ ਰੋਸ ਵਿਖਾਵੇ ਪੁਲਿਸ/ਫ਼ੌਜ ਦੀਆਂ ਗੋਲੀਆਂ ਦਾ ਮੁੱਖ ਨਿਸ਼ਾਨਾ ਬਣ ਗਏ। ਜਦੋਂ ਹਥਿਆਰਬੰਦ ਗਰੁੱਪਾਂ ਦੀਆਂ ਹਿੰਸਕ ਵਾਰਦਾਤਾਂ 'ਚ ਵੱਡੀ ਕਮੀ ਆ ਗਈ, ਫਿਰ ਵੀ ਭਾਰਤੀ ਫ਼ੌਜ ਦੀ ਮੌਜੂਦਗੀ ਅਤੇ ਇਸ ਦੇ ਅਸੀਮ ਅਧਿਕਾਰਾਂ 'ਚ ਕੋਈ ਰੱਦੋ-ਬਦਲ ਨਹੀਂ ਹੋਈ। ਦਰਅਸਲ, ਦਿੱਲੀ ਦੇ ਹੁਕਮਰਾਨਾਂ ਲਈ ਮੁੱਖ ਮਸਲਾ ਹਿੰਸਾ/ਅਹਿੰਸਾ ਨਹੀਂ, ਸਗੋਂ ਕਸ਼ਮੀਰੀਆਂ ਦੀ ਸਵੈ-ਨਿਰਣੇ ਦੀ ਰੀਝ ਨੂੰ ਕੁਚਲਣਾ ਦਾ ਹੈ। ਕਸ਼ਮੀਰੀਆਂ ਦੇ ਜਿਸ ਅਮਲ ਵਿਚੋਂ ਵੀ ਇਨ੍ਹਾਂ ਨੂੰ ਆਜ਼ਾਦੀ ਦੀ ਹੱਕ-ਜਤਾਈ, ਜਾਂ ਭਾਰਤੀ ਰਾਜ ਤੋਂ ਨਾਬਰੀ ਦੀ ਬੂ ਆਉਂਦੀ ਹੈ, ਇਨ੍ਹਾਂ ਹਰ ਉਸ ਆਵਾਜ਼ ਨੂੰ ਚੁੱਪ ਕਰਾ ਦੇਣ ਦੀ ਠਾਣ ਰੱਖੀ ਹੈ। ਫਿਰ ਬਹਾਨਿਆਂ ਦੀ ਭਲਾ ਕੀ ਕਮੀ ਹੋ ਸਕਦੀ ਹੈ?

ਇਹੀ ਵਜ੍ਹਾ ਹੈ ਕਿ ਦਿੱਲੀ ਦੇ ਹੁਕਮਰਾਨ ਕਸ਼ਮੀਰੀ ਅਵਾਮ ਦੀਆਂ ਬਿਲਕੁਲ ਸਧਾਰਨ ਮੰਗਾਂ, ਜਿਨ੍ਹਾਂ ਦੀ ਆਲਮੀ ਭਾਈਚਾਰਾ ਅਤੇ ਭਾਰਤ ਦੇ ਇਨਸਾਫ਼ਪਸੰਦ ਜਾਗਰੂਕ ਹਿੱਸੇ ਵੀ ਡਟ ਕੇ ਹਮਾਇਤ ਕਰਦੇ ਹਨ, ਨੂੰ ਵਿਚਾਰਨ ਲਈ ਵੀ ਤਿਆਰ ਨਹੀਂ ਹਨ। ਇਹ ਤਾਂ ਫ਼ੌਜ ਨੂੰ ਮਨਮਾਨੀਆਂ ਦੀ ਖੁੱਲ੍ਹ ਦੇਣ ਵਾਲਾ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਹਟਾਉਣ, ਪੁਲਿਸ-ਫ਼ੌਜ ਦੇ ਵਿਸ਼ੇਸ਼ ਅਧਿਕਾਰਾਂ ਅਤੇ ਲਾ-ਕਾਨੂੰਨੀ ਕਾਤਲ ਗਰੋਹਾਂ ਦਾ ਖ਼ਾਤਮਾ ਕਰਨ, ਵਸੀਹ ਫਰਜ਼ੀ ਪੁਲਿਸ ਮੁਕਾਬਲਿਆਂ ਅਤੇ ਅਪਛਾਤੀਆਂ ਕਬਰਾਂ ਦੀ ਜਾਂਚ ਕਰਾਉਣ, ਕਸ਼ਮੀਰੀ ਆਵਾਮ ਨੂੰ ਆਪਣੀ ਰਾਇ ਪ੍ਰਗਟਾਉਣ ਦੀ ਖੁੱਲ੍ਹ ਦੇਣ ਅਤੇ ਕੁਨਨ ਪੌਸ਼ਪੁਰਾ ਵਰਗੇ ਫ਼ੌਜ ਦੇ ਘਿਣਾਉਣੇ ਜੁਰਮਾਂ ਦੀ ਨਿਰਪੱਖ ਜਾਂਚ ਕਰਾਉਣ ਵਰਗੇ ਸਾਧਾਰਨ ਕਦਮ ਚੁੱਕਣ ਲਈ ਵੀ ਤਿਆਰ ਨਹੀਂ ਜਿਨ੍ਹਾਂ ਨਾਲ ਮਾਹੌਲ ਨੂੰ ਸਹਿਜੇ ਹੀ ਸੁਖਾਵਾਂ ਬਣਾਇਆ ਜਾ ਸਕਦਾ ਹੈ। ਮੁਲਕ ਦੇ ਸੁਰੱਖਿਆ ਦੇ ਵੱਡੇ ਠੇਕੇਦਾਰ ਪੀ. ਚਿਦੰਬਰਮ ਨੇ ਤਾਂ ਫਰਵਰੀ ਮਹੀਨੇ ਨਵਾਂ ਬਹਾਨਾ ਪੇਸ਼ ਕਰ ਦਿੱਤਾ ਕਿ ਫ਼ੌਜ ਦੇ ਨਵੇਂ-ਪੁਰਾਣੇ ਮੁਖੀ 'ਅਫਸਪਾ' ਵਿਚ ਸੋਧਾਂ ਕਰਨ ਲਈ ਵੀ ਨਹੀਂ ਮੰਨਦੇ (ਇਸ ਨੂੰ ਖ਼ਤਮ ਕਰਨਾ ਤਾਂ ਦੂਰ ਰਿਹਾ); ਇਸ ਲਈ ਇਸ ਬਾਰੇ ਸਰਕਾਰ ਕੁਝ ਨਹੀਂ ਕਰ ਸਕਦੀ।

ਦਿੱਲੀ ਦਰਬਾਰ, ਜੰਮੂ-ਕਸ਼ਮੀਰ ਦੀ ਆਜ਼ਾਦੀ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਹੈ। ਇਹ ਤਾਂ ਉਨ੍ਹਾਂ ਵਰਕਿੰਗ ਗਰੁੱਪਾਂ ਜਾਂ ਕਸ਼ਮੀਰ ਲਈ ਖ਼ੁਦ ਹੀ ਥਾਪੇ ਏਲਚੀਆਂ ਦੀਆਂ ਸਿਫ਼ਾਰਸ਼ਾਂ ਨੂੰ ਵਿਚਾਰਨ ਲਈ ਵੀ ਤਿਆਰ ਨਹੀਂ ਜਿਹੜੇ ਇਸ ਵਲੋਂ ਖ਼ੁਦ ਬਣਾਏ ਗਏ। 2001 ਵਿਚ ਕੇ.ਸੀ. ਪੰਤ ਨੂੰ ਕਸ਼ਮੀਰ ਭੇਜਣ ਤੋਂ ਲੈ ਕੇ 2006 ਤੱਕ ਕਸ਼ਮੀਰ ਵਿਚ ਗੱਲਬਾਤ ਦੇ ਮਾਹੌਲ ਦਾ ਅੰਦਾਜ਼ਾ ਲਗਾਉਣ ਅਤੇ ਰਾਹ ਮੋਕਲਾ ਕਰਨ ਲਈ ਬਦਲ ਬਦਲ ਕੇ ਏਲਚੀ ਭੇਜਣ ਦਾ ਸਿਲਸਿਲਾ ਚਲਦਾ ਰਿਹਾ। ਸਿਵਾਏ ਕਾਗਜ਼ੀ ਕਾਰਵਾਈ ਤੋਂ ਕੋਈ ਵਿਹਾਰਕ ਸਿੱਟਾ ਸਾਹਮਣੇ ਨਹੀਂ ਆਇਆ। 2006 ਵਿਚ ਪ੍ਰਧਾਨ ਮੰਤਰੀ ਨੇ ਗੋਲਮੇਜ਼ ਗੱਲਬਾਤ ਚਲਾਉਣ ਦੇ ਨਾਂ ਹੇਠ ਪੰਜ ਵਰਕਿੰਗ ਗਰੁੱਪ ਬਣਾਏ। ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੀ ਅਗਵਾਈ ਹੇਠ ਕਸ਼ਮੀਰ ਬਾਰੇ ਵਰਕਿੰਗ ਗਰੁੱਪ ਨੇ ਇਹ ਕਹਿ ਕੇ 'ਅਫਸਪਾ' ਹਟਾਉਣ ਦੀ ਸਿਫਾਰਸ਼ ਕੀਤੀ ਕਿ ਇਹ ਸ਼ਹਿਰੀਆਂ ਦੇ ਬੁਨਿਆਦੀ ਹੱਕ ਕੁਚਲਦਾ ਹੈ। ਉਮਰ ਅਬਦੁੱਲਾ ਨੇ ਇਸ ਸਿਫ਼ਾਰਸ਼ ਨੂੰ ਸਗੋਂ ਪੇਤਲਾ ਪਾ ਕੇ ਮਹਿਜ਼ ਕੁਝ ਇਲਾਕਿਆਂ ਵਿਚੋਂ 'ਅਫਸਪਾ' ਵਾਪਸ ਲੈਣ ਦੀ ਮੰਗ ਪੇਸ਼ ਕੀਤੀ; ਪਰ ਦਿੱਲੀ ਨੂੰ ਇਹ ਵੀ ਮਨਜ਼ੂਰ ਨਹੀਂ ਸੀ। ਸੁਪਰੀਮ ਕੋਰਟ ਦੇ ਸੇਵਾ-ਮੁਕਤ ਜੱਜ ਸਾਗਰ ਅਹਿਮਦ ਦੀ ਅਗਵਾਈ ਹੇਠ ਜੋ ਗਰੁੱਪ ਬਣਾਇਆ ਗਿਆ ਸੀ, ਉਸ ਨੇ 2009 ਵਿਚ ਆਪਣੀ ਰਿਪੋਰਟ ਪੇਸ਼ ਕਰ ਕੇ ਜੰਮੂ-ਕਸ਼ਮੀਰ ਨੂੰ ਖ਼ੁਦਮੁਖਤਿਆਰੀ ਦੇਣ ਦੀ ਸਿਫ਼ਾਰਸ਼ ਕੀਤੀ (ਅਖ਼ਤਿਆਰਾਂ ਪੱਖੋਂ ਇਹ ਸੱਚੀ ਖ਼ੁਦਮੁਖਤਿਆਰੀ ਦਾ ਬਹੁਤ ਹੀ ਪੇਤਲਾ ਰੂਪ ਸੀ)। ਦਿੱਲੀ ਨੇ ਜਿਵੇਂ ਸੰਨ 2000 'ਚ ਜੰਮੂ-ਕਸ਼ਮੀਰ ਵਿਧਾਨ ਸਭਾ ਵਲੋਂ ਪਾਸ ਕੀਤੇ ਖ਼ੁਦਮੁਖਤਿਆਰੀ ਦੇ ਮਤੇ ਨੂੰ ਉਂਜ ਹੀ ਦਰਕਿਨਾਰ ਕਰ ਦਿੱਤਾ ਸੀ, ਉਹ ਰਵੱਈਆ ਬਦਲਿਆ ਨਹੀਂ ਸੀ। ਵਰਕਿੰਗ ਗਰੁੱਪ ਦੀ ਰਿਪੋਰਟ ਦਾ ਹਸ਼ਰ ਹੋਰ ਵੀ ਮਾੜਾ ਹੋਇਆ, ਇਸ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਹੀ ਦਫ਼ਨਾ ਦਿੱਤਾ ਗਿਆ।

ਅਸਲ ਵਿਚ ਦਿੱਲੀ ਵਾਲੇ ਹੁਕਮਰਾਨ ਜੰਮੂ-ਕਸ਼ਮੀਰ ਦੀ ਮੌਜੂਦਾ ਸਥਿਤੀ, ਫ਼ੌਜ ਦੇ ਜ਼ੋਰ ਭਾਰਤ

***(ਬਾਕੀ ਸਫਾ 14 'ਤੇ)***

### ਕੁਨਨ ਪੌਸ਼ਪੁਰਾ ਤੇ ਭਾਰਤ

*ਭਾਰਤੀ ਹੁਕਮਰਾਨ ਤਾਂ ਕੁਨਨ ਪੌਸ਼ਪੁਰਾ ਦੀਆਂ ਉਨ੍ਹਾਂ ਔਰਤਾਂ ਨੂੰ ਇਨਸਾਫ਼ ਦੇਣ ਲਈ ਵੀ ਤਿਆਰ ਨਹੀਂ ਜਿਨ੍ਹਾਂ ਨਾਲ 22 ਵਰ੍ਹੇ ਪਹਿਲਾਂ (23-24 ਫਰਵਰੀ, 1991 ਦੀ ਰਾਤ) ਭਾਰਤੀ ਫ਼ੌਜ ਦੀ ਪੂਰੀ ਬਟਾਲੀਅਨ ਨੇ ਪਿੰਡ ਨੂੰ ਘੇਰਾ ਪਾ ਕੇ ਸਾਰੀ ਰਾਤ ਸਮੂਹਕ ਜਬਰ ਜਨਾਹ ਕੀਤੇ ਸਨ। ਉਨ੍ਹਾਂ ਵਲੋਂ ਲਾਏ ਇਲਜ਼ਾਮ ਦੀ ਨਿਰਪੱਖ ਜਾਂਚ ਤਾਂ ਕੀ ਕਰਾਉਣੀ ਸੀ, ਉਲਟਾ ਪ੍ਰੈੱਸ ਕੌਂਸਲ ਆਫ ਇੰਡੀਆ ਦੇ ਬੀ.ਜੀ. ਵਰਗੀਜ਼ ਵਰਗੇ ਜ਼ਰ-ਖ਼ਰੀਦ ਪੱਤਰਕਾਰਾਂ ਦੀ ਜਾਂਚ ਟੀਮ ਬਣਾ ਕੇ ਇਸ ਨੂੰ 'ਪਾਕਿਸਤਾਨ ਦਾ ਕੂੜ ਪ੍ਰਚਾਰ' ਕਹਿ ਕੇ ਉਲਟਾ ਬਦਨਾਮ ਕੀਤਾ ਗਿਆ ਅਤੇ ਫ਼ੌਜ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਡਿਵੀਜ਼ਨ ਕਮਿਸ਼ਨਰ ਦੀ ਜਾਂਚ ਰਿਪੋਰਟ ਦਾ ਉਹ ਅਹਿਮ ਹਿੱਸਾ ਹੀ ਖੁਰਦ-ਬੁਰਦ ਕਰ ਦਿੱਤਾ ਗਿਆ ਜੋ ਡੂੰਘੀ ਛਾਣਬੀਣ ਦੀ ਲੋੜ ਵੱਲ ਇਸ਼ਾਰਾ ਕਰਦਾ ਸੀ। ਹੁਣ 22 ਸਾਲ ਦੀ ਲੰਮੀ ਲੜਾਈ ਤੋਂ ਬਾਅਦ 18 ਜੂਨ ਨੂੰ ਕੁਪਵਾੜਾ ਦੇ ਮੈਜਿਸਟਟੇਟ ਵਲੋਂ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਦਾ ਹੁਕਮ ਦਿੱਤਾ ਗਿਆ ਹੈ।*

# ਜਮਹੂਰੀਅਤ ਦੇ ਚਾਰ ਥੰਮ ਅਤੇ ਸਾਜ਼ਿਸ਼ ਵਿਚ ਸ਼ਰੀਕ ਚੁੱਪ

***'ਪੰਜਾਬ ਟਾਈਮਜ਼' ਦੇ 13 ਜੁਲਾਈ ਵਾਲੇ ਅੰਕ ਵਿਚ ਅਸੀਂ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਫਰੋਲਦਾ ਲੇਖ 'ਪੁਲਿਸ ਮੁਕਾਬਲਿਆਂ ਦਾ ਸੱਚ! ਸਿਆਸੀ ਸੂਤਰਧਾਰਾਂ ਦੀ ਭੂਮਿਕਾ ਵੱਲ ਉਂਗਲ ਕਿਉਂ ਨਹੀਂ?' ਛਾਪਿਆ ਸੀ। ਅਸਲ ਵਿਚ ਪੁਲਿਸ ਇੰਸਪੈਕਟਰ ਸੁਰਜੀਤ ਸਿੰਘ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਕੀਤੇ ਗਏ ਖੁਲਾਸੇ ਨੇ ਪੰਜਾਬ ਦੇ ਹਰ ਸੰਜੀਦਾ ਸ਼ਖਸ ਨੂੰ ਇਸ ਸੱਚ ਦਾ ਹੋਕਾ ਬੁਲੰਦ ਕਰਨ ਦਾ ਮੌਕਾ ਦਿੱਤਾ ਹੈ। ਜਿਹੜੀਆਂ ਗੱਲਾਂ ਪਹਿਲਾਂ ਮਨੁੱਖੀ ਹੱਕਾਂ ਲਈ ਜੂਝਦੀਆਂ ਜਥੇਬੰਦੀਆਂ ਕਰਦੀਆਂ ਸਨ, ਉਹ ਇਸ ਜ਼ਬਰ ਵਿਚ ਸ਼ਰੀਕ ਰਹੇ ਇਸ ਸ਼ਖਸ ਨੇ ਕਹਿ ਦਿੱਤੀਆਂ ਹਨ। ਉਂਜ, ਕੁਝ ਧਿਰਾਂ ਇਸ ਨੂੰ ਸੁਰਜੀਤ ਸਿੰਘ ਦੀ ਤਰੱਕੀ ਦੀ ਲਲ੍ਹਕ ਨਾਲ ਜੋੜ ਰਹੀਆਂ ਹਨ ਅਤੇ ਕੁਝ ਧਿਰਾਂ ਇਸ ਨੂੰ ਨਿਰੋਲ ਆਪਣੀ ਸਿਆਸਤ ਮੁਤਾਬਕ ਵਰਤਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਸ ਮੁੱਦੇ ਦੀਆਂ ਵੱਖ ਵੱਖ ਪਰਤਾਂ ਆਪਣੇ ਇਸ ਲੇਖ ਵਿਚ ਫਰੋਲੀਆਂ ਹਨ। -ਸੰਪਾਦਕ***

ਤਰਨਤਾਰਨ ਦੇ ਪੁਲਿਸ ਮੁਲਾਜ਼ਮ ਸੁਰਜੀਤ ਸਿੰਘ ਦੇ ਖੁਲਾਸਿਆਂ ਨੇ 1980ਵਿਆਂ ਅਤੇ 1990ਵਿਆਂ ਦੇ ਦਹਾਕਿਆਂ ਦੀ ਖਾੜਕੂ ਲਹਿਰ ਅਤੇ ਪੁਲਿਸ ਤਸ਼ੱਦਦ ਦੀ ਚਰਚਾ ਨੂੰ ਠੋਸ ਹਵਾਲਾ ਦਿੱਤਾ ਹੈ। ਸੁਰਜੀਤ ਸਿੰਘ ਨੇ ਬਿਆਨ ਦਿੱਤਾ ਹੈ ਕਿ ਉਹ 83 ਪੁਲਿਸ ਮੁਕਾਬਲਿਆਂ ਵਿਚ ਸ਼ਾਮਿਲ ਰਿਹਾ ਸੀ ਜਿਨ੍ਹਾਂ ਵਿਚ ਝੂਠੇ ਪੁਲਿਸ ਮੁਕਾਬਲੇ ਸ਼ਾਮਿਲ ਸਨ। ਉਸ ਨੇ ਆਪ ਇਨ੍ਹਾਂ ਪੁਲਿਸ ਮੁਕਾਬਲਿਆਂ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ



**ਦਲਜੀਤ ਅਮੀ**
**ਫੋਨ: 91-97811-21873**

ਕੀਤੀ ਹੈ। ਸੁਰਜੀਤ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਉਸ ਨੇ ਕਸੂਰਵਾਰ ਵੀ ਮਾਰੇ ਹਨ ਅਤੇ ਬੇਕਸੂਰ ਵੀ ਮਾਰੇ ਹਨ।

ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਅਤੇ ਲਾਵਾਰਸ ਲਾਸ਼ਾਂ ਦਾ ਮਸਲਾ ਤਕਰੀਬਨ ਦੋ ਦਹਾਕਿਆਂ ਤੋਂ ਅਣਸੁਲਝਿਆ ਪਿਆ ਹੈ। ਜਮਹੂਰੀਅਤ ਦਾ ਦਾਅਵਾ ਕਰਨ ਵਾਲੇ ਰਾਜ-ਪ੍ਰਬੰਧ ਲਈ ਇਹ ਦੋਗਲੇ ਕਿਰਦਾਰ ਦਾ ਸਵਾਲ ਹੈ। ਲਿਖਤ ਵਿਚ ਜਮਹੂਰੀਅਤ ਅਤੇ ਕਰਨੀ ਵਿਚ ਤਾਨਾਸ਼ਾਹੀ। ਜੇ ਸੰਵਿਧਾਨ ਦੀ ਕੋਈ ਅਹਿਮੀਅਤ ਹੈ ਤਾਂ ਇਨ੍ਹਾਂ ਮਸਲਿਆਂ ਵਿਚ ਰਾਜ-ਪ੍ਰਬੰਧ ਦੇ ਕਿਸੇ ਨਾ ਕਿਸੇ ਥੰਮ੍ਹ ਦੀ ਸੰਜੀਦਗੀ ਦਿਖਾਈ ਦੇਣਾ ਚਾਹੀਦੀ ਹੈ; ਇਨਸਾਫ਼ ਹੋਣਾ ਚਾਹੀਦਾ ਹੈ ਜੋ ਦਿਖਾਈ ਦੇਵੇ, ਤੇ ਜਿਸ ਦਾ ਪੀੜਤ ਧਿਰ ਨੂੰ ਅਹਿਸਾਸ ਹੋਵੇ। ਪੀੜਤ ਧਿਰ ਦਾ ਹਮੇਸ਼ਾ ਅਰਥ ਸਿਆਸੀ ਧਿਰ ਨਹੀਂ ਹੁੰਦੀ ਜਿਸ ਨੂੰ ਆਪਣੀ ਸਿਆਸਤ ਨੂੰ ਅੱਗੇ ਤੋਰਨ ਲਈ ਮੁੱਦੇ ਚਾਹੀਦੇ ਹਨ। ਸੁਰਜੀਤ ਸਿੰਘ ਦੇ ਖੁਲਾਸਿਆਂ ਦਾ ਮਤਲਬ ਉਸ ਦੇ ਨਿੱਜੀ ਮੁਫ਼ਾਦ ਨਾਲ ਜੋੜਿਆ ਜਾ ਸਕਦਾ ਹੈ। ਇਹ ਜੁੜਿਆ ਹੋ ਵੀ ਸਕਦਾ ਹੈ ਪਰ ਉਸ ਦੇ ਖੁਲਾਸਿਆਂ ਨਾਲ ਵਡੇਰੇ ਸੁਆਲ ਜੁੜੇ ਹੋਏ ਹਨ ਜੋ ਉਸ ਦੇ ਮੁੱਕਰ ਜਾਣ ਜਾਂ ਚੁੱਪ ਹੋ ਜਾਣ ਜਾਂ ਖਰੀਦੇ ਜਾਣ ਨਾਲ ਖਤਮ ਨਹੀਂ ਹੋ ਜਾਣੇ।

ਸਭ ਤੋਂ ਪਹਿਲਾਂ ਸੁਰਜੀਤ ਸਿੰਘ ਖੁਲਾਸਿਆਂ ਨਾਲ ਜੋੜ ਕੇ ਮੌਜੂਦਾ ਦੌਰ ਦੀਆਂ ਕੁਝ ਮਿਸਾਲਾਂ ਨੂੰ ਯਾਦ ਕਰਨਾ ਮਾਮਲੇ ਨੂੰ ਸਮਝਣ ਵਿਚ ਸਹਾਈ ਹੋਵੇਗਾ। ਇਸ ਵੇਲੇ ਇਸ਼ਰਤ ਜਹਾਂ ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਬਣਨ ਦੇ ਦਾਅਵੇਦਾਰ ਨਰਿੰਦਰ ਮੋਦੀ ਦੀ ਜਵਾਬਤਲਬੀ ਕੀਤੀ ਜਾ ਰਹੀ ਹੈ। ਪੂਰੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਪੁਲਿਸ ਵੱਲੋਂ 'ਮੁਕਾਬਲਾ ਮਾਹਿਰ' ਕਰਾਰ ਦੇ ਕੇ ਵਡਿਆਏ ਗਏ ਪੁਲਿਸ ਅਫ਼ਸਰ ਭ੍ਰਿਸ਼ਟਾਚਾਰ ਤੋਂ ਲੈ ਕੇ ਹੋਰ ਹੇਰਾਫੇਰੀਆਂ ਵਿਚ ਫਸੇ ਹੋਏ ਹਨ। ਦਿੱਲੀ ਪੁਲਿਸ ਦੇ 'ਸਪੈਸ਼ਲ ਸੈੱਲ' ਦਾ 'ਮੁਕਾਬਲਾ ਮਾਹਿਰ' ਰਾਜਬੀਰ ਸਿੰਘ ਆਪਣੇ ਹੀ ਸਰਕਾਰੀ ਪਸਤੌਲ ਦੀ ਗੋਲੀ ਦਾ ਸ਼ਿਕਾਰ ਹੋਇਆ ਹੈ ਜੋ ਉਸ ਦੇ ਕਾਰੋਬਾਰੀ ਹਿੱਸੇਦਾਰ ਨੇ ਚਲਾਇਆ। ਮੁੰਬਈ ਵਿਚ ਅਦਾਲਤ ਨੇ 13 ਪੁਲਿਸ ਅਫ਼ਸਰਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਹਿਰਾਸਤੀਆਂ (ਚਾਹੇ ਗ਼ੈਰਕਾਨੂੰਨੀ) ਨੂੰ ਮਾਰਨ ਲਈ ਸਜ਼ਾ ਸੁਣਾਈ ਹੈ। ਕਸ਼ਮੀਰ ਦੀਆਂ ਬੇਨਾਮ ਕਬਰਾਂ ਸ਼ਨਾਖਤ ਦੀ ਮੰਗ ਕਰ ਰਹੀਆਂ ਹਨ। ਪੰਜਾਬ ਦੇ ਜਸਵੰਤ ਸਿੰਘ ਖਾਲੜਾ ਵਾਂਗ ਹੀ ਕਸ਼ਮੀਰ ਦਾ ਮਨੁੱਖੀ ਹੱਕੂਕ ਘੁਲਾਟੀਆ ਜਲੀਲ ਅੰਦਰਾਬੀ 1996 ਵਿਚ ਮਾਰਿਆ ਗਿਆ ਸੀ। ਅਦਾਲਤਾਂ ਨੇ ਫ਼ੌਜ ਨੂੰ ਮੇਜਰ ਅਵਤਾਰ ਸਿੰਘ ਨੂੰ ਪੇਸ਼ ਕਰਨ ਦੀ ਮੰਗ ਕੀਤੀ ਜੋ ਇਸ ਮਾਮਲੇ ਦੇ ਨਾਲ-ਨਾਲ ਕਈ ਝੂਠੇ ਮੁਕਾਬਲਿਆਂ ਵਿਚ ਮੁਲਜ਼ਮ ਸੀ। ਮੇਜਰ ਅਵਤਾਰ ਸਿੰਘ ਮੁੜ ਕੇ ਜੂਨ 2012 ਨੂੰ ਅਮਰੀਕਾ ਦੇ ਸੂਬੇ ਕੈਲੇਫੋਰਨੀਆ ਵਿਚ ਘਰੇਲੂ ਹਿੰਸਾ ਦੇ ਇਲਜ਼ਾਮਾਂ ਕਾਰਨ ਖ਼ਬਰਾਂ ਵਿਚ ਆਇਆ। ਜਦੋਂ ਉਸ ਦੀ ਪਤਨੀ ਨੇ ਘਰੇਲੂ ਹਿੰਸਾ ਦੀ ਸ਼ਿਕਾਇਤ ਕੀਤੀ ਤਾਂ ਉਸ ਨੇ ਆਪਣੇ ਪਤਨੀ ਅਤੇ ਤਿੰਨ ਬੱਚਿਆਂ ਦਾ ਕਤਲ ਕਰ ਕੇ ਖ਼ੁਦਕੁਸ਼ੀ ਕਰ ਲਈ। 'ਹਿਊਮਨ ਰਾਈਟਸ ਵਾਚ' ਨਾਮ ਦੇ ਕੌਮਾਂਤਰੀ ਅਦਾਰੇ ਦੀ ਦੱਖਣੀ ਏਸ਼ੀਆ ਦੀ ਨਿਰਦੇਸ਼ਕ ਮੀਨਾਕਸ਼ੀ ਗਾਂਗੁਲੀ ਨੇ 'ਦਿ ਨਿਊਯਾਰਕ ਟਾਈਮਜ਼' ਵਿਚ ਦਲੀਲ ਦਿੱਤੀ ਹੈ, "ਮੇਜਰ ਅਵਤਾਰ ਸਿੰਘ ਨੂੰ ਮਨੁੱਖੀ ਹੱਕੂਕ ਦੀ ਉਲੰਘਣਾ ਕਾਰਨ ਕਦੇ ਤਲਬ ਨਹੀਂ ਕੀਤਾ ਗਿਆ, ਸਗੋਂ ਸੰਗੀਨ ਇਲਜ਼ਾਮਾਂ ਦੇ ਬਾਵਜੂਦ ਉਸ ਨੂੰ ਦੂਜੇ ਮੁਲਕ ਜਾ ਕੇ ਵਸਣ ਦੀ ਇਜਾਜ਼ਤ ਵੀ ਦਿੱਤੀ ਗਈ।"

ਕੌਮਾਂਤਰੀ ਪੱਧਰ ਉਤੇ ਕੁਝ ਸਾਲ ਪਹਿਲਾਂ ਕੈਨੇਡਾ ਅਤੇ ਆਸਟਰੇਲੀਆ ਨੇ ਆਪਣੀ ਪਾਰਲੀਮੈਂਟ ਵਿਚ ਮਤੇ ਪਾ ਕੇ ਮੂਲਵਾਸੀਆਂ ਨਾਲ ਕੀਤੀਆਂ ਵਧੀਕੀਆਂ ਦੀ ਮੁਆਫ਼ੀਆਂ ਮੰਗੀਆਂ ਹਨ। ਇੰਗਲੈਂਡ ਨੇ ਨਿਊਜ਼ੀਲੈਂਡ ਤੋਂ ਜੰਗੀ ਵਧੀਕੀਆਂ ਦੀ ਮੁਆਫ਼ੀ ਮੰਗੀ ਹੈ। ਕੋਰੀਆਈ ਔਰਤਾਂ ਦੂਜੀ ਆਲਮੀ ਜੰਗ ਦੌਰਾਨ ਕੀਤੀਆਂ ਵਧੀਕੀਆਂ ਲਈ ਜਾਪਾਨ ਖ਼ਿਲਾਫ਼ ਹੁਣ ਵੀ ਆਵਾਜ਼ ਬੁਲੰਦ ਕਰਦੀਆਂ ਹਨ। ਬੋਸਨੀਆ-ਹਰਜ਼ੀਗੋਬਿਨਾ ਦੀਆਂ ਕਬਰਾਂ ਵਿਚੋਂ ਹਾਲੇ ਵੀ ਲੋਕ ਆਪਣਿਆਂ ਦੀ ਸ਼ਨਾਖਤ ਲਈ ਜੀਅ-ਜਾਨ ਲਗਾ ਰਹੇ ਹਨ। ਇਸੇ ਦੌਰਾਨ ਸ੍ਰੀ ਲੰਕਾ ਵਿਚ ਹੋਏ ਮਨੁੱਖੀ ਹੱਕੂਕ ਦੇ ਘਾਣ ਦੀ ਚਰਚਾ ਲਗਾਤਾਰ ਚੱਲ ਰਹੀ ਹੈ। ਇਸ ਤੋਂ ਇਲਾਵਾ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੀਆਂ ਜੰਗੀ ਮੁਹਿੰਮਾਂ ਉਤੇ ਮਨੁੱਖੀ ਹੱਕੂਕ ਅਦਾਰੇ ਲਗਾਤਾਰ ਸਵਾਲ ਕਰਦੇ ਰਹੇ ਹਨ। ਇੰਗਲੈਂਡ ਦੇ ਇੱਕ ਫ਼ੌਜੀ ਨੇ ਤਾਂ ਆਪਣੇ ਖ਼ਿਲਾਫ਼ ਚੱਲਦੇ ਮੁਕੱਦਮੇ ਵਿਚ ਇਹ ਵੀ ਕਹਿ ਦਿੱਤਾ ਹੈ ਕਿ ਉਸ ਨੂੰ ਗੋਲੀ ਚਲਾਉਣ ਵੇਲੇ ਲੱਗਦਾ ਹੀ ਨਹੀਂ ਸੀ ਕਿ ਇਰਾਕੀ ਲੋਕ ਵੀ ਇਨਸਾਨ ਹਨ।

ਇਨ੍ਹਾਂ ਹਾਲਾਤ ਵਿਚ ਇਹ ਤਾਂ ਤੈਅ ਹੈ ਕਿ ਸੁਰੱਖਿਆ ਤੇ ਜਾਂਚ ਏਜੰਸੀਆਂ ਦੀਆਂ ਗ਼ੈਰਕਾਨੂੰਨੀ ਸਰਗਰਮੀਆਂ ਦੀ ਪੜਤਾਲ ਕਰਨਾ ਰਾਜ-ਤੰਤਰ ਦੀ ਮਜਬੂਰੀ ਬਣ ਗਿਆ ਹੈ। ਇਸ ਮਜਬੂਰੀ ਦੇ ਦੋ ਕਾਰਨ ਹਨ; ਇੱਕ ਤਾਂ ਅਜਿਹੀਆਂ ਸਰਗਰਮੀਆਂ ਜ਼ਿਆਦਾ ਜ਼ਾਹਿਰਾ ਹੋ ਗਈਆਂ ਹਨ। ਦੂਜਾ, ਮਨੁੱਖੀ ਹੱਕੂਕ ਜਥੇਬੰਦੀਆਂ ਦੀ ਬਦੌਲਤ ਚੇਤਨਾ ਵੀ ਵਧ ਗਈ ਹੈ। ਜਦੋਂ ਇਸ ਚੇਤਨਾ ਦੀ ਜੋਟੀ ਸਬੂਤਾਂ ਅਤੇ ਗਵਾਹਾਂ ਨਾਲ ਪੈਂਦੀ ਹੈ ਤਾਂ ਮਸਲਾ ਫ਼ੈਸਲਾਕੁਨ ਪੜਾਅ ਉਤੇ ਪਹੁੰਚ ਜਾਂਦਾ ਹੈ। ਇਤਿਹਾਸ ਦੇ ਇਸ ਮੋੜ ਉਤੇ ਖੜ੍ਹ ਕੇ ਸੁਰਜੀਤ ਸਿੰਘ ਦੇ ਖੁਲਾਸੇ ਨੂੰ ਸਮਝਿਆ ਜਾਣਾ ਚਾਹੀਦਾ ਹੈ। ਜੇ ਇਸ ਧਾਰਨਾ ਨੂੰ ਨਾ ਵੀ ਮੰਨਿਆ ਜਾਵੇ ਕਿ ਦੁਨੀਆਂ ਦੀ 'ਸਭ ਤੋਂ ਜਥੇਬੰਦਕ ਗੁੰਡਾ ਤਾਕਤ ਪੁਲਿਸ' ਹੈ ਤਾਂ ਵੀ ਇਹ ਤਾਂ ਮੰਨਣਾ ਹੀ ਪਵੇਗਾ ਕਿ ਪੁਲਿਸ ਨੂੰ ਕਾਨੂੰਨ ਦੀ ਚੋਰ-ਮੋਰੀਆਂ ਵਿਚੋਂ ਲੰਘਣ ਦਾ ਸਦੀਆਂ ਦਾ ਤਜਰਬਾ ਹੈ। ਇਸੇ

**ਸਵਾਲ-ਸੰਵਾਦ**

ਤਜਰਬੇ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਆਪਣਾ ਬਚਾਅ ਕਰਨਾ ਦਾ ਹੁਨਰ ਆਉਂਦਾ ਹੈ। ਸਰਕਾਰੀ ਰਿਆਇਤਾਂ ਅਤੇ ਅਦਾਰੇ ਦਾ ਹੁਨਰ ਮਿਲਾ ਕੇ ਅਜਿਹਾ ਜਮਾਂਜੋੜ ਬਣ ਜਾਂਦੇ ਹਨ ਕਿ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਦਵਾਉਣਾ ਸਭ ਤੋਂ ਮੁਸ਼ਕਿਲ ਕੰਮ ਹੈ। ਪੁਲਿਸ ਮੁਲਾਜ਼ਮਾਂ ਦੇ ਨਿੱਜੀ ਮਸਲੇ ਜਾਂ ਕੁਝ ਬੇਹੂਦਗੀਆਂ ਤਾਂ ਮਹਿਕਮੇ ਦੇ ਅਨੁਸ਼ਾਸਨ ਦੇ ਘੇਰੇ ਵਿਚ ਆ ਜਾਂਦੀਆਂ ਹਨ, ਜਾਂ ਅਫ਼ਸਰੀ ਰੋਅਬ ਕਾਇਮ ਰੱਖਣ ਲਈ ਵੀ ਕਾਰਵਾਈ ਹੋ ਜਾਂਦੀ ਹੈ। ਸਭ ਤੋਂ ਅਹਿਮ ਮਸਲਾ ਉਸ ਵੇਲੇ ਹੁੰਦਾ ਹੈ ਜਦੋਂ ਮੁਲਕ ਦੀ ਸੁਰੱਖਿਆ, ਏਕਤਾ ਅਤੇ ਅਖੰਡਤਾ ਦਾ ਸਵਾਲ ਹੁੰਦਾ ਹੈ। ਅਜਿਹੇ ਮਾਮਲਿਆਂ ਵਿਚ ਸੁਰੱਖਿਆ ਏਜੰਸੀਆਂ ਦੇ ਹੇਠਲੇ ਮੁਲਾਜ਼ਮ ਤੋਂ ਲੈ ਕੇ ਸਿਖਰਲੇ ਅਫ਼ਸਰ ਤੱਕ ਕਹੀ-ਅਣਕਹੀ ਸੁਰ ਸਾਂਝੀ ਹੁੰਦੀ ਹੈ। ਸੁਰਜੀਤ ਸਿੰਘ ਦਾ ਖੁਲਾਸਾ ਇਸੇ ਦਰਜੇ ਵਿਚ ਆਉਂਦਾ ਹੈ।

ਝੂਠੇ ਪੁਲਿਸ ਮੁਕਾਬਲਿਆਂ ਤੋਂ ਪਹਿਲਾਂ 'ਸੱਚੇ' ਪੁਲਿਸ ਮੁਕਾਬਲਿਆਂ ਬਾਰੇ ਇੱਕ ਗੱਲ ਸਾਫ਼ ਹੋਣੀ ਚਾਹੀਦੀ ਹੈ। ਸੁਰਜੀਤ ਸਿੰਘ ਦਾ ਦਾਅਵਾ ਹੈ ਕਿ ਉਸ ਨੇ ਕਸੂਰਵਾਰ ਵੀ ਮਾਰੇ ਅਤੇ ਬੇਕਸੂਰ ਵੀ। ਕਸੂਰਵਾਰ ਕਰਾਰ ਦੇਣ ਦਾ ਕੋਈ ਹੱਕ ਪੁਲਿਸ ਨੂੰ ਨਹੀਂ ਹੈ। ਇਸ ਲਈ 'ਸੱਚੇ' ਪੁਲਿਸ ਮੁਕਾਬਲਿਆਂ ਨੂੰ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਮਾਰੇ ਗਏ ਖਾੜਕੂ ਜਥੇਬੰਦੀਆਂ ਦੇ ਬੰਦੇ ਸਨ ਅਤੇ ਦੂਜਿਆਂ ਵਿਚ ਆਮ ਬੰਦੇ ਸਨ ਜੋ ਸ਼ੱਕ ਜਾਂ ਰੰਜਿਸ਼ ਦੇ ਘੇਰੇ ਵਿਚ ਆ ਗਏ ਸਨ। ਵਿਚਾਰਨ ਵਾਲਾ ਮਸਲਾ ਹੈ ਕਿ ਇਹ ਮੁਕਾਬਲੇ ਕਾਨੂੰਨ ਦੇ ਘੇਰੇ ਵਿਚ ਕਿੰਨੇ ਕੁ ਆਉਂਦੇ ਹਨ। ਸੁਰਜੀਤ ਸਿੰਘ ਨੂੰ ਕੁਝ ਮਹੀਨਿਆਂ ਦੀ ਨੌਕਰੀ ਤੋਂ ਬਾਅਦ ਸਿਪਾਹੀ ਤੋਂ ਥਾਣੇਦਾਰ ਬਣਾ ਦਿੱਤਾ ਗਿਆ ਅਤੇ ਉਸ ਨੂੰ ਤਰੱਕੀ ਦੇ ਕੇ ਸਬ-ਇੰਸਪੈਕਟਰ ਬਣਾਇਆ ਗਿਆ। ਉਹ ਆਪ ਕਹਿੰਦਾ ਹੈ, "ਮੈਨੂੰ ਤਰੱਕੀ ਕਿਉਂ ਦਿੱਤੀ ਗਈ, ਇਹ ਮੈਂ ਜਾਣਦਾਂ ਜਾਂ ਗਿੱਲ ਜਾਣਦੈ।" ਉਸ ਵੇਲੇ ਇੱਕ ਗਿੱਲ ਉਸ ਦੇ ਜ਼ਿਲ੍ਹੇ ਦਾ ਐਸ.ਐਸ.ਪੀ.

*(ਬਾਕੀ ਸਫਾ 20 'ਤੇ)*

# ਭੋਜਨ ਸੁਰੱਖਿਆ ਬਿੱਲ ਤੇ ਜਨਤਕ ਵੰਡ-ਪ੍ਰਣਾਲੀ

ਭੋਜਨ ਸੁਰੱਖਿਆ ਬਿੱਲ ਸਬੰਧੀ ਚੱਲ ਰਹੀ ਗਹਿ-ਗੱਚ ਚਰਚਾ ਜਿਥੇ ਇਕ ਪਾਸੇ ਜਨਤਕ ਵੰਡ ਪ੍ਰਣਾਲੀ ਦੀ ਜ਼ਰੂਰਤ 'ਤੇ ਧਿਆਨ ਕੇਂਦਰਿਤ ਕਰਦੀ ਹੈ, ਉਥੇ ਜ਼ਰੂਰਤਮੰਦਾਂ ਦੇ ਖਾਤਿਆਂ ਵਿਚ ਪੈਸੇ ਦੀ ਸਿੱਧੀ ਅਦਾਇਗੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਇਸ ਸਬੰਧੀ ਨੈਸ਼ਨਲ ਸੈਂਪਲ ਸਰਵੇਖਣ ਦੇ 66ਵੇਂ ਦੌਰ ਦੀਆਂ ਰਿਪੋਰਟਾਂ ਧਿਆਨ ਦੀ ਮੰਗ ਕਰਦੀਆਂ ਹਨ। ਇਨ੍ਹਾਂ ਰਿਪੋਰਟਾਂ ਵਿਚ ਆਏ ਤਿੰਨ ਤੱਥਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਵਧ ਰਹੇ ਆਰਥਿਕ ਪਾੜੇ ਦੇ ਇਸ ਦੌਰ ਵਿਚ ਭਾਰਤ ਦੀ ਬਹੁ-ਗਿਣਤੀ ਲਈ ਅੰਨ



**ਕੁਲਦੀਪ ਕੌਰ**
**ਫੋਨ: 91-98554-04330**

ਪ੍ਰਾਪਤੀ ਦਾ ਇਕਲੌਤਾ ਜ਼ਰੀਆ ਜਨਤਕ ਵੰਡ ਪ੍ਰਣਾਲੀ ਹੀ ਰਹਿ ਗਈ ਹੈ। ਇਨ੍ਹਾਂ ਤੱਥਾਂ ਅਨੁਸਾਰ ਸ਼ਹਿਰੀਕਰਨ ਦੀ ਬੇਢਬੀ ਤੇ ਬੇਢਵੀ ਦਰ ਨੇ ਸ਼ਹਿਰੀ ਅਤੇ ਪੇਂਡੂ ਗਰੀਬ ਜਨਤਾ ਨੂੰ ਅੰਨ ਅਸੁਰੱਖਿਆ ਦੀ ਦਲਦਲ ਵਿਚ ਧੱਕ ਦਿੱਤਾ ਹੈ। ਦੂਜਾ ਮਹੱਤਵਪੂਰਨ ਤੱਥ ਹੈ ਕਿ ਕੁਪੋਸ਼ਣ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦੀ ਤੀਹਰੀ ਚੱਕੀ ਵਿਚ ਪਿਸ ਰਹੀ ਲੋਕਾਈ ਦੀ ਜਨਤਕ ਵੰਡ ਪ੍ਰਣਾਲੀ 'ਤੇ ਨਿਰਭਰਤਾ ਦੀ ਬਿਜਾਏ ਲਗਾਤਾਰ ਵਧ ਰਹੀ ਹੈ। ਮਸਲਨ, ਰਿਪੋਰਟ ਅਨੁਸਾਰ ਜਿਥੇ ਸਾਲ 2004-2005 ਦੌਰਾਨ ਪੇਂਡੂ ਖੇਤਰਾਂ ਵਿਚ 11 ਫੀਸਦ ਲੋਕ ਹੀ ਕਣਕ ਲਈ ਜਨਤਕ ਵੰਡ ਪ੍ਰਣਾਲੀ ਦੀ ਵਰਤੋਂ ਕਰ ਰਹੇ ਸਨ, ਉਥੇ ਸਾਲ 2009-10 ਵਿਚ ਇਹ ਅੰਕੜਾ ਵਧ ਕੇ 27.6 ਫੀਸਦ ਹੋ ਗਿਆ। ਇੰਦਾਂ ਹੀ ਸ਼ਹਿਰੀ ਖੇਤਰ ਵਿਚ 2004-05 ਦੌਰਾਨ ਜਿਥੇ 5.8 ਫੀਸਦ ਲੋਕ ਹੀ ਕਣਕ ਲਈ ਜਨਤਕ ਵੰਡ ਪ੍ਰਣਾਲੀ ਉਤੇ ਨਿਰਭਰ ਸਨ, ਉਥੇ 2009-10 ਵਿਚ ਇਹ ਅੰਕੜਾ ਵਧ ਕੇ 17.6 ਫੀਸਦ ਹੋ ਗਿਆ। ਕੁਪੋਸ਼ਣ ਨਾਲ ਜੁੜਿਆ ਤੀਜਾ ਗੰਭੀਰ ਤੱਥ ਇਹ ਸਾਹਮਣੇ ਆਇਆ ਹੈ ਕਿ ਸਾਧਾਰਨ ਲੋਕਾਂ ਦੇ ਭੋਜਨ ਵਿਚੋਂ ਤੇਜ਼ੀ ਨਾਲ ਦਾਲਾਂ ਤੇ ਅਨਾਜ ਦੀ ਮਾਤਰਾ ਹਰ ਵਰ੍ਹੇ ਘਟ ਰਹੀ ਹੈ।

ਇਕ ਹੋਰ ਅੰਕੜਾ ਜਿਹੜਾ ਮੌਜੂਦਾ ਪ੍ਰਬੰਧ ਦੀਆਂ ਖਾਮੀਆਂ ਵੱਲ ਸਪਸ਼ਟ ਇਸ਼ਾਰਾ ਹੈ, ਉਹ ਇਹ ਹੈ ਕਿ ਸਾਧਾਰਨ ਪੇਂਡੂ ਲੋਕਾਂ ਦੀ ਕੁੱਲ ਆਮਦਨ ਦਾ 57 ਫੀਸਦ ਹਿੱਸਾ ਸਿਰਫ਼ ਅਨਾਜ ਖਰੀਦਣ 'ਤੇ ਖਰਚ ਹੋ ਰਿਹਾ ਹੈ। ਖੇਤੀ ਆਧਾਰਤ ਅਰਥ-ਵਿਵਸਥਾ ਹੋਣ ਦੇ ਬਾਵਜੂਦ ਪਿੰਡਾਂ ਦੇ ਲੋਕਾਂ ਲਈ ਸਬਜ਼ੀ ਖਰੀਦਣਾ ਤੱਕ 'ਖਾਸ ਭੋਜਨ' ਦੀ ਸ਼੍ਰੇਣੀ ਵਿਚ ਸ਼ਾਮਿਲ ਹੋ ਚੁੱਕਾ ਹੈ। ਇਸ ਸਮੱਸਿਆ ਦੇ ਦੋ ਮਹੱਤਵਪੂਰਨ ਪੱਖ ਹਨ- ਪਹਿਲਾ, ਪਿੰਡਾਂ ਦੀ ਖਾਧ ਪਦਾਰਥ ਨਿਰਭਰਤਾ ਖਤਮ ਹੋ ਚੁੱਕੀ ਹੈ ਅਤੇ ਦੂਜਾ, ਇਸ ਨਿਰਭਰਤਾ ਦੇ ਖਾਤਮੇ ਨੇ ਪੇਂਡੂ ਤੇ ਗਰੀਬ ਵਰਗਾਂ ਨੂੰ ਕੁਪੋਸ਼ਣ ਦੀ ਭੱਠੀ ਵਿਚ ਝੋਕ ਦਿੱਤਾ ਹੈ।

ਖਾਧ ਪਦਾਰਥਾਂ ਲਈ ਨਿਰਭਰਤਾ ਜਨਤਕ ਵੰਡ ਪ੍ਰਣਾਲੀ ਉਤੇ ਲਗਾਤਾਰ ਵਧਣ ਦੇ ਕਈ ਕਾਰਨ ਹਨ, ਪਰ ਇਸ ਦਾ ਸਭ ਤੋਂ ਮਹੱਤਵਪੂਰਨ ਕਾਰਨ ਖੇਤੀ ਸੈਕਟਰ ਨਾਲ ਸਬੰਧਤ ਲੋਕ ਮਾਰੂ ਸਰਕਾਰੀ ਨੀਤੀਆਂ ਹੈ। ਇਨ੍ਹਾਂ ਨੀਤੀਆਂ ਦੀ ਨੀਂਹ ਜਿਥੇ ਬਸਤੀਵਾਦ ਨਾਲ ਜੁੜੀ ਹੋਈ ਹੈ, ਉਥੇ ਮੌਜੂਦਾ ਆਲਮੀਕਰਨ, ਉਦਾਰਵਾਦ ਅਤੇ ਖੁੱਲ੍ਹੀ ਮੰਡੀ ਨਾਲ ਜੁੜਿਆ ਇਸ ਦਾ ਸਿਧਾਂਤਕ ਖਾਸਾ ਕਿਸਾਨਾਂ/ਮਜ਼ਦੂਰਾਂ ਨੂੰ ਲਗਾਤਾਰ ਭੁੱਖਮਾਰੀ ਅਤੇ ਤਿੱਲ-ਤਿੱਲ ਕਰ ਕੇ ਮਰਨ ਲਈ ਮਜਬੂਰ ਕਰ ਰਿਹਾ ਹੈ। ਯਾਦ ਰਹੇ ਕਿ ਇਸ ਵਰਤਾਰੇ ਨੂੰ ਸਿਰਫ਼ ਭਾਰਤ ਤੱਕ ਮਹਿਦੂਦ ਕਰ ਕੇ ਨਹੀਂ ਸਮਝਿਆ ਜਾ ਸਕਦਾ। ਦੱਖਣੀ ਏਸ਼ਿਆਈ ਖਿੱਤੇ ਨੂੰ ਦਰਪੇਸ਼ ਮਸਲਿਆਂ ਬਾਰੇ ਸਰਗਰਮ ਸੰਸਥਾ 'ਹਮਾਲ' ਅਨੁਸਾਰ ਸਿਆਸੀ ਤੌਰ 'ਤੇ ਹਾਸ਼ੀਏ ਉਤੇ ਪਈ ਆਬਾਦੀ ਨੂੰ ਭੁੱਖਮਰੀ, ਕੁਪੋਸ਼ਣ ਅਤੇ ਖ਼ੁਦਕੁਸ਼ੀਆਂ ਵਿਚ ਧੱਕਣ ਦਾ ਵਰਤਾਰਾ ਆਲਮੀ ਪੱਧਰ 'ਤੇ ਵਾਪਰ ਰਿਹਾ ਹੈ। ਉਦਾਹਰਣ ਵਜੋਂ ਹੈਤੀ 1980 ਦੇ ਦਹਾਕੇ ਤੱਕ ਆਕਾਰ ਅਤੇ ਆਬਾਦੀ ਪੱਖੋਂ ਛੋਟਾ ਦੇਸ਼ ਹੋਣ ਦੇ ਬਾਵਜੂਦ ਆਪਣੀਆਂ ਰੋਜ਼ਮੱਰਾ ਦੀਆਂ ਖਾਧ ਜ਼ਰੂਰਤਾਂ ਲਈ ਆਤਮ-ਨਿਰਭਰ ਸੀ। 1986 ਤੱਕ ਆਉਂਦਿਆਂ ਆਲਮੀ ਮੁਦਰਾ ਕੋਸ਼ (ਆਈ.ਐਮ.ਐਫ.) ਅਤੇ ਆਲਮੀ ਬੈਂਕ (ਡਬਲਿਊ.ਬੀ.) ਦੀਆਂ ਸਿਫਾਰਿਸ਼ਾਂ ਅਨੁਸਾਰ ਦੇਸ਼ ਅੰਦਰ ਰਿਆਇਤੀ ਦਰਾਂ ਵਾਲੇ ਅਮਰੀਕੀ ਚੌਲਾਂ ਦਾ ਹੜ੍ਹ ਆ ਗਿਆ। ਨਤੀਜੇ ਵਜੋਂ ਕੁਝ ਸਾਲਾਂ ਅੰਦਰ ਹੀ ਹਜ਼ਾਰਾਂ ਕਿਸਾਨਾਂ ਨੂੰ ਆਪਣੇ ਘਰ ਅਤੇ ਖੇਤੀ ਛੱਡ ਕੇ ਮਜ਼ਦੂਰੀ ਕਰਨ ਲਈ ਸ਼ਹਿਰਾਂ ਦਾ ਰੁਖ ਕਰਨਾ ਪਿਆ। ਚੌਲ ਦਾ ਘਰੇਲੂ ਉਤਪਾਦਨ ਠੱਪ ਹੋ ਕੇ ਰਹਿ ਗਿਆ। 2008 ਵਿਚ ਬਹੁਤ ਹੀ ਨਾਟਕੀ ਢੰਗ ਨਾਲ ਕੌਮਾਂਤਰੀ ਚੌਲ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ ਜਿਸ ਨੇ ਹਜ਼ਾਰਾਂ ਲੱਖਾਂ ਘਰਾਂ ਨੂੰ ਸਦਾ ਸਦਾ ਲਈ ਗਰੀਬੀ ਤੇ ਕਰਜ਼ੇ ਦੇ ਮੱਕੜਜਾਲ ਵਿਚ ਫਸਾ ਦਿੱਤਾ। ਇਹੀ ਵਰਤਾਰਾ ਫਿਲਪੀਨਜ਼ ਵਿਚ ਦੁਹਰਾਇਆ ਗਿਆ। ਮਹਿਜ਼ ਦਸ ਸਾਲਾਂ (1980 ਤੋਂ 1990) ਦੇ ਵਕਫ਼ੇ ਵਿਚ ਚੌਲਾਂ ਦੀ ਬਰਾਮਦ ਕਰਨ ਵਾਲਾ ਦੇਸ਼ ਦਰਾਮਦ ਕਰਨ ਵਾਲੇ ਦੇਸ਼ ਵਿਚ ਬਦਲ ਗਿਆ। ਇਸ ਬਾਰੇ ਪ੍ਰਸਿੱਧ ਅਰਥ ਸ਼ਾਸਤਰੀ ਉਤਸਵਾ ਪਟਨਾਇਕ ਆਪਣੀ ਕਿਤਾਬ 'ਦੀ ਰਿਪਬਲਿਕ ਆਫ ਹੰਗਰ' ਵਿਚ ਟਿੱਪਣੀ ਕਰਦੀ ਹੈ ਕਿ 1970 ਤੋਂ 1980 ਦੇ ਦਹਾਕੇ ਦੌਰਾਨ ਅਨੇਕਾਂ ਦੇਸ਼, ਖਾਸ ਕਰ ਕੇ ਅਫਰੀਕੀ ਖਿੱਤੇ ਨਾਲ ਸਬੰਧਤ ਦੇਸ਼ਾਂ ਦੀਆਂ ਉਪਜਾਊ ਤੇ ਸਮਰੱਥ ਜ਼ਮੀਨਾਂ ਨੂੰ ਕੇਲਾ, ਗੁਲਾਬ, ਤਾਜ਼ੀਆਂ ਸਬਜ਼ੀਆਂ ਅਤੇ ਕੋਈ ਵੀ ਅਜਿਹੀ ਖ਼ਪਤਕਾਰੀ ਖੇਤੀ ਉਪਜ ਜਿਹੜੀ ਯੂਰਪੀਨ ਮੰਡੀਆਂ ਨੂੰ ਚਾਹੀਦੀ ਸੀ, ਉਗਾਉਣ ਲਈ ਵਰਤਿਆ ਗਿਆ। ਇਸ ਨਾਲ ਇਨ੍ਹਾਂ ਦੇਸ਼ਾਂ ਦੇ ਘਰੇਲੂ ਉਤਪਾਦਨ ਲਈ ਰਾਖਵਾਂ ਰਕਬਾ ਲਗਾਤਾਰ ਘਟ ਹੁੰਦਾ ਗਿਆ। ਫਿਰ ਇਨ੍ਹਾਂ ਮਾੜੀ ਆਰਥਿਕਤਾ ਵਾਲੇ ਦੇਸ਼ਾਂ ਨੂੰ ਮਜਬੂਰ ਕੀਤਾ ਗਿਆ ਕਿ ਉਹ ਆਲਮੀ ਮੰਡੀ ਵਿਚੋਂ, ਆਲਮੀ ਕੀਮਤਾਂ 'ਤੇ ਜ਼ਰੂਰੀ ਅਨਾਜ ਖਰੀਦ ਕੇ ਅੱਗੇ ਜਨਤਾ ਨੂੰ ਵੇਚਣ। ਇਸ ਜੁਗਤੀ ਨਿਰਭਰਤਾ ਲਈ ਵੀ ਤਾਂ ਕੋਈ ਸਿਆਸੀ ਪ੍ਰਤੀਬੱਧਤਾ ਚਾਹੀਦੀ ਹੈ ਜਿਸ ਦੀ ਅਣਹੋਂਦ ਵਿਚ ਅੱਜ ਅਨੇਕਾਂ ਦੇਸ਼ ਲਗਾਤਾਰ ਭੁੱਖਮਰੀ ਤੇ ਸਦੀਵੀ ਕੁਪੋਸ਼ਣ ਨਾਲ ਜੂਝ ਰਹੇ ਹਨ!

ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਦੀ ਕਾਇਮੀ ਪਿੱਛੇ ਲੰਮਾ ਸੰਘਰਸ਼ ਪਿਆ ਹੈ ਜਿਹੜਾ ਸਿਆਸੀ ਆਜ਼ਾਦੀ ਜਿੱਤਣ ਜਿੰਨਾ ਹੀ ਮਾਣਯੋਗ ਹੈ। ਇਹ ਇਕੋ ਇਕ ਅਜਿਹੀ ਰਾਸ਼ਨ ਪ੍ਰਣਾਲੀ ਸੀ ਜੋ ਨਾ ਸਿਰਫ਼ ਹੁਣ ਤੱਕ ਸੋਕੇ ਤੇ ਅਕਾਲ ਦੀ ਹਾਲਤ ਵਿਚ ਗਰੀਬ ਤਬਕਿਆਂ ਲਈ ਉਮੀਦ ਦੀ ਕਿਰਨ ਬਣੀ ਰਹੀ, ਸਗੋਂ ਇਸ ਨੇ ਵਿਕਾਸ ਅਤੇ ਜਮਹੂਰੀਅਤ ਦੇ ਅਮਲ ਲਈ ਲੋਕਾਈ ਦੇ ਜ਼ਿਹਨ ਵਿਚ ਹਮੇਸ਼ਾ ਲਈ ਸਨਮਾਨ ਦਾ ਦਰਜਾ ਵੀ ਬਣਾਈ ਰੱਖਿਆ। ਜਨਤਕ ਵੰਡ ਪ੍ਰਣਾਲੀ ਦੀ ਬਹੁ-ਪੱਧਰੀ ਆਲੋਚਨਾ ਦੋ ਮੁੱਖ ਧਿਰਾਂ ਵੱਲੋਂ ਕੀਤੀ ਜਾਂਦੀ ਹੈ। ਪਹਿਲੀ ਧਿਰ ਅਨੁਸਾਰ ਇੰਨੀ ਵੱਡੀ ਆਬਾਦੀ (ਆਬਾਦੀ ਜੋ ਜਾਣ-ਬੁੱਝ ਕੇ ਗਰੀਬੀ ਤੇ ਭੁੱਖਮਰੀ ਦਾ ਦਰਜਾ ਲਗਾਤਾਰ ਬਹਾਲ ਰੱਖਦੀ ਹੈ) ਲਈ ਅਨਾਜ ਦੀ ਵਿਵਸਥਾ ਅਤੇ ਵੰਡ, ਸਰਕਾਰ ਲਈ ਸੰਭਵ ਨਹੀਂ। ਇਹ ਭ੍ਰਿਸ਼ਟ ਰਾਜਤੰਤਰ ਦਾ ਆਪਣੀ ਅਸਫਲਤਾ ਦਾ ਸਵੈ-ਪ੍ਰਗਟਾਵਾ ਹੈ। ਜੇ ਕੋਈ ਜਮਹੂਰੀ ਸਰਕਾਰ ਆਬਾਦੀ ਦੀ ਢਿੱਡ ਭਰਨ ਦੀ ਜ਼ਰੂਰਤ ਤੱਕ ਦੀ ਜ਼ਾਮਨੀ ਨਹੀਂ ਭਰ ਸਕਦੀ, ਉਸ ਨੂੰ ਆਬਾਦੀ ਦੀਆਂ ਬਾਕੀ ਜ਼ਰੂਰਤਾਂ ਦੀ ਚਾਰਾਜੋਈ ਲਈ ਭਰੋਸੇਮੰਦ ਕਿਵੇਂ ਮੰਨਿਆ ਜਾਵੇ? ਕੀ ਸਰਕਾਰ ਅਤੇ ਸਟੇਟ ਨੂੰ ਇਹ ਤੱਥ ਸਮਝ ਨਹੀਂ ਆ ਰਹੇ ਕਿ ਲਗਾਤਾਰ ਪ੍ਰਚਾਰੀ ਜਾ ਰਹੀ 8 ਜਾਂ 9 ਫੀਸਦ ਵਿਕਾਸ ਦਰ, ਅਸਲ ਵਿਚ ਆਬਾਦੀ ਦੇ ਸਿਰਫ਼ 8 ਫੀਸਦ ਹਿੱਸੇ ਦੀ ਹੀ ਵਿਕਾਸ ਦਰ ਹੈ! ਦੂਜੇ, ਇਹ ਕਿਵੇਂ ਹੋ ਸਕਦਾ ਹੈ ਕਿ ਸਰਕਾਰ ਇਨ੍ਹਾਂ ਤੱਥਾਂ ਦੀ ਜਾਣਕਾਰ ਨਾ ਹੋਵੇ ਕਿ ਕੁਪੋਸ਼ਣ ਅਤੇ ਭੁੱਖਮਾਰੀ ਨਾ ਸਿਰਫ਼ ਬਹੁ-ਗਿਣਤੀ ਆਬਾਦੀ ਦੇ ਸਰੀਰਕ ਤੇ ਮਾਨਸਿਕ ਵਿਕਾਸ ਨੂੰ ਖੁੰਢਾ ਕਰਦੀ ਹੈ, ਸਗੋਂ ਇਹ ਸਿੱਧੇ ਅਸਿੱਧੇ ਢੰਗ ਨਾਲ ਲੋਕਾਈ ਨੂੰ ਦੇਸ਼ ਦੇ ਵਿਕਾਸ ਦੀ ਪ੍ਰਕਿਰਿਆ ਵਿਚੋਂ ਕੱਢ ਕੇ ਹਾਸ਼ੀਏ ਉਤੇ ਲਿਆ ਸੁੱਟਦੀ ਹੈ!

ਜਨਤਕ ਵੰਡ ਪ੍ਰਣਾਲੀ ਦੀ ਦੂਜੀ ਆਲੋਚਨਾ ਅਨੁਸਾਰ, ਲੋਕਾਈ ਦੀ ਮੁਕਤੀ ਦਾ ਰਾਹ ਸਿਰਫ਼ ਖੁੱਲ੍ਹੀ ਮੰਡੀ ਤੇ ਉਦਾਰਵਾਦ ਵਿਚੋਂ ਹੋ ਕੇ ਲੰਘਦਾ ਹੈ। ਸਰਕਾਰ ਵੱਲੋਂ ਇਸ ਨੂੰ ਪੁਖਤਾ ਕਰਨ ਲਈ ਪਿਛਲੇ ਸਾਲ ਹੀ 23 ਲੱਖ ਕਰੋੜ ਦੀ ਸਬਸਿਡੀ 'ਤੇ ਟੈਕਸ ਛੋਟ ਕਾਰਪੋਰੇਟ ਘਰਾਣਿਆਂ ਨੂੰ ਦਿੱਤੀ ਗਈ। ਦੂਜੇ ਪਾਸੇ ਖੇਤੀ ਉਤੇ ਮਿਲਦੀ ਸਬਸਿਡੀ ਨੂੰ ਖ਼ਜ਼ਾਨੇ ਉਤੇ ਵਾਧੂ ਦਾ ਬੋਝ ਕਰਾਰ ਦਿੱਤਾ ਗਿਆ। ਪੈਟਰੋਲ ਖੁੱਲ੍ਹੀ ਮੰਡੀ ਦੇ ਹਵਾਲੇ ਕਰ ਦਿੱਤਾ ਗਿਆ। ਮੁੱਢਲੀਆਂ ਸਹੂਲਤਾਂ ਜਿਵੇਂ ਸਿਹਤ, ਸਿੱਖਿਆ, ਸਾਫ਼ ਪਾਣੀ, ਚੌਗਿਰਦੇ ਦੀ ਸੰਭਾਲ ਦਾ ਬਜਟ ਲਗਾਤਾਰ ਹਰ ਵਰ੍ਹੇ ਘਟਾਇਆ ਜਾ ਰਿਹਾ ਹੈ। ਇਨ੍ਹਾਂ ਦੇ ਹੱਕ ਵਿਚ ਵਿਕਾਸ ਦਰ 9 ਫੀਸਦ ਹੋਣ ਦੀ ਦੁਹਾਈ ਦਿੱਤੀ ਜਾ ਰਹੀ ਹੈ, ਪਰ ਕੀ ਸਰਕਾਰ ਇਹ ਅੜਾਉਣੀ ਹੱਲ ਕਰ ਸਕਦੀ ਹੈ ਕਿ, ਸਾਲ 2011-12 ਦੀ ਤੀਜੀ ਤੇ ਦੂਜੀ ਤਿਮਾਹੀ ਦੌਰਾਨ ਜਦੋਂ ਵਿਕਾਸ ਦਰ ਡਿੰਗਕੇ 6.8 ਫੀਸਦ ਹੋਈ ਤਾਂ ਮਹਿੰਗਾਈ ਦੀ ਦਰ ਵੀ ਕਿਉਂ ਘਟਣੀ ਸ਼ੁਰੂ ਹੋ ਗਈ? ਜਾਂ ਫਿਰ ਇਹ ਮੰਨ ਕੇ ਚੱਲਿਆ ਜਾਵੇ ਕਿ ਵਿਚੋਲਿਆਂ, ਦਲਾਲਾਂ ਤੇ ਘੁਟਾਲਿਆਂ ਦੇ ਇਸ ਦੌਰ ਵਿਚ ਇਹ 'ਮਹਾਨ' ਦੇਸ਼ ਬਿਨਾਂ ਕਿਸੇ ਸੈਨਾਪਤੀ ਤੋਂ ਹੀ ਅਜਿਹੀ ਹਾਰੀ ਹੋਈ ਜੰਗ ਲੜ ਰਿਹਾ ਹੈ ਜਿਸ ਵਿਚ ਹਰ ਚੜ੍ਹਦੇ ਦਿਹਾੜੇ ਲੋਕਾਈ ਦਾ ਇਕ ਹਿੱਸਾ ਭੁੱਖਮਰੀ, ਖ਼ੁਦਕੁਸ਼ੀ ਜਾਂ ਮਾੜੇ ਜਿਊਣ ਹਾਲਾਤ ਨਾਲ ਨੰਗੇ ਧੜ ਮੱਥਾ ਲਾਉਂਦਾ ਹੈ ਤੇ ਅਣਿਆਈ ਮੌਤ ਮਰਦਾ ਹੈ। ਇਹ ਨਿਹੱਕ ਡੁੱਲ੍ਹਿਆ ਲਹੂ ਆਖਿਰ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ!

# ਵੇਦ ਵਿਆਸ ਨੇ ਸੱਚ ਹੀ ਕਿਹਾ ਹੋਇਐ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪਿੰਡ ਵਿਚ ਤਿੰਨ ਮੰਜ਼ਲੀ ਕੋਠੀ...ਬਹੁਤੇ ਕਮਰਿਆਂ ਨਾਲ ਅਟੈਚ ਬਾਥਰੂਮ...ਬਾਥਰੂਮਾਂ ਵਿਚ ਇੰਪੋਰਟਡ ਟੱਬ ਅਤੇ ਗੀਜ਼ਰ ਲੱਗੇ ਹੋਏ...ਏ.ਸੀ. ਦੀ ਠੰਢੀ ਠਾਰ ਸਹੂਲਤ...ਬਿਜਲੀ ਕੱਟਾਂ ਦਾ ਮੂੰਹ-ਤੋੜ ਜਵਾਬ ਦੇਣ ਲਈ ਵੱਡਾ ਜੈਨਰੇਟਰ ਇਕ ਖੂੰਜੇ ਵਿਚ ਤਿਆਰ-ਬਰ-ਤਿਆਰ ਖੜ੍ਹਾ...ਸਕੂਲ ਗਰਾਊਂਡ ਵਰਗੇ ਖੁੱਲ੍ਹੇ ਵਿਹੜੇ ਵਿਚ ਖੜ੍ਹੇ ਦੋ ਟਰੈਕਟਰਾਂ ਦੇ ਨਾਲ ਨਾਲ ਏ.ਸੀ. ਗੱਡੀ, ਮੋਟਰਸਾਇਕਲ ਅਤੇ ਸਕੂਟਰ... ਸਭ ਘਰ ਦੀ ਸ਼ਾਨ ਵਧਾ ਰਹੇ ਨੇ। ਇਸ ਭਰੇ-ਭੁਕੰਨੇ ਘਰ ਦੇ ਤਿੰਨ ਮਾਲਕ ਮੁੰਡਿਆਂ ਵਿਚੋਂ ਦੋ ਯੂਰਪੀ ਦੇਸ਼ਾਂ ਵਿਚ ਵੈਲ-ਸੈਟਲਡ ਹਨ। ਉਨ੍ਹਾਂ ਨੇ ਚਾਲੀ ਕਿੱਲਿਆਂ ਦੀ ਖੇਤੀ ਦਾ ਹਿਸਾਬ-ਕਿਤਾਬ, ਪਿੰਡ ਰਹਿੰਦੇ ਭਰਾ ਤੋਂ ਕਦੀ ਨਹੀਂ ਮੰਗਿਆ...ਖੇਤੀ ਵੱਟਕ ਦਾ ਲੇਖਾ ਜੋਖਾ ਕਰਨਾ ਤਾਂ ਦੂਰ ਦੀ ਗੱਲ, ਉਹ ਸਗੋਂ ਵਰ੍ਹੇ-ਛਿਮਾਹੀਂ ਪਿੰਡ ਨੂੰ 'ਮਦਦ' ਭੇਜਦੇ ਰਹਿੰਦੇ ਨੇ...ਤਿੰਨਾਂ ਦੇ ਸਤਿ-ਸੰਤੋਖ ਦੀਆਂ ਗੱਲਾਂ ਲਾਗੇ-ਚਾਗੇ ਦੇ ਪਿੰਡਾਂ ਵਿਚ ਹੁੰਦੀਆਂ ਨੇ।

ਪੂਰੀ ਸਰਦਾਰੀ ਭੋਗ ਰਿਹਾ ਪਿੰਡ ਵਾਲਾ, ਛੋਟੇ ਜਿਹੇ ਪਰਿਵਾਰ ਦਾ ਮਾਲਕ ਮੁੰਡਾ ਹੱਥ ਦਾ ਵੀ ਬਹੁਤ ਸਖੀ...ਪਿੰਡ 'ਚ ਕਿਸੇ ਗਰੀਬ-ਗੁਰਬੇ ਦੀ ਧੀ ਦੇ ਵਿਆਹ ਮੌਕੇ ਮਾਇਕ ਮਦਦ ਵੀ ਕਰ ਦਿੰਦਾ...ਪੇਂਡੂ ਵਰਤ-ਵਰਤਾਰੇ ਅਨੁਸਾਰ ਕੋਈ ਨਾ ਕੋਈ ਅਹੁਦਾ ਵੀ ਉਹਦੇ ਕੋਲ ਜ਼ਰੂਰ ਹੁੰਦਾ...ਜੋ ਦੋਹਾਂ ਟਰਾਲੀਆਂ 'ਤੇ ਸ਼ਾਨ ਨਾਲ ਲਿਖਵਾਇਆ ਜਾਂਦਾ... 'ਭਾਗ ਸਿੰਘ ਸਰਪੰਚ' ਜਾਂ ਕਿਸੇ ਹੋਰ ਪਦਵੀ ਦਾ ਨਾਂ।

ਅਧਖੜ ਉਮਰ ਦੇ ਨੇੜੇ-ਤੇੜੇ ਪਹੁੰਚੇ ਅਤਿ ਚੰਗੇ ਭਾਗਾਂ ਵਾਲੇ ਇਸ ਭਾਗ ਸਿੰਹੁ ਨੇ ਭਾਗਾਂ ਨੂੰ ਹੋਰ ਚਮਕਾਉਣ ਲਈ ਬਾਹਰ ਦਾ ਕੰਮ ਬਣਾ ਲਿਆ। ਯੂਰਪ ਵਾਲੇ ਭਰਾਵਾਂ ਦੀਆਂ ਹੱਥ ਬੰਨ੍ਹ-ਬੰਨ੍ਹ ਕੀਤੀਆਂ ਅਰਜੋਈਆਂ ਨੂੰ ਦਰਕਿਨਾਰ ਕਰ ਕੇ ਸ੍ਰੀਮਾਨ ਜੀ ਪਰਦੇਸ ਰਹਿੰਦੇ ਆਪਣੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਘਰੇ ਜਾ ਪਹੁੰਚੇ...ਇਕ-ਦੋ ਹਫ਼ਤੇ ਲੰਮੇ-ਚੌੜੇ ਸਟੋਰਾਂ ਅਤੇ ਪਾਰਕਾਂ-ਪੂਰਕਾਂ ਦੀਆਂ ਸੈਰਾਂ ਕਰਨ ਬਾਅਦ ਡਾਲਰ ਬਣਾਉਣ ਦੇ ਵਸੀਲੇ ਬਾਰੇ ਸਕੀਮਾਂ ਬਣਨ ਲੱਗੀਆਂ। ਅੰਗਰੇਜ਼ੀ ਵੱਲੋਂ ਹੱਥ ਤੰਗ ਹੋਣ ਕਰ ਕੇ ਜੌਬ ਲੱਭਣੀ ਮੁਸ਼ਕਿਲ ਹੋ ਗਈ।

ਇਕ ਦਿਨ ਰੁਟੀਨ 'ਚ ਹੀ ਫੋਨ ਉਤੇ ਗੱਲਾਂ ਕਰਦਿਆਂ ਮੈਂ ਹੋਰ ਉਰਲੀਆਂ-ਪਰਲੀਆਂ ਬਥੇਰੀਆਂ ਮਾਰੀ ਗਿਆ, ਪਰ ਜੌਬ ਬਾਰੇ ਪੁੱਛਣ ਦਾ ਮੇਰਾ ਹੀਆ ਨਾ ਪਵੇ। ਸੁਰਜੀਤ ਪਾਤਰ ਦੀ ਕਵਿਤਾ ਦੀਆਂ ਸਤਰਾਂ 'ਪਿੰਡ ਜਿਨ੍ਹਾਂ ਦੇ ਗੱਡੇ ਚੱਲਣ, ਹੁਕਮ ਅਤੇ ਸਰਦਾਰੀ' ਚੇਤੇ ਕਰ ਕੇ ਮੇਰੀ ਜੀਭ ਇਹ ਇਜਾਜ਼ਤ ਹੀ ਨਾ ਦੇਵੇ ਕਿ ਉਹਨੂੰ ਪੁੱਛਾਂ ਕਿ ਕੰਮ-ਕੁੰਮ ਦਾ ਕੋਈ ਜੁਗਾੜ ਬਣਿਆ ਕਿ ਨਹੀਂ? ਪਾਣੀ ਪਾ-ਪਾ ਲੱਸੀ ਵਧਾਉਣ ਵਾਂਗ ਜਦ ਸਾਡੀ ਵਾਰਤਾਲਾਪ 'ਹੋਰ ਫਿਰ' ਵਾਲੇ ਟਰਕਾਊ ਲਫ਼ਜ਼ 'ਤੇ ਪਹੁੰਚ ਗਈ, ਤਦ ਫਿਰ ਨਵੇਂ ਪਰਵਾਸੀ ਨੇ ਇਸ 'ਹੋਰ ਫਿਰ' ਦਾ ਆਪੇ ਅਰਥ ਕੱਢਦਿਆਂ ਦੱਸਿਆ, "ਆਹ ਯਾਰ, ਜਿਹੜਾ ਐਥੇ 'ਲੈਵਨ-ਸਲੈਵਨ' ਕਹਿੰਦੇ ਆ, ਇਕ-ਦੋ ਜਗ੍ਹਾ ਪੁੱਛਿਆ ਐ, ਸਾਲੇ ਸਿਰ ਈ ਫੇਰ ਦਿੰਦੇ ਆ! ਕਹਿੰਦੇ ਕੰਮਾਂ ਦਾ ਮੰਦਾ ਪਿਆ ਹੋਇਐ!!"

'ਓ ਭਈਆ, ਜੈਨਰੇਟਰ ਚਲਾ ਦੋ...ਭਈਆ ਪੱਠੇ ਵਾਢ ਲੇ ਆਓ...ਮੋਟਰ ਚਲਾ ਆਓ...ਓ ਭਈਆ ਯਿਹ ਕਰੋ, ਵੋਹ ਕਰੋ' ਵਰਗੇ ਹੁਕਮ ਚਲਾਉਣ ਵਾਲੇ ਅਤੇ ਪਿੰਡ ਰਹਿੰਦੇ ਭਈਆਂ ਦੀ ਹੇੜ ਦੇ 'ਸ਼ਰਦਾਰ ਜੀ' ਦੇ ਮੂੰਹੋਂ 'ਲੈਵਨ-ਸਲੈਵਨ' ਉਤੇ ਕੰਮ ਲੱਭਣ ਦੀ ਗੱਲ ਸੁਣ ਕੇ ਮੇਰੀ ਪੰਜਾਬੀਅਤ ਨੂੰ ਬੜੀ ਸੰਗ ਆਈ, ਪਰ ਸ਼ਰਮਿੰਦਾ ਹੋਣ ਦੀ ਬਜਾਏ ਮੈਂ ਹੱਸਣ ਨੂੰ ਤਰਜੀਹ ਦਿੱਤੀ।

ਪਿਛਲੀ ਵਾਰੀ ਅਮਰੀਕਾ ਤੋਂ ਪਿੰਡ ਜਾਣ ਦੀ ਤਿਆਰੀ ਕਰਨ ਤੋਂ ਦੋ ਕੁ ਹਫ਼ਤੇ ਪਹਿਲਾਂ, ਮੈਂ ਆਮ ਵਾਂਗ ਸ਼ਾਮ ਦੀ ਸੈਰ ਕਰਨ ਲਈ ਲਾਗੇ ਦੇ ਪਾਰਕ ਵਿਚ ਚਲਾ ਗਿਆ। ਤੁਰਨ ਵਾਲੀ ਪਟੜੀ 'ਤੇ ਕਾਹਲੀ ਕਾਹਲੀ ਤੁਰਿਆ ਜਾ ਰਿਹਾ ਸਾਂ ਕਿ ਅੱਗਿਉਂ ਦੋ ਗੋਰੀਆਂ ਆ ਗਈਆਂ ਜਿਨ੍ਹਾਂ ਨੇ ਬਘਿਆੜਾਂ ਵਰਗੇ ਦੋ ਕੁੱਤਿਆਂ ਦੀਆਂ ਸੰਗਲੀਆਂ ਫੜੀਆਂ ਹੋਈਆਂ ਸਨ। ਮੇਰੇ ਲਾਗੇ ਪਹੁੰਚ ਕੇ ਦੋਹਾਂ ਕੁੱਤਿਆਂ ਨੇ ਅਤਿ ਚੁੱਕ ਲਈ। ਰਾਖ਼ਸ਼ਾਂ ਵਰਗੇ ਮੂੰਹ ਬਣਾ ਬਣਾ ਕੇ ਉਹ ਮੇਰੇ 'ਤੇ ਟੁੱਟ ਟੁੱਟ ਪੈਣ ਲੱਗੇ। ਜੇ ਦੋਵੇਂ ਗੋਰੀਆਂ ਉਚੀ ਉਚੀ 'ਨੋ...ਨੋ' ਕਹਿ ਕੇ ਕੁੱਤਿਆਂ ਦੀਆਂ ਧੌਣਾਂ ਵਾਲੀਆਂ ਪਟੀਆਂ ਨੂੰ ਫੁਰਤੀ ਨਾਲ ਨਾ ਫੜਦੀਆਂ ਤਾਂ ਮੈਨੂੰ ਉਨ੍ਹਾਂ ਦੋਹਾਂ ਨੇ ਜ਼ਰੂਰ ਚੀਰ ਕੇ ਰੱਖ ਦੇਣਾ ਸੀ। ਅਜਿਹਾ ਸਵਾਗਤ ਮੇਰੇ ਵੱਖਰੇ ਸਰੂਪ ਯਾਨਿ ਦਸਤਾਰ ਅਤੇ ਖੁੱਲ੍ਹੀ ਦਾੜ੍ਹੀ ਕਾਰਨ ਹੀ ਹੋਇਆ।

ਖ਼ੈਰ! ਥੋੜ੍ਹਾ ਦੂਰ ਹਟ ਕੇ ਲੰਘਦੇ ਨੂੰ ਮੈਨੂੰ, ਗੋਰੀਆਂ ਨੇ ਕਈ ਵਾਰ 'ਸੌਰੀ ਸੌਰੀ' ਕਿਹਾ, ਪਰ ਕਈ ਦਿਨ ਮੇਰੇ 'ਤੇ ਹੀਣ ਭਾਵਨਾ ਛਾਈ ਰਹੀ। ਕਈ ਦਿਨ ਮੈਂ ਪਰਦੇਸੀ ਹੋਣ ਦੇ ਕਾਰਨਾਂ 'ਚ ਖੁੱਭਿਆ ਰਿਹਾ, ਪਰ ਛੇਤੀ ਪਿੰਡ ਜਾਣ ਦੇ ਚਾਅ ਵਿਚ ਇਹ ਹੀਣ ਭਾਵਨਾ ਵੀ ਛਾਈਂ-ਮਾਈਂ ਹੋ ਗਈ।

ਪਿੰਡ ਵਾਲੇ ਪੁਰਖਿਆਂ ਦੇ ਘਰ ਪਹੁੰਚ ਕੇ ਅਨੰਦ ਮੰਗਲ ਕੀਤਾ। ਹੁੱਬ ਹੁੱਬ ਕੇ ਵਤਨ ਦੀਆਂ ਰੋਟੀਆਂ ਖਾਧੀਆਂ ਤੇ ਸੌਂ ਗਏ। ਤੜਕੇ ਅੰਮ੍ਰਿਤ ਵੇਲੇ ਕਈ ਚਿਰਾਂ ਬਾਅਦ ਗੁਰਦੁਆਰੇ ਦੇ ਸਪੀਕਰ ਦੀ 'ਵਾਜ਼ ਕੰਨੀਂ ਪਈ, 'ਹਉ ਆਇਆ ਦੂਰਹੁ ਚੱਲ ਕੈ...।' ਫਟਾ ਫਟ ਉਠਿਆ। ਇਸ਼ਨਾਨ-ਪਾਨ ਕਰ ਕੇ ਗੁਰਦੁਆਰੇ ਵੱਲ ਨੂੰ ਤੁਰ ਪਿਆ। ਘਰੋਂ ਨਿਕਲ ਕੇ ਜਦ ਮੈਂ ਠਾਕਰੀ ਦੇ ਘਰ ਕੋਲੋਂ ਲੰਘਣ ਲੱਗਾ ਤਾਂ ਉਸ ਦੇ ਚੌਂਤਰੇ ਉਪਰ ਬੈਠੇ ਪੰਜ-ਛੇ ਕੁੱਤੇ ਮੇਰੇ ਵੱਲ ਬਊਂ...ਬਊਂ ਕਰ ਕੇ ਇਉਂ ਭੱਜੇ, ਜਿਵੇਂ ਪਹਿਲਾਂ ਤੋਂ ਮਿਲੀ ਹੋਈ ਸੂਹ 'ਤੇ ਐਕਸ਼ਨ ਲੈਂਦਿਆਂ ਸੀ.ਆਰ.ਪੀ. ਵਾਲੇ ਕਿਸੇ ਸ਼ੱਕੀ ਨੂੰ ਦਬੋਚਣ ਲਈ ਦੌੜੇ ਹੋਣ। ਮੈਂ ਹੱਕਾ ਬੱਕਾ ਰਹਿ ਗਿਆ। ਅੱਕੀਂ ਪਲਾਹੀਂ ਹੱਥ ਮਾਰਨ ਵਾਂਗ ਮੈਂ ਆਲੇ-ਦੁਆਲੇ ਕੋਈ ਸੋਟਾ ਸੋਟੀ ਭਾਲਣ ਲੱਗਾ। ਸ਼ੁਕਰ ਹੋਇਆ ਕਿ ਇੰਨੇ ਨੂੰ ਮੰਜੇ 'ਤੇ ਪਈ ਪਈ ਠਾਕਰੀ ਉਠ ਕੇ ਬਹਿ ਗਈ ਜੋ ਸ਼ਾਇਦ ਜਾਗਦੀ ਹੀ ਪਈ ਸੀ। ਕੁੱਤਿਆਂ ਦੀ ਚਾਣਚੱਕ ਚੜ੍ਹਾਈ ਅਤੇ ਉਨ੍ਹਾਂ ਦਾ ਭੌਂਕਣਾ ਸੁਣ ਕੇ ਉਸ ਨੇ ਜ਼ੋਰ ਦੀ ਆਵਾਜ਼ ਨਾਲ ਕੁੱਤਿਆਂ ਨੂੰ ਵਰਜਿਆ। ਉਹ ਡੰਗੋਰੀ ਲੈ ਕੇ ਮੇਰੀ ਮਦਦ ਲਈ ਅਹੁਲੀ। ਕੁੱਤੇ ਥੋੜ੍ਹਾ ਢਿੱਲੇ ਪੈ ਗਏ...ਮੈਂ ਜੀ-ਭਿਆਣਾ ਜਿਹਾ ਹੋਇਆ ਸੋਚਾਂ, 'ਮਨਾ! ਕੈਲੀਫੋਰਨੀਆ ਦੇ ਕੁੱਤਿਆਂ ਨੇ ਤਾਂ ਪਰਦੇਸੀ ਨੂੰ ਭੌਂਕਣਾ ਹੀ ਸੀ, ਆਹ ਆਪਣੇ ਦੇਸੀ ਕੁੱਤੇ, ਆਪਣੇ ਦੇਸੀ ਨੂੰ ਹੀ ਪਰਦੇਸੀ ਸਮਝ ਕੇ ਦੁਰ-ਦੁਰ ਕਰੀ ਜਾਂਦੇ ਹਨ। ਕਿਹਾ ਤਾਂ ਕੁੱਤੇ ਨੂੰ ਜਾਂਦਾ ਹੈ ਕਿ ਉਹ 'ਘਰ ਦਾ, ਨਾ ਘਾਟ ਦਾ' ਪਰ ਅੱਜ ਇਹ ਕਹਾਵਤ ਮੇਰੇ 'ਤੇ ਢੁਕ ਰਹੀ ਹੈ।'

ਇਨ੍ਹਾਂ ਬਹਿ ਗੁਣੀਆਂ ਵਿਚ ਉਲਝਿਆ ਮੈਂ ਕੁੱਤਿਆਂ ਨੂੰ ਘੂਰ ਰਿਹਾ ਸਾਂ। ਭਰਵੱਟਿਆਂ 'ਤੇ ਹੱਥ ਰੱਖ ਕੇ ਮੇਰੇ ਨੇੜੇ ਨੂੰ ਹੁੰਦਿਆਂ ਠਾਕਰੀ ਨੇ ਮੈਨੂੰ ਸਿਆਣ ਲਿਆ। ਆਪਣੇ ਹੀ ਪਿੰਡ ਦਾ 'ਮੁੰਡਾ' ਨਿਕਲਿਆ ਹੋਣ ਕਰ ਕੇ ਉਹ ਕੁੱਤਿਆਂ ਵੱਲ ਸੋਟੀ ਉਲਾਰਦਿਆਂ ਬੋਲੀ, "ਜਲ ਜਾਣੀਏ ਕਤ੍ਰੀੜੇ, ਕੁਸ਼ ਸ਼ਰਮ ਕਰ।" ਮੈਂ ਖੜ੍ਹਾ ਸੋਚਾਂ ਕਿ ਕੁੱਤੇ ਵਿਚਾਰੇ ਕਾਹਦੀ ਸ਼ਰਮ ਕਰਨ? ਉਨ੍ਹਾਂ ਤਾਂ ਓਪਰੇ ਬੰਦੇ ਨੂੰ ਭੌਂਕਣ ਦਾ ਆਪਣਾ ਜੱਦੀ-ਪੁਸ਼ਤੀ ਫਰਜ਼ ਨਿਭਾਇਆ ਹੈ। ਸ਼ਰਮ ਤਾਂ ਬੰਦਿਆਂ ਨੂੰ ਕਰਨੀ ਚਾਹੀਦੀ ਹੈ।

ਆਪਣੇ ਪੁਸ਼ਤੈਨੀ ਪਿੰਡ ਦੀ ਕੁੱਤਾ-ਮੰਡਲੀ ਹੱਥੋਂ ਬੇਇਜ਼ਤੀ ਹੋਣ ਤੋਂ ਥੋੜ੍ਹੇ ਕੁ ਦਿਨਾਂ ਮਗਰੋਂ ਪੰਜਾਬ ਵਿਚ ਅਸੰਬਲੀ ਚੋਣਾਂ ਦਾ ਮੈਦਾਨ ਭਖ ਪਿਆ। ਜ਼ੋਰਾਂ-ਸ਼ੋਰਾਂ ਨਾਲ ਜਲਸੇ-ਜਲੂਸ ਹੋਣ ਲੱਗ ਪਏ। ਮੈਂ ਵੀ ਮਨਪ੍ਰੀਤ ਸਿੰਘ ਬਾਦਲ ਦੀਆਂ ਕਈ ਚੋਣ ਰੈਲੀਆਂ ਵਿਚ ਬਾਹਾਂ ਉਲਾਰ ਉਲਾਰ ਕੇ ਤੀਜੇ ਮੋਰਚੇ ਨੂੰ ਵੋਟਾਂ ਪਾਉਣ ਦੀਆਂ ਅਪੀਲਾਂ ਕੀਤੀਆਂ। ਅਖ਼ਬਾਰੀ ਬਿਆਨ ਵੀ ਠਾਹ ਠਾਹ ਦਾਗੇ। ਵੋਟਾਂ ਪੈਣ ਵਾਲੇ ਦਿਨ ਮੈਂ ਆਪਣੇ ਪਿੰਡ ਵਾਲੇ ਬੂਥ ਉਤੇ ਚਾਈਂ ਚਾਈਂ ਪਹੁੰਚਿਆ। ਪਰਚੀਆਂ ਕੱਟਣ ਦੀ ਸੇਵਾ ਨਿਭਾ ਰਹੇ ਮੁੰਡਿਆਂ ਮੂੰਹੋਂ ਇਹ ਗੱਲ ਸੁਣ ਕੇ ਮੈਂ ਛਿੱਥਾ ਜਿਹਾ ਪੈ ਗਿਆ, "ਅੰਕਲ, ਵੋਟਰ ਸੂਚੀ ਵਿਚ ਤਾਂ ਤੁਹਾਡਾ ਨਾਂ ਈ ਹੈ ਨ੍ਹੀਂ।"

ਨਿੰਮੋ-ਝੂਣਾ ਜਿਹਾ ਹੋ ਕੇ ਘਰ ਮੁੜਦੇ ਨੂੰ ਮੈਨੂੰ ਵੇਦ ਵਿਆਸ ਦਾ 'ਵਾਕ' ਯਾਦ ਆ ਰਿਹਾ ਸੀ। ਇਸ ਤੱਤ-ਵੇਤਾ ਨੇ ਲਿਖਿਆ ਹੋਇਐ, 'ਪੰਜ ਆਦਮੀ ਜਿਉਂਦੇ ਹੀ ਲਾਸ਼ਾਂ ਹਨ-ਦਲਿੱਦਰੀ, ਰੋਗੀ, ਮੂਰਖ, ਪਰਦੇਸੀ ਅਤੇ ਨੌਕਰ।'

# ਰਾਜੇ ਤੋਂ ਰੰਕ ਬਣੇ ਅਸੂਲੀ ਬੰਦੇ ਨੂੰ ਚੇਤੇ ਕਰਦਿਆਂ...

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ

ਫੋਨ:91-98141-78883

ਉਸ ਕੋਲ ਮੈਂ ਜਦੋਂ ਵੀ ਜਾਂਦਾ, ਨਵੀਂ ਊਰਜਾ ਨਾਲ ਵਾਪਸ ਆਉਂਦਾ। ਮਰੂੰ-ਮਰੂੰ ਵਾਲੀ ਕੋਈ ਗੱਲ ਉਸ ਮੂੰਹੋਂ ਨਾ ਸੁਣੀ, ਜਦੋਂ ਦੇਖਿਆ ਉਹ ਚੜ੍ਹਦੀ ਕਲਾ ਵਿਚ ਸੀ। ਲੋਕ ਬੈਂਕਾਂ 'ਤੇ ਯਕੀਨ ਘੱਟ ਕਰਦੇ, ਉਸ 'ਤੇ ਵੱਧ। ਚੋਖਾ ਕੰਮ-ਕਾਜ ਸੀ ਉਸ ਦਾ ਫਾਇਨਾਂਸ ਵਾਲਾ, ਪਰ ਅੰਦਰ ਪੱਤਰਕਾਰਾਂ ਵਾਲਾ ਸੀ। ਲੋਕਾਂ ਦੇ ਪੈਸੇ ਆਉਂਦੇ-ਜਾਂਦੇ ਰਹਿੰਦੇ, ਪਰ ਉਹ ਲੇਖਾਂ ਦਾ ਅਨੁਵਾਦ ਕਰਨ ਵਿਚ ਰੁੱਝਿਆ ਰਹਿੰਦਾ, ਅਖ਼ਬਾਰਾਂ 'ਚ ਛਪੇ ਲੇਖਾਂ ਦੀਆਂ ਗੱਲਾਂ ਕਰਦਾ ਰਹਿੰਦਾ। 'ਕੱਲ੍ਹ ਫ਼ਲਾਣਾ ਲੇਖ ਅਨੁਵਾਦ ਕੀਤੈ, ਪਿਛਲੇ ਹਫ਼ਤੇ ਫ਼ਲਾਣਾ ਫ਼ਲਾਣੀ ਅਖ਼ਬਾਰ ਵਿਚ ਛਪ ਗਿਆ ਸੀ, ਆਹ ਮੁੰਡੇ ਨੇ ਉਹਦੀ ਕਟਿੰਗ ਸੰਭਾਲ ਕੇ ਰੱਖ ਲਈ ਏ...', ਉਹਦੀਆਂ ਗੱਲਾਂ ਦਾ ਧੁਰਾ ਏਹੀ ਹੁੰਦਾ।

ਫਰੀਦਕੋਟ ਦੇ ਹਜ਼ਾਰਾਂ ਲੋਕਾਂ ਦੀ ਉਹ 'ਰਿਜ਼ਰਵ ਬੈਂਕ' ਸੀ, ਕਿਸੇ ਦਾ ਪੰਜ ਹਜ਼ਾਰ, ਕਿਸੇ ਦਾ ਪੰਜ ਲੱਖ, ਕਿਸੇ ਦਾ ਪੰਜਾਹ ਹਜ਼ਾਰ ਤੇ ਕਿਸੇ ਦਾ ਪੰਜਾਹ ਲੱਖ ਉਸ ਕੋਲ ਜਮ੍ਹਾਂ ਸੀ। ਜਿੰਨਾ ਝੂਠ ਬੋਲਿਆ ਜਾਏ, ਓਨਾ ਇਤਬਾਰ ਸੀ ਉਸ 'ਤੇ ਸਭ ਨੂੰ। ਪੈਸੇ ਲੈਣ ਜਾਂ ਦੇਣ ਦਾ ਜਿਹੜਾ ਵਕਤ ਉਸ ਨੇ ਦੇ ਦਿੱਤਾ, ਉਸ ਤੋਂ ਇਕ ਮਿੰਟ ਪਹਿਲਾਂ ਜਾਂ ਮਗਰੋਂ ਹੋਣ ਦਾ ਤਾਂ ਸਵਾਲ ਹੀ ਪੈਦਾ ਨਾ ਹੁੰਦਾ। ਕਿਸੇ ਨੇ ਪੁੱਤ ਤੋਂ ਚੋਰੀ, ਕਿਸੇ ਨੇ ਧੀ ਤੋਂ ਚੋਰੀ, ਕਿਸੇ ਨੇ ਮਾਪਿਆਂ ਤੋਂ ਚੋਰੀ ਤੇ ਕਿਸੇ ਨੇ ਪਤੀ ਤੋਂ ਚੋਰੀ, ਉਸ ਕੋਲ ਵਿੱਤ ਮੁਤਾਬਕ ਪੂੰਜੀ ਜਮ੍ਹਾਂ ਕਰਾਈ ਸੀ। ਮਜ਼ਾਲ ਕੀ ਉਸ ਦੇ ਦਫਤਰੋਂ ਕੋਈ ਗੱਲ ਲੀਕ ਹੋ ਜਾਵੇ। ਕਈ ਘਰ ਅਜਿਹੇ ਵੀ ਸਨ ਕਿ ਪੁੱਤ ਦੇ ਵੀ ਪੈਸੇ ਉਥੇ ਸਨ ਤੇ ਬਾਪ ਦੇ ਵੀ, ਦੋਹੇਂ ਇਕ-ਦੂਜੇ ਤੋਂ ਚੋਰੀ ਜਮ੍ਹਾਂ ਕਰਾਉਂਦੇ, ਪਰ ਉਨ੍ਹਾਂ ਦਾ ਪਰਦਾ ਉਸ ਨੇ ਕਦੇ ਨਾ ਖੋਲ੍ਹਿਆ।

ਕਾਮਰੇਡੀ ਵਿਚਾਰਧਾਰਾ ਉਸ ਦੇ ਸੁਭਾਅ ਦਾ ਹਿੱਸਾ ਸੀ। ਜੇ ਕਿਸੇ ਲੋੜਵੰਦ ਨੇ ਆ ਕੇ ਆਖਣਾ, 'ਮੱਖਣ ਸਿਆਂ, ਥੋੜ੍ਹੇ ਪੈਸੇ ਚਾਹੀਦੇ ਸੀ, ਪਰ ਮੋੜੇ ਛੇਤੀ ਨਹੀਂ ਜਾਣੇ।' ਤਾਂ ਉਸ ਸਵਾਲ ਕਰਨਾ, 'ਫੇਰ ਵੀ ਕੋਈ ਤਰੀਕ ਤਾਂ ਦੇਣੀ ਪਊ।'

'ਛੇ ਕੁ ਮਹੀਨੇ ਤਾਂ ਚਾਹੀਦੇ ਹੀ ਨੇ।' ਤਾਂ ਉਸ ਕਹਿਣਾ, 'ਛੇ ਦੇ ਵੀ ਸੱਤ ਲੈ ਲਾ, ਪਰ ਅੱਠਵਾਂ ਨਾ ਕਰੀਂ, ਜ਼ੁਬਾਨ 'ਤੇ ਪੱਕਾ ਰਹੀਂ। ਸੱਤ ਮਹੀਨੇ ਅਸੀਂ ਤੈਨੂੰ ਪੈਸੇ ਯਾਦ ਕਰਾਉਂਦੇ ਨਹੀਂ ਤੇ ਅੱਠਵੇਂ 'ਚ ਭੁੱਲਣ ਨਹੀਂ ਦਿੰਦੇ।'

ਉਹਦੇ ਜਿੰਨਾ ਸਪੱਸ਼ਟ ਤੇ ਕੋਰਾ-ਕਰਾਰਾ ਬੰਦਾ ਅੱਜ ਤੱਕ ਮੈਂ ਕੋਈ ਦੂਜਾ ਨਹੀਂ ਦੇਖਿਆ। ਹਰ ਮਹੀਨੇ ਕਿਸ਼ਤ ਜਮ੍ਹਾਂ ਕਰਾਉਣ ਵਾਲੇ ਨੇ ਜੇ ਉਹਦੇ ਦਫ਼ਤਰ ਆ ਕੇ ਆਖਣਾ, 'ਸਰਦਾਰ ਜੀ, ਐਸ ਵਾਰ ਫ਼ਲਾਣੀ ਸਮੱਸਿਆ ਆ ਗਈ ਸੀ, ਕਿਸ਼ਤ ਪੰਦਰਾਂ ਕੁ ਦਿਨ ਲੇਟ ਜਮ੍ਹਾਂ ਕਰਾਵਾਂਗਾ...।' ਤਾਂ ਉਸ ਆਖਣਾ, 'ਪੰਦਰਾਂ ਦੇ ਵੀ ਪੱਚੀ ਲੈ ਲਾ, ਪਰ ਜੇ ਛੱਬੀਵਾਂ ਦਿਨ ਹੋ ਗਿਆ ਤਾਂ ਨਾ ਸਾਡੇ ਲਈ ਚੰਗਾ ਹੋਣਾ ਤੇ ਨਾ ਤੇਰੇ ਲਈ...ਅਸੂਲਾਂ ਨੂੰ ਨਹੀਂ ਤੋੜਨਾ।'

ਜ਼ੁਬਾਨ ਕਰਕੇ ਹੀ ਉਸ ਦਾ ਕਾਰੋਬਾਰ ਸਿਖਰਾਂ 'ਤੇ ਸੀ। ਉਸ ਦੀ 'ਮਿੰਨੀ ਬੈਂਕ' 'ਚ ਆਉਣ-ਜਾਣ ਵਾਲਿਆਂ ਦੀ ਭੀੜ ਲੱਗੀ ਰਹਿੰਦੀ। ਪਰ ਅਚਾਨਕ ਇੱਕ ਦਿਨ ਉਹ ਗੱਲ ਉਡ ਗਈ, ਜਿਸ ਬਾਰੇ ਕਦੇ ਸੋਚਿਆ ਤੱਕ ਨਹੀਂ ਸੀ, 'ਮੱਖਣ ਭੱਜ ਗਿਆ, ਮੱਖਣ ਭੱਜ ਗਿਆ, ਕਰੋੜਾਂ ਰੁਪਿਆ ਲੈ ਗਿਆ ਲੋਕਾਂ ਦਾ...।'

ਘੁੰਮਦੀ-ਘੁੰਮਦੀ ਖ਼ਬਰ ਮੇਰੇ ਤੱਕ ਅੱਪੜੀ ਤਾਂ ਯਕੀਨ ਨਾ ਆਇਆ। ਜਿਨ੍ਹਾਂ ਦੇ ਪੈਸੇ ਉਥੇ ਜਮ੍ਹਾਂ ਸਨ, ਉਨ੍ਹਾਂ ਦਾ ਜਮਘਟਾ ਉਸ ਦੇ ਦਫ਼ਤਰ ਬਾਹਰ ਲੱਗਾ ਹੋਇਆ ਸੀ। ਤੈਸ਼ 'ਚ ਆਏ ਲੋਕ ਦਫ਼ਤਰੀ ਕਾਮਿਆਂ ਨਾਲ ਤੂੰ-ਤੂੰ, ਮੈਂ-ਮੈਂ ਕਰ ਰਹੇ ਸਨ। 'ਦੱਸੋ ਗਿਆ ਕਿੱਥੇ ਐ...ਥੋਨੂੰ ਸਭ ਪਤੈ...ਕਿਸੇ ਨੂੰ ਨਹੀਂ ਛੱਡਣਾ' ਜਿਹੀਆਂ ਅਵਾਜ਼ਾਂ ਉਚੀ ਉਠ ਰਹੀਆਂ ਸਨ। ਪੁਲਿਸ ਦੀ ਪੁੱਛਗਿੱਛ ਜਾਰੀ ਸੀ, ਪਰ ਜਿਨ੍ਹਾਂ ਆਪਣਾ ਸਭ ਕੁਝ ਵੇਚ-ਵੱਟ ਕੇ ਉਸ ਕੋਲ ਜਮ੍ਹਾਂ ਕਰਾਇਆ ਸੀ, ਉਨ੍ਹਾਂ ਮੂੰਹੋਂ ਬੋਲ ਤੱਕ ਨਹੀਂ ਸੀ ਨਿਕਲ ਰਿਹਾ।

ਖ਼ਬਰ ਜਿਵੇਂ-ਜਿਵੇਂ ਅੱਗੇ ਵਧਦੀ, ਸੁਣਨ ਵਾਲਾ ਸੁੰਨ ਵੀ ਹੋ ਜਾਂਦਾ ਤੇ ਹੈਰਾਨ ਵੀ। ਕੱਲ੍ਹ ਤੱਕ ਜੋ ਉਸ ਦੀ ਜ਼ੁਬਾਨ ਤੇ ਸਿਰੜ ਦੀਆਂ ਗੱਲਾਂ ਕਰਦੇ ਸਨ, ਅੱਜ ਉਸ ਨੂੰ ਲੁਟੇਰਾ, ਚੋਰ, ਠੱਗ, ਭਗੌੜਾ ਆਖ ਭੜਾਸ ਕੱਢ ਰਹੇ ਸਨ। ਢਾਣੀਆਂ 'ਚ ਖੜੇ ਲੋਕ ਗੱਲਾਂ ਕਰਦੇ, 'ਜੇ ਮਿਲ ਜਾਵੇ ਤਾਂ ਛੱਡਣਾ ਨਹੀਂ ਉਹਨੂੰ, ਭਾਵੇਂ ਜੇਲ੍ਹ ਜਾਣਾ ਪੈ ਜਾਏ।'

ਵਿਚੋਂ ਕਈ ਇਹ ਵੀ ਕਹਿੰਦੇ, 'ਇਨ੍ਹਾਂ ਗੱਲਾਂ ਕਰਕੇ ਹੀ ਤਾਂ ਉਹ ਸਾਰਾ ਕਾਰੋਬਾਰ ਛੱਡ ਭੱਜਿਐ...।' ਪਰ 'ਹਾਲਾਤ' ਨਾਲ ਕਿਸੇ ਦਾ ਕੀ ਸਬੰਧ, ਸਬੰਧ ਸੀ ਕਿ ਸਾਨੂੰ ਠੱਗ ਕੇ ਕਿਵੇਂ ਗਿਐ?

ਮੇਰੇ ਦਿਮਾਗ਼ 'ਤੇ ਵੀ ਕਈ ਦਿਨ ਇਸ ਗੱਲ ਦਾ ਬੋਝ ਰਿਹਾ ਕਿ ਅਸੂਲਾਂ ਦਾ ਏਨਾ ਪੱਕਾ ਬੰਦਾ ਇਕਦਮ ਡੋਲ ਕਿਉਂ ਗਿਆ, ਉਸ ਨੇ ਇੰਜ ਕਿਉਂ ਕੀਤਾ? ਉਸ ਦਾ ਮਨ ਪੈਸੇ 'ਤੇ ਬੇਈਮਾਨ ਹੋ ਗਿਐ ਜਾਂ ਕੋਈ ਹੋਰ ਕਾਰਨ ਏ? ਲੋਕਾਂ ਦਾ ਗੁੱਸਾ ਸਾਲ ਕੁ ਉਬਾਲੇ ਮਾਰਦਾ ਰਿਹਾ, ਖ਼ਬਰਾਂ ਵੀ ਛਪੀਆਂ, ਪਰ ਫੇਰ ਗੱਲ ਆਮ ਵਾਂਗ ਢਿੱਲੀ ਜਿਹੀ ਪੈ ਗਈ।

ਛੇ ਕੁ ਮਹੀਨਿਆਂ ਮਗਰੋਂ ਇਕ ਅਗਿਆਤ ਨੰਬਰ ਤੋਂ ਫੋਨ ਆਇਆ, 'ਕਿਵੇਂ ਆ ਬਿੱਲੂ, ਕੀ ਹਾਲ ਤੇਰੇ ਘਰਦਿਆਂ ਦਾ, ਸਭ ਰਾਜ਼ੀ ਨੇ ਨਾ?'

'ਸਭ ਠੀਕ ਨੇ ਜੀ, ਤੁਸੀਂ ਕੌਣ?' ਮੈਂ ਪੁੱਛਿਆ।

'ਤੂੰ ਕਿਵੇਂ ਪਛਾਨਣਾ ਭਰਾਵਾ, ਜਦੋਂ ਬਾਕੀ ਸਾਰੇ ਭੁੱਲ ਗਏ ਨੇ...ਮੱਖਣ ਬੋਲਦਾਂ ਮੈਂ।'

'ਮੇਰੇ ਬੋਲ ਰੋਕ ਗਏ, ਤੁਸੀਂ...ਤੁਸੀਂ... ਕਿੱਥੇ ਓ ਤੁਸੀਂ।'

'ਇਹ ਗੱਲ ਤਾਂ ਤੂੰ ਨਾ ਹੀ ਪੁੱਛ, ਤੇ ਨਾ ਹੀ ਮੈਂ ਦੱਸਣੈ, ਬਸ ਮਨ ਕੀਤਾ ਤੇਰੇ ਨਾਲ ਗੱਲ ਕਰਨ ਨੂੰ, ਤੂੰ ਪੱਤਰਕਰਾਰ ਭਰਾ ਏਂ, ਸੋਚਿਆ ਗੱਲ ਕਰ ਲਵਾਂ। ਰਾਜੇ ਤੋਂ ਰੰਕ ਬਣ ਗਿਆ ਹਾਂ, ਲੋਕ ਮਾਰਨ ਨੂੰ ਫਿਰਦੇ ਨੇ, ਮੇਰੇ ਬਾਰੇ ਤਾਂ ਤੂੰ ਸਾਰਾ ਕੁਝ ਜਾਣ ਹੀ ਗਿਆ ਹੋਏਂਗਾ।'

'ਹਾਂ...ਹਾਂ, ਜਾਣ ਗਿਆਂ, ਪਰ ਥੋਨੂੰ ਲੋਕਾਂ ਨਾਲ ਏਡਾ ਧੋਖਾ ਕਰਨ ਦੀ ਕੀ ਲੋੜ ਸੀ? ਕਿੰਨੇ ਲੋਕ ਥੋਨੂੰ ਗਾਲ੍ਹਾਂ ਕੱਢਦੇ ਨੇ ਹਰ ਰੋਜ਼...ਕਿੰਨੇ ਪਰਿਵਾਰਾਂ ਨੇ ਢਿੱਡ ਬੰਨ੍ਹ ਕੇ ਥੋਡੇ ਕੋਲ ਪੈਸੇ ਜਮ੍ਹਾਂ ਕਰਾਏ ਸੀ, ਉਹ ਤਾਂ ਵਿਚਾਰੇ ਬਿਲਕੁਲ ਹੀ ਮਾਰੇ ਗਏ।' ਭਾਵੁਕ ਹੋਇਆ ਮੈਂ ਬੜਾ ਕੁਝ ਬੋਲਿਆ।

'ਭਰਾਵਾ ਕੀਹਦਾ ਦਿਲ ਕਰਦੈ ਆਪਣਾ ਪਰਿਵਾਰ, ਕਾਰੋਬਾਰ ਛੱਡ ਕੇ ਜਾਣ ਨੂੰ? ਹਾਲਾਤ ਹੀ ਅਜਿਹੇ ਬਣ ਗਏ ਸੀ, ਨਾ ਜਾਂਦਾ ਤਾਂ ਕਿਸੇ ਨੇ ਗੋਲੀ ਮਾਰ ਦੇਣੀ ਸੀ ਤੇ ਹੁਣ ਜੇ ਗੋਲੀ ਤੋਂ ਦੂਰ ਹਾਂ ਤਾਂ ਸਾਰੀ ਉਮਰ ਲੋਕਾਂ ਦਾ ਗੁਨਾਹਗਾਰ ਹਾਂ।'

'ਪਰ ਹੋਇਆ ਕੀ ਸੀ?' ਮੈਂ ਪੁੱਛਿਆ।

'ਲੰਮੀ-ਚੌੜੀ ਗੱਲ ਤਾਂ ਨਹੀਂ ਦੱਸ ਸਕਣੀ, ਪਰ ਵਕਤ ਨੇ ਹੀ ਅੱਗੇ ਲਿਆਂਦਾ ਸੀ ਤੇ ਵਕਤ ਨੇ ਹੀ ਗੁੰਮਨਾਮ ਬਣਾ ਦਿੱਤੈ। ਕਈ ਜਣਿਆਂ ਦਾ ਲੱਖਾਂ ਰੁਪਿਆ ਜਮ੍ਹਾਂ ਸੀ, ਉਨ੍ਹਾਂ ਨੂੰ ਕਿਸੇ ਨੇ ਸ਼ੱਕ ਪਾ ਦਿੱਤਾ ਕਿ ਮੈਂ ਦੌੜ ਜਾਣੈ ਤੇ ਉਹ ਕਹਿੰਦੇ ਜੇ ਕੱਲ੍ਹ ਤੱਕ ਸਾਡੇ ਪੈਸੇ ਵਾਪਸ ਨਾ ਕੀਤੇ ਤਾਂ ਤੈਨੂੰ ਗੋਲੀ ਮਾਰ ਜਾਣੀ ਏ, ਉਲਟਾ-ਸਿੱਧਾ ਬੋਲ ਕੇ ਵੀ ਗਏ ਸੀ ਉਹ। ਮੈਂ ਲੋਕਾਂ ਦੇ ਪੈਸੇ ਘਰ ਤਾਂ ਰੱਖਦਾ ਨਹੀਂ, ਅੱਗੋਂ ਹੋਰਾਂ ਨੂੰ ਕਰਜ਼ੇ ਦੇ ਰੂਪ 'ਚ ਦਿੰਦਾ ਸਾਂ। ਜਿੰਨੇ ਪੈਸੇ ਉਨ੍ਹਾਂ ਜਮ੍ਹਾਂ ਕਰਾਏ ਸੀ, ਉਹ ਲੋਕਾਂ ਤੋਂ 'ਕੱਠੇ ਕਰਕੇ ਦੇਣ 'ਚ ਵਕਤ ਲੱਗਣਾ ਸੀ, ਤੇ ਜਿੰਨਾ ਵਕਤ ਉਨ੍ਹਾਂ ਦਿੱਤਾ ਸੀ, ਓਨੇ 'ਚ ਕੁਝ ਨਹੀਂ ਸੀ ਹੋ ਸਕਣਾ।'

'ਕਈ ਨੇੜਲਿਆਂ ਰਾਇ ਦਿੱਤੀ ਕਿ ਤੂੰ ਦੌੜ ਜਾਹ, ਨਹੀਂ ਤਾਂ ਤੇਰਾ ਮਰਨਾ ਤੈਅ ਐ ਤੇ ਉਨ੍ਹਾਂ ਦੀ ਗੱਲ ਮੰਨ ਮੈਂ ਕੱਖੋਂ ਹੌਲਾ ਹੋ ਗਿਆ। ਜਿਨ੍ਹਾਂ ਦੇ ਪੈਸੇ ਦੇਣੇ ਸੀ, ਉਹ ਮਾਰਨ ਨੂੰ ਫਿਰਦੇ ਨੇ ਤੇ ਜਿਨ੍ਹਾਂ ਤੋਂ ਲੈਣੇ ਸੀ, ਉਹ ਚੁੱਪ ਧਾਰ ਗਏ ਕਿ ਅਸੀਂ ਤਾਂ ਕੋਈ ਦੇਣਾ ਹੀ ਨਹੀਂ।'

ਉਨ੍ਹਾਂ ਗੱਲ ਜਾਰੀ ਰੱਖੀ, 'ਨਾਲੇ ਬਿੱਲੂ ਮੈਨੂੰ ਪਤੈ ਤੇਰੀ ਮਾਤਾ ਤੇ ਭੈਣ ਦੇ ਪੈਸੇ ਵੀ ਜਮ੍ਹਾਂ ਸੀ ਮੇਰੇ ਕੋਲ। ਮੈਨੂੰ ਪਤੈ ਉਨ੍ਹਾਂ ਤੰਗੀਆਂ ਕੱਟ-ਕੱਟ ਜਮ੍ਹਾਂ ਕਰਾਏ ਸੀ ਮੇਰੇ ਕੋਲ, ਉਨ੍ਹਾਂ ਵਰਗੇ ਹਜ਼ਾਰਾਂ ਲੋਕ ਹੋਰ ਵੀ ਨੇ। ਮੈਂ ਕਿਸੇ ਦੇ ਪੈਸੇ ਦੇਣੋਂ ਮੁੱਕਰਦਾ ਨਹੀਂ, ਅੱਜ ਵਕਤ ਬਹੁਤ ਮਾੜੈ, ਜੇ ਕਦੇ ਚੰਗਾ ਵਕਤ ਆ ਗਿਆ ਤਾਂ ਮੋੜਾਂਗਾ ਜ਼ਰੂਰ, ਹਾਲੇ ਮੇਰੇ ਕੋਲ ਕੱਖ ਵੀ ਨਹੀਂ...ਬਸ ਲੁਕਦਾ ਫਿਰਦਾ ਹਾਂ।'

'ਚੰਗਾ ਫਿਰ, ਜੇ ਜਿਊਂਦਾ ਰਿਹਾ ਤਾਂ ਗੱਲ ਕਰਾਂਗਾ, ਤੂੰ ਤੇ ਜਗਸੀਰ ਪੱਖੀ ਮੇਰੇ ਬੱਚਿਆਂ ਵਰਗੇ ਓ, ਪਤਾ ਲੱਗੈ ਜਗਸੀਰ ਚੜ੍ਹਾਈ ਕਰ ਗਿਐ, ਬਹੁਤ ਦੁੱਖ ਹੋਇਆ, ਪਰ ਮੈਂ ਬਦਕਿਸਮਤ ਉਹਦਾ ਅਫ਼ਸੋਸ ਵੀ ਨਹੀਂ ਕਰ ਸਕਦਾ। ਠੀਕ ਐ ਫਿਰ...ਰੱਖ ਰਾਖਾ।' ਕਹਿ ਉਨ੍ਹਾਂ ਫੋਨ ਕੱਟ ਦਿੱਤਾ, ਜੋ ਬਾਅਦ ਵਿਚ ਕਦੇ ਨਾ ਆਇਆ।

ਭਾਵੇਂ ਇਸ ਘਟਨਾ ਨੂੰ ਵਾਪਰਿਆਂ ਕਈ ਵਰ੍ਹੇ ਹੋ ਗਏ ਨੇ, ਪਰ ਅੱਜ ਵੀ ਜਦੋਂ ਉਨ੍ਹਾਂ ਦੇ ਦਫ਼ਤਰ ਵਾਲੀ ਥਾਂ, ਜਿਥੇ ਹੁਣ ਕਰਿਆਨੇ ਦੀ ਦੁਕਾਨ ਖੁੱਲ੍ਹੀ ਹੈ, ਵੱਲ ਦੇਖਦਾ ਹਾਂ ਤਾਂ ਅਨੇਕਾਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ ਕਿ ਹਾਲਾਤ ਬੰਦੇ ਨੂੰ ਕੀ ਤੋਂ ਕੀ ਬਣਾ ਦਿੰਦੇ ਨੇ?

## ਕਸ਼ਮੀਰੀਆਂ ਦਾ ਸਵੈ-ਨਿਰਣੇ ਦਾ ਹੱਕ...

*(ਸਫਾ 12 ਦੀ ਬਾਕੀ)*

ਨਾਲ ਸਿਰ-ਨਰੜ, ਨੂੰ ਬਣਾਈ ਰੱਖਣਾ ਤੇ ਪੱਕੇ ਪੈਰੀਂ ਕਰਨਾ ਚਾਹੁੰਦੇ ਹਨ - ਗਾਜਰ ਤੇ ਡੰਡੇ ਦੀ ਨੀਤੀ ਰਾਹੀਂ। ਕਸ਼ਮੀਰ ਦੇ ਸਵਾਲ ਨੂੰ ਹੱਲ ਕਰਨ ਦੇ ਨਜ਼ਰੀਏ ਤੋਂ ਮੁਖ਼ਾਤਬ ਹੋਣ ਦੀ ਇਨ੍ਹਾਂ ਨੇ ਕਦੇ ਰਾਜਸੀ ਇੱਛਾ ਨਹੀਂ ਦਿਖਾਈ; ਅੱਜ ਵੀ ਨਹੀਂ ਦਿਖਾ ਰਹੇ। ਇਸੇ ਲਈ ਹੁਣ ਵੀ ਗੱਲਬਾਤ ਦੀ ਕਿਸੇ ਰਾਜਸੀ ਪਹਿਲਕਦਮੀਂ ਦਾ ਸੰਕੇਤ ਨਹੀਂ ਮਿਲ ਰਿਹਾ। ਆਜ਼ਾਦੀ ਦੇ ਰਾਜਸੀ ਸਵਾਲ ਨੂੰ ਉਹ ਆਰਥਿਕ 'ਤਰੱਕੀ' ਦੇ ਆਡੰਬਰ ਹੇਠ ਦਬਾਉਣਾ ਚਾਹ ਰਹੇ ਹਨ। ਹੁਕਮਰਾਨ ਉਸ ਵਾਅਦੇ ਤੋਂ ਮੁੱਕਰ ਚੁੱਕੇ ਹਨ ਜੋ ਨਹਿਰੂ ਨੇ 2 ਨਵੰਬਰ ਦੇ ਰੇਡੀਓ ਪ੍ਰਸਾਰਨ ਵਿਚ ਕੀਤਾ ਸੀ, "ਅਸੀਂ ਐਲਾਨ ਕੀਤਾ ਹੈ ਕਿ ਕਸ਼ਮੀਰ ਦੀ ਹੋਣੀ ਦਾ ਫ਼ੈਸਲਾ ਆਖ਼ਿਰ ਲੋਕਾਂ ਨੇ ਕਰਨਾ ਹੈ। ਅਸੀਂ ਸਿਰਫ਼ ਕਸ਼ਮੀਰ ਦੇ ਲੋਕਾਂ ਨੂੰ ਹੀ, ਸਗੋਂ ਦੁਨੀਆਂ ਦੇ ਲੋਕਾਂ ਨੂੰ ਇਹ ਵਾਅਦਾ ਦਿੱਤਾ ਹੈ, ਅਤੇ ਮਹਾਰਾਜਾ ਨੇ ਇਸ ਦੀ ਹਮਾਇਤ ਕੀਤੀ ਹੈ। ਅਸੀਂ ਇਸ ਨੂੰ ਪਿੱਠ ਨਹੀਂ ਦਿਆਂਗੇ, ਅਤੇ ਨਹੀਂ ਦੇ ਸਕਦੇ। ਜਦੋਂ ਸ਼ਾਂਤੀ ਅਤੇ ਅਮਨ-ਕਾਨੂੰਨ ਕਾਇਮ ਹੋ ਗਿਆ, ਅਸੀਂ ਸੰਯੁਕਤ ਰਾਸ਼ਟਰ ਵਰਗੀ ਕਿਸੇ ਕੌਮਾਂਤਰੀ ਸੰਸਥਾ ਦੀ ਛਤਰਛਾਇਆ ਹੇਠ ਰਾਇ-ਸ਼ੁਮਾਰੀ ਕਰਾਉਣ ਲਈ ਤਿਆਰ ਹਾਂ। ਅਸੀਂ ਚਾਹੁੰਦੇ ਹਾਂ ਕਿ ਇਹ ਕਸ਼ਮੀਰ ਦੇ ਲੋਕਾਂ ਲਈ ਸਾਫ਼-ਸੁਥਰਾ ਤੇ ਜਾਇਜ਼ ਜ਼ਾਮਨ ਬਣੇ, ਅਤੇ ਅਸੀਂ ਉਨ੍ਹਾਂ ਦਾ ਫਤਵਾ ਸਵੀਕਾਰ ਕਰਾਂਗੇ। ਮੈਂ ਇਸ ਤੋਂ ਵੱਧ ਸਾਫ਼-ਸੁਥਰੀ ਅਤੇ ਵੱਧ ਜਾਇਜ਼ ਪੇਸ਼ਕਸ਼ ਦੀ ਕਲਪਨਾ ਨਹੀਂ ਕਰ ਸਕਦਾ।" (ਜੰਮੂ-ਕਸ਼ਮੀਰ ਦੇ ਸਵਾਲ ਬਾਰੇ ਵ੍ਹਾਈਟ ਪੇਪਰ-1948, ਸਫ਼ਾ 55) ਭਾਰਤੀ ਹੁਕਮਰਾਨਾਂ ਦੀ ਅਜਿਹੀ ਕਪਟੀ ਪਹੁੰਚ ਦੇ ਲੰਮੇ ਤਜਰਬੇ ਨੂੰ ਦੇਖਦਿਆਂ ਕਸ਼ਮੀਰੀ ਲੋਕਾਂ ਅੱਗੇ ਸਵੈ-ਨਿਰਣੇ ਦਾ ਹੱਕ ਲੈਣ ਲਈ ਹਾਸਲ ਸਾਧਨਾਂ ਨਾਲ ਲੜਦੇ ਰਹਿਣ ਤੋਂ ਸਿਵਾਏ ਕੋਈ ਚਾਰਾ ਨਹੀਂ ਹੈ।

# ਪੂਰੀ ਤਰ੍ਹਾਂ ਕਾਮਯਾਬ ਰਿਹਾ ਡਿਟਰਾਇਟ ਦਾ ਛੇਵਾਂ ਖੇਡ ਮੇਲਾ

**ਕੈਂਟਨ, ਮਿਸ਼ੀਗਨ (ਬਿਊਰੋ):** ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ (ਡਿਟਰਾਇਟ) ਵਲੋਂ ਇਥੇ ਵਿਕਟਰੀ



*ਨਾ ਬਈ ਨਾ ਕਾਕਾ, ਇੱਦਾਂ ਨਹੀਂ ਪੈਰਾਂ ਨੂੰ ਪਈਦਾ-ਸ਼ਾਇਦ ਇਹੋ ਕਹਿ ਰਿਹਾ ਹੈ ਧਾਵੀ ਵਿੱਕੀ ਘੋਤੜਾ ਜਾਫੀ ਨੂੰ। ਓਪਨ ਕਬੱਡੀ 'ਚ ਵਿੱਕੀ ਬੈਸਟ ਰੇਡਰ ਰਿਹਾ।*

ਪਾਰਕ ਵਿਚ 6 ਜੁਲਾਈ ਨੂੰ ਕਰਵਾਇਆ ਗਿਆ ਖੇਡ ਅਤੇ ਸਭਿਆਚਾਰਕ ਮੇਲਾ ਪੂਰੀ ਤਰ੍ਹਾਂ ਸਫਲ ਰਿਹਾ। ਮੇਲੇ ਦੌਰਾਨ ਡਿਟਰਾਇਟ ਤੋਂ ਇਲਾਵਾ ਵੱਖ ਵੱਖ ਸ਼ਹਿਰਾਂ ਤੋਂ ਭਾਰੀ ਗਿਣਤੀ ਵਿਚ ਪਹੁੰਚੇ ਦਰਸ਼ਕਾਂ ਨੇ ਨਾ ਸਿਰਫ ਕਬੱਡੀ ਦੇ ਫਸਵੇਂ ਮੈਚਾਂ, ਗੀਤ-ਸੰਗੀਤ ਅਤੇ ਗਿੱਧੇ ਭੰਗੜੇ ਦਾ ਹੀ ਅਨੰਦ ਮਾਣਿਆ ਸਗੋਂ ਚਾਹ-ਪਕੌੜਿਆਂ ਅਤੇ ਜਲੇਬੀਆਂ ਦਾ ਵੀ ਭਰਪੂਰ ਜਾਇਕਾ ਮਾਣਿਆ।

ਕਬੱਡੀ ਦਾ ਪਹਿਲਾ 7500 ਡਾਲਰ ਦਾ ਇਨਾਮ ਬਰਾਊਨਸ ਟਾਊਨ, ਮਿਸ਼ੀਗਨ ਦੀ ਟੀਮ ਨੇ ਜਿੱਤਿਆ। ਇਹ ਇਨਾਮ ਸਥਾਨਕ ਬਿਜਸਨਮੈਨ ਚੈਨ ਸਿੰਘ ਸੰਧੂ ਨੇ ਸਪਾਂਸਰ ਕੀਤਾ ਸੀ। ਦੂਜਾ 6000 ਡਾਲਰ ਦਾ ਇਨਾਮ ਇੰਡੀਆਨਾ ਦੀ ਟੀਮ ਜਿੱਤ ਕੇ ਲੈ ਗਈ। ਇਸ ਇਨਾਮ ਦੇ ਸਪਾਂਸਰ ਸਨ ਸਥਾਨਕ ਬਿਜਨਸਮੈਨ ਹਰਪ੍ਰੀਤ ਸਿੰਘ ਆਹਲੂਵਾਲੀਆ। ਕਲੀਵਲੈਂਡ ਤੋਂ ਆਈ ਟੀਮ ਨੂੰ 4500 ਡਾਲਰ ਦੇ ਤੀਜੇ ਇਨਾਮ ਨਾਲ ਹੀ ਸਬਰ ਕਰਨਾ ਪਿਆ ਜੋ ਕਿ ਬਿਜਨਸਮੈਨ ਜੈਰੀ ਸਿੰਘ ਨੇ ਸਪਾਂਸਰ ਕੀਤਾ ਸੀ। ਸਥਾਨਕ ਬਿਜਨਸਮੈਨ ਦਰਸ਼ਨ ਸਿੰਘ ਗਰੇਵਾਲ ਵਲੋਂ ਸਪਾਂਸਰ ਕੀਤਾ ਗਿਆ ਚੌਥਾ 3000 ਡਾਲਰ ਦਾ ਇਨਾਮ ਮਿਸ਼ੀਗਨ ਦੀ ਟੀਮ ਦੇ ਹਿੱਸੇ ਆਇਆ। ਕਬੱਡੀ ਅੰਡਰ-21 ਦਾ ਪਹਿਲਾ 2100 ਦਾ ਇਨਾਮ ਟੋਰਾਂਟੋ ਅਤੇ ਦੂਜਾ 1100 ਡਾਲਰ ਦਾ ਇਨਾਮ ਮਿਸ਼ੀਗਨ ਦੀ ਟੀਮ ਨੇ ਜਿੱਤਿਆ।

ਇਨਾਮਾਂ ਦੀ ਰਕਮ ਚੋਖੀ ਵੱਡੀ ਹੋਣ ਕਰਕੇ ਕੌਮਾਂਤਰੀ ਪ੍ਰਸਿੱਧੀ ਵਾਲੇ ਚੋਟੀ ਦੇ ਕਬੱਡੀ ਖਿਡਾਰੀ ਆਪਣਾ ਬਾਹੂਬਲ ਅਜ਼ਮਾਉਣ ਲਈ ਇਸ ਖੇਡ ਮੇਲੇ ਵਿਚ ਪਹੁੰਚੇ। ਇਨ੍ਹਾਂ ਵਿਚ ਕਿੰਦਾ ਬਿਹਾਰੀਪੁਰੀਆ, ਸੰਦੀਪ ਗੁਰਦਾਸਪੁਰੀਆ,



ਮਾਣਕ ਈ



ਬਲਬੀਰ ਸੂਫੀ



ਜੱਸੀ ਧੰਜਲ

ਬਲਜੀਤ ਸੈਦੋਕੇ, ਕੀਪਾ ਬਧਨੀਵਾਲਾ, ਜੱਸਾ ਸਿਧਵਾਂਵਾਲਾ, ਤਾਰੀ ਸੰਗਢੇਸੀਆਂ, ਇੰਦਰ ਅਤੇ ਕਾਲੇ ਮੂਲ ਦਾ ਕੈਲੀਫੋਰਨੀਆ ਤੋਂ ਆਇਆ ਖਿਡਾਰੀ ਡਾਂਟੇ ਸ਼ਾਮਲ ਸਨ। ਸਾਰੇ ਖਿਡਾਰੀਆਂ ਨੇ ਬੜੀ ਉਮਦਾ ਕਿਸਮ ਦੀ ਖੇਡ ਦਿਖਾਈ ਪ੍ਰੰਤੂ ਫਾਈਨਲ ਮੈਚ ਦਾ ਬੈਸਟ ਰੇਡਰ ਟੋਰਾਂਟੋ ਦੀ ਟੀਮ ਦਾ ਵਿੱਕੀ ਘੋਤੜਾ ਐਲਾਨਿਆ ਗਿਆ। ਚਿੱਟੇ ਰੁਮਾਲ ਹੇਠ ਸਜੇ ਜੂੜੇ ਵਾਲੇ ਇਸ ਧੜੱਲੇਦਾਰ ਧਾਵੀ ਨੇ ਇਹ ਦਰਸਾ ਦਿੱਤਾ ਕਿ ਸਾਬਤ ਸੂਰਤ ਸਿੱਖੀ ਵੀ ਵੱਡੀਆਂ ਬਖਸ਼ਿਸ਼ਾਂ ਦਿੰਦੀ ਹੈ।

ਸਾਕਰ ਦਾ ਪਹਿਲਾ 2100 ਡਾਲਰ ਦਾ ਇਨਾਮ ਵਿੰਡਸਰ, ਕੈਨੇਡਾ ਦੀ ਟੀਮ ਨੇ ਜਿੱਤਿਆ ਜਦੋਂਕਿ ਨਿਊ ਯਾਰਕ ਦੀ ਟੀਮ ਦੂਜਾ 1100 ਡਾਲਰ ਦਾ ਇਨਾਮ ਜਿੱਤਣ 'ਚ ਕਾਮਯਾਬ ਰਹੀ। ਸਾਕਰ ਅੰਡਰ-12 ਦਾ ਪਹਿਲਾ 2100 ਡਾਲਰ ਦਾ ਇਨਾਮ ਵਿੰਡਸਰ, ਕੈਨੇਡਾ ਦੀ ਟੀਮ ਜਿੱਤ ਕੇ ਲੈ ਗਈ ਜਦੋਂਕਿ ਦੂਜਾ 1100 ਡਾਲਰ ਦਾ ਇਨਾਮ ਕੈਂਟਨ, ਮਿਸ਼ੀਗਨ ਦੀ ਟੀਮ ਦੇ ਹਿੱਸੇ ਆਇਆ। ਵਾਲੀਬਾਲ ਦਾ ਪਹਿਲਾ 2100 ਡਾਲਰ ਦਾ ਇਨਾਮ ਵੀ ਵਿੰਡਸਰ ਵਾਲੇ ਹੂੰਡ ਕੇ ਲੈ ਗਏ ਜਦੋਂਕਿ ਟੋਰਾਂਟੋ ਦੀ ਟੀਮ ਦੂਜਾ 1100 ਡਾਲਰ ਦਾ ਇਨਾਮ ਜਿੱਤ ਕੇ ਕੈਨੇਡਾ ਦੀ ਬੱਲੇ ਬੱਲੇ ਕਰਵਾ ਗਈ।

ਮੇਲੇ ਨੂੰ ਆਰਥਿਕ ਪੱਖੋਂ ਕੋਈ ਕਸਰ ਨਾ ਰਹੇ, ਇਸ ਲਈ ਸਪਾਂਸਰਾਂ ਨੇ ਕੋਈ ਅੱਸੀ ਹਜ਼ਾਰ ਡਾਲਰ ਦੀ ਰਕਮ ਖਰਚੀ। ਚੈਨ ਸਿੰਘ ਸੰਧੂ, ਜੈਰੀ ਸਿੰਘ, ਹਰਪ੍ਰੀਤ ਸਿੰਘ ਆਹਲੂਵਾਲੀਆ, ਦਰਸ਼ਨ ਸਿੰਘ ਗਰੇਵਾਲ, ਰਾਜਿੰਦਰ ਸੰਧੂ ਕਰਨ ਗਿੱਲ ਅਤੇ ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ) ਇਸ ਮੇਲੇ ਦੇ ਮੁੱਖ ਸਪਾਂਸਰਾਂ ਵਿਚ ਸ਼ਾਮਲ ਸਨ। ਅਮਰੀਕੀ ਸੈਨੇਟ ਲਈ ਉਮੀਦਵਾਰ ਗੈਰੀ ਪੀਟਰਸ ਇਸ ਮੇਲੇ ਦਾ ਅਨੰਦ ਮਾਣਨ ਲਈ ਉਚੇਚੇ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਸਾਰੇ ਗੋਲਡ ਸਪਾਂਸਰਾਂ ਨੂੰ ਯਾਦਗਾਰੀ ਚਿੰਨ ਭੇਟ ਕੀਤੇ।

ਮੇਲੇ ਦੇ ਸਭਿਆਚਾਰਕ ਹਿੱਸੇ ਵਿਚ ਇੰਗਲੈਂਡ ਤੋਂ ਆਏ ਗਾਇਕ ਮਾਣਕ-ਈ ਅਤੇ ਬਲਬੀਰ ਸੂਫੀ ਨੇ ਆਪੋ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਨੂੰ ਪੂਰੀ ਤਰ੍ਹਾਂ ਖੁਸ਼ ਕੀਤਾ। ਜਿਥੇ ਮਾਣਕ-ਈ ਨੌਜਵਾਨ ਖਾਸ ਕਰਕੇ ਅਮਰੀਕਾ ਜੰਮੀ ਪੀੜ੍ਹੀ ਲਈ ਖਿੱਚ ਦਾ ਕਾਰਨ ਬਣਿਆ, ਉਥੇ ਬਲਬੀਰ ਸੂਫੀ ਦੇ ਸੂਫੀ ਤਰਜ ਦੇ ਗੀਤਾਂ ਨੂੰ




ਸਭਿਆਚਾਰਕ ਗੀਤਾਂ ਦੀ ਚਾਹਵਾਨ ਪੁਰਾਣੀ ਪੀੜ੍ਹੀ ਨੇ ਖੂਬ ਮਾਣਿਆ। ਦੋਹਾਂ ਗਾਇਕਾਂ ਦੇ ਬੀਟ ਵਾਲੇ ਗੀਤਾਂ 'ਤੇ ਬਥੇਰੇ ਦਰਸ਼ਕ ਭੰਗੜਾ ਪਾਉਂਦੇ ਦੇਖੇ ਗਏ। ਜਦੋਂ ਬਲਬੀਰ ਸੂਫੀ ਨੇ ਗਾਉਣਾ ਸ਼ੁਰੂ ਕੀਤਾ ਤਾਂ ਮੀਂਹ ਨੇ ਕੁਝ ਖਲਲ ਪਾਉਣ ਦੀ ਕੋਸ਼ਿਸ਼ ਕੀਤੀ ਪਰ ਦਰਸ਼ਕ ਉਸ ਦੀ ਗਾਇਕੀ ਦੇ ਕੀਲੇ ਪੂਰੇ ਸਬਰ ਨਾਲ ਬੈਠੇ ਰਹੇ। ਅਖੀਰ ਇੰਦਰ ਦੇਵਤਾ ਨੂੰ ਹੀ ਸ਼ਰਮ ਆ ਗਈ ਅਤੇ ਮੀਂਹ ਹਟ ਗਿਆ। ਉਂਜ ਕਈ ਦਰਸ਼ਕ ਸਟੇਜ ਦੇ ਸਾਹਮਣੇ ਵਰ੍ਹਦੇ ਮੀਂਹ 'ਚ ਵੀ ਭੰਗੜਾ ਪਾਉਂਦੇ ਰਹੇ। ਨੌਜਵਾਨ ਮੁੰਡੇ-ਕੁੜੀਆਂ ਦੀਆਂ ਭੰਗੜਾ ਅਤੇ ਗਿੱਧਾ ਟੀਮਾਂ ਨੇ ਗਿੱਧੇ ਤੇ ਭੰਗੜੇ ਦੇ ਜੌਹਰ ਵਿਖਾਏ।

ਮੇਲੇ ਦੌਰਾਨ ਸਾਰਾ ਦਿਨ ਲੰਗਰ ਦੀ ਸੇਵਾ ਨਿਰੰਤਰ ਚਲਦੀ ਰਹੀ। ਚਾਹ-ਪਕੌੜਿਆਂ, ਜਲੇਬੀਆਂ ਅਤੇ ਖਾਣ-ਪੀਣ ਦੇ ਹੋਰ ਸਮਾਨ ਦੀ ਕੋਈ ਤੋਟ ਨਾ ਰਹੀ। ਖਾਣਾ ਦਿੱਲੀ ਹੱਟ ਰੈਸਟੋਰੈਂਟ ਤੋਂ ਆਇਆ। ਮਨ ਦੇ ਮੌਜੀ ਅਤੇ ਰੂਹ ਹਵਾ



ਪਿਆਜ਼ੀ ਕਰਨ ਦੇ ਸ਼ੌਕੀਨ ਚੋਰੀ ਛਿਪੇ ਦਾਰੂ ਦਾ ਅਨੰਦ ਵੀ ਲੈਂਦੇ ਰਹੇ। ਪਰ ਮੇਲੇ ਦੀ ਖੂਬਸੂਰਤ ਗੱਲ ਇਹ ਰਹੀ ਕਿ ਕਿਸੇ ਵੀ ਤਰ੍ਹਾਂ ਦੇ ਲੜਾਈ ਝਗੜੇ ਤੋਂ ਬਚਾਅ ਰਿਹਾ, ਵਰਨਾ ਪੰਜਾਬੀ ਮੇਲਿਆਂ ਦੌਰਾਨ ਦਾਰੂ ਪੀਣ ਪਿਛੋਂ ਬੱਕਰੇ ਬੁਲਾਏ ਬਿਨਾ ਮੇਲਾ ਪੂਰਾ ਹੋਇਆ ਹੀ ਨਹੀਂ ਗਿਣਿਆ ਜਾਂਦਾ।

ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ ਦੇ ਇਸ ਛੇਵੇਂ ਮੇਲੇ ਨੂੰ ਕਾਮਯਾਬ ਕਰਨ ਲਈ ਸਾਰੇ 15 ਕਮੇਟੀ ਮੈਂਬਰਾਂ ਨੇ ਦਿਨ-ਰਾਤ ਇਕ ਕਰੀ ਰੱਖਿਆ। ਆਪਣੇ ਇਸ ਸਾਂਝੇ ਯਤਨ ਕਰਕੇ ਉਨ੍ਹਾਂ ਨੂੰ ਦਰਸ਼ਕਾਂ ਤੋਂ ਸ਼ਾਬਾਸ਼ੇ ਵੀ ਚੰਗੀ ਮਿਲੀ ਅਤੇ ਦਰਸ਼ਕ ਇਹ ਕਹਿੰਦੇ ਸੁਣੇ ਗਏ ਕਿ ਇਸ ਮੇਲਾ ਕਮੇਟੀ ਨੂੰ ਮੇਲੇ ਨੂੰ ਯਾਦਗਾਰੀ ਬਣਾਉਣ ਦਾ ਵੱਲ ਚੰਗੀ ਤਰ੍ਹਾਂ ਆਉਂਦਾ ਹੈ। ਕਮੇਟੀ ਮੈਂਬਰਾਂ 'ਚ ਕਰਨ ਗਿੱਲ, ਕਰਮਬੀਰ ਸਿੰਘ, ਰਾਜ ਜਾਮਰਾਏ, ਅਰਜਨ ਗਿੱਲ, ਅਮਰਜੀਤ ਗਿੱਲ, ਅਮਰੀਕ ਰਾਏ, ਰਾਜ ਨਿੱਜਰ, ਸੁੱਖ ਸੇਖੋਂ, ਜਸਵਿੰਦਰ ਧਾਲੀਵਾਲ, ਰਵਿੰਦਰ ਥਿੰਦ, ਕੁਲਬੀਰ ਗਿੱਲ, ਸੁਖਵੰਤ ਗਿੱਲ, ਸੁੱਖਾ ਸੇਖੋਂ, ਕੇਵਲ ਗਿੱਲ, ਮਨਪ੍ਰੀਤ ਗਿੱਲ ਅਤੇ ਬਲਕਾਰ ਗਿੱਲ ਸ਼ਾਮਲ ਸਨ।

ਸਟੇਜ ਦੀ ਕਾਰਵਾਈ ਕਰਨ ਗਿੱਲ ਦੇ ਹੱਥ ਸੀ ਅਤੇ ਉਸ ਨੇ ਸਟੇਜ 'ਤੇ ਸਪਾਂਸਰਾਂ ਨੂੰ ਬੁਲਾਉਣ ਅਤੇ ਉਨ੍ਹਾਂ ਦਾ ਮਾਣ-ਸਨਮਾਨ ਕਰਨ ਦੇ ਕਾਰਜ ਨੂੰ ਬਖੂਬੀ ਨਿਭਾਇਆ। ਕਮੇਟੀ ਮੈਂਬਰਾਂ-ਰਾਜ ਜਾਮਾਰਾਏ, ਅਰਜਨ ਗਿੱਲ, ਜਸਵਿੰਦਰ ਧਾਲੀਵਾਲ ਅਤੇ ਕੁਲਬੀਰ ਗਿੱਲ ਨੇ ਕਬੱਡੀ ਮੈਚਾਂ ਦੀ ਜ਼ਿੰਮੇਵਾਰੀ ਸੰਭਾਲੀ ਜਦੋਂਕਿ ਵਾਲੀਬਾਲ ਮੈਚ ਕਰਵਾਉਣ ਦੀ ਜ਼ਿੰਮੇਵਾਰੀ ਕਰਮਬੀਰ ਸਿੰਘ ਅਤੇ ਅਮਰਜੀਤ ਸਿੰਘ ਗਿੱਲ ਦੇ ਹਿੱਸੇ ਆਈ। ਸਾਕਰ ਕਰਵਾਉਣ ਦਾ ਜ਼ਿਮਾ ਸੁੱਖ ਸੇਖੋਂ ਅਤੇ ਗੁਰਿੰਦਰ ਧਨੋਆ ਨੇ ਨਿਭਾਇਆ। ਆਏ ਮੇਲੀਆਂ ਲਈ ਮੁਫਤ ਖਾਣ-ਪੀਣ ਦਾ ਪ੍ਰਬੰਧ ਰਵਿੰਦਰ ਥਿੰਦ ਅਤੇ ਅਮਰੀਕ ਰਾਏ ਦੇ ਜ਼ਿੰਮੇ ਸੀ ਜਿਸ ਵਲੋਂ ਉਨ੍ਹਾਂ ਕੋਈ ਸ਼ਿਕਾਇਤ ਨਹੀਂ ਆਉਣ ਦਿੱਤੀ। ਮੇਲੇ ਦੇ ਦਰਸ਼ਕਾਂ ਲਈ ਸਭਿਆਚਾਰਕ ਪ੍ਰੋਗਰਾਮ ਕਰਵਾਉਣ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦੀ ਜ਼ਿੰਮੇਵਾਰੀ ਰਾਜ ਨਿੱਜਰ ਦੇ ਹਿੱਸੇ ਸੀ। ਸਪਾਂਸਰਾਂ ਨੂੰ ਜੀ ਆਇਆਂ ਕਹਿਣ ਦੀ ਸੇਵਾ ਸੁਖਵੰਤ ਗਿੱਲ ਅਤੇ ਸੁੱਖਾ ਸੇਖੋਂ ਨੇ ਪੂਰੀ ਮੁਸਤੈਦੀ ਨਾਲ ਨਿਭਾਈ। ਮੇਲੇ ਲਈ ਪੈਸੇ-ਧੇਲੇ ਦਾ ਹਿਸਾਬ-ਕਿਤਾਬ ਰੱਖਣ ਦਾ ਔਖਾ ਕੰਮ ਕੇਵਲ ਗਿੱਲ, ਮਨਪ੍ਰੀਤ ਗਿੱਲ ਅਤੇ ਬਲਕਾਰ ਗਿੱਲ ਨੇ ਕੀਤਾ। ਲੰਗਰ ਦੀ ਸੇਵਾ ਤੇ ਖਰਚੇ ਦੀ ਜ਼ਿੰਮੇਵਾਰੀ ਕਮੇਟੀ ਮੈਂਬਰਾਂ ਵਲੋਂ ਨਿਭਾਈ ਗਈ।

ਮੇਲੇ ਵਿਚ ਹਾਜ਼ਰੀ ਭਰਨ ਲਈ ਜਿਥੇ ਮਿਸ਼ੀਗਨ ਦੇ ਵੱਖ ਵੱਖ ਸ਼ਹਿਰਾਂ ਤੋਂ ਖੇਡ ਪ੍ਰੇਮੀ ਅਤੇ ਪਤਵੰਤੇ ਸੱਜਣ ਪਹੁੰਚੇ, ਉਥੇ ਇਲੀਨਾਏ, ਇੰਡੀਆਨਾ, ਓਹਾਇਓ ਤੋਂ ਇਲਾਵਾ ਕੈਨੇਡਾ ਦੇ ਟੋਰਾਂਟੋ ਅਤੇ ਵਿੰਡਸਰ ਸ਼ਹਿਰ ਤੋਂ ਵੀ ਲੋਕ ਪਹੁੰਚੇ ਹੋਏ ਸਨ। ਗੁਰਿੰਦਰ ਢਿੱਲੋਂ ਆਪਣੇ ਸਾਥੀਆਂ ਸਮੇਤ ਇੰਡੀਆਨਾ ਤੋਂ ਪਹੁੰਚੇ। ਵਿੰਡਸਰ ਓਂਟਾਰੀਓ ਤੋਂ ਜੋਗਾ ਸਿੰਘ ਆਪਣੇ ਦੋਸਤਾਂ ਸਮੇਤ ਦੋ ਸਾਕਰ ਅਤੇ ਇਕ ਵਾਲੀਬਾਲ ਦੀ ਟੀਮ ਲੈ ਕੇ ਆਏ। ਇਹ ਸਾਰੀਆਂ ਟੀਮਾਂ ਇਨਾਮ ਜਿੱਤਣ ਵਿਚ ਕਾਮਯਾਬ ਰਹੀਆਂ ਅਤੇ ਚੋਖਾ ਪੈਸਾ ਉਨ੍ਹਾਂ ਦੇ ਹਿੱਸੇ ਆਇਆ। ਟੋਰਾਂਟੋ ਤੋਂ ਕਈ ਨਾਮੀ ਕਬੱਡੀ ਪਲੇਅਰ ਪਹੁੰਚੇ। ਨਿਊ ਯਾਰਕ ਜਿਹੇ ਦੂਰ-ਦੁਰੇਡੇ ਇਲਾਕੇ ਤੋਂ ਸਾਕਰ ਟੀਮਾਂ ਪਹੁੰਚੀਆਂ।

ਸੰਸਥਾ ਨੇ ਆਪਣੇ ਸਾਰੇ ਗੋਲਡ ਸਪਾਂਸਰਾਂ, ਜਿਨ੍ਹਾਂ ਨੇ ਮੇਲੇ ਲਈ ਦਿਲ ਖੋਲ੍ਹ ਕੇ ਪੈਸਾ ਦਿੱਤਾ, ਦਾ ਧੰਨਵਾਦ ਕੀਤਾ ਹੈ।


## ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।


'ਹੱਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ'
THE SIKH CULTURAL SOCIETY, INC
SPORTS WING COMMITTEE
PRESENTS
2nd INTERNATIONAL
KABADDI TOURNAMENT
20, 21 JULY 2013
(SATURDAY & SUNDAY)
9AM TO 7 PM
AT
BET. 125-127 ST. SMOKEY OVAL PARK,
ATLANTIC AVE. RICHMOND HILL, NY 11419
ਸਮੂਹ ਖੇਡ ਪ੍ਰੇਮੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ


Mohan singh TJ Auto Body
Serving Free Tea & Snacks
IN LOVING MEMORY
LATE. BAWA NARANJAN SINGH
PROF. MAKHAN SINGH
PRINCIPAL SARWAN SINGH
Harbans Singh Dhillon
Chief Coordinator
Ph. 917 515 1721
Chief Patrons
Live at
GET
ਪੰਜਾਬੀ
TV in
ਇੰਡੀਆ
ਅਮਰੀਕਾ ਅਤੇ
ਕੈਨੇਡਾ
ਗੁਰੂ ਕੇ ਲੰਗਰ ਅਤੁੱਟ
ਵਰਤਾਏ ਜਾਣਗੇ
ਪ੍ਰਧਾਨ ਭਾਈ ਗੁਰਦੇਵ ਸਿੰਘ ਕੰਗ ਅਤੇ ਸਮੂਹ ਕਮੇਟੀ
ਮੈਂਬਰਾਨ ਗੁਰੂਘਰ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ
ਬੱਚਿਆਂ ਦੇ ਬਾਲੀਵਾਲ ਅਤੇ ਹੋਰ ਖੇਡਾਂ ਦੇ ਮੁਕਾਬਲੇ ਵੀ ਹੋਣਗੇ
Gurdwara Sahibs and Association
The Sikh Cultural Society Of NY Inc.
Gurdwara Sikh Center of NY (Parson Blvd.)
GuruGhar Sinkh Center of NY (Queens Village)
Gurdwara Sant Sagar, NY
Sikh Association of Albany Inc.
Gurdwara Dashmesh Darbar, Carteret (NJ)
Gurdwara Sant Majha Singh Karmjot Sikh Center
Gurdwara Khalsa Darbar, NJ
Gurdwara Khalsa Darbar South, (NJ)
Ramgarhia Sikh Society of America (NY)
Dhan Dhn Baba Budha Sahib ji Sikh Association (NY)
Shaheed Bhagat Singh Society (NY)
Sant Baba Nidhan Singh ji Cultural Society Inc.
Bhagat Dhanna Jatt Association of (NY)
Baba Banda Singh Bahadur Intl. Society Inc.
Sant Baba Prem Singh Sikh Cultural Society (NY)
Shaheed Bhai Mani Singh Cultural Society of (NY)
Malwa Brothers Association U.S.A
Kapurthala Sports & Cultural Club U.S.A
Sallan Welfare Society
5000 ਡਾਲਰ ਦੀ ਫੀਸ ਦੇ ਕੇ ਕੋਆਰਡੀਨੇਟਰ ਕਮੇਟੀ ਦੇ ਮੈਂਬਰ ਬਣਨ ਵਾਲੇ
* Gurdev Singh Kang
President Sikh Cultural Society Inc.
* Sawarn Singh Dhillon B/O Harbans Singh Dhillon
* Kuldeep Singh Dhillon
Gen Sec. Sikh Cultural Society Inc.
* Jaswinder Singh Padda
Bhagat Dhanna Jatt Association of (NY)
* Buta Singh Cheema
Gen. Sec. Dhan Dhan Baba Budha Sahib ji
* Bawa Rajinder Singh Lalli (CICSO General Conusture)
* Jagir Singh (Sabzi Mandi)
* Ashok Kumar (JMD Mall)
* Karamjit Singh Dhalliwal
President Malwa Brother Association USA
* Jaswinder Singh Johal (Apna Bazar Cash & Carry)
* Deepak Bhardwaj (Apna Bazar Cash & Carry)
* Mohinderjit Singh Uppal & Group
* Mukhtiar Singh (Prabh Milne Ka Chao)
* Gurpal Singh Cheema
* Amarjit Singh Grewal (NJ)
* Amar Singh Gill (NJ)
Special Thanks for NYPD and Parks Department and our all Sponsors
B.J.
BROADCAST HD FILM QUALITY
Ph.718-441-6516 Cell No.646-403-7334
PUNJABI DHABA
CATERING & SWEETS, INC.
INDIAN CUISINE
for more information
Phone: 718 846 3333
Entry Free
MEDIA: ALL PUNJABI TV & ALL NEWSPAPERS

# ਜ਼ਿੰਦਗੀ ਦੀਆਂ ਤਣੀਆਂ

## ਦੱਖਣੀ ਏਸ਼ੀਆ ਦੇ ਬੀਤੇ ਵਕਤਾਂ 'ਤੇ ਝਾਤੀ

ਕਲਾ ਪਰਿਕਰਮਾ

*ਚੰਡੀਗੜ੍ਹ ਵਿਚ ਪੰਜਾਬ ਕਲਾ ਭਵਨ ਵਿਖੇ ਹਰੀ ਇੰਸਟੀਚਿਊਟ ਫਾਰ ਸਾਊਥ ਏਸ਼ੀਅਨ ਰਿਸਰਚ ਐਂਡ ਐਕਸਚੇਂਜ (ਕਾਠਮੰਡੂ, ਨੇਪਾਲ) ਅਤੇ ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ੍ਹ ਵੱਲੋਂ ਲਾਈ ਨੁਮਾਇਸ਼ ਵਿਚ ਭਾਰਤ ਤੋਂ ਇਲਾਵਾ ਅਫਗਾਨਿਸਤਾਨ, ਬੰਗਲਾਦੇਸ਼, ਪਾਕਿਸਤਾਨ, ਨੇਪਾਲ, ਸ੍ਰੀਲੰਕਾ ਅਤੇ ਤਿੱਬਤ ਨਾਲ ਸਬੰਧਤ ਤਸਵੀਰਾਂ ਰੱਖੀਆਂ ਗਈਆਂ। ਇਸ ਨੁਮਾਇਸ਼ ਦੀ ਖਾਸੀਅਤ ਇਹ ਸੀ ਕਿ ਇਹ ਤਸਵੀਰਾਂ ਵੱਖ ਵੱਖ ਲੋਕਾਂ ਦੀ ਪਰਸਨਲ ਕੁਲੈਕਸ਼ਨ ਤੋਂ ਹਾਸਲ ਕੀਤੀਆਂ ਗਈਆਂ। -ਸੰਪਾਦਕ*



*ਇਕ ਨੇਪਾਲੀ ਕਾਲਜ ਦੇ ਪਾੜ੍ਹਿਆਂ ਦੀ 1966 'ਚ ਖਿੱਚੀ ਤਸਵੀਰ। ਗਰੈਜੂਏਟਾਂ ਦੇ ਇਸ ਬੈਚ 'ਚ ਸਿਰਫ ਇਕ ਲੜਕੀ ਸੀ।*

ਸਾਡੇ ਰੋਜ਼ਮੱਰਾ ਜੀਵਨ ਵਿਚ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਅਕਸਰ ਅਣਛੋਹੀਆਂ ਜਿਹੀਆਂ ਰਹਿ ਜਾਂਦੀਆਂ ਹਨ। ਮਸਲਨ, ਜਦੋਂ ਤੁਸੀ ਚਿਰਾਂ ਬਾਅਦ ਘਰ ਪਰਤਦੇ ਹੋ, ਤਾਂ ਤੁਹਾਡੇ ਮਾਪਿਆਂ ਦੇ ਚਿਹਰੇ ਉਤੇ ਆਈ ਮਿੱਠੀ ਤੇ ਮਿੰਨੀ ਮੁਸਕਾਣ; ਜਾਂ ਘਰੋਂ ਤੁਰਨ ਵੇਲੇ ਉਨ੍ਹਾਂ ਦੇ ਚਿਹਰੇ ਉਤੇ ਛਾਈ ਉਦਾਸੀ; ਤਫਰੀਹ ਜਿਹੀ ਦੌਰਾਨ ਆਪਣੇ ਮਿੱਤਰਾਂ-ਦੋਸਤਾਂ ਨਾਲ ਕਿਸੇ ਰੈਸਟੋਰੈਂਟ ਵਿਚ ਜਾਣਾ ਤੇ ਉਥੇ



ਸੰਜਮਪ੍ਰੀਤ ਸਿੰਘ
ਫੋਨ: 91-98720-21979

ਬਿਤਾਏ ਪਲਾਂ ਦੀ ਕੋਈ ਦਾਸਤਾਂ; ਗਰੈਜੂਏਸ਼ਨ ਵੇਲੇ ਫੋਟੋ ਖਿਚਵਾਉਣ ਲਈ ਕੈਮਰੇ ਅੱਗੇ ਪੋਜ਼ ਬਣਾਉਣਾ; ਜਾਂ ਨਿੱਕੇ ਹੁੰਦਿਆਂ ਗੋਦੀ ਦਾ ਨਿੱਘ। ਇਹ ਸਾਰੀਆਂ ਗੱਲਾਂ ਆਮ ਹੀ ਜ਼ਿੰਦਗੀ ਦਾ ਹਿੱਸਾ ਬਣਦੀਆਂ ਹਨ, ਐਨ ਅਛੋਪਲੇ ਜਿਹੇ; ਪਰ ਇਹ ਗੱਲਾਂ ਆਮ ਨਹੀਂ ਹੁੰਦੀਆਂ, ਇਨ੍ਹਾਂ ਵਿਚ ਹੀ ਜ਼ਿੰਦਗੀ ਦਾ ਰਸ-ਕਸ ਅਤੇ ਸੱਚ ਛੁਪਿਆ ਹੁੰਦਾ ਹੈ। ਇਹੀ ਉਹ ਪਲ ਹੁੰਦੇ ਹਨ ਜਿਹੜੇ ਤਾਉਮਰ ਤੁਹਾਡੇ ਨਾਲ ਨਾਲ ਤੁਰਦੇ ਹਨ ਅਤੇ ਤੁਹਾਡੀ ਜ਼ਿੰਦਗੀ ਨੂੰ ਲਗਾਤਾਰ ਜ਼ਰਬ ਦੇਈ ਜਾਂਦੇ ਹਨ, ਜ਼ਿੰਦਗੀ 'ਚ ਰੰਗ ਭਰੀ ਜਾਂਦੇ ਹਨ। ਇਹ ਸਾਰੇ ਰੰਗ ਤੁਹਾਡੀਆਂ ਯਾਦਾਂ ਵਿਚ ਸਾਂਭੇ ਪਏ ਹੁੰਦੇ ਹਨ, ਪਰ ਜੇ ਕਿਤੇ ਇਹ ਫੋਟੋਗ੍ਰਾਫੀ ਜਾਂ ਚਿੱਤਰਕਾਰੀ ਵਰਗੀ ਕਲਾ ਰਾਹੀਂ ਸਾਂਭੇ ਪਏ ਹੋਣ, ਫਿਰ ਤਾਂ ਕੀ ਕਹਿਣੇ!

ਜ਼ਿੰਦਗੀ ਦੇ ਇਨ੍ਹਾਂ ਸਾਧਾਰਨ, ਪਰ ਅਹਿਮ ਪਲਾਂ ਦੀਆਂ ਬਾਤਾਂ ਇਸ ਹਫਤੇ ਚੰਡੀਗੜ੍ਹ ਵਿਚ ਪੰਜਾਬ ਕਲਾ ਭਵਨ ਵਿਖੇ ਹਰੀ ਇੰਸਟੀਚਿਊਟ ਫਾਰ ਸਾਊਥ ਏਸ਼ੀਅਨ ਰਿਸਰਚ ਐਂਡ ਐਕਸਚੇਂਜ, ਕਾਠਮੰਡੂ (ਨੇਪਾਲ) ਅਤੇ ਪੰਜਾਬ ਡਿਜੀਟਲ ਲਾਇਬ੍ਰੇਰੀ, ਚੰਡੀਗੜ੍ਹ ਵੱਲੋਂ ਲਾਈ ਨੁਮਾਇਸ਼ ਵਿਚ ਪਾਈਆਂ ਗਈਆਂ। ਇਸ ਨੁਮਾਇਸ਼ ਵਿਚ ਭਾਰਤ ਤੋਂ ਇਲਾਵਾ ਅਫਗਾਨਿਸਤਾਨ, ਬੰਗਲਾਦੇਸ਼, ਪਾਕਿਸਤਾਨ, ਨੇਪਾਲ, ਸ੍ਰੀਲੰਕਾ ਅਤੇ ਤਿੱਬਤ ਨਾਲ ਸਬੰਧਤ ਤਸਵੀਰਾਂ ਰੱਖੀਆਂ ਗਈਆਂ। ਇਹ ਤਕਰੀਬਨ ਤੀਹ ਤਸਵੀਰਾਂ ਵੱਖ ਵੱਖ ਲੋਕਾਂ ਦੀ ਪਰਸਨਲ ਕੁਲੈਕਸ਼ਨ ਤੋਂ ਇਲਾਵਾ ਕੁਝ ਕੁ ਪ੍ਰੋਫੈਸ਼ਨਲ ਫੋਟੋਗ੍ਰਾਫਰਾਂ ਕੋਲੋਂ ਵੀ ਆਈਆਂ। ਇਹ ਸਾਰੀ ਨੁਮਾਇਸ਼ ਖੰਨਾ ਨੇੜਲੇ ਪਿੰਡ ਦਾਊਦਪੁਰ ਵੀ ਗਈ। ਸ਼ਾਇਦ ਪੰਜਾਬ ਵਿਚ ਇਹ ਪਹਿਲੀ ਵਾਰ ਹੀ ਹੋਵੇਗਾ ਕਿ ਇਸ ਤਰ੍ਹਾਂ ਦੀ ਨੁਮਾਇਸ਼ ਕਿਸੇ ਪਿੰਡ ਵਿਚ ਲਾਈ ਗਈ ਹੋਵੇ। ਆਮ ਤੌਰ 'ਤੇ ਅਜਿਹੀਆਂ ਨੁਮਾਇਸ਼ਾਂ ਸ਼ਹਿਰਾਂ ਦਾ ਹੀ ਸ਼ਿੰਗਾਰ ਬਣਦੀਆਂ ਹਨ।

ਇਨ੍ਹਾਂ ਤਸਵੀਰਾਂ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਫੌਜੀ ਦੀ ਤਸਵੀਰ ਵੀ ਹੈ। ਇਹ ਤਸਵੀਰ ਬੜਾ ਕੁਝ ਕਹਿੰਦੀ ਹੈ। ਪਹਿਲੀ ਸੰਸਾਰ ਜੰਗ ਲੱਗੀ ਹੋਈ ਹੈ, ਤੇ ਇਸ ਫੌਜੀ ਦੇ ਘਰਦੇ ਉਸ ਨੂੰ ਰਵਾਨਾ ਕਰਨ ਲਈ ਤਾਂਗਾ ਉਡੀਕ ਰਹੇ ਹਨ। ਇਨ੍ਹਾਂ ਦੇ ਚਿਹਿਰਿਆਂ ਉਤੇ ਛਾਈ ਉਦਾਸੀ ਤੰਗ ਕਰਨ ਵਾਲੀ ਹੈ। ਜਦੋਂ ਇਹ ਫੋਟੋ ਉਤਾਰੀ ਗਈ ਹੋਵੇਗੀ, ਉਸ ਤੋਂ ਕੁਝ ਸਮੇਂ ਬਾਅਦ ਤਾਂਗਾ ਆ ਗਿਆ ਹੋਵੇਗਾ ਅਤੇ ਫਿਰ ਮਾਪਿਆਂ ਦੇ ਚਿਹਿਰਿਆਂ ਉਤੇ ਉਡੀਕ ਦੀ ਇਹ ਉਦਾਸੀ ਉਸ ਦੀ ਘਰ ਵਾਪਸੀ ਤਕ ਚਿਪਕ ਗਈ ਹੋਵੇਗੀ!

ਹਰੀ ਇੰਸਟੀਚਿਊਟ ਦੀ ਪ੍ਰੋਗਰਾਮ ਮੈਨੇਜਰ ਸਰਿਤਾ ਰਾਮਾਮੂਰਤੀ ਦੱਸਦੀ ਹੈ, "ਨੁਮਾਇਸ਼ ਵਾਲੀਆਂ ਤਸਵੀਰਾਂ ਭਾਵੇਂ ਕਿਸੇ ਇਕ ਬੰਦੇ ਨਾਲ ਸਬੰਧਤ ਹਨ, ਪਰ ਹਰ ਤਸਵੀਰ ਹਰ ਇਕ ਜਣੇ ਨਾਲ ਜੁੜੀ ਹੋਈ ਹੈ।" ਨੇਪਾਲੀ ਕਾਲਜ ਦੇ 9 ਜਣਿਆਂ ਦੀ ਅਜਿਹੀ ਹੀ ਇਕ ਤਸਵੀਰ ਹੈ ਜਿਹੜੀ 1966 ਵਿਚ ਖਿੱਚੀ ਗਈ ਸੀ। ਇਸ ਦਾ ਸਿਰਲੇਖ 'ਡਿਗਰੀ ਆਫ ਲਿਬਰੇਸ਼ਨ' ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਇਕ ਕੁੜੀ ਵਿਜੈ ਪ੍ਰਧਾਨ ਹੈ ਜਿਹੜੀ ਆਪਣੇ ਬੈਚ ਦੀ ਇਕਲੌਤੀ ਗਰੈਜੂਏਟ ਸੀ। ਇਹ ਸਾਰਾ ਜਥਾ ਫੋਟੋ ਕਰਵਾ ਕੇ ਖੁਸ਼ ਹੈ ਅਤੇ ਹਰ ਕੋਈ ਇਹ ਤਸਵੀਰ ਫਰੇਮ ਵਿਚ ਜੜਾ ਕੇ ਰੱਖਣ ਬਾਰੇ ਕਹਿ ਰਿਹਾ ਹੈ, ਪਰ ਵਿਜੈ ਪ੍ਰਧਾਨ ਦੇ ਦਿਲੋ-ਦਿਮਾਗ 'ਤੇ ਕੋਈ ਹੋਰ ਗੱਲ ਛਾਈ ਹੋਈ ਹੈ। ਇਸ ਕੁੜੀ ਨੂੰ ਆਪਣੀ ਜੱਦੋ-ਜਹਿਦ ਦੇ ਉਹ ਪਲ ਯਾਦ ਆ ਰਹੇ ਹੋਣਗੇ ਜੋ ਉਸ ਨੇ ਕੁੜੀਆਂ ਦੁਆਲੇ ਉਸਾਰੀਆਂ ਗਈ ਕੰਧਾਂ ਢਾਹੁਣ ਲਈ ਕੀਤੀ ਹੋਵੇਗੀ। ਉਹ ਖੁਦ ਦੱਸਦੀ ਹੈ ਕਿ ਉਹ ਤਾਂ ਆਪਣੀ ਇਹ ਤਸਵੀਰ ਇਨ੍ਹਾਂ ਕੰਧਾਂ ਉਤੇ ਕਿੱਲ ਠੋਕ ਕੇ ਲਟਕਾਉਣਾ ਚਾਹੁੰਦੀ ਹੈ! ਖੂਬ!!...ਇਸ ਸਾਰਾ ਕੁਝ ਤਸਵੀਰ ਨਾਲ ਲਿਖੀ ਇਬਾਰਤ ਵਿਚ ਦਰਜ ਹੈ। ਹੁਣ ਇਤਫਾਕ ਦੇਖੋ ਕਿ ਹਰਿਆਣਾ ਦੇ ਮਹਿੰਦਰਗੜ੍ਹ ਜ਼ਿਲ੍ਹੇ ਦੀਆਂ 6 ਪੰਚਾਇਤਾਂ ਨੇ ਕੁੜੀਆਂ ਨੂੰ ਸਕੂਲ ਭੇਜਣ ਤੋਂ ਰੋਕ ਦਿੱਤਾ ਹੈ। ਇਨ੍ਹਾਂ ਕੁੜੀਆਂ ਦਾ ਕਸੂਰ? ਇਨ੍ਹਾਂ ਨੂੰ ਸਕੂਲ ਆਉਂਦੀਆਂ-ਜਾਂਦੀਆਂ ਨੂੰ ਮੁੰਡੇ ਛੇੜਦੇ ਸਨ!



**ਬੀਰੇਂਦਰ ਸਿੰਘ ਜੋ 1930 ਵਿਚ ਸਿੱਖਿਆ ਲਈ ਅਮਰੀਕਾ ਪੁੱਜਾ।**

### ਜ਼ਿੰਦਗੀ ਦੀ ਜੱਦੋ-ਜਹਿਦ

*ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਕਾਰਜਕਾਰੀ ਡਾਇਰੈਕਟਰ ਦਵਿੰਦਰਪਾਲ ਸਿੰਘ ਮੁਤਾਬਕ ਇਸ ਨੁਮਾਇਸ਼ ਵਾਲੀਆਂ ਤਸਵੀਰਾਂ ਜ਼ਿੰਦਗੀ ਦੀ ਜੱਦੋ-ਜਹਿਦ ਨਾਲ ਵਾਬਸਤਾ ਹਨ, ਪਰ ਇਨ੍ਹਾਂ ਵਿਚ ਆਮ ਲੋਕ ਦੀਆਂ ਸਾਧਾਰਨ ਪ੍ਰਾਪਤੀਆਂ ਨਾਲ ਸਬੰਦਤ ਜਸ਼ਨਾਂ ਦੀ ਚਾਸ਼ਣੀ ਵੀ ਘੁਲੀ ਹੋਈ ਹੈ। ਇਨ੍ਹਾਂ ਵਿਚ ਮਹਿਲਾ ਭਲਵਾਨ ਵੀਰਾਂ ਬਾਈ ਦੀ ਤਸਵੀਰ ਵੀ ਹੈ ਜਿਸ ਦੀ ਇਹ ਤਸਵੀਰ ਪੰਜਾਬੀ ਪਰਚੇ 'ਫੁੱਲਵਾੜੀ' ਦੇ ਜੁਲਾਈ 1937 ਵਾਲੇ ਅੰਕ ਵਿਚ ਛਪੀ ਸੀ। ਇਸ ਤਸਵੀਰ ਦੀ ਕੈਪਸ਼ਨ ਹੈ: ਜੀਹਨੇ ਮਰਦਾਂ ਨੂੰ ਵੀ ਪਛਾੜ ਛੱਡਿਆ! ਮਨਮੋਹਨ ਸਿੰਘ ਭਾਰਤ ਦਾ ਪਹਿਲਾ ਪਾਇਲਟ ਬਣਿਆ ਜਿਸ ਨੇ ਵਲਾਇਤ ਤੋਂ ਭਾਰਤ ਦੀ ਉਡਾਣ ਭਰੀ। ਬੀਰੇਂਦਰ ਸਿੰਘ ਉਚੇਰੀ ਸਿੱਖਿਆ ਲਈ ਅਮਰੀਕਾ ਜਾ ਰਿਹਾ ਹੈ। ਇਸ ਤਸਵੀਰਾਂ 'ਫੁੱਲਵਾੜੀ' ਦੇ ਫਰਵਰੀ 1930 ਵਾਲੇ ਅੰਕ ਦਾ ਸ਼ਿੰਗਾਰ ਬਣੀਆਂ ਸਨ। ਸਰਿਤਾ ਕਹਿੰਦੀ ਹੈ, "ਅਜਿਹੇ ਲੋਕ ਹੁਣ ਲੋਕਾਂ ਦੇ ਚੇਤਿਆਂ ਵਿਚ ਕਿੱਥੇ ਹਨ? ਜੇ ਉਦੋਂ ਕੋਈ ਜਣਾ ਇਹ ਤਸਵੀਰਾਂ ਨਾ ਉਤਾਰਦਾ ਤਾਂ ਅਸੀਂ ਇਸ ਖਜ਼ਾਨੇ ਤੋਂ ਵਾਂਝੇ ਹੀ ਰਹਿ ਜਾਣਾ ਸੀ।" ਅਸਲ 'ਚ ਸਾਡੀ ਇਹ ਵਿਰਾਸਤ ਹੈ ਅਤੇ ਦਵਿੰਦਰਪਾਲ ਸਿੰਘ ਅਤੇ ਉਸ ਦੇ ਸਾਥੀ ਆਪਣੀ ਪੰਜਾਬ ਡਿਜੀਟਲ ਲਾਇਬ੍ਰੇਰੀ ਵਿਚ ਅਜਿਹਾ ਖਜ਼ਾਨਾ ਸਾਂਭਣ ਲੱਗੇ ਹੋਏ ਹਨ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਜੁਲਾਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-74




*ਤੇਰੀ ਵਰਕਸ਼ਾਪ ਵਿਚ ਡੈਡੀ ਆਉਂਦੀਆਂ ਬੜੀਆਂ ਕਾਰਾਂ।*
*ਪਰ ਜੀਅ ਕਰਦੈ ਘਰ ਦੀ ਗੱਡੀ ਹੱਥੀਂ ਆਪ ਸੁਆਰਾਂ।*
*ਲੱਗਦੈ ਇਹਦੇ ਵਿਚ ਕੋਈ ਸੱਚੀਂ ਹੋਈ ਹੁਣੇ ਖਰਾਬੀ।*
*ਇਸੇ ਲਈ ਮੈਂ ਚੋਰੀ ਚੋਰੀ ਫਿਰਾਂ ਘੁਮਾਉਂਦਾ ਚਾਬੀ।*

## ਕੈਪਸ਼ਨ ਮੁਕਾਬਲਾ-72



ਪਾ ਕੇ ਨਿਆਣਾ ਮਾਰ ਕੇ ਛਿੱਟੇ,
ਹੱਥ ਥਣਾਂ ਨੂੰ ਲਾਇਆ।
ਮਾਰ ਨਾ ਦੇਵੇ ਛੜ ਵਿਚਾਲੇ,
ਮੂਹਰੇ ਦਾਣਾ ਪਾਇਆ।
ਹੈਰਾਨ ਹੋਈ ਮੁਟਿਆਰ ਇਹ ਸੋਚੇ,
ਮੈਨੂੰ ਕਿਸੇ ਨਾ ਇਹ ਸਿਖਾਇਆ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਖੁਰਲੀ ਉਤੇ ਬੰਨ੍ਹੀਆਂ ਮੱਝਾਂ
ਬੇਬੇ ਕੱਢਦੀ ਧਾਰਾਂ,
ਦੁੱਧ ਮੱਖਣ ਲੱਸੀ ਨਾਲ
ਲੱਗੀਆਂ ਘਰ ਦੇ ਵਿਚ ਬਹਾਰਾਂ।

ਭਾਬੀ ਬੈਠੀ ਦੁੱਧ ਪਈ ਰਿੜਕੇ
ਤੇ ਵੀਰਾ ਮੱਖਣ ਖਾਵੇ,
ਰੱਬ ਕਰੇ 'ਸੁਰਜੀਤ' ਉਹ ਵੇਲਾ
ਫਿਰ ਮੁੜ ਕੇ ਆ ਜਾਵੇ।
**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

ਸੱਸ ਸਮਝਾਵੇ ਨਵੀਂ ਬਹੂ ਨੂੰ
ਜ਼ਿੰਦਗੀ ਦੇ ਸੰਗ ਲੜਨਾ ਪਊ।
ਕੋਈ ਕਿਸੇ ਦੀ ਨਾਂਹ ਨਹੀਂ ਸੁਣਦਾ
ਮਾਂ ਜੀ ਤੇ ਹਾਂ ਜੀ ਕਰਨਾ ਪਊ।
ਧਾਰਾਂ ਕੱਢਣੀਆਂ ਮਧਾਣੀਆਂ ਪਾਣੀਆਂ।
ਘਰ ਦਾ ਹਰ ਕੰਮ ਸਿੱਖਣਾ ਪਊ।
ਜੇ ਤੂੰ ਸੁੱਘੜ-ਸਿਆਣੀ ਬਣ ਜਾਏਂ
ਫਿਰ ਨਾ ਕਿਸੇ ਤੋਂ ਡਰਨਾ ਪਊ।
ਭਾਵੇਂ ਜਾਪਣ ਬੀਤੇ ਦੀ ਗੱਲ
ਸਭਿਆਚਾਰ ਸੰਗ ਖੜ੍ਹਨਾ ਪਊ।
**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਮਾਂ ਧਾਰਾਂ ਕੱਢਦੀ ਪਈ ਏ,
ਧੀ ਵੇਖੇ ਕੋਲ ਖੜ੍ਹ ਕੇ ਜੀ।
ਇਹ ਕੰਮ ਪੰਜਾਬ 'ਚ ਹੁੰਦੇ ਸੀ,
ਸ਼ਾਮ ਵੇਲੇ ਤੇ ਤੜਕੇ ਤੜਕੇ ਜੀ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਮ੍ਰਿਤਕ ਐਲਾਨੀ ਔਰਤ ਨੇ ਅਚਾਨਕ ਅੱਖਾਂ ਖੋਲ੍ਹੀਆਂ

**ਨਿਊ ਯਾਰਕ:** ਇਥੋਂ ਦੇ ਇਕ ਹਸਪਤਾਲ ਵੱਲੋਂ ਮ੍ਰਿਤਕ ਐਲਾਨੀ ਔਰਤ ਦੇ ਸਰੀਰ ਵਿਚੋਂ ਡਾਕਟਰ ਉਸ ਦੇ ਅੰਗ ਕੱਢਣ ਦੀ ਤਿਆਰੀ ਵਿਚ ਸਨ ਤਾਂ ਔਰਤ ਨੇ ਅੱਖਾਂ ਖੋਲ੍ਹ ਲਈਆਂ। 41 ਸਾਲਾ ਕੋਲੀਨ ਐਸ ਬਰਨਸ ਨੂੰ ਸੇਂਟ ਜੋਸਫ਼ ਹਸਪਤਾਲ ਦੀ ਐਮਰਜੈਂਸੀ ਵਿਚ ਸਾਲ 2009 ਵਿਚ ਦਾਖ਼ਲ ਕਰਵਾਇਆ ਗਿਆ ਸੀ ਕਿਉਂਕਿ ਉਸ ਨੇ ਬੈਨਾਡਰਿਲ ਤੇ ਹੋਰ ਨਸ਼ੀਲੀਆਂ ਦਵਾਈਆਂ ਬਹੁਤਾਤ ਵਿਚ ਖਾ ਲਈਆਂ ਸਨ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# ਨਿਆਂਪਾਲਿਕਾ ਆਪਣੇ ਅਕਸ ਦਾ ਵੀ ਖਿਆਲ ਰੱਖੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤਿਆ ਹਫਤਾ ਭਾਰਤ ਦੀ ਰਾਜਨੀਤੀ ਦੇ ਦਾਗਾਂ ਉਤੇ ਨਿਆਂਪਾਲਿਕਾ ਵੱਲੋਂ ਪੋਚਾ ਮਾਰਨ ਵਾਲਾ ਵੀ ਸਾਬਤ ਹੋਇਆ ਹੈ ਤੇ ਖੁਦ ਨਿਆਂਪਾਲਿਕਾ ਅੰਦਰਲੇ ਦਾਗਾਂ ਨੂੰ ਇੱਕ ਵਾਰੀ ਜ਼ਾਹਰ ਕਰਨ ਵਾਲਾ ਵੀ। ਜਿਸ ਕਿਸੇ ਦੇ ਖਿਲਾਫ ਵੀ ਮੁਕੱਦਮਾ ਬਣ ਜਾਵੇ, ਉਹ ਇੱਕ ਗੱਲ ਇਹ ਬੜੇ ਜ਼ੋਰ ਨਾਲ ਕਹਿੰਦਾ ਹੈ ਕਿ 'ਸਾਨੂੰ ਨਿਆਂਪਾਲਿਕਾ ਉਪਰ ਪੂਰਨ ਵਿਸ਼ਵਾਸ ਹੈ।' ਅਸੀਂ ਆਪਣੀ ਗੱਲ ਇਥੋਂ ਸ਼ੁਰੂ ਕਰਨਾ ਚਾਹੁੰਦੇ ਹਾਂ ਕਿ 'ਸਾਡਾ ਦਿਲ ਨਿਆਂਪਾਲਿਕਾ ਉਤੇ ਪੂਰਨ ਵਿਸ਼ਵਾਸ ਕਰਨ ਨੂੰ ਕਰਦਾ ਹੈ, ਪਰ ਇਸ ਉਤੇ ਵਿਸ਼ਵਾਸ ਹੀ ਹੈ, ਪੂਰਨ ਵਿਸ਼ਵਾਸ ਦੀ ਕੋਈ ਸੂਰਤ ਦਿਖਾਈ ਨਹੀਂ ਦੇ ਰਹੀ।' ਇਸ ਤੋਂ ਪਹਿਲਾਂ ਕਿ ਇਸ ਹਫਤੇ ਆਏ ਨਿਆਂਪਾਲਿਕਾ ਦੇ ਬਹੁਤ ਵਧੀਆ ਦੋ ਫੈਸਲਿਆਂ ਦੀ ਗੱਲ ਕਰੀਏ, ਨਿਆਂਪਾਲਿਕਾ ਦੇ ਆਪਣੇ ਅਕਸ ਬਾਰੇ ਜਿਹੜੀਆਂ ਕੁਝ ਮਾੜੀਆਂ ਗੱਲਾਂ ਅੱਖੋਂ ਪਰੋਖੇ ਨਹੀਂ ਕੀਤੀਆਂ ਜਾ ਸਕਦੀਆਂ, ਅਸੀਂ ਉਨ੍ਹਾਂ ਦਾ ਖਾਤਾ ਭੁਗਤਾ ਲੈਣਾ ਚਾਹੁੰਦੇ ਹਾਂ।

ਸਾਡਾ ਇੱਕ ਮਿੱਤਰ ਜਰਮਨੀ ਵਿਚ ਹੈ। ਉਸ ਦੇ ਖਿਲਾਫ ਇੱਕ ਪੁਰਾਣਾ ਕੇਸ ਸੀ। ਪੁਲਿਸ ਨੇ ਉਸ ਨੂੰ ਫੜਿਆ ਨਹੀਂ, ਉਹ ਆਪ ਇਸ ਕੇਸ ਨੂੰ ਮੁਕਾਉਣ ਲਈ ਉਥੋਂ ਆ ਕੇ ਪੇਸ਼ ਹੋਇਆ ਸੀ, ਪਰ ਅਦਾਲਤ ਮਾਮਲਾ ਨਹੀਂ ਸੀ ਮੁਕਾ ਰਹੀ। ਇੱਕ ਦਿਨ ਹਾਈ ਕੋਰਟ ਦੇ ਜੱਜ ਨੇ ਜਦੋਂ ਜੇਲ੍ਹ ਦਾ ਦੌਰਾ ਰੱਖਿਆ ਤਾਂ ਜੇਲ੍ਹ ਵਿਚ ਬੰਦ ਬੰਦਿਆਂ ਤੋਂ ਦੁੱਖ-ਤਕਲੀਫ ਪੁੱਛੀ। ਉਸ ਵੇਲੇ ਸਾਡੇ ਉਸ ਪਰਵਾਸੀ ਮਿੱਤਰ ਨੇ ਆਪਣੀ ਕਹਾਣੀ ਦੱਸ ਦਿੱਤੀ। ਉਸ ਨੇ ਕਿਹਾ ਕਿ ਉਹ ਜੇਲ੍ਹ ਵਿਚ ਇਸ ਲਈ ਬੰਦ ਹੈ ਕਿ ਉਹ ਪਰਵਾਸੀ ਭਾਰਤੀ ਹੈ ਤੇ ਸੈਸ਼ਨ ਜੱਜ ਤੇ ਵਕੀਲਾਂ ਨੂੰ ਉਸ ਕੋਲ ਪੈਸੇ ਦਿਖਾਈ ਦਿੰਦੇ ਹਨ। ਉਸ ਦੇ ਕੇਸ ਵਿਚ ਗਵਾਹ ਵਜੋਂ ਉਹ ਬੰਦਾ ਪੇਸ਼ ਕਰਨ ਲਈ ਮੁੜ-ਮੁੜ ਸੰਮਨ ਜਾਰੀ ਕੀਤੇ ਜਾ ਰਹੇ ਹਨ, ਜਿਹੜਾ ਮਰ ਚੁੱਕਾ ਹੈ ਤੇ ਉਸ ਦੀ ਮੌਤ ਦਾ ਸਰਟੀਫਿਕੇਟ ਸੈਸ਼ਨ ਕੋਰਟ ਦੀ ਫਾਈਲ ਵਿਚ ਟੰਗਿਆ ਪਿਆ ਹੈ।

ਹਾਈ ਕੋਰਟ ਦੇ ਜੱਜ ਨੇ ਕੋਲ ਖੜੇ ਸੈਸ਼ਨ ਜੱਜ ਨੂੰ ਪੁੱਛਿਆ ਤਾਂ ਉਸ ਦੇ ਦੰਦ ਜੁੜ ਗਏ। ਅਗਲੀ ਪੇਸ਼ੀ ਉਤੇ ਉਸ ਪਰਵਾਸੀ ਮਿੱਤਰ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਇਹ ਕਹਾਣੀ ਇੱਕ ਹੈ, ਪਰ ਇੱਕੋ-ਇੱਕ ਨਹੀਂ ਹੈ। ਹਾਲੇ ਪਿਛਲੇ ਸਾਲ ਅੰਮ੍ਰਿਤਸਰ ਵਿਚ ਇੱਕ ਜੱਜ ਨੂੰ ਬਰਖਾਸਤ ਕੀਤਾ ਗਿਆ ਤਾਂ ਪਤਾ ਲੱਗਾ ਸੀ ਕਿ ਉਸ ਨੇ ਸੱਠ ਤੋਂ ਵੱਧ ਕੇਸਾਂ ਦੇ ਫੈਸਲੇ ਸੁਣਾਏ ਹੋਏ ਸਨ, ਪਰ ਲਿਖੇ ਨਹੀਂ ਸਨ ਤੇ ਉਸ ਦੇ ਬਰਖਾਸਤ ਹੋਣ ਤੋਂ ਬਾਅਦ ਉਹ ਲਿਖ ਨਹੀਂ ਸੀ ਸਕਦਾ। ਨਵਾਂ ਜੱਜ ਆ ਕੇ ਉਸ ਦੇ ਲਿਖੇ ਫੈਸਲਿਆਂ ਉਤੇ ਦਸਤਖਤ ਕਰ ਕੇ ਆਪਣੇ ਗ਼ਲ ਜ਼ਿੰਮੇਵਾਰੀ ਨਹੀਂ ਸੀ ਪਾ ਸਕਦਾ। ਜਦੋਂ ਇਹ ਮਾਮਲਾ ਉਭਰਿਆ, ਇਸ ਦੇ ਬਾਅਦ ਇਹ ਪੜਤਾਲ ਕਰਾਈ ਜਾਣੀ ਚਾਹੀਦੀ ਸੀ ਕਿ ਪੰਜਾਬ ਵਿਚ ਹੋਰ ਕਿੰਨੇ ਕੁ ਇਹੋ ਜਿਹੇ ਜੱਜ ਹਨ ਜਿਹੜੇ ਫੈਸਲਾ ਸੁਣਾ ਕੇ ਵੀ ਸੌਦੇਬਾਜ਼ੀ ਦੀ ਝਾਕ ਵਿਚ ਲਿਖਣ ਦਾ ਕੰਮ ਹਫ਼ਤਿਆਂ ਬੱਧੀ ਰੋਕੀ ਰੱਖਦੇ ਹਨ ਪਰ ਕਿਸੇ ਨੇ ਕਦੀ ਇਹ ਜਾਂਚ ਕਰਵਾਈ ਨਹੀਂ ਸੀ।

ਜੇ ਹੇਠਲੇ ਪੱਧਰ ਦੀ ਨਿਆਂਪਾਲਿਕਾ ਦਾ ਇਹ ਹਾਲ ਹੈ ਤਾਂ ਸਿਖਰ ਵਾਲਿਆਂ ਦਾ ਵੀ ਬਹੁਤਾ ਚੰਗਾ ਨਹੀਂ। ਜਦੋਂ ਸਾਰਾ ਦੇਸ਼ ਇਸ ਗੱਲ ਲਈ ਚਰਚਾ ਕਰ ਰਿਹਾ ਹੈ ਕਿ ਨਿਆਂਪਾਲਿਕਾ ਨੇ ਬੇਈਮਾਨ ਅਤੇ ਅਪਰਾਧੀ ਬਿਰਤੀ ਦੇ ਰਾਜਸੀ ਆਗੂਆਂ ਨੂੰ ਝਟਕਾ ਦੇ ਕੇ ਠੀਕ ਕੀਤਾ ਹੈ, ਉਦੋਂ ਗੁਜਰਾਤ ਹਾਈ ਕੋਰਟ ਦੇ ਮੁੱਖ ਜੱਜ ਦੀ ਚਿੱਠੀ ਸਾਹਮਣੇ ਆ ਗਈ ਹੈ ਕਿ ਉਸ ਦਾ ਨਾਂ ਸੁਪਰੀਮ ਕੋਰਟ ਦਾ ਜੱਜ ਬਣਨ ਲਈ ਜਾਣ-ਬੁੱਝ ਕੇ ਨਹੀਂ ਵਿਚਾਰਿਆ ਗਿਆ। ਦੇਸ਼ ਦੇ ਮੁੱਖ ਜੱਜ ਉਤੇ ਉਸ ਨੇ ਇਹ ਦੋਸ਼ ਲਾ ਦਿੱਤਾ ਹੈ ਕਿ ਜਦੋਂ ਮੁੱਖ ਜੱਜ ਦੀ ਭੈਣ ਹਾਈ ਕੋਰਟ ਦੀ ਜੱਜ ਬਣਾਈ ਜਾਣੀ ਸੀ ਤਾਂ ਮੇਰੇ ਵਿਰੋਧ ਕਾਰਨ ਉਹ ਬਣ ਨਹੀਂ ਸੀ ਸਕੀ, ਜਿਸ ਦਾ ਗੁੱਸਾ ਚੀਫ ਜਸਟਿਸ ਨੇ ਹੁਣ ਆ ਕੇ ਕੱਢਿਆ ਹੈ। ਉਸ ਬੀਬੀ ਨੂੰ ਜੱਜ ਬਣਾਏ ਜਾਣ ਦਾ ਗੁਜਰਾਤ ਦੇ ਹੁਣ ਵਾਲੇ ਮੁੱਖ ਜੱਜ ਨੇ ਉਦੋਂ ਇਸ ਲਈ ਵਿਰੋਧ ਕੀਤਾ ਸੀ ਕਿ ਉਹ ਇਸ ਦੇ ਯੋਗ ਨਹੀਂ ਸੀ। ਬੀਬੀ ਨੇ ਆਪਣੀ ਸਾਲਾਨਾ ਆਮਦਨ 88 ਹਜ਼ਾਰ ਰੁਪਏ ਲਿਖੀ ਸੀ, ਭਾਵ ਕਿ ਹਰ ਮਹੀਨੇ ਦੀ ਉਸ ਦੀ ਆਮਦਨ 7 ਹਜ਼ਾਰ ਤੋਂ ਥੋੜ੍ਹੀ ਜਿਹੀ ਵੱਧ ਸੀ, ਜਦ ਕਿ ਹਾਈ ਕੋਰਟ ਦਾ ਚਪੜਾਸੀ ਵੀ 15 ਹਜ਼ਾਰ ਰੁਪਏ ਮਹੀਨਾ ਤਨਖਾਹ ਲੈਂਦਾ ਹੈ ਤੇ ਆਪਣੀ ਸਾਲਾਨਾ ਆਮਦਨ ਪੌਣੇ ਦੋ ਲੱਖ ਰੁਪਏ ਤੋਂ ਵੱਧ, ਇਸ ਵਕੀਲ ਬੀਬੀ ਦੀ ਆਮਦਨ ਤੋਂ ਦੁੱਗਣੀ ਤੋਂ ਵੱਧ, ਦੱਸ ਕੇ ਟੈਕਸ ਦਿੰਦਾ ਹੈ। ਕਹਿਣ ਤੋਂ ਭਾਵ ਇਹ ਕਿ ਉਹ ਬੀਬੀ ਜੱਜ ਬਣਨ ਤੋਂ ਪਹਿਲਾਂ ਹੀ ਇਨਕਮ ਟੈਕਸ ਮਹਿਕਮੇ ਕੋਲ ਆਪਣੀ ਆਮਦਨ ਦਾ ਝੂਠ ਬੋਲ ਰਹੀ ਸੀ। ਸਾਡੇ ਪੰਜਾਬ ਵਿਚ ਸਾਬਕਾ ਜੱਜ ਬੀਬੀ ਨਿਰਮਲ ਯਾਦਵ ਦਾ ਕੇਸ ਚੱਲ ਰਿਹਾ ਹੈ, ਜਿਸ ਨੇ ਦਿੱਲੀ ਦੇ ਇੱਕ ਹੋਟਲ ਵਾਲੇ ਤੋਂ ਪੰਦਰਾਂ ਲੱਖ ਰੁਪਏ ਮੰਗਵਾਏ ਤੇ ਨਾਂ ਦਾ ਭੁਲੇਖਾ ਪੈਣ ਕਾਰਨ ਨਿਰਮਲ ਯਾਦਵ ਦੀ ਥਾਂ ਬੀਬੀ ਨਿਰਮਲਜੀਤ ਕੌਰ ਦੇ ਘਰ ਪਹੁੰਚ ਜਾਣ ਕਾਰਨ ਪੁਆੜਾ ਪੈ ਗਿਆ ਸੀ। ਕੱਲ੍ਹ ਨੂੰ ਸਾਬਕਾ ਜਸਟਿਸ ਨਿਰਮਲ ਯਾਦਵ ਨੂੰ ਸਜ਼ਾ ਹੋ ਗਈ ਤਾਂ ਉਸ ਨੇ ਹਾਈ ਕੋਰਟਾਂ ਦੀ ਜੱਜ ਵਜੋਂ ਜਿੰਨੇ ਕੇਸਾਂ ਵਿਚ ਫੈਸਲਾ ਸੁਣਾਇਆ ਹੋਵੇਗਾ, ਉਹ ਸਾਰੇ ਫੈਸਲੇ ਸ਼ੱਕੀ ਹੋ ਜਾਣਗੇ।



ਭਾਰਤੀ ਸੁਪਰੀਮ ਕੋਰਟ

ਜਿਸ ਦੇਸ਼ ਵਿਚ ਇਹੋ ਜਿਹੀਆਂ ਅਣਗਿਣਤ ਮਿਸਾਲਾਂ ਮਿਲ ਜਾਂਦੀਆਂ ਹਨ, ਉਸ ਦੇਸ਼ ਦੀ ਨਿਆਂਪਾਲਿਕਾ ਉਤੇ 'ਪੂਰਨ ਵਿਸ਼ਵਾਸ' ਦਾ ਆਮ ਗਾਇਆ ਜਾਂਦਾ ਘਰਾਟ-ਰਾਗ ਅਸੀਂ ਨਹੀਂ ਗਾ ਸਕਦੇ ਪਰ ਇਹ ਵੀ ਕਹੇ ਬਿਨਾਂ ਨਹੀਂ ਰਹਿ ਸਕਦੇ ਕਿ ਜਦੋਂ ਹੋਰ ਕਿਸੇ ਪਾਸੇ ਕੋਈ ਕਿਰਨ ਦਿਖਾਈ ਹੀ ਨਹੀਂ ਦਿੰਦੀ, ਉਦੋਂ ਜੇ ਕਿਤੇ ਵਿਸ਼ਵਾਸ ਕਰਨ ਦੀ ਗੁੰਜਾਇਸ਼ ਰਹਿ ਗਈ ਹੈ ਤਾਂ ਉਹ ਲੋਕਾਂ ਨੂੰ ਸਿਰਫ ਨਿਆਂਪਾਲਿਕਾ ਤੋਂ ਜਾਪਦੀ ਹੈ।

ਰਹਿ ਗਈ ਗੱਲ ਇਸ ਹਫਤੇ ਦੇ ਦੋ ਅਹਿਮ ਫੈਸਲਿਆਂ ਦੀ, ਜਿਨ੍ਹਾਂ ਵਿਚੋਂ ਇੱਕ ਇਹ ਹੈ ਕਿ ਜਦੋਂ ਅਦਾਲਤ ਕਿਸੇ ਆਗੂ ਨੂੰ ਦੋਸ਼ੀ ਠਹਿਰਾ ਦਿੰਦੀ ਹੈ ਤਾਂ ਉਸ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਮੈਂਬਰੀ ਵੀ ਨਾਲ ਹੀ ਖਤਮ ਮੰਨੀ ਜਾਵੇਗੀ, ਅਪੀਲ ਦੇ ਓਹਲੇ ਹੇਠ ਉਸ ਨੂੰ 'ਮਾਣਯੋਗ ਲੋਕ ਪ੍ਰਤੀਨਿਧ' ਨਹੀਂ ਬਣੇ ਰਹਿਣ ਦਿੱਤਾ ਜਾਵੇਗਾ। ਸਾਰੇ ਦੇਸ਼ ਦੇ ਲੋਕਾਂ ਨੇ ਇਸ ਦਾ ਸਵਾਗਤ ਕੀਤਾ ਹੈ, ਤੇ ਠੀਕ ਕੀਤਾ ਹੈ। ਦੂਸਰਾ ਮਾਮਲਾ ਅਲਾਹਾਬਾਦ ਹਾਈ ਕੋਰਟ ਨੇ ਦਿੱਤਾ ਹੈ ਕਿ ਜਾਤਾਂ ਦੇ ਆਧਾਰ ਉਤੇ ਰੈਲੀਆਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਫੈਸਲਾ ਇਹ ਠੀਕ ਹੈ, ਪਰ ਇਹ ਲਾਗੂ ਹੋਣਾ ਏਨਾ ਸੌਖਾ ਨਹੀਂ। ਸਾਰੀਆਂ ਰਾਜਸੀ ਪਾਰਟੀਆਂ ਨੂੰ ਜਾਤਾਂ ਵਿਚ ਲੋਕ ਵੰਡ ਕੇ ਉਨ੍ਹਾਂ ਦੀਆਂ ਵੋਟਾਂ ਲੈਣ ਦਾ ਚਸਕਾ ਪੈ ਚੁੱਕਾ ਹੈ ਤੇ ਇਹ ਚਸਕਾ ਪਟਿਆਲੇ ਦਾ ਮਹਾਰਾਜਾ ਅਖਵਾਉਂਦੇ ਕੈਪਟਨ ਅਮਰਿੰਦਰ ਸਿੰਘ ਨੂੰ ਹੁਣ 'ਜੱਟ ਮਹਾਂ ਸਭਾ' ਦਾ ਪ੍ਰਧਾਨ ਬਣਾਉਣ ਤੱਕ ਲੈ ਗਿਆ ਹੈ। ਚਾਰ ਘੋੜਿਆਂ ਵਾਲੇ ਰੱਥ ਉਤੇ ਸਵਾਰ ਕਰ ਕੇ ਉਸ ਨੂੰ ਜਦੋਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਲਿਆਂਦਾ ਗਿਆ, ਰੱਥ ਦੇ ਅੱਗੇ ਹਾਥੀ ਝੂਲਦੇ ਜਾਂਦੇ ਸਨ। ਉਸ ਮੌਕੇ ਜਾਤ-ਪਾਤ ਦੀ ਰਾਜਨੀਤੀ ਨਾ ਕਰਨ ਦੇ ਦਾਅਵੇ ਕਰਦੀ ਕਾਂਗਰਸ ਪਾਰਟੀ ਦੇ ਕਈ ਆਗੂ ਹਾਜ਼ਰ ਸਨ, ਜਿਨ੍ਹਾਂ ਵਿਚ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਤੇ ਹਰਿਆਣੇ ਦਾ ਭੁਪਿੰਦਰ ਸਿੰਘ ਹੁੱਡਾ ਵੀ ਸਨ। ਜਾਤਾਂ ਦੇ ਆਧਾਰ ਉਤੇ ਰਾਜਨੀਤੀ ਕਰਨ ਵਾਲਿਆਂ ਨੇ ਅਦਾਲਤ ਦੇ ਇਸ ਚੰਗੇ ਹੁਕਮ ਤੋਂ ਬਾਈਪਾਸ ਨਿਕਲਣ ਦਾ ਕੋਈ ਨਾ ਕੋਈ ਰਾਹ ਕੱਢ ਲੈਣਾ ਹੈ।

ਸੁਪਰੀਮ ਕੋਰਟ ਦਾ ਦੂਸਰਾ ਫੈਸਲਾ ਚੰਗਾ ਹੈ, ਤੇ ਜੇ ਪਾਰਲੀਮੈਂਟ ਇਸ ਦਾ ਰਾਹ ਰੋਕਣ ਵੱਲ ਨਾ ਤੁਰ ਪਈ ਤਾਂ ਇਹ ਅਮਲ ਵਿਚ ਆ ਸਕਦਾ ਹੈ ਕਿ ਚੁਣੇ ਹੋਏ ਪ੍ਰਤੀਨਿਧ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੰਦੇ ਸਾਰ ਹੀ ਉਸ ਦੀ ਮੈਂਬਰੀ ਵੀ ਖਤਮ ਹੋ ਜਾਵੇਗੀ। ਭਾਰਤ ਦੀ 542 ਮੈਂਬਰਾਂ ਦੀ ਪਾਰਲੀਮੈਂਟ ਵਿਚ ਇਸ ਵਕਤ 153 ਮੈਂਬਰ ਉਹ ਹਨ, ਜਿਨ੍ਹਾਂ ਦੇ ਖਿਲਾਫ ਕਤਲ, ਡਾਕਾ, ਧੋਖਾਧੜੀ ਤੇ ਬਲਾਤਕਾਰ ਤੱਕ ਦੇ ਸਾਰੇ ਸੰਗੀਨ ਤੋਂ ਸੰਗੀਨ ਦੋਸ਼ਾਂ ਦੇ ਮੁਕੱਦਮੇ ਚੱਲ ਰਹੇ ਹਨ। ਸਾਨੂੰ ਅਫਸੋਸ ਹੈ ਕਿ ਉਹ ਸਾਡੇ ਪ੍ਰਤੀਨਿਧ ਮੰਨੇ ਜਾਂਦੇ ਹਨ। ਇਸ ਤਰ੍ਹਾਂ ਦੇ ਲੋਕ ਜੇਲ੍ਹ ਦੀਆਂ ਸੀਖਾਂ ਪਿੱਛੇ ਵੀ ਚਲੇ ਜਾਣ ਤਾਂ ਉਨ੍ਹਾਂ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਵਾਲੀ ਮੈਂਬਰੀ ਉਪਰਲੀ ਅਦਾਲਤ ਵਿਚ ਇੱਕ ਅਪੀਲ ਕਰ ਦੇਣ ਨਾਲ ਬਚੀ ਰਹਿੰਦੀ ਹੈ ਤੇ ਅਪੀਲ ਦਾ ਫੈਸਲਾ ਆਮ ਕਰ ਕੇ ਉਸ ਮੈਂਬਰੀ ਦੀ ਮਿਆਦ ਮੁੱਕਣ ਤੱਕ ਆਉਣ ਦੀ ਕਿਸੇ ਨੂੰ ਆਸ ਹੀ ਨਹੀਂ ਹੁੰਦੀ।

ਸੁਪਰੀਮ ਕੋਰਟ ਨੇ ਕਹਿ ਦਿੱਤਾ ਹੈ ਕਿ ਤਾਜ਼ਾ ਫੈਸਲਾ ਪਿਛਲੇ ਕੇਸਾਂ ਵਿਚ ਹੋ ਚੁੱਕੇ ਫੈਸਲੇ ਬਾਰੇ ਅੱਗੇ ਅਪੀਲ ਕਰ ਕੇ ਬਚਾਈਆਂ ਜਾ ਚੁੱਕੀਆਂ ਮੈਂਬਰੀਆਂ ਉਤੇ ਅਸਰ ਨਹੀਂ ਪਾਵੇਗਾ ਪਰ ਜੇ ਇਹ ਅਸਰ ਪੈ ਗਿਆ ਹੁੰਦਾ ਤਾਂ ਕਈ ਸਤਿਕਾਰਤ ਹਸਤੀਆਂ ਨੂੰ ਘਰੀਂ ਬੈਠਣਾ ਪੈ ਜਾਣਾ ਸੀ। ਸਾਡੇ ਕੋਲ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਪਰ ਖਿਲਾਰਾ ਪਾਉਣ ਦੀ ਬਜਾਏ ਅਸੀਂ ਪੰਜਾਬ ਨਾਲ ਸਬੰਧਤ ਕੁਝ ਕੇਸਾਂ ਦੀ ਗੱਲ ਹੀ ਕਰ ਸਕਦੇ ਹਾਂ।

ਇੱਕ ਮਾਮਲਾ ਹੈ ਪੰਜਾਬ ਦੇ ਸਾਬਕਾ ਮੰਤਰੀ ਤੇ ਮੌਜੂਦਾ ਵਿਧਾਇਕ ਜਥੇਦਾਰ ਤੋਤਾ ਸਿੰਘ ਦਾ। ਉਸ ਨੂੰ ਇੱਕ ਕੇਸ ਵਿਚ ਅਦਾਲਤ ਨੇ ਸਜ਼ਾ ਦੇ ਦਿੱਤੀ ਤਾਂ ਵਜ਼ੀਰ ਦੀ ਕੁਰਸੀ ਛੱਡਣੀ ਪਈ। ਅੱਗੇ ਅਪੀਲ ਕੀਤੀ ਤੇ ਵਿਧਾਨ ਸਭਾ ਦੇ 'ਮਾਣਯੋਗ ਮੈਂਬਰ' ਬਣੇ ਹੋਏ ਹਨ। ਦੂਸਰਾ ਮਾਮਲਾ ਬੀਬੀ ਜਗੀਰ ਕੌਰ ਦਾ ਹੈ। ਉਸ ਦੇ ਖਿਲਾਫ ਆਪਣੀ ਸਕੀ ਧੀ ਨੂੰ ਕਤਲ ਕਰਨ ਜਾਂ ਕਰਵਾਉਣ ਦਾ ਕੇਸ ਚੱਲਿਆ ਸੀ, ਜਿਸ ਵਿਚ ਉਸ ਨੂੰ ਸਜ਼ਾ ਹੋ ਗਈ ਤੇ ਜੇਲ੍ਹ ਵਿਚ ਲੰਮਾ ਸਮਾਂ ਗੁਜ਼ਾਰਨ ਦੇ ਬਾਅਦ ਉਸ ਨੇ ਅਪੀਲ ਕਰ ਦਿੱਤੀ, ਜਿਸ ਨਾਲ ਮੁਕੱਦਮਾ ਚੱਲਦੇ ਰਹਿਣ ਦੌਰਾਨ ਉਸ ਨੂੰ 'ਮਾਣਯੋਗ ਵਿਧਾਇਕ' ਦੀ ਸਥਿਤੀ ਮਾਣਨ ਦਾ ਮੌਕਾ ਮਿਲ ਗਿਆ। ਇੱਦਾਂ ਦੇ ਕੇਸ ਕਈ ਦੂਸਰੇ ਰਾਜਾਂ ਵਿਚ ਵੀ ਚੱਲੀ ਜਾਂਦੇ ਹਨ।

ਤੀਸਰਾ ਮਾਮਲਾ ਇਨ੍ਹਾਂ ਦੋਵਾਂ ਤੋਂ ਵੱਖਰਾ ਹੈ ਤੇ ਪੰਜਾਬ ਦਾ ਹੁੰਦੇ ਹੋਏ ਵੀ ਦੇਸ਼ ਦੀ ਰਾਜਨੀਤੀ ਤੱਕ ਅਸਰ ਪਾ ਸਕਦਾ ਹੈ ਕਿਉਂਕਿ ਦੋਸ਼ੀ ਪਾਰਲੀਮੈਂਟ ਦਾ ਮੈਂਬਰ ਹੈ। ਇਸ ਦੋਸ਼ੀ ਦਾ ਨਾਂ ਨਵਜੋਤ ਸਿੱਧੂ ਹੈ। ਕ੍ਰਿਕਟ ਦਾ ਵਧੀਆ ਖਿਡਾਰੀ ਰਹਿ ਚੁੱਕਾ ਨਵਜੋਤ ਸਿੱਧੂ ਜਦੋਂ ਪਟਿਆਲੇ ਦੇ ਇੱਕ ਬੈਂਕ ਦੀ ਨੌਕਰੀ ਕਰਦਾ ਸੀ ਤਾਂ ਇੱਕ ਦਿਨ ਪਾਰਕਿੰਗ ਵਿਚੋਂ ਗੱਡੀ ਕੱਢਣ ਦੇ ਮਾਮੂਲੀ ਸਵਾਲ ਉਤੇ ਉਸ ਨੇ ਇੱਕ 65 ਸਾਲ ਦਾ ਬਜ਼ੁਰਗ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਸਿੱਧੂ ਦੇ ਖਿਲਾਫ ਕੇਸ ਚੱਲਿਆ ਤੇ ਕਿਸੇ ਆਧਾਰ ਉਤੇ ਸੈਸ਼ਨ ਅਦਾਲਤ ਵਿਚੋਂ ਉਹ ਛੁੱਟ ਗਿਆ। ਇਸ ਦੀ ਅਪੀਲ ਹਾਈ ਕੋਰਟ ਵਿਚ ਹੋਈ ਤਾਂ ਉਥੇ ਜਾ ਕੇ ਤਿੰਨ ਸਾਲ ਦੀ ਕੈਦ ਦਾ ਹੁਕਮ ਹੋ ਗਿਆ। ਜਦੋਂ ਉਸ ਨੇ ਬੰਦਾ ਮਾਰਿਆ ਸੀ, ਉਦੋਂ ਉਹ ਬੈਂਕ ਦਾ ਅਫਸਰ ਹੁੰਦਾ ਸੀ, ਪਰ ਜਦੋਂ ਉਸ ਨੂੰ ਹਾਈ ਕੋਰਟ ਤੋਂ ਕੈਦ ਦਾ ਹੁਕਮ ਹੋਇਆ, ਨਵਜੋਤ ਸਿੱਧੂ ਅੰਮ੍ਰਿਤਸਰ ਦੇ ਲੋਕਾਂ ਦੀਆਂ ਵੋਟਾਂ ਨਾਲ ਭਾਰਤੀ ਜਨਤਾ ਪਾਰਟੀ ਦੀ ਟਿਕਟ ਉਤੇ ਪਾਰਲੀਮੈਂਟ ਦਾ ਮੈਂਬਰ ਬਣ ਚੁੱਕਾ ਸੀ। ਇਸ ਸਜ਼ਾ ਪਿਛੋਂ ਉਸ ਨੇ ਅਸਤੀਫਾ ਦਿੱਤਾ ਤੇ ਅਦਾਲਤ ਵਿਚ ਅਪੀਲ ਕਰ ਕੇ ਫਿਰ ਚੋਣ ਲੜਨ ਦੀ ਆਗਿਆ ਮੰਗ ਲਈ, ਜਿਹੜੀ ਉਸ ਨੂੰ ਦੇ ਦਿੱਤੀ ਗਈ ਤੇ ਉਹ ਮੁੜ ਕੇ ਪਾਰਲੀਮੈਂਟ ਦਾ ਮੈਂਬਰ ਬਣ ਗਿਆ। ਕਿਸੇ ਨੂੰ ਮਾਰਨ ਦਾ ਦੋਸ਼ੀ ਸਾਬਤ ਹੋਣ ਦੇ ਬਾਵਜੂਦ ਤਿੰਨ ਸਾਲ ਦੀ ਕੈਦ ਦੀ ਸਜ਼ਾ ਭੁਗਤਣ ਦੀ ਬਜਾਏ ਨਵਜੋਤ ਸਿੱਧੂ ਸਾਡੇ ਦੇਸ਼ ਦੀ ਜਮਹੂਰੀਅਤ ਦੇ ਸਭ ਤੋਂ ਵੱਡੇ ਅਦਾਰੇ ਲੋਕ ਸਭਾ ਦਾ 'ਮਾਣਯੋਗ ਮੈਂਬਰ' ਹੈ।

ਭਾਰਤ ਦੇ ਲੋਕ ਇਹੋ ਜਿਹੇ 'ਮਾਣਯੋਗ' ਆਗੂਆਂ ਤੋਂ ਹੁਣ ਸਤੇ ਪਏ ਹਨ। ਉਹ ਇਸ ਸਥਿਤੀ ਤੋਂ ਛੁਟਕਾਰਾ ਭਾਲਦੇ ਹਨ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਬਾਰੇ ਇੱਕ ਬੜਾ ਵਧੀਆ ਹੁਕਮ ਦਿੱਤਾ ਹੈ, ਜਿਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਸਤਿਕਾਰ ਦੇ ਮੁੱਢਲੇ ਲਫਜ਼ ਵਰਤ ਕੇ ਉਹ ਸਿਆਸੀ ਆਗੂ ਇਸ ਦਾ ਰਾਹ ਰੋਕਣ ਲਈ ਮੀਟਿੰਗਾਂ ਕਰ ਰਹੇ ਹਨ, ਜਿਹੜੇ ਲੋਕਾਂ ਕੋਲ ਇਹ ਕਹਿੰਦੇ ਹਨ ਕਿ 'ਸਾਨੂੰ ਭਾਰਤ ਦੀ ਨਿਆਂਪਾਲਿਕਾ ਵਿਚ ਪੂਰਨ ਵਿਸ਼ਵਾਸ' ਹੈ। ਸਾਨੂੰ ਕਿਉਂਕਿ ਇਹੋ ਜਿਹੇ ਖੇਖਣ ਵਿਚ ਸ਼ਾਮਲ ਹੋਣਾ ਚੰਗਾ ਨਹੀਂ ਲੱਗਦਾ, ਇਸ ਲਈ ਇਹ ਕਹਿਣ ਦੀ ਆਗਿਆ ਮੰਗਦੇ ਹਾਂ ਕਿ 'ਸਾਡਾ ਦਿਲ ਵੀ ਨਿਆਂਪਾਲਿਕਾ ਉਤੇ ਪੂਰਨ ਵਿਸ਼ਵਾਸ ਕਰਨ ਨੂੰ ਕਰਦਾ ਹੈ, ਪਰ ਸਾਨੂੰ ਇਸ ਉਤੇ ਵਿਸ਼ਵਾਸ ਹੀ ਹੈ, ਪੂਰਨ ਵਿਸ਼ਵਾਸ ਦੀ ਕੋਈ ਸੂਰਤ ਦਿਖਾਈ ਨਹੀਂ ਦੇ ਰਹੀ।' ਕਾਰਨ ਉਹ ਹੀ ਹੈ, ਜਿਹੜਾ ਅਸੀਂ ਮੁੱਢ ਵਿਚ ਲਿਖ ਆਏ ਹਾਂ ਕਿ ਨਿਆਂਪਾਲਿਕਾ ਦੇ ਆਪਣੇ ਦਾਮਨ ਉਤੇ ਵੀ ਦਾਗ ਹਨ।

ਇੱਕ ਪੁਰਾਣੀ ਕਹਾਣੀ ਪੰਜਾਬ ਵਿਚ ਪ੍ਰਚਲਿਤ ਹੈ ਕਿ ਸ਼ਰੀਕਾਂ ਦੇ ਪੁੱਤਰ ਨੂੰ ਸਾਕ ਹੁੰਦਾ ਜਦੋਂ ਸ਼ਰੀਕਣੀ ਤੋਂ ਜਰਿਆ ਨਾ ਗਿਆ ਤਾਂ ਉਸ ਨੇ ਸ਼ਗਨ ਪਾਉਣ ਲੱਗਿਆਂ ਕਿਹਾ ਸੀ, 'ਪੁੱਤਰ ਜੀਤਿਆ, ਜਿਉਂਦਾ ਰਹਿ, ਜਿੱਦਾਂ ਰੱਬ ਨੇ ਮਿਹਰ ਕਰ ਕੇ ਤੈਨੂੰ ਰਿਸ਼ਤਾ ਕਰਵਾ ਦਿੱਤੈ, ਜੇ ਕਿਤੇ ਇਸੇ ਤਰ੍ਹਾਂ ਰੱਬ ਤੇਰੀ ਮਿਰਗੀ ਵੀ ਹਟਾ ਦੇਵੇ ਤਾਂ ਬਾਹਲਾ ਹੀ ਚੰਗਾ ਹੋਵੇ।' ਅਸੀਂ ਦੇਸ਼ ਦੀ ਨਿਆਂਪਾਲਿਕਾ ਦਾ ਸਤਿਕਾਰ ਵਧਿਆ ਵੇਖਣਾ ਚਾਹੁੰਦੇ ਹਾਂ, ਇਸ ਲਈ ਇਹ ਕਹਿਣ ਦੀ ਆਗਿਆ ਚਾਹੁੰਦੇ ਹਾਂ ਕਿ ਬਹੁਤ ਚੰਗੇ ਫੈਸਲੇ ਦੇ ਰਹੀ ਹੈ ਨਿਆਂਪਾਲਿਕਾ ਪਰ ਜੇ ਇਹ ਆਪਣੇ ਅਕਸ ਦਾ ਖਿਆਲ ਵੀ ਰੱਖੇ ਤਾਂ ਇਹ ਸੋਨੇ ਉਤੇ ਸੋਹਾਗਾ ਵਾਲੀ ਗੱਲ ਹੋਵੇਗੀ।

#

# ਜਮਹੂਰੀਅਤ ਦੇ ਚਾਰ ਥੰਮ ਅਤੇ ਸਾਜ਼ਿਸ਼ ਵਿਚ ਸ਼ਰੀਕ ਚੁੱਪ

(ਸਫਾ 13 ਦੀ ਬਾਕੀ)

ਸੀ ਅਤੇ ਦੂਜਾ ਪੁਲਿਸ ਦਾ ਮੁਖੀ ਸੀ। ਇਨ੍ਹਾਂ ਗਿੱਲਾਂ ਦੀ ਸ਼ਮੂਲੀਅਤ ਨਾਲ ਇਹ ਮਾਮਲਾ ਨਿਵੇਕਲਾ ਨਹੀਂ ਰਹਿੰਦਾ, ਸਗੋਂ ਮਹਿਕਮੇ ਦੀ ਨੀਤੀ ਹੋ ਜਾਂਦਾ ਹੈ। ਇਨਸਾਫ਼ ਦੇ ਤਕਾਜ਼ੇ ਮੁਤਾਬਕ ਸਵਾਲ ਉਸ ਦੌਰ ਦੇ ਤਮਾਮ 'ਝੂਠੇ ਅਤੇ ਸੱਚੇ' ਕਤਲਾਂ ਦਾ ਹੋ ਜਾਂਦਾ ਹੈ।

ਕਿਹਾ ਇਹ ਜਾ ਰਿਹਾ ਹੈ ਕਿ ਸੁਰਜੀਤ ਸਿੰਘ ਆਪਣੀ ਤਰੱਕੀ ਲਈ ਇਹ ਸਭ ਕੁਝ ਬੋਲ ਰਿਹਾ ਹੈ। ਇਹ ਗੱਲ ਸੱਚ ਵੀ ਹੋ ਸਕਦੀ ਹੈ, ਪਰ ਸਵਾਲ ਅਜਿਹੇ ਮੌਕਿਆਂ ਦੀ ਕੌਮਾਂਤਰੀ ਸਮਝ ਨਾਲ ਜੋੜ ਕੇ ਵੀ ਦੇਖਿਆ ਜਾਣਾ ਚਾਹੀਦਾ ਹੈ। ਅਜਿਹੇ ਮਾਮਲਿਆਂ ਵਿਚ ਸਬੂਤਾਂ ਅਤੇ ਗਵਾਹਾਂ ਨੂੰ ਖ਼ਤਮ ਕੀਤਾ ਜਾਂਦਾ ਹੈ। ਅਜਿਹੇ ਮੌਕੇ ਦੀ ਗਵਾਹੀ ਤਾਂ ਉਹ ਭਰਦਾ ਹੈ ਜੋ ਮਰਿਆ ਸਮਝ ਕੇ ਜਿਉਂਦਾ ਛੱਡ ਦਿੱਤਾ ਗਿਆ ਹੋਵੇ। ਉਹ ਗਵਾਹੀ ਭਰਦਾ ਹੈ ਜੋ ਆਪਣੀ ਆਤਮਾ ਦਾ ਬੋਝ ਹਲਕਾ ਕਰਨਾ ਚਾਹੁੰਦਾ ਹੋਵੇ। ਉਹ ਬੋਲਦਾ ਹੈ ਜਿਸ ਨੂੰ ਬੋਲਣ ਨਾਲ ਕੁਝ ਮਿਲਦਾ ਹੋਵੇ।

ਗਵਾਹ ਤਾਂ ਮੌਕੇ ਦੇ ਲੋਕਾਂ ਨੂੰ ਹੀ ਮਿਲਣਾ ਹੈ। ਕਿਸੇ ਵੀ ਕਾਰਨ ਸਹੀ ਇਸ਼ਰਤ ਜਹਾਂ ਦਾ ਮਾਮਲਾ ਵੀ ਤਾਂ ਮੌਕੇ ਦੇ ਗਵਾਹਾਂ ਨਾਲ ਇਸ ਪੜਾਅ ਉਤੇ ਪਹੁੰਚਿਆ ਹੈ। ਇਹੋ ਗਵਾਹ, ਗੁਨਾਹ ਦੇ ਹਿੱਸੇਦਾਰ ਰਹੇ ਹਨ। ਸੁਰਜੀਤ ਸਿੰਘ ਦੇ ਮਾਮਲੇ ਵਿਚ ਵੀ ਇਹੋ ਦਲੀਲ ਲਾਗੂ ਹੁੰਦੀ ਹੈ। ਪੂਰੀ ਦੁਨੀਆਂ ਦਾ ਤਜਰਬਾ ਦੱਸਦਾ ਹੈ ਕਿ ਜਦੋਂ ਅਜਿਹੇ ਦੌਰ ਤੋਂ ਬਾਅਦ ਸੁਰੱਖਿਆ ਮੁਲਾਜ਼ਮ ਸੇਵਾਮੁਕਤ ਹੋਣ ਲੱਗਦੇ ਹਨ ਤਾਂ ਖੁਲਾਸੇ ਹੋਣ ਲੱਗਦੇ ਹਨ। ਹੁਣ ਅਜਿਹੇ ਖੁਲਾਸੇ ਪੰਜਾਬ ਵਿਚ ਲਗਾਤਾਰ ਖ਼ਬਰਾਂ ਬਣ ਸਕਦੇ ਹਨ। ਇਹ ਵੱਖਰਾ ਮਸਲਾ ਹੈ ਕਿ ਇਹ ਖੁਲਾਸੇ ਇਨਸਾਫ਼ ਦਾ ਸਬੱਬ ਕਿੰਨਾ ਕੁ ਬਣ ਸਕਣਗੇ।

ਇਸ ਤੋਂ ਪਹਿਲਾਂ ਵੀ ਅਜਿਹੇ ਖੁਲਾਸੇ ਹੋਏ ਹਨ। ਪੰਜਾਬ ਇੰਟੈਲੀਜੈਂਸ ਦੇ ਸਾਬਕਾ ਅਫ਼ਸਰ ਇਕਬਾਲ ਸਿੰਘ ਲਾਲਪੁਰਾ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਕਿਸੇ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਉਸ ਦੌਰ ਦੀਆਂ ਵਧੀਕੀਆਂ ਦਾ ਖੁਲਾਸਾ ਕਰ ਸਕਦੇ ਹਨ। ਉਨ੍ਹਾਂ ਮੁਤਾਬਕ ਉਸ ਵੇਲੇ ਦੇ ਅਫ਼ਸਰ ਨੇ ਪੁਲਿਸ ਵਧੀਕੀਆਂ ਖ਼ਿਲਾਫ਼ ਖ਼ੁਫ਼ੀਆ ਰਪਟਾਂ ਭੇਜੀਆਂ ਸਨ। ਕੀ ਇਹ ਰਪਟਾਂ ਵੀ ਕਦੇ ਖੁਲਾਸੇ ਕਰਨਗੀਆਂ? ਕੀ ਇਨ੍ਹਾਂ ਨੂੰ ਗਵਾਹੀਆਂ ਜਾਂ ਸਬੂਤ ਮੰਨਿਆ ਜਾਏਗਾ? ਸੀਮਾ ਸੁਰੱਖਿਆ ਬਲ ਦੇ ਸਾਬਕਾ ਅਫ਼ਸਰ ਅਰੀਦਮਨ ਜੀਤ ਸਿੰਘ ਇਸ ਵੇਲੇ ਝੂਠੇ ਮੁਕਾਬਲਿਆਂ ਦੇ ਖ਼ਿਲਾਫ਼ ਹੀ 'ਨਿਸ਼ਾਨ' ਨਾਮ ਦੀ ਜਥੇਬੰਦੀ ਚਲਾਉਂਦੇ ਹਨ। ਉਨ੍ਹਾਂ ਨੇ ਪੱਤਰਕਾਰ ਕੰਵਰ ਸੰਧੂ ਨਾਲ ਕੀਤੀ ਮੁਲਾਕਾਤ ਵਿਚ ਸਪਸ਼ਟ ਕਿਹਾ ਹੈ ਕਿ ਪੰਜਾਬ ਪੁਲਿਸ ਦੀ ਨੀਤੀ ਸੀ ਕਿ ਝੂਠੇ ਪੁਲਿਸ ਮੁਕਾਬਲਿਆਂ ਨੂੰ ਨੀਮ ਫ਼ੌਜੀ ਬਲਾਂ ਦੇ ਖ਼ਾਤੇ ਪਾ ਕੇ ਉਨ੍ਹਾਂ ਵਾਲੀ ਕਾਨੂੰਨੀ ਸੁਰੱਖਿਆ ਛਤਰੀ ਦਾ ਇਸਤੇਮਾਲ ਕੀਤਾ ਜਾਵੇ। ਅਰੀਦਮਨ ਜੀਤ ਸਿੰਘ ਮੁਤਾਬਕ ਪੰਜਾਬ ਵਿਚੋਂ ਸੀਮਾ ਸੁਰੱਖਿਆ ਬਲ ਨੂੰ ਇਸੇ ਕਰ ਕੇ ਹਟਾਇਆ ਗਿਆ ਕਿ ਇਹ ਪੰਜਾਬ ਪੁਲਿਸ ਦੀਆਂ ਵਧੀਕੀਆਂ ਦਾ ਹਿੱਸੇਦਾਰ ਨਹੀਂ ਬਣਨਾ ਚਾਹੁੰਦੀ ਸੀ। ਪੰਜਾਬ ਵਿਚ ਇਹ ਕੰਮ ਸੀ.ਆਰ.ਪੀ.ਐਫ਼. ਤੋਂ ਕਰਵਾਇਆ ਗਿਆ ਅਤੇ ਫਿਰ ਇਸੇ ਬੀ.ਐਸ.ਐਫ਼. ਨੇ ਕਸ਼ਮੀਰ ਵਿਚ ਜਾ ਕੇ ਇਹੋ ਕੁਝ ਕੀਤਾ।

ਸੁਰਜੀਤ ਸਿੰਘ ਨੇ ਖੁਲਾਸਾ ਉਸ ਵੇਲੇ ਕੀਤਾ ਹੈ ਜਦੋਂ ਇਹ ਮੁੱਦੇ ਕੁਝ ਮੱਠੇ ਪੈ ਰਹੇ ਸਨ। ਪਰਿਵਾਰ ਆਪਣਿਆਂ ਦੀ ਅਣਆਈ ਮੌਤ ਨੂੰ ਹੋਣੀ ਮੰਨਣ ਵਾਲੇ ਸਨ। ਇਸ ਮੁੱਦੇ ਨੂੰ ਸੰਜੀਦਗੀ ਨਾਲ ਅੱਗੇ ਲਿਜਾਣ ਵਾਲੇ ਕੁਝ ਥੱਕੇ ਜਾਪਦੇ ਸਨ। ਇਸ ਪੱਖੋਂ ਇਸ ਖੁਲਾਸੇ ਦੀ ਅਹਿਮੀਅਤ ਵਧ ਜਾਂਦੀ ਹੈ। 'ਟਾਈਮਜ਼ ਆਫ਼ ਇੰਡੀਆ' ਦੇ ਪੱਤਰਕਾਰ ਯੁੱਧਵੀਰ ਰਾਣਾ ਨੇ ਲਿਖਿਆ ਹੈ, "ਮਨੁੱਖੀ ਹਕੂਕ ਜਥੇਬੰਦੀਆਂ ਨੂੰ ਉਨ੍ਹਾਂ ਪੁਲਿਸ ਅਫ਼ਸਰਾਂ ਦੀ ਘੇਰਾਬੰਦੀ ਕਰਨ ਦਾ ਇੱਕ ਤਰੀਕੇ ਨਾਲ ਇਲਾਹੀ ਮੌਕਾ ਮਿਲਿਆ ਹੈ ਜਿਨ੍ਹਾਂ ਖ਼ਿਲਾਫ਼ ਉਹ ਲਗਾਤਾਰ ਪੁਲਿਸ ਮੁਕਾਬਲਿਆਂ ਦਾ ਇਲਜ਼ਾਮ ਲਗਾਉਂਦੇ ਰਹੇ ਹਨ।" ਦਰਅਸਲ ਇਹ ਇਲਾਹੀ ਮੌਕਾ ਨਹੀਂ, ਸਗੋਂ ਅਕਾਰਥ ਜਾ ਰਹੀ ਘਾਲਣਾ ਦੇ ਸਹੀ ਹੋਣ ਦੀ ਤਸਦੀਕ ਹੈ।

ਜਦੋਂ ਜਦੋਂ ਕਿਸੇ ਨੂੰ ਆਪਣੀ ਲੜਾਈ ਦੇ ਸਹੀ ਹੋਣ ਦਾ ਅਹਿਸਾਸ ਹੋਵੇਗਾ ਤਾਂ ਉਸ ਦਾ ਹੰਭਲਾ ਦੂਣ-ਸਵਾਇਆ ਹੋ ਜਾਵੇਗਾ। ਹੁਣ ਇਹ ਸਵਾਲ ਪੰਜਾਬੀਆਂ ਦੇ ਸਾਹਮਣੇ ਹੈ ਕਿ ਉਹ ਇਸ ਮੌਕੇ ਨੂੰ ਕਿਵੇਂ ਵਰਤਦੇ ਹਨ। ਇਹ ਜਮਹੂਰੀਅਤ ਦੇ ਚਾਰੇ ਥੰਮ੍ਹਾਂ ਲਈ ਵੀ ਮੌਕਾ ਸੀ ਕਿ ਉਹ ਆਪਣੀ ਭਰੋਸੇਯੋਗਤਾ ਲਈ ਸੁਰਜੀਤ ਸਿੰਘ ਦੇ ਦਾਅਵਿਆਂ ਦਾ ਸੰਜੀਦਗੀ ਨਾਲ ਸਰਗਰਮ ਦਖ਼ਲਅੰਦਾਜ਼ੀ ਕਰਦੇ। ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਨੇ ਕੰਨੀ ਖਿਸਕਾ ਲਈ ਹੈ। ਮੀਡੀਆ ਜ਼ਾਬਤਾ ਪੂਰਤੀ ਕਰ ਰਿਹਾ ਹੈ। ਕੀ ਇਸੇ ਨੂੰ ਸਾਜ਼ਿਸ਼ ਵਿਚ ਸ਼ਰੀਕ ਚੁੱਪ ਕਹਿੰਦੇ ਹਨ?

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਕੀ ਨੱਚਣੇ ਦਾ ਫਾਇਦਾ ਪਾਟੇ ਢੋਲਾਂ 'ਤੇ...

*ਕਈ ਖੂਬਸੂਰਤ ਚਿਹਰਿਆਂ ਨੇ ਆਪਣੀ ਰੌਣਕ ਇਸ ਕਰ ਕੇ ਗੁਆ ਲਈ ਕਿ ਉਨ੍ਹਾਂ ਅੰਦਰ ਈਰਖਾ ਦਾ ਮੁੜ੍ਹਕਾ ਰੋਕਣ ਦੀ ਹਿੰਮਤ ਪੈਦਾ ਹੀ ਨਹੀਂ ਹੋਈ। ਜਾਗਦੀਆਂ ਜਮੀਰਾਂ ਨੇ ਕਦੇ ਵੀ ਉਨੀਂਦਰੇ ਦਾ ਉਲਾਂਭਾ ਨਹੀਂ ਦਿੱਤਾ। ਇਕ ਬੰਦਾ ਨਹਾ ਕੇ ਨਿਕਲਿਆ ਤਾਂ ਸ਼ੀਸ਼ੇ ਮੂਹਰੇ ਕਿੰਨਾ ਚਿਰ ਖੜ੍ਹਾ ਰਿਹਾ। ਅੰਦਰ ਜਾ ਕੇ ਚਿਹਰੇ ਨੂੰ ਇਕ ਵਾਰ ਫਿਰ ਧੋਤਾ, ਕਰੀਮ ਲਗਾਈ, ਦੁਬਾਰਾ ਸ਼ੀਸ਼ਾ ਦੇਖਿਆ। ਰੌਣਕ ਫਿਰ ਵੀ ਨਾ ਦਿਸੀ। ਅੰਦਰ ਗਿਆ, ਕਮੀਜ਼ ਨਾਲ ਢੁਕਵੀਂ ਟਾਈ ਲਾਈ, ਬੋਦਾ ਵਾਹ ਕੇ ਫਿਰ ਸ਼ੀਸ਼ੇ ਦਾ ਆਸਰਾ ਲਿਆ, ਪਰ ਖਿਝ ਕੇ ਸ਼ੀਸੇ ਵਿਚ ਸਿਰ ਮਾਰਿਆ। ਟੁਕੜੇ ਹੋਇਆ ਕੱਚ ਬੋਲ ਪਿਆ, "ਸੱਚ ਨੂੰ ਫਾਂਸੀ ਲਗਦੀ ਪਹਿਲਾਂ ਸੁਣੀ ਸੀ, ਦੇਖੀ ਅੱਜ ਹੈ।" ਨਿਖ਼ਰੇ ਮੌਸਮ ਵਿਚ ਪੰਛੀਆਂ ਦੇ ਉਦਾਸ ਹੋਣ ਦਾ ਸੰਕਲਪ ਨਹੀਂ ਹੁੰਦਾ, ਜਦੋਂ ਕਿ ਨੱਚਦਾ ਹੋਇਆ ਮਨੁੱਖ ਵੀ ਰੋਣ ਦੀ ਆਵਾਜ਼ ਕੱਢਣ ਲਈ ਜ਼ੋਰ ਲਾ ਰਿਹਾ ਹੈ। ਕਈ ਲੋਕਾਂ ਦੀ ਅੱਖ ਤਾਂ ਰੱਜ ਕੇ ਸਨੁੱਖੀ ਹੁੰਦੀ ਹੈ, ਪਰ ਨਜ਼ਰਾਂ ਤੋਂ ਫਿਰ ਵੀ ਬਚ ਕੇ ਨਿਕਲ ਜਾਣ ਨੂੰ ਜੀਅ ਕਰਦਾ ਰਹਿੰਦਾ ਹੈ। ਬਹੁਤੇ ਸਿਆਸੀ ਲੋਕ ਸੋਚਦੇ ਹਨ, "ਵੋਟਾਂ ਮੂਰਖ ਬਣਾਉਣ ਦਾ ਚੰਗਾ ਸਾਧਨ ਬਣ ਗਈਆਂ ਹਨ", ਪਰ ਜਿੱਦਣ ਮੂਰਖਾਂ ਦੀ ਅੱਖ ਖੁੱਲ੍ਹੀ, ਗੜੇ-ਗਦਾਫ਼ੀ ਭੀੜ ਦੇ ਗੋਡਿਆਂ ਹੇਠੋਂ ਲੱਭਣਗੇ। ਜ਼ਿੰਦਗੀ ਦੀਆਂ ਰੰਗਰਲੀਆਂ ਵਿਚ ਖੌਫ ਤੇ ਭੈਅ ਨਹੀਂ ਹੁੰਦਾ, ਇਸੇ ਲਈ ਅਜਿਹੇ ਵੇਲੇ ਸਵਾਲ ਉਠਦੇ ਹਨ, "ਭਲਾ ਰੱਬ ਕਿਸ ਬਲਾ ਦਾ ਨਾਂ ਹੈ?" ਜਿਹੜੇ ਬੁੱਢੇ ਬਾਅਦ ਵਿਚ ਹੋਏ, ਮਰ ਪਹਿਲਾਂ ਗਏ; ਅਸਲ ਵਿਚ ਇਨ੍ਹਾਂ ਨੇ ਬਜ਼ੁਰਗ ਬਣ ਕੇ ਸਿਆਣਪ ਦੇ ਕੁੱਜੇ 'ਚੋਂ ਅੱਖਾਂ ਖੋਲ੍ਹਣ ਲਈ ਚਾਰ ਛਿੱਟਾਂ ਮਾਰੀਆਂ ਹੀ ਨਹੀਂ। ਬਾਂਦਰ ਨੇ ਲੰਗੂਰ ਦੀ ਪੂਛ ਖਿੱਚ ਕੇ ਕਿਹਾ, "ਲੰਬੀ ਹੈ।" ਲੰਗੂਰ ਹੱਸ ਕੇ ਪਹਾੜੀ ਜਾ ਚੜ੍ਹਿਆ ਕਿ ਅਕਲ ਦੀ ਲੋੜ ਦੋਹਾਂ ਨੂੰ ਹੈ। ਸਿਆਣੀ ਪਤਨੀ ਜੂਏ ਦੇ ਪੈਸਿਆਂ ਨਾਲ ਗਹਿਣੇ ਖਰੀਦਣ ਦੀ ਗੁਸਤਾਖੀ ਨਹੀਂ ਕਰਦੀ, ਕਿਉਂਕਿ ਤਨ ਤੱਕ ਪਹੁੰਚਣ ਤੋਂ ਪਹਿਲਾਂ ਹੀ ਇਨ੍ਹਾਂ ਦੇ ਵਿਕਣ ਦਾ ਡਰ ਬਣਿਆ ਰਹਿੰਦਾ ਹੈ। ਜਿਹੜੇ ਹਸਪਤਾਲ ਤੇ ਸ਼ਮਸ਼ਾਨਘਾਟ ਵਿਚ ਵੀ ਧੌਣ ਅਕੜਾਈ ਫਿਰਨ, ਉਨ੍ਹਾਂ ਦੇ ਅਫਸੋਸ ਨੂੰ ਨਾ ਵੀ ਜਾ ਹੋਵੇ, ਤਾਂ ਝੋਰਾ ਨਹੀਂ ਕਰਨਾ ਚਾਹੀਦਾ। ਰਾਂਝੇ ਹੁਣ ਵੰਝਲੀ ਕੰਨ ਨਾਲ ਵਜਾਉਣ ਦੇ ਯਤਨ ਵਿਚ ਲੱਗੇ ਹੋਏ ਹਨ।*

"ਓਏ ਠੋਲ੍ਹਿਆ, ਦੇਖ ਲੈ ਜਿੱਤ ਗਈ ਤੇਰੀ ਪ੍ਰੀਤੋ। ਬਣ ਗਈ ਸਰਪੰਚਣੀ।" ਜਾਗਰ ਨੇ "ਬੰਦ ਕਰੋ ਕਾਂ ਕਾਂ" ਨਾਲ ਬੋਹੜ 'ਤੇ ਬੈਠੇ ਪੰਛੀਆਂ ਨੂੰ ਉਡਣ ਲਈ ਕਹਿ ਕੇ ਪਖੰਡੀ ਸਾਧ ਵਾਂਗ ਆਸਣ ਥੜ੍ਹੇ 'ਤੇ ਲਾ ਲਿਆ।

"ਤੂੰ ਜੇ ਕਿਤੇ ਦੂਜੇ ਪਾਸੇ ਭੁਗਤ ਗਿਐਂ ਜਾਗਰਾ, ਤਾਂ ਕਿਤੇ ਪ੍ਰੀਤੋ ਨੇ ਜਿੱਤਣਾ ਨ੍ਹੀਂ ਸੀ। ਹੁਣ ਦੇਖੀਂ ਕੋਲ੍ਹਾਂ ਕੱਢੂ ਪੂਰੀਆਂ।" ਸੰਤੂ ਅਮਲੀ ਨੇ ਵੀ ਖੂੰਡੀ ਬੋਹੜ ਦੀ ਜੜ੍ਹ 'ਚ ਟਿਕਾਉਂਦਿਆਂ ਤੋੜਾ ਬਰਾਬਰ ਝਾੜ'ਤਾ।

"ਸੁਣ ਉਏ ਸਾਲਿਆ ਬਟੇਰਿਆ ਜਿਹਾ...ਇਕ ਗੀਤ ਬਹੁਤ ਵੱਜਦਾ ਹੁੰਦਾ ਸੀ, ਦੋ ਧੜਿਆਂ 'ਚ ਪਿੰਡ ਵੰਡ'ਤਾ, ਕਾਹਦਾ ਪੈਰ ਤੂੰ ਜਵਾਨੀ ਵਿਚ ਪਾਇਆ।"

"ਬਾਹਲੀਆਂ ਪੂਛ ਚੱਕ ਕੇ ਗੱਲਾਂ ਨਾ ਕਰ। ਕੀ ਮਤਬਲ ਐ ਇਸ ਗੀਤ ਦਾ...ਜੇ ਪ੍ਰੀਤੋ ਸਰਪੰਚਣੀ ਬਣ ਈ ਗਈ ਐ ਤਾਂ ਕੰਜਰ ਕੋਹੜੀ ਕੁੱਤੇ ਆਂਗੂੰ ਸੜਿਆਂਦ ਮਾਰਨ ਡਿਹੈਂ।"

"ਬੁਲੀ ਕੁੱਤੇ ਜਿੱਡਾ ਮੂੰਹ ਅੱਡੀ ਜਾਨੈਂ, ਜਿਵੇਂ ਆਪਣੇ ਆਲੇ ਗੁਜਰਾਤੀਏ ਦੇ ਹੱਕ 'ਚ ਖੁਸਰਿਆਂ ਆਲੀ ਖੰਜਰੀ ਵਜਾਉਣ ਲੱਗੇ ਹੋਏ ਆ ਡੇਲੇ ਮੀਚ ਕੇ। ਫੁੱਟ ਨੇ ਬਣਾਈ ਐ ਪ੍ਰੀਤੋ ਪਿੰਡ ਦੀ ਸਰਪੰਚਣੀ। ਬਹਿ ਜੇ ਬੇੜਾ ਕਿਤੇ ਇਨ੍ਹਾਂ ਪਾਲਟੀਆਂ (ਪਾਰਟੀਆਂ) ਦਾ। ਦੋਏ ਧਿਰਾਂ ਆਫਰੀਆਂ ਫਿਰਦੀਆਂ ਨੇ। ਦੋ ਦਿਨ ਪ੍ਰੀਤੋ ਢੋਲ ਤਾਂ ਵਜਾਈ ਗਈ, ਹੁਣ ਜਦੋਂ ਦੂਜਿਆਂ ਨੇ ਇਨ੍ਹਾਂ ਦੇ ਡਗੇ ਨਾਲ ਢੋਲ ਦੇ ਪੁੜ ਪਾੜੇ ਤਾਂ ਪਤਾ ਲੱਗੂ।"

"ਨਾ ਅੱਡੀ ਨਾ' ਪਤਾਸੇ ਭੋਰੀ ਜਾਨੈ, ਟਿੰਡ 'ਚੋਂ ਕਾਨ੍ਹਾ ਤਾਂ ਕੱਢ; ਤਾਂ ਹੀ ਪਤਾ ਲੱਗੂ ਪਈ ਰਾਗ ਕੀ ਐ, ਤੇ ਗੌਣ ਕੀ ਐ?"

"ਬਾਜਰੇ ਦੇ ਸਿੱਟੇ ਆਂਙੂੰ ਖਿੱਲਰੀ ਜਾਨੈਂ...ਟਕੇ ਦੀ ਤੀਵੀਂ ਨ੍ਹੀਂ ਜਿਹੜੀ ਸਰਦਾਰਨੀ ਲਾ'ਤੀ ਸਾਡੇ 'ਤੇ...।"

"ਆਏਂ ਗੱਲਾਂ ਕਰਦੈ ਜਿੱਦਾਂ ਲੈਚੀਆਂ ਦੇ ਬਾਗ ਦਾ ਮੋਹਰੀ ਹੁੰਦੈ। ਕੀ ਛੰਨਾ ਚੱਕ ਲਿਆ ਤੇਰਾ ਪ੍ਰੀਤੋ ਨੇ।"

"ਤੈਨੂੰ ਦੀਵੇ ਨੂੰ ਕਿਆ ਪਤੈ, ਪਈ ਗੁਲੇਲ ਕਿਸੇ ਦੀ ਐ, ਦਰੋਣਾਚਾਰੀਆ ਕੋਈ ਹੋਰ ਐ, ਤੇ ਨਿਸ਼ਾਨਾ ਕੋਈ ਹੋਰ। ਦੇਖੀਂ ਤਾਂ ਜੇ ਹੀਰ ਨੇ ਕੈਦੋਂ ਦੇ ਗਿੱਟੇ ਨਾ ਛਾਂਗੇ।"

"ਤੈਨੂੰ ਜਿਹੜਾ ਬੱਕਰੀ ਦੇ ਦੁੱਧ ਦਾ ਡੋਲੂ ਭਰ ਕੇ ਦਿੱਤਾ ਨਾ ਏਸ ਤੀਵੀਂ ਨੇ, ਦੇਖੀਂ ਜਦੋਂ ਪੀਣ ਲੱਗੇ ਦੇ ਮੂੰਹ 'ਚ ਮੀਂਗਣਾਂ ਨਾ ਆਈਆਂ ਤਾਂ।"

"ਪਾਈਆਂ ਮੈਂ ਵੋਟਾਂ...ਤੂੰ ਕਰ ਲੀਂ ਕੀ ਕਰਨੈਂ?"

"ਜਿੱਦਣ ਖਰਬੂਜੇ ਵਿਚੋਂ ਸਪੋਲੀਆ ਨਿਕਲਿਆ ਨਾ, ਫੇਰ ਤੈਨੂੰ ਪਤਾ ਲੱਗੂ।"

"ਓਏ ਜਾਗਰਾ, ਓ ਸੰਤੂ ਛੜੇ ਫਸ ਪਏ ਅੱਜ। ਇਹ ਅਮਲੀਆਂ ਦੇ ਦੁੱਧ ਵਿਚ ਕਾਂਜੀ ਕੌਣ ਘੋਲ ਗਿਐ?" ਲੰਬੜਦਾਰ ਜਰਨੈਲ ਸਿੰਹੁ ਨੇ ਵੀ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਪੱਗ ਦੇ ਲੜ ਨਾਲ ਸਾਫ ਕਰਦਿਆਂ ਫੌਜੀਆਂ ਆਲੇ ਟੈਂਕ ਵਾਂਙੂੰ ਲੱਤਾਂ ਵਸਾਰ ਲਈਆਂ।

"ਦੇਖ ਲੰਬੜਦਾਰਾ, ਮੈਂ ਜਾਗਰ ਨੂੰ ਕਿਹਾ ਸੀ, ਨਾ ਲੱਗ ਚਿੱਟੇ ਕਬੂਤਰਾਂ ਦੇ ਪਿੱਛੇ। ਨੀਲੇ ਮੋਰ ਦੀ ਪੈਲ 'ਤੇ ਮਰ ਜਾ। ਨਾਲੇ ਸੰਮਾਂ ਆਲੀ ਦੇ ਤਾਂ ਹੱਕ 'ਚ ਉਂਈ ਲਲਕਾਰੇ ਮਾਰਨੇ ਚਾਹੀਦੇ ਆ।"

"ਨਾ ਜਾਗਰ ਹੁਣ ਵਿਲਕਦਾ ਕਾਹਤੋਂ ਆ। ਹਾਰ ਜਿੱਤ ਤਾਂ ਚਲਦੀ ਰਹਿੰਦੀ ਐ।"

"ਲੰਬੜਦਾਰਾ ਸੁਣ, ਮੇਰਾ ਤਾਇਆ ਜਿਹੜਾ ਛੜਾ ਸੀ ਧੰਨਾ, ਉਹਨੂੰ ਮਰਾਸੀਆਂ ਨੇ ਮੱਝ ਵੇਚ'ਤੀ। ਸੁੱਖ ਨਾਲ ਪ੍ਰੀਤੋ ਵਾਂਗ ਦੋਧੀਆਂ ਦੀ ਕੱਟੀ ਵਾਂਗ ਪਲੀ ਪਈ ਸੀ। ਆਂਹਦੇ ਡੂਢ ਮਹੀਨਾ ਰਹਿੰਦਾ ਸੂਣ ਵਿਚ।"

"ਫੇਰ?"

"ਲੰਬੜਾ, ਧੰਨਾ ਛੇ ਮਹੀਨੇ ਖੁਰਲੀ 'ਤੇ ਬੈਠਾ ਰਿਹਾ। ਜਦੋਂ ਫੰਡਰ ਨਿਕਲੀ ਤਾਂ ਦੋ ਸੌ ਨੂੰ ਲਿਆਂਦੀ ਵੀਹਾਂ 'ਚ ਲਾਠੀਆਂ ਵਾਲੇ ਬੁੱਚੜ ਨੂੰ ਵੇਚੀ।"

"ਨਾ ਇਹ ਸੰਤੂ ਤੂੰ ਜਾਗਰ 'ਤੇ ਕਿਵੇਂ ਲਾਉਨੈਂ?"

"ਇਹਨੂੰ ਕਹਿੰਦੀ ਰਹੀ ਉਹ ਜੈਲੇ ਦੀ ਭਜਨੋ, ਪਈ ਵੋਟ ਸਾਨੂੰ ਪਾਈਂ। ਸੀਮੈਂਟ ਵਾਲਾ ਬੋਰਾ ਭਰ ਕੇ ਦਿਆਂਗੀ ਭੁੱਕੀ ਦਾ।"

"ਮਿਲੀ ਨ੍ਹੀਂ?'

"ਬਘਿਆੜਾਂ 'ਚ ਲੇਲਾ ਕੀ ਕਰੂ! ਜ਼ੋਰਾਵਰ ਚੱਲਣ ਦਿੰਦੇ ਆ। ਇਹਨੂੰ ਬਥੇਰਾ ਵੱਢਿਆ, ਆ ਜਾ ਸਾਡੇ ਨਾਲ ਪਰ ਕਿੱਥੇ?"

"ਨੱਥੂ ਦੇ ਸੋਹਣ ਦੀ ਹਵੇਲੀ ਰੱਖਿਆ ਸੀ ਸਾਰਾ ਬਰੂਦ। ਲੈ ਗਏ ਪੁਲਿਸ ਆਲੇ ਸਣੇ ਝਾਂਜਰਾਂ ਦੇ ਕੰਜਰੀ। ਹੁਣ ਤਾਂ ਪਿੱਟਦੈ, ਪਈ ਮੂੰਹ ਤਾਂ ਤੌੜੇ ਜਿੱਡਾ ਅੱਡਿਆ ਸੀ, ਬੁਰਕੀ ਕਾਂ ਲੈ ਗਏ। ਹੁਣ ਮੈਂ ਇਹਨੂੰ ਕਹਿਨੈਂ, ਜੋੜ ਲੈ ਹੱਥ ਪ੍ਰੀਤੋ ਅੱਗੇ...ਬਖ਼ਸ਼ਾ ਲੈ ਭੁੱਲ। ਲੋਹੇ ਦਾ ਥਣ ਬਣਿਆ ਪਿਐ। ਉਧਰ ਢੋਲ ਵੱਜਦਾ ਸੀ, ਐਧਰ ਇਹ ਗਾਲ੍ਹਾਂ ਦੀਆਂ ਛਪਾਰ ਵਾਗੂੰ ਬੋਲੀਆਂ ਪਾਵੇ। ਲੈ ਹੋਰ ਆ ਗਿਆ ਇਕ ਵਿੰਗੜ ਜਿਹਾ।"

"ਇਹ ਕੌਣ ਐ ਜਾਗਰਾ, ਸਿਆਣ ਨ੍ਹੀਂ ਹੋਇਆ। ਨਿਗ੍ਹਾ ਸਹੁਰੀ ਦੀ ਮੋਰੀ ਵੀ ਕਾਂਗਰਸੀਆਂ ਆਂਙੂੰ ਹੇਠਾਂ ਨੂੰ ਜਾਈ ਜਾਂਦੀ ਐ।"

"ਹੁਣ ਪਊ ਲੰਬੜਦਾਰਾ ਮੇਰੇ ਹੱਕ 'ਚ ਵੋਟ। ਇਹ ਆਪਣਾ ਪੁਰਾਣਾ ਵੈਲੀ ਯਾਰ ਮਰਾਸੀ ਗਫ਼ੂਰ ਐ।"

"ਗਫ਼ੂਰਿਆ ਬੜਾ ਲੇਟ ਆਇਆਂ ਅੱਜ?"

"ਸਾਡੇ ਪ੍ਰਾਹੁਣੇ ਆਇਓ ਸੀ, ਗੁਆਂਢੀਆਂ ਦੇ।"

"ਤੈਂ ਦੰਦ ਗਿਣਨੇ ਸੀ ਉਨ੍ਹਾਂ ਦੇ?" ਲੰਬੜਦਾਰ ਨੇ ਵੀ ਵਿਚੇ ਤਬਲਾ ਕੁੱਟ'ਤਾ।

"ਗੱਲ ਏਦਾਂ ਸੀ, ਪਈ ਪਿਆਰੂ ਦੀ ਕੁੜੀ ਦਾ ਕਰਨਾ ਸੀ ਰਿਸ਼ਤਾ ਨਿੱਕੀ ਭੋਲਾਂ ਦਾ। ਸਾਲੇ ਮੁੰਡੇ ਆਲੇ ਅੱਧਾ ਪਿੰਡ ਲੈ ਆਏ ਕੁੜੀ ਦੇਖਣ ਨੂੰ। ਵਿੰਗੇ ਟੇਡੇ ਜਿਹੇ, ਸੱਤ ਅੱਠ ਨਾਲ ਬੁੜ੍ਹੀਆਂ।"

"ਤੂੰ ਵਿਚੋਲਾ ਸੀ?'

"ਜਾਗਰਾ, ਵਿਚੋਲਾ ਤਾਂ ਨਹੀਂ ਸੀਗਾ ਪਰ ਜੇ ਸਿਆਣੇ ਬੰਦੇ ਨੂੰ ਬੁਲਾ ਲਿਆ ਤਾਂ ਕਿਤੇ ਟਟੀਹਰੀ ਦੀ ਲੱਤ ਟੁੱਟ ਗਈ?"

"ਚੱਲ ਗੱਲ ਪੂਰੀ ਕਰ ਮੈਂ ਤਾਂ ਉਂ ਪੁੱਛਿਆ।"

"ਅਸੀਂ ਬਾਹਰਲੀ ਬੈਠਕ 'ਚ ਬੈਠੇ ਸੀ। ਪ੍ਰਾਹੁਣਿਆਂ 'ਚੋਂ ਇਕ ਬੰਦਾ ਬਿੰਦ ਕੁ ਬਾਅਦ ਉਠ ਰਸੋਈ 'ਚ ਜਾਵੇ, ਫੇਰ ਆਣ ਕੇ ਬਹਿ ਜੇ ਸਾਡੇ 'ਚ। ਜਦੋਂ ਵਾਰ ਵਾਰ ਗੇੜੇ ਮਾਰਨੋਂ ਹਟੇ ਈ ਨਾ, ਤਾਂ ਮੈਂ ਪੁੱਛ ਈ ਲਿਆ, ਪਈ ਭਾਈ ਸਾਹਿਬ ਕੀ ਲਗਦੇ ਹੋ ਮੁੰਡੇ ਦੇ? ਗੁਬਾਰੇ ਆਂਙੂੰ ਮੂੰਹ ਫਲਾ ਕੇ ਕਹਿਣ ਲੱਗਾ- ਫੁੱਫੜ। ਮੈਂ ਉਹਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ- ਕੁੜੀ ਗਈ ਹੋਈ ਐ ਨਾਨਕਿਆਂ ਨੂੰ। ਹਾਲੇ ਗਿਆਰਾਂ ਵੱਜੇ ਆ। ਜਿਹੜੀ ਦੋ ਵਜੇ ਲਾਰੀ ਆਉਂਦੀ ਐ ਪਿੰਡ ਨੂੰ, ਉਹਦੇ 'ਚ ਆਊ। ਫੇਰ ਦਿਖਾ ਦਿਆਂਗੇ ਆਪਣੀ ਭੋਲੀ।...ਉਹ ਬਣਾ ਸੁਆਰ ਕੇ ਆਂਹਦਾ- ਨਹੀਂ ਜੀ, ਮੈਂ ਭੋਲਾਂ ਨੂੰ ਨ੍ਹੀਂ ਦੇਖਣ ਜਾਂਦਾ।"

"ਫੇਰ ਉਹ ਰਸੋਈ 'ਚ ਧਾਰਾਂ ਲੈਣ ਜਾਂਦਾ ਸੀ?" ਸੰਤੂ ਵੀ ਵਿਚੇ ਬੋਲ ਪਿਆ।

"ਸੰਤੂਆ, ਬਈ ਉਹ ਤਾਂ ਮਰਾਸੀਆ ਤੋਂ ਵੀ ਉਪਰ ਦੀ ਹੋ ਗਿਆ।"

"ਕਿੱਦਾਂ?"

"ਆਂਹਦਾ ਮੈਂ ਤਾਂ ਖੰਡ ਆਲਾ ਡੱਬਾ ਦੇਖਣ ਜਾਂਦਾ ਸੀ ਰਸੋਈ 'ਚ, ਉਹ ਦੇਖ ਕੇ ਆ ਜਾਂਦਾ ਸੀ।"

"ਹੈ ਸਾਲਾ ਸ਼ੁਦਾਈ ਫੁੱਫੜ। ਖੰਡ ਦੇ ਬਹਾਨੇ ਕੁੜੀ ਦੇਖਣ ਈ ਜਾਂਦਾ ਹੋਣੈ।"

"ਕਾਹਨੂੰ...! ਪੋਲਾ ਜਿਹਾ ਮੂੰਹ ਬਣਾ ਕੇ ਦੱਸਣ ਲੱਗਾ ਕਿ ਮੈਂ ਢਿੱਲਾ-ਮੱਠਾ ਜਿਹਾ ਰਹਿਨੈਂ। ਡਾਕਟਰ ਕਹਿੰਦਾ ਸੀ ਜਿੱਥੇ ਵੀ ਜਾਵੇਂ, ਸ਼ੂਗਰ ਅੱਧੇ ਅੱਧੇ ਘੰਟੇ ਬਾਅਦ ਚੈਕ ਕਰੀ ਜਾਣੀ, ਤਾਂ ਜਾਂਦਾ ਸੀ ਖੰਡ ਦੇ ਡੱਬੇ ਕੋਲ ਨੂੰ।"

ਪੰਚਾਇਤ ਚੋਣਾਂ ਦੀ ਛੱਡੀ ਇਸ ਛੁਰਲੀ ਨਾਲ ਗਫ਼ੂਰ ਮਰਾਸੀ ਨੇ ਬੋਹੜ ਛਾਂਵੇਂ ਪੂਰੀ ਗਰਮੀ ਕੱਢ'ਤੀ।

ਹੱਸ ਹੱਸ ਕੇ ਸੰਤੂ ਫਿਰ ਹੌਲੀ ਦੇਣੀ ਕਹਿਣ ਲੱਗਾ, "ਯਾਰ ਗੱਲ ਤਾਂ ਵੋਟਾਂ ਦੀ ਚਲਦੀ ਸੀ...।"

"ਤੇਰਾ ਹਾਲੇ ਢਿੱਡ ਦੁਖਣੋਂ ਨ੍ਹੀਂ ਹਟਿਆ। ਘੱਟ ਕੰਜਰ ਦਿਓ ਦੋਵੇਂ ਨ੍ਹੀਂ ਹੈਗੇ ਤੁਸੀਂ, ਪਰ ਆਹ ਮੇਰੀ ਗੱਲ ਧਿਆਨ ਨਾਲ ਸੁਣਿਓ, ਚੱਕਿਓ ਵੋਟਾਂ ਦੇ...।"

"ਛੇਤੀ ਦੱਸ ਗਫ਼ੂਰਿਆ, ਇਹ ਸੰਤੂ ਦਾ ਥੋੜ੍ਹਾ ਡਮਾਕ ਹਿੱਲਿਆ ਪਿਆ।"

"ਮਹਿੰਗੇ ਦੀ ਵੱਡੀ ਨੂੰਹ ਦੇ ਸੀ ਨਿਆਣਾ ਨਿੱਕਾ ਹੋਣ ਆਲਾ।"

"ਪਰਸੋਂ ਮੁੰਡਾ ਹੋਇਐ।"

"ਚੁੱਪ ਤਾਂ ਕਰ ਜਾਗਰਾ...।"

"ਭਲਾ ਕਿਹੜੇ ਮਹਿੰਗੇ ਦੀ ਗੱਲ ਕਰਦੈਂ ਗਫ਼ੂਰਿਆ?"

"ਮਹਿੰਗੇ ਹੈਗੇ ਆ ਕਿਤੇ ਲੰਬੜਦਾਰਾ ਪੰਜ ਸੱਤ। ਹਾਈ ਪ੍ਰੀਤੋ ਜਿਹੜੀ ਸਰਪੰਚਣੀ ਬਣੀ ਆ, ਉਹਦੇ ਘਰ ਵਾਲਾ ਸਾਲਾ ਗੰਜਾ।"

"ਫੇਰ?"

"ਇਧਰੋਂ ਤਾਂ ਪ੍ਰੀਤੋ ਦੇ ਜਿੱਤਣ ਦੀ ਖੁਸ਼ੀ, ਉਧਰ ਪੋਤਾ ਜੰਮ ਪਿਆ। ਨੂੰਹ ਵਿਚਾਰੀ ਬਹੁਤ ਔਖੀ ਹੋਈ, ਵੱਡੇ ਪ੍ਰੇਸ਼ਨ ਨਾਲ ਹੋਇਆ। ਸਬੱਬੀਂ ਮਹਿੰਗਾ ਵੀ ਹਸਪਤਾਲ ਪੁੱਜਿਆ ਹੋਇਐ। ਪਹਿਲਾ ਪੋਤਾ...ਆਂਹਦਾ, ਮੈਂ ਗੁੜਤੀ ਦੇਣੀ ਆ।"

"ਅੱਛਾ ਸਾਲਾ ਨਾਹੁੰਦਾ ਤਾਂ ਹੈ ਨ੍ਹੀਂ ਵੀਹ ਵੀਹ ਦਿਨ।"

"ਮੁੰਡੇ ਨੇ ਇਕ ਵਾਰ ਅੱਖਾਂ ਖੋਲ੍ਹ ਕੇ ਦੇਖਿਆ। ਚੌਵੀ ਘੰਟੇ ਮੁੰਡਾ ਰੋਣੋਂ ਨ੍ਹੀਂ ਹਟਿਆ। ਮਸੂਮ ਦੀ ਲਲੋ ਨਾ ਅੰਦਰ ਵੜੇ। ਡਾਕਟਰ ਕਹਿਣ- ਬਿਮਾਰੀ ਕੋਈ ਹੈ ਨ੍ਹੀਂ। ਰਾਤੀਂ ਕਿਤੇ ਅੱਧੀ ਰਾਤ ਨੂੰ ਜਾ ਕੇ ਚੁੱਪ ਹੋਇਆ।"

"ਉਹ ਕਿੱਦਾਂ ਫੇਰ?"

"ਬਈ ਦੱਸਦੇ ਆ, ਪਈ ਹਸਪਤਾਲ 'ਚ ਇਕ ਨਵੀਂ ਮਸ਼ੀਨ ਆਈ ਐ ਜਪਾਨੋਂ। ਉਹਦੇ ਵਿਚ ਬੱਚੇ ਨੂੰ ਰੱਖੋ, ਮਸ਼ੀਨ ਬੋਲ ਕੇ ਦੱਸ ਦਿੰਦੀ ਆ ਕਿ ਬੱਚੇ ਨੂੰ ਗੱਲ ਕੀ ਐ?"

"ਕੀ ਦੱਸਿਆ ਫੇਰ ਮਸ਼ੀਨ ਨੇ?" ਸੰਤੂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਅੱਛਾ ਇਹਨੂੰ ਫੇ' ਮਸ਼ੀਨ 'ਚ ਰੱਖਿਆ?" ਜਾਗਰ ਨੇ ਵੀ ਕੰਨ੍ਹ ਖੜ੍ਹੇ ਕਰ ਲਏ।

"ਸੁਣ ਤਾਂ ਲਵੋ। ਮਸ਼ੀਨ ਵੀ ਕਿਤੇ ਅੱਧੇ ਘੰਟੇ ਬਾਅਦ ਜਾ ਕੇ ਬੋਲੀ, ਪਈ ਇਹ ਬੱਚਾ ਤਾਂ ਰੋਂਦਾ ਸੀ ਕਿ ਇਹਨੂੰ ਧਰਮ ਰਾਜ ਨੇ ਤੁਰਨ ਲੱਗੇ ਨੂੰ ਦੱਸਿਆ ਸੀ, ਬਾਬਾ ਤੇਰਾ ਚਿੱਟੀ ਪੱਗ ਬੰਨ੍ਹਦੈ। ਤੇ ਜਦੋਂ ਉਹਨੇ ਗੁੜਤੀ ਦੇਣ ਲੱਗੇ ਦੀ ਬੱਚੇ ਨੇ ਦੇਖੀ ਨੀਲੀ ਪੱਗ, ਉਹਨੇ ਛੱਡ'ਤੀਆਂ ਲੇਰਾਂ; ਪਈ ਮੈਂ ਤਾਂ ਗਲਤ ਥਾਂ 'ਤੇ ਆ ਗਿਆ। ਧਰਮਰਾਜ ਦੀ ਚੱਲਦੀ ਸੀ ਮੁੱਖ ਮੰਤਰੀ ਨਾਲ ਗੁਪਤ ਮੀਟਿੰਗ। ਉਹ ਕਿਤੇ ਅੱਠ ਘੰਟੇ ਬਾਅਦ ਵਿਹਲਾ ਹੋਇਆ ਤਾਂ ਉਹਨੇ ਆ ਕੇ ਸਮਝਾਇਆ ਬੱਚੇ ਨੂੰ।"

"ਕੀ?" ਲੰਬੜਦਾਰ ਫੇਰ ਉਲਰਿਆ।

"ਪਈ ਮੇਰੇ ਰਿਕਾਰਡ 'ਚ ਨ੍ਹੀਂ ਚੜ੍ਹਿਆ ਸੀ। ਮਹਿੰਗਾ ਪੱਗ ਤਾਂ ਚਿੱਟੀ ਹੀ ਬੰਨ੍ਹਦਾ ਸੀ, ਤਿੰਨ-ਚਾਰ ਕੁ ਦਿਨ ਤੋਂ ਈ ਰੰਗ ਬਦਲਿਆ ਇਹਨੇ।"

"ਓ ਬੁੱਢ-ਬਲੇਡੋ ਅਮਲੀਓ...ਘਰ ਜਾ ਕੇ ਵਿਚਾਰਿਓ, ਗਫ਼ੂਰ ਦੀ ਚੋਟ ਵੱਜੀ ਕਿਥੇ ਐ। ਸਾਲੇ ਦੋ ਦਿਨ ਦੀ ਭੁੱਕੀ ਤੋਂ ਸੀਲ ਕੁੱਕੜਾਂ ਵਾਂਗ ਲੜਨ ਡਹੇ ਆ।"

"ਲਓ ਬਈ ਮਾਹਟਰ ਬੀਹਲਾ ਵੀ ਆ ਗਿਆ। ਹੁਣ ਬੱਝੂ ਹੋਰ ਵੀ ਰੰਗ।" ਸਕੂਲੋਂ ਆਉਂਦੇ ਮਾਸਟਰ ਨੂੰ ਦੇਖ ਕੇ ਲੰਬੜਦਾਰ ਬੋਲਿਆ।

ਮਾਸਟਰ ਨੇ ਸਾਈਕਲ ਥੜ੍ਹੇ ਨਾਲ ਲਾ ਕੇ ਗੱਲ ਮੁਕਾਉਣ ਵਰਗੀ ਗੱਲ ਕਰ'ਤੀ; ਆਂਹਦਾ, "ਓ ਜਾਗਰਾ ਓਏ ਸੰਤੂਆ, ਹੈ ਤਾਂ ਮੈਨੂੰ ਵੀ ਕਾਹਲੀ ਪਰ ਰਾਤੀਂ ਜਿਹੜਾ ਮੈਨੂੰ ਸੁਪਨਾ ਆਇਆ, ਜੀ ਕਰਦੈ ਤੁਹਾਡੇ ਨਾਲ ਸਾਂਝਾ ਜ਼ਰੂਰ ਕਰਾਂ।"

"ਮਾਹਟਰ ਜੀ, ਮੈਂ ਕੱਢਣੀ ਐ ਧਾਰ ਜਾ ਕੇ। ਗੱਲ ਛੇਤੀ ਨਬੇੜ ਦਿਓ।"

"ਰਾਤੀਂ ਪੀਤੀ ਤਾਂ ਮੈਂ ਦੋ ਕੁ ਪੈਗ ਈ ਸੀਗੇ, ਪਰ ਅੱਖ ਪੈਂਦੇ ਦੀ ਲੱਗ ਗਈ। ਸ਼ੁਰੂ ਹੋ ਗਿਆ ਸੁਪਨਾ। ਭਾਬੀ ਧੋਡੀ 'ਵਾਜਾਂ ਮਾਰੇ, ਪਈ ਆ ਜੋ ਛੇਤੀ। ਚੱਲ ਪਿਆ 'ਕੌਣ ਬਣੇਗਾ ਕਰੋੜਪਤੀ।' ਆ ਗਿਆ ਅਮਿਤਾਭ ਬਚਨ। ਮੈਂ ਹਾਲੇ ਸੋਚਦਾ ਈ ਸੀ, ਉਹ ਗਿੱਠ ਭਰ ਹੋਰ ਉਲਰੀ। ਆਂਹਦੀ- ਭੱਜ ਕੇ ਭੱਜ ਕੇ, ਸੋਨੀਆ ਖੇਡਦੀ ਆ ਪੰਜ ਕਰੋੜ ਲਈ ਲੰਬੂ ਨਾਲ, ਤੇ ਫੇਰ ਕੀ ਸੀ...ਮੈਂ ਵੀ ਵੜ ਗਿਆ ਟੈਲੀਵਿਜ਼ਨ 'ਚ ਫਿਰ। ਸੋਨੀਆ ਤਾਂ ਜਵਾਬ ਦੇਵੇ ਠਾਹ ਠਾਹ।"

"ਮਾਹਟਰ ਜੀ, ਸੋਨੀਆ ਕਿਹੜੀ? ਆਪਣੀ ਪੰਚਣੀ ਬਣੀ ਆ ਜਿਹੜੀ?"

"ਲੱਖ ਲਾਹਣਤ ਜੰਮਣ ਦੇ ਸਾਲੇ ਦੇ...ਗਫ਼ੂਰ ਨੇ ਵੀ ਗਾਲ'ਤੀ ਅੱਜ ਗਿਲਤੀ। ਸੋਨੀਆ ਸਾਲਿਆ ਦਿੱਲੀ ਆਲੀ।" "ਅੱਗੇ ਚਲੋ ਤੁਸੀਂ ਮਾਹਟਰ ਜੀ।"

"ਲਓ ਜੀ ਸਵਾਲ ਆ ਗਿਆ ਆਖਰੀ ਪੰਜ ਕਰੋੜ ਦਾ। ਸਵਾਲ ਸੀ ਗੁਜਰਾਤ ਦਾ ਮੁੱਖ ਮੰਤਰੀ ਕੌਣ ਆ। ਅਮਿਤਾਭ ਨੇ ਚਾਰ ਨਾਂ ਬੋਲੇ- ਪ੍ਰਕਾਸ਼ ਸਿੰਘ ਬਾਦਲ, ਨਿਤਿਸ਼ ਕੁਮਾਰ, ਲਾਲੂ ਪ੍ਰਸਾਦ ਯਾਦਵ ਤੇ ਨਰਿੰਦਰ ਮੋਦੀ। ਸੋਨੀਆ ਪੈ ਗਈ ਸੋਚਾਂ ਵਿਚ। ਅਮਿਤਾਭ ਨੇ ਕਿਹਾ- ਬੀਬੀ ਹੈਲਪ ਲਾਈਨਾਂ ਸਾਰੀਆਂ ਬਚਦੀਆਂ। ਸਵਾਲ ਗਲਤ ਹੋਇਆ ਤਾਂ ਸਿਰਫ਼ ਦਸ ਲੱਖ ਮਿਲੇਗਾ। ਮਨਮੋਹਨ ਸਿੰਘ ਨੂੰ ਮਿਲਾ ਲਿਆ ਫੋਨ। ਉਹ ਹੈਰਾਨ ਹੋ ਕੇ ਕਹਿਣ ਲੱਗਾ ਕਿ ਇਸ ਗੱਲ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਆ- 'ਨਰਿੰਦਰ ਮੋਦੀ।' ਸੋਨੀਆ ਨੇ 'ਹਾਂ' ਵਿਚ ਸਿਰ ਹਿਲਾਇਆ ਤਾਂ ਅਮਿਤਾਭ ਨੇ ਪੁੱਛਿਆ, ਕਰ ਦਿਆਂ ਮੋਦੀ ਲੌਕ?"

"ਫੇਰ?"

"ਸੋਨੀਆ ਖੜ੍ਹ ਗਈ ਕੁਰਸੀ 'ਤੇ। ਆਂਹਦੀ ਆਪ ਪੰਜ ਕਰੋੜ ਰੱਖ ਕੋਲ। ਆਹ ਲੈ ਪੰਜ ਸੌ ਕਰੋੜ ਦਾ ਚੈਕ। ਰਾਜੀਵ ਦਾ ਹੈਗਾ ਤੂੰ ਮਿੱਤਰ। ਮੋਦੀ 'ਤੇ ਐਸਾ ਲੌਕ ਲਾ ਦੇ, ਪਈ ਚਾਬੀ ਦਰਿਆ ਵਿਚ ਸੁੱਟ ਦੇ।"

ਜਾਗਰ ਬੋਲਿਆ, "ਇਹ ਲੌਕ ਕਿਹਨੂੰ ਆਂਹਦੇ ਆ?"

"ਜਿੱਦਾਂ ਪ੍ਰੀਤੋ ਨੇ ਲਾਇਆ ਥੋਡੇ।"

...ਤੇ ਸੱਥ ਬੂੰਦੀ ਦੇ ਲੱਡੂਆਂ ਵਾਂਗ ਖਿਲਰ ਗਈ।

## 'ਪੰਜਾਬ ਟਾਈਮਜ਼' ਪ੍ਰਤੀ ਕੁਝ ਸ਼ੰਕੇ ਤੇ ਸਵਾਲ

## ਪਾਠਕਾਂ ਦੀ ਗੱਲ

ਨਿੱਕੇ ਜਿਹੇ 'ਸ਼ੰਕੇ' ਦੇ ਤੌਰ 'ਤੇ ਇਹ ਸਵਾਲ ਉਂਦਾਂ ਤਾਂ ਪਹਿਲਾਂ ਵੀ ਮੇਰੇ ਮਨ ਵਿਚ ਉਠਦਾ ਰਿਹਾ ਹੈ, ਪਰ ਇਸ ਹਫਤੇ ਦੇ ਸਾਰੇ ਪੰਜਾਬੀ ਅਖ਼ਬਾਰਾਂ ਦੀ ਨਜ਼ਰਸਾਨੀ ਕਰਦਿਆਂ ਇਹ ਸ਼ੰਕਾ ਮੇਰੇ ਲਈ 'ਵੱਡਾ ਸਵਾਲ' ਬਣ ਗਿਆ। ਸਵਾਲ ਇਹ ਹੈ ਕਿ 'ਪੰਜਾਬ ਟਾਈਮਜ਼' ਅਖ਼ਬਾਰ ਦੀਆਂ ਸਾਰੀਆਂ ਸਮਕਾਲੀ ਅਖ਼ਬਾਰਾਂ ਲਗਭਗ ਹਰ ਹਫ਼ਤੇ ਆਪਣੇ ਦਫ਼ਤਰ ਪਧਾਰਨ ਵਾਲੇ ਕਿਸੇ ਸਾਧ-ਸੰਤ, ਸਿਆਸੀ ਲੀਡਰ ਜਾਂ ਉਂਜ ਹੀ ਕਿਸੇ ਪ੍ਰਸਿੱਧ ਸ਼ਖਸ ਬਾਰੇ ਕਈ-ਕਈ ਰੰਗਦਾਰ ਸਫ਼ੇ ਛਾਪਦੀਆਂ ਹਨ। ਸਬੰਧਤ ਵੀ.ਆਈ.ਪੀ. ਦੇ ਵੱਖਰੇ ਵੱਖਰੇ ਪੋਜ਼ ਲ਼ਿਸ਼ਕਾ-ਪੁਸ਼ਕਾ ਕੇ ਸੋਭਾ ਵਧਾਈ ਜਾਂਦੀ ਹੈ। ਕਿਸੇ ਨੇ ਮੁੱਖ ਦਫਤਰ ਵਿਚ ਚਾਹ ਪੀਂਦਿਆਂ ਦੀ ਫ਼ੋਟੋ ਥੱਲੇ ਲਿਖਿਆ ਹੁੰਦਾ ਹੈ, "ਪੰਜਾਬ ਦੇ ਹਾਲਾਤ ਬਾਰੇ ਗਹਿਰ-ਗੰਭੀਰ ਵਿਚਾਰ-ਵਟਾਂਦਰਾ ਕਰਦੇ ਹੋਏ ਫਲਾਂ ਫਲਾਂ ਸਿੰਘ ਜੀ।" ਕਿਸੇ ਨੇ ਆਪਣੇ ਘਰ ਦੇ ਜੀਆਂ ਨਾਲ, ਕਿਸੇ ਨੇ ਆਪਣੇ ਬੈਕ-ਯਾਰਡ ਵਿਚ ਬਣੇ ਪੂਲ ਦੇ ਕੰਢੇ 'ਤੇ ਮੁੱਖ ਮਹਿਮਾਨ ਨੂੰ ਬਿਠਾ ਕੇ ਅਤੇ ਕਿਸੇ ਨੇ ਸਾਰਿਆਂ ਦੇ ਹੱਥਾਂ ਵਿਚ ਆਪਣੀ ਅਖਬਾਰ ਫੜਾ ਕੇ, ਖੂਬ 'ਖੁਦ-ਨੁਮਾਇਸ਼' ਕੀਤੀ ਹੁੰਦੀ ਹੈ। ਲਗਭਗ ਸਾਰੀਆਂ ਅਖ਼ਬਾਰਾਂ ਵਿਚ ਛਪਦਾ ਅਜਿਹਾ ਕੁਝ ਦੇਖ ਕੇ 'ਪੰਜਾਬ ਟਾਈਮਜ਼' ਉਤੇ ਬੜਾ ਤਰਸ ਆਉਂਦਾ ਹੈ। ਇਸ ਦਾ ਦਫ਼ਤਰ ਵੀ 'ਵਿਚਾਰਾ' ਜਿਹਾ ਜਾਪਦਾ ਹੈ ਜਿੱਥੇ ਕਦੇ ਕੋਈ 'ਪਹੁੰਚਿਆ ਹੋਇਆ' ਮਹਾਂ-ਪੁਰਸ਼ ਚਰਨ ਹੀ ਨਹੀਂ ਪਾਉਂਦਾ! ਨਾ ਹੀ ਤੁਹਾਡੇ ਕਦੇ ਕੋਈ ਸਿਆਸੀ ਨੇਤਾ ਆਇਆ ਸੁਣਿਆ ਹੈ ਜੋ ਹੱਥ ਵਿਚ 'ਪੰਜਾਬ ਟਾਈਮਜ਼' ਦਾ ਕੋਈ ਅੰਕ ਲੈ ਕੇ ਖੜ੍ਹਾ ਕਹਿ ਰਿਹਾ ਹੋਵੇ, "ਮੈਂ ਤਾਂ ਬੱਸ ਇਹੀ ਅਖਬਾਰ ਪੜ੍ਹਦਾਂ।"

ਕ੍ਰਿਪਾ ਕਰ ਕੇ ਮੇਰੇ ਵਰਗੇ ਪਾਠਕਾਂ ਦਾ ਇਹ ਸ਼ੰਕਾ ਨਵਿਰਤ ਕਰੋ ਅਤੇ ਦੱਸੋ ਕਿ ਕੀ ਤੁਹਾਡੇ ਦਫ਼ਤਰ ਵਿਚ ਕੋਈ ਕਦੀ ਪਧਾਰਦਾ ਹੀ ਨਹੀਂ? ਜਾਂ ਤੁਸੀਂ ਪਧਾਰਨ ਵਾਲਿਆਂ ਦਾ ਬਾਹਰ 'ਧੂੰਆਂ ਕੱਢਣਾ' ਪਸੰਦ ਹੀ ਨਹੀਂ ਕਰਦੇ? ਦੋਹਾਂ ਵਿਚੋਂ ਕਿਸੇ ਇਕ ਗੱਲ ਦੇ ਦਰੁਸਤ ਹੋਣ ਬਾਰੇ ਚਾਨਣਾ ਪਾਓ।

ਨਾਲੇ ਇਹ ਰਾਜ ਵੀ ਖੋਲ੍ਹਣ ਦੀ ਖੇਚਲ ਕਰੋ ਕਿ ਜਿਸ ਮਕਸਦ ਨੂੰ ਪੂਰਾ ਕਰਨ ਲਈ ਬਾਕੀ ਦੀਆਂ ਅਖ਼ਬਾਰਾਂ ਅਜਿਹੇ 'ਤਰੱਦਦ' ਕਰਦੀਆਂ ਹਨ, ਆਖਰ ਤੁਸੀਂ ਵੀ ਪੰਜਾਬੀ ਅਖਬਾਰ ਹੀ ਚਲਾਉਂਦੇ ਹੋ, ਫਿਰ ਤੁਸੀਂ ਉਸ 'ਮਕਸਦ' ਦੀ ਪੂਰਤੀ ਕਿਵੇਂ ਕਰਦੇ ਹੋ? ਬਿਨਾਂ ਕਿਸੇ ਲੱਗ-ਲਬੇੜ ਦੇ ਪੁੱਛਣਾ ਚਾਹੁੰਦਾ ਹਾਂ ਕਿ ਸਾਧਾਂ, ਸੰਤਾਂ, ਸਿਆਸਤਦਾਨਾਂ ਬਿਨਾਂ ਤੁਹਾਡਾ ਕਿਵੇਂ ਸਰੀ ਜਾਂਦਾ ਹੈ?

*-ਕਮਿੱਕਰ ਸਿੰਘ, ਹੇਵਰਡ*

# ਮਨੁੱਖੀ ਦੇਹ ਵਿਚ ਮੈਂ ਦਾ ਨਿਰਮਾਣ



ਡਾ. ਗੁਰਨਾਮ ਕੌਰ, ਕੈਨੇਡਾ

ਹੁਣ ਸਵਾਲ ਹੈ 'ਮੈਂ' ਦਾ, ਜਿਸ ਨੂੰ ਅੰਗਰੇਜ਼ੀ ਵਿਚ 'ਈਗੋ' ਕਹਿੰਦੇ ਹਨ। ਇਸ ਦਾ ਦਾਰਸ਼ਨਿਕ ਅਤੇ ਮਨੋਵਿਗਿਆਨਕ ਦੋਹਾਂ ਤਰ੍ਹਾਂ ਨਾਲ ਅਧਿਐਨ ਹੋਇਆ ਹੈ। ਪੰਜਾਬੀ ਅਤੇ ਹਿੰਦੀ ਵਿਚ ਇਸ ਨੂੰ 'ਹਉਂ' ਅਤੇ 'ਹਉਮੈ' ਵੀ ਕਹਿੰਦੇ ਹਨ। ਦਾਰਸ਼ਨਿਕ ਨਜ਼ਰੀਏ ਤੋਂ 'ਮੈਂ' (ਈਗੋ) ਮਨੁੱਖੀ-ਵਿਅਕਤਿਤਵ ਦੇ ਆਪਣੇ ਆਪ ਨਾਲ ਅਤੇ ਵਿਸਤ੍ਰਿਤ ਰੂਪ ਵਿਚ ਦੁਨੀਆਂ ਨਾਲ ਕ੍ਰਿਆਸ਼ੀਲ ਸਬੰਧਾਂ ਦਾ ਅਧਿਆਤਮਕ ਕੇਂਦਰ ਹੈ। ਉਹ ਵਿਅਕਤੀ ਜੋ ਆਪਣੇ ਵਿਹਾਰ ਨੂੰ ਨਿਯਮਤ ਕਰਦਾ ਹੈ ਅਤੇ ਪਹਿਲ ਨੂੰ ਪ੍ਰਦਰਸ਼ਿਤ ਕਰਨ ਦੇ ਯੋਗ ਹੈ, ਉਹ 'ਮੈਂ' ਦਾ ਸੁਆਮੀ ਹੈ, 'ਸਵੈ' ਹੈ। ਦਰਸ਼ਨ ਦੇ ਇਤਿਹਾਸ ਵਿਚ ਆਦਰਸ਼ਵਾਦੀ ਸੰਕਲਪਾਂ ਨੇ ਸਵੈ ਨੂੰ ਇੱਕ ਆਦਰਸ਼ਕ ਸਿਧਾਂਤ ਦੇ ਰੂਪ ਵਿਚ ਦੇਖਿਆ ਅਤੇ ਮਨੁੱਖੀ 'ਮੈਂ' ਦੇ ਨਿੱਗਰ, ਇਤਿਹਾਸਕ ਸੁਭਾਅ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ।

ਪੱਛਮੀ ਦਰਸ਼ਨ ਵਿਚ ਡੇ ਕਾਰਟ ਨੇ 'ਮਨ' (ਮਾਈਂਡ) ਅਤੇ ਸਰੀਰ (ਬੌਡੀ) ਦਾ ਦਵੈਤਵਾਦ ਦਾ ਸਿਧਾਂਤ ਦਿੱਤਾ, ਜਿਸ ਤੋਂ ਅੱਗੇ 'ਸਵੈਵਾਦ' ਦਾ ਸਿਧਾਂਤ ਵਿਕਸਤ ਹੋਇਆ। ਉਸ ਦੇ ਸਿਧਾਂਤ ਦਾ ਆਧਾਰ, "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ" ਦਾ ਮੁਢਲਾ ਅਸੂਲ ਬਣਿਆ। ਮਨੋਵਿਗਿਆਨ 'ਚ ਫਰਾਇਡ ਨੇ ਖੰਡਿਤ ਵਿਅਕਤਿਤਵ ਦਾ ਵਿਚਾਰ ਦਿੱਤਾ। ਉਸ ਨੇ ਉਤੇਜਨਾਵਾਂ ਦੇ ਜੀਵੀਕਰਨ ਨੂੰ ਸਵੈ ਨੂੰ ਅੰਨੀਆਂ ਪ੍ਰਵਿਰਤੀਆਂ ਦੇ ਰਾਜ ਵਿਚ ਡੋਬ ਦੇਣਾ ਕਿਹਾ ਹੈ ਅਤੇ ਪਰਮ-ਸਵੈ ਦੇ ਨਿਯੰਤਰਣ ਦੇ ਕਾਰਨ ਵਿਅਕਤੀ ਦਾ ਆਪਣੇ ਸਮਾਜਿਕ ਸਾਰ-ਤੱਤਾਂ ਨੂੰ ਵਿਗੜੇ ਹੋਏ ਰੂਪ ਵਿਚ ਗ੍ਰਹਿਣ ਕਰਨਾ ਕਿਹਾ ਹੈ। ਮਨੁੱਖ 'ਸਵੈ' ਦੀ ਝੂਠੀ ਤਸਵੀਰ ਤੇ ਆਪਣੇ ਆਪ ਨੂੰ ਸਮਾਜਿਕ ਜੀਵਨ ਦੇ ਨਿਯਮਾਂ ਅਤੇ ਸਮਾਜਿਕ ਰਿਸ਼ਤਿਆਂ ਦੇ ਕ੍ਰਿਆਸ਼ੀਲ ਸਿਰਜਣਹਾਰੇ ਦੇ ਰੂਪ ਵਿਚ ਦਾਅਵੇਦਾਰ ਸਥਾਪਤ ਕਰਕੇ ਕਾਬੂ ਪਾ ਸਕਦਾ ਹੈ।

ਗੁਰਮਤਿ ਦਰਸ਼ਨ ਵਿਚ 'ਸਵੈ' ਵਾਸਤੇ ਸ਼ਬਦ 'ਆਤਮ' ਜਾਂ 'ਆਪਾ' ਵਰਤਿਆ ਗਿਆ ਹੈ ਜੋ ਕਿ ਜੀਵ-ਆਤਮਾ ਦਾ ਸੰਕੇਤਕ ਹੈ। 'ਆਤਮ' ਸ਼ਬਦ ਦਾ ਮੂਲ ਸੰਸਕ੍ਰਿਤ ਹੈ ਜਿਥੇ ਇਸ ਦਾ ਅੱਖਰੀ ਰੂਪ 'ਆਤਮਨ' ਹੈ। ਇਸ ਦੇ ਅਰਥ ਕਰਦਿਆਂ ਲਿਖਿਆ ਹੈ ਜਿਸ ਦੇ ਦੁਆਰਾ ਜਾਣੀਏ, ਗਿਆਨ ਦਾ ਆਧਾਰ ਰੂਪ, ਅਰਥਾਤ ਜਿਸ ਨੂੰ ਗੁਰ ਉਪਦੇਸ਼ ਰਾਹੀਂ ਜਾਂ ਉਤਮ ਗ੍ਰੰਥਾਂ ਤੋਂ ਜਾਣੀਏ, ਜੀਵਾਤਮਾ, ਰੂਹ, ਇਹ ਪ੍ਰਾਣੀਆਂ ਵਿਚ ਉਹ ਤੱਤ ਹੈ ਜੋ ਅਨੇਕ ਚੇਸ਼ਟਾ ਦਾ ਕਾਰਨ ਹੈ; ਮਨੁੱਖਾਂ ਵਿਚ ਉਹ ਹਸਤੀ ਹੈ ਜਿਸ ਤੋਂ 'ਮੈਂ' ਅਤੇ 'ਮੇਰੀ' ਦਾ ਬੋਧ ਹੁੰਦਾ ਹੈ। ਕਿਸੇ ਨੇ ਇਸ ਦਾ ਨਿਵਾਸ ਰਿਦੇ ਵਿਚ ਮੰਨਿਆ ਹੈ, ਕਿਸੇ ਨੇ ਦਿਮਾਗ ਵਿਚ ਅਤੇ ਕਿਸੇ ਨੇ ਸਰਵਾਂਗ ਪੂਰਨ ਮੰਨਿਆ ਹੈ। ਉਸ ਅਕਾਲ ਪੁਰਖ ਨੇ ਮਨੁੱਖ ਦੀ ਕਾਇਆ ਦੀ ਸਿਰਜਣਾ ਪੰਜ ਤੱਤਾਂ ਤੋਂ ਕੀਤੀ ਅਤੇ ਛੇਵਾਂ ਤੱਤ 'ਆਪਾ' ਜਾਂ 'ਆਤਮ' ਇਸ ਨੂੰ ਚਲਾਉਣ ਲਈ ਗੁਪਤ ਰੂਪ ਵਿਚ ਰੱਖ ਦਿੱਤਾ। ਮਨੁੱਖ ਅੰਦਰ ਪੰਜ-ਭੂਤਕ ਬਿਰਤੀਆਂ ਦੇ ਨਾਲ ਨਾਲ ਆਤਮਕ ਬਿਰਤੀ ਰੱਖ ਦਿੱਤੀ ਜਿਸ ਰਾਹੀਂ 'ਆਤਮਾ' (ਬ੍ਰਹਮ ਜਾਂ ਰੱਬੀ ਬਿਰਤੀ) ਦਾ ਅਨੁਭਵ ਕੀਤਾ ਜਾ ਸਕਦਾ ਹੈ। ਨਿਰੰਕਾਰ ਦੀ ਇਹ ਅੰਦਰਲੀ ਹੋਂਦ ਹੀ ਮਨੁੱਖ ਨੂੰ ਵਿਕਾਰਾਂ ਉਤੇ ਕਾਬੂ ਪਾਉਣ ਦੀ ਸ਼ਕਤੀ ਦਿੰਦੀ ਹੈ। ਗੁਰਮਤਿ ਚਿੰਤਨ ਅਨੁਸਾਰ ਸਭ ਕੁੱਝ ਉਹ ਆਪ ਹੀ ਆਪ ਹੈ। ਇਸ ਲਈ ਮਨੁੱਖ ਅੰਦਰ 'ਮੈਂ' ਜਾਂ 'ਅਹੰ' ਦਾ ਅਹਿਸਾਸ ਵੀ ਉਸੇ ਨੇ ਹੀ ਪਾਇਆ ਹੈ।

ਗੁਰੂ ਅਰਜਨ ਦੇਵ ਪ੍ਰਸ਼ਨ ਰੂਪ ਵਿਚ ਸਮੱਸਿਆ ਰੱਖਦੇ ਹਨ ਕਿ ਮਨੁੱਖ ਨਾਮਵਰ ਕਿਵੇਂ ਹੁੰਦਾ ਹੈ, ਉਸ ਨੂੰ ਵਡਿਆਈ ਕਿਸ ਤਰ੍ਹਾਂ ਮਿਲਦੀ ਹੈ ਅਤੇ ਕਿਸ ਗੱਲ ਕਾਰਨ ਉਸ ਦੇ ਅੰਦਰ 'ਅਹੰਕਾਰ' ਜਾਂ 'ਹਉਮੈ' ਦੀ ਭਾਵਨਾ ਪੈਦਾ ਹੁੰਦੀ ਹੈ? ਮਨੁੱਖ ਕੀ ਹੈ ਅਤੇ ਕਿੱਥੋਂ ਆਉਂਦਾ ਹੈ? ਇਸ ਦਾ ਮਨੁੱਖ ਨੂੰ ਕੋਈ ਪਤਾ ਨਹੀਂ ਹੈ ਅਤੇ ਜਦੋਂ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਵੀ ਉਸ ਨੂੰ ਪਤਾ ਨਹੀਂ ਲਗਦਾ। ਪੌਣ ਅਤੇ ਪਾਣੀ ਸਹਿਣਸ਼ੀਲ ਠੰਢੇ ਸੁਭਾ ਦੇ ਹਨ ਅਤੇ ਧਰਤੀ ਖਿਮਾ ਸਰੂਪ ਹੈ; ਇਨ੍ਹਾਂ ਪੰਜਾਂ ਤੱਤਾਂ ਦੇ ਸੰਜੋਗ ਤੋਂ ਮਿਲ ਕੇ ਸਰੀਰ ਬਣਦਾ ਹੈ, ਇਨ੍ਹਾਂ ਵਿਚ ਕੋਈ ਬੁਰਾਈ ਨਹੀਂ ਹੈ। ਜਿਸ ਕਰਤਾ ਪੁਰਖ ਨੇ ਇਸ ਸਰੀਰ ਦੀ ਰਚਨਾ ਕੀਤੀ ਹੈ, ਉਸ ਨੇ ਹੀ ਇਸ ਵਿਚ 'ਮੈਂ' ਦਾ ਨਿਰਮਾਣ ਕੀਤਾ ਹੈ, ਹਉਮੈ ਪਾਈ ਹੈ। ਉਸ ਵਾਹਿਗੁਰੂ ਦੇ ਕਾਰਨ ਹੀ ਸੰਸਾਰ ਦੀ ਹੋਂਦ ਹੈ, ਜਨਮ ਮਰਨ ਹੈ, ਆਉਣਾ ਜਾਣਾ ਹੈ, ਅਰਥਾਤ ਉਹ ਹੀ ਸਾਰੀ ਰਚਨਾ ਦਾ ਪਹਿਲਾ ਕਾਰਨ ਹੈ,

ਕਵਨ ਥਾਨ ਧੀਰਿਓ ਹੈ ਨਾਮਾ<br>
ਕਵਨ ਬਸਤੁ ਅਹੰਕਾਰਾ॥<br>
ਕਵਨ ਚਿਹਨ ਸੁਨਿ ਊਪਰਿ ਛੋਹਿਓ<br>
ਮੁਖ ਤੇ ਸੁਨਿ ਕਰ ਗਾਰਾ॥1॥<br>
ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥<br>
ਏਤੀ ਨ ਜਾਨਉ ਕੇਤੀਕ ਮੁਦਤਿ<br>
ਚਲਤੇ ਖਬਰਿ ਨ ਪਾਇਓ॥1॥ਰਹਾਉ॥<br>
ਸਹਨ ਸੀਲ ਪਵਨ ਅਰੁ ਪਾਣੀ<br>
ਬਸੁਧਾ ਖਿਮਾ ਨਿਭਰਾਤੇ॥<br>
ਪੰਚ ਤਤ ਮਿਲਿ ਭਇਓ ਸੰਜੋਗਾ<br>
ਇਨ ਮਹਿ ਕਵਨ ਦੁਰਾਤ॥2॥<br>
ਜਿਨਿ ਰਚਿ ਰਚਿਆ ਪੁਰਖਿ ਬਿਧਾਤੈ<br>
ਨਾਲੇ ਹਉਮੈ ਪਾਈ॥<br>
ਜਨਮ ਮਰਣੁ ਉਸ ਹੀ ਕੋ ਹੈ<br>
ਰੇ ਓਹਾ ਆਵੈ ਜਾਈ॥ (ਪੰਨਾ 999)

ਗੁਰੂ ਅਮਰਦਾਸ ਨੇ ਰਾਗੁ ਰਾਮਕਲੀ ਦੀ 'ਅਨੰਦ' ਬਾਣੀ ਵਿਚ ਦੱਸਿਆ ਹੈ ਕਿ ਜਦੋਂ ਕਰਤਾ ਪੁਰਖ ਮਨੁੱਖੀ ਸਰੀਰ ਵਿਚ ਆਪਣੀ ਜੋਤਿ ਰੱਖਦਾ ਹੈ ਤਾਂ ਹੀ ਮਨੁੱਖ ਜਨਮ ਲੈਂਦਾ ਹੈ, ਇਸ ਸੰਸਾਰ 'ਤੇ ਆਉਂਦਾ ਹੈ। ਸ੍ਰਿਸ਼ਟੀ ਦਾ ਮੂਲ ਵਾਹਿਗੁਰੂ ਨੇ ਆਪਣੀ ਜੋਤਿ ਤੋਂ ਹੀ ਰਚਿਆ ਹੈ। ਸੰਸਾਰ ਦਾ ਖੇਲ ਦਿਖਾਉਣ ਲਈ ਉਸ ਨੇ ਇਹ ਸਾਰੀ ਰਚਨਾ ਕੀਤੀ ਹੈ। ਇਸ ਤਰ੍ਹਾਂ ਗੁਰਮਤਿ ਦਰਸ਼ਨ ਵਿਚ 'ਆਪਾ' ਜਾਂ 'ਆਤਮ' ਨੂੰ ਜਗਦੀਸ਼ੈ ਅੰਸ਼ ਪ੍ਰਵਾਨ ਕੀਤਾ ਗਿਆ ਹੈ। ਇਸ ਅੰਦਰ ਰੱਖੀ ਰੱਬੀ ਜੋਤਿ ਦਾ, ਜਗਦੀਸ਼ੈ ਅੰਸ਼ ਹੋਣ ਦਾ ਅਨੁਭਵ ਕਰਨਾ ਹੀ ਮਨੁੱਖ ਦੇ ਜੀਵਨ ਦਾ ਮਨੋਰਥ ਹੈ। ਜੋਤਿ-ਸਰੂਪ ਹੋਣਾ ਸਵੈ ਦਾ ਖ਼ਾਸਾ ਹੈ,

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ<br>
ਤਾ ਤੂ ਜਗ ਮਹਿ ਆਇਆ॥<br>
ਹਰਿ ਆਪੇ ਮਾਤਾ ਹਰਿ ਆਪੇ ਪਿਤਾ<br>
ਜਿਨਿ ਜੀਉ ਉਪਾਇਜਗਤੁ ਦਿਖਾਇਆ॥<br>
(ਪੰਨਾ 921)

ਸਿੱਖ ਧਰਮ-ਚਿੰਤਨ ਵਿਚ ਮਨੁੱਖ ਦੀਆਂ ਬਿਰਤੀਆਂ ਅਨੁਸਾਰ ਮਨੁੱਖ ਦੀ ਵੰਡ ਦੋ ਤਰ੍ਹਾਂ ਨਾਲ ਕੀਤੀ ਗਈ ਹੈ-ਮਨਮੁਖਿ ਅਤੇ ਗੁਰਮੁਖਿ। ਸ਼ਬਦ 'ਮਨਮੁਖਿ' (ਆਪਣੇ ਮਨ ਦੀਆਂ ਬਿਰਤੀਆਂ ਅਨੁਸਾਰ ਚੱਲਣਾ) ਮਨੁੱਖ ਦੀ ਮਾਨਸਿਕਤਾ ਦੇ ਆਮ ਹਾਲਾਤ ਨੂੰ ਦੱਸਦਾ ਹੈ ਜਿਸ ਵਿਚ ਮਨੁੱਖ ਦੀ ਸਵੈ-ਇੱਛਾ ਅਤੇ ਪਸ਼ੂ-ਬਿਰਤੀਆਂ ਪ੍ਰਧਾਨ ਹੁੰਦੀਆਂ ਹਨ। ਸ਼ਬਦ 'ਗੁਰਮੁਖਿ' (ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ) ਆਦਰਸ਼ਕ ਮਨੁੱਖ ਵੱਲ ਸੰਕੇਤਕ ਹੈ ਜੋ ਰਹੱਸਵਾਦੀ ਪ੍ਰਾਪਤੀ ਅਤੇ ਚੇਤੰਨਤਾ ਦਾ ਉਚਤਮ ਪੱਧਰ ਹੈ। ਇਸ ਨੂੰ ਗੁਰਮਤਿ ਵਿਚ ਸਚਿਆਰ, ਬ੍ਰਹਮ ਗਿਆਨੀ ਅਤੇ ਪੰਚ ਵੀ ਕਿਹਾ ਹੈ। ਮਨਮੁਖਿ ਤੋਂ ਗੁਰਮੁਖਿ ਤੱਕ ਦਾ ਵਿਕਾਸ ਹੀ ਇੱਕ ਤਰ੍ਹਾਂ ਨਾਲ ਸਿੱਖ ਰਹੱਸਵਾਦ ਦੀ ਕਹਾਣੀ ਹੈ। ਗੁਰਮਤਿ ਚਿੰਤਨ ਅਨੁਸਾਰ ਹਰ ਸਮੇਂ ਅਤੇ ਸਥਾਨ ਵਿਚ ਮਨੁੱਖ ਦੀਆਂ ਮੁੱਖ ਕਮਜ਼ੋਰੀਆਂ ਅਤੇ ਸਮੱਸਿਆਵਾਂ ਦਾ ਕਾਰਨ ਉਸ ਦੀ ਹਉਮੈ ਰਹੀ ਹੈ। ਗੁਰਮਤਿ ਜੁਗਤਿ ਨੂੰ ਸਮਝਣ ਲਈ ਹਉਮੈ ਦੇ ਸਿਧਾਂਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਹਉਮੈ ਸਧਾਰਨ ਮਨੁੱਖ ਦੀ ਮਾਨਸਿਕਤਾ ਦੀ 'ਮੈਂ' ਦੀ ਚੇਤੰਨਤਾ ਹੈ। ਇਹ ਮਨੁੱਖ ਦੇ ਸਾਰੇ ਅੰਗਾਂ, ਇੱਥੋਂ ਤੱਕ ਕਿ ਉਸ ਦੇ ਨਾੜੀ-ਪ੍ਰਬੰਧ ਦੀ ਵੀ ਸੰਚਾਲਕ ਹੈ। ਇਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ 'ਹਉਮੈ' ਸਾਂਖ ਸ਼ਾਸਤਰ ਦੇ 'ਅਹੰਕਾਰ' ਨਾਲੋਂ ਬਿਲਕੁਲ ਭਿੰਨ ਹੈ। ਸਾਂਖ ਸ਼ਾਸਤਰ ਦਵੈਤਵਾਦੀ ਪ੍ਰਬੰਧ ਹੈ ਜਿਸ ਅਨੁਸਾਰ ਪੁਰਸ਼ ਅਤੇ ਪ੍ਰਕਿਰਤੀ ਦੋ ਸਤਿ ਹਨ। ਇਥੇ 'ਅਹੰਕਾਰ' ਸਦੀਵੀ ਪ੍ਰਕਿਰਤੀ ਦਾ ਕਾਇਆ-ਕਲਪ ਅਤੇ ਵਿਕਾਸ ਹੈ। ਗੁਰੂ ਸਾਹਿਬਾਨ ਨੇ ਅਜਿਹੀ ਕਿਸੇ ਪ੍ਰਕਿਰਤੀ ਨੂੰ ਨਹੀਂ ਮੰਨਿਆ। ਗੁਰਮਤਿ ਚਿੰਤਨ ਅਨੁਸਾਰ ਸਤਿ ਸਿਰਫ ਇੱਕ ਹੈ, ਵਾਹਿਗੁਰੂ ਜਾਂ ਪਰਮਸਤਿ। ਉਹ ਕਰਤਾ ਪੁਰਖ ਹੈ ਬਾਕੀ ਸਭ ਉਸ ਦੀ ਕੁਦਰਤ ਹੈ, ਉਸ ਦੀ ਰਚਨਾ ਹੈ। ਗੁਰਮਤਿ ਅਨੁਸਾਰ ਹਉਮੈ ਮਨੁੱਖੀ ਸ਼ਖਸੀਅਤ ਦੀ ਪ੍ਰਤਿਨਿਧ ਹੈ ਜੋ ਗੁਰੂ ਅਨੁਸਾਰੀ ਨਹੀਂ ਹੈ। ਇਹ "ਮੈਂ" ਹੈ, ਚੇਤੰਨਤਾ ਦੀ 'ਧਾਰਾ' ਹੈ ਜੋ ਕਿਸੇ ਵੀ ਜੀਵ ਜਾਂ ਹੋਂਦ ਵਿਚ ਕੰਮ ਕਰ ਰਹੀ ਸੋਚ-ਵਿਚਾਰ ਅਤੇ ਉਤੇਜਨਾ ਦਾ ਕੇਂਦਰ ਹੈ। ਗੁਰਮਤਿ ਅਨੁਸਾਰ 'ਹਉਮੈ' ਨਿਰੰਕਾਰ ਦੀ ਆਪ ਪੈਦਾ ਕੀਤੀ ਹੋਈ ਹੈ। ਜਦੋਂ ਪਰਮਸਤਿ 'ਅਫੁਰ' ਅਵਸਥਾ ਤੋਂ 'ਫੁਰ' ਅਵਸਥਾ ਵਿਚ ਆਇਆ ਅਰਥਾਤ ਪ੍ਰਗਟ ਰੂਪ ਵਿਚ, ਹੁਕਮ ਵਿਚ ਆਇਆ ਤਾਂ ਸਭ ਤੋਂ ਪਹਿਲਾਂ ਉਸ ਨੇ ਹਉਮੈ ਦੀ ਰਚਨਾ ਕੀਤੀ। ਹਉਮੈ ਵਿਚੋਂ ਹੀ ਫਿਰ ਸਾਰੇ ਜਗਤ ਦਾ ਵਿਕਾਸ ਹੋਇਆ ਮੰਨਿਆ ਹੈ। ਹਉਮੈ ਅਗਿਆਨ ਹੈ, ਜੋ ਜੀਵ ਦਾ ਪਰਮਸਤਿ ਤੋਂ ਵੱਖਰੇਵਾਂ ਬਣਾਈ ਰੱਖਦੀ ਹੈ ਅਤੇ ਜੀਵ ਦੇ ਬੰਧਨ ਦਾ ਕਾਰਨ ਹੈ। ਹਉਮੈ 'ਚ ਉਸ ਨੂੰ 'ਨਾਮ' ਵਿਸਰ ਜਾਂਦਾ ਹੈ ਅਤੇ ਇਹੀ ਉਸ ਦੇ ਦੁੱਖ ਦਾ ਕਾਰਨ ਹੈ,

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ<br>
ਕਿਤੁ ਕਿਤੁ ਦੁਖਿ ਬਿਨਸਿ ਜਾਈ॥<br>
ਹਉਮੈ ਵਿਚਿ ਜਗੁ ਉਪਜੈ ਪੁਰਖਾ<br>
ਨਾਮਿ ਵਿਸਰਿਐ ਦੁਖੁ ਪਾਈ॥<br>
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ<br>
ਹਉਮੈ ਸਬਦਿ ਜਲਾਏ॥<br>
ਤਨੁ ਮਨੁ ਨਿਰਮਲੁ ਨਿਰਮਲ ਬਾਣੀ<br>
ਸਾਚੈ ਰਹੈ ਸਮਾਏ॥

ਇਹ ਹਉਮੈ ਕੀ ਹੈ? ਇਹ ਹੈ ਜੀਵ ਵਿਚ ਪਰਮਾਤਮਾ ਨਾਲੋਂ ਆਪਣੀ ਵੱਖਰੀ ਹੋਂਦ ਦਾ ਅਹਿਸਾਸ। ਇਸ ਅਹਿਸਾਸ ਕਾਰਨ ਹੀ ਕਦੀ ਮਨੁੱਖ ਸੰਸਾਰ ਵਿਚ ਜਨਮ ਲੈਂਦਾ ਹੈ, ਕਦੀ ਮਰਦਾ ਹੈ। ਇਸ ਦੀ ਹੱਦ-ਬੰਦੀ ਵਿਚ ਹੀ ਉਹ ਸਾਰੇ ਸੰਸਾਰਕ ਕਾਰ-ਵਿਹਾਰ ਕਰਦਾ ਹੈ। ਹਉਮੈ ਨੂੰ ਭਰਮ (ਅਗਿਆਨ) ਕਿਹਾ ਹੈ ਜਿਸ ਕਾਰਨ ਜੀਵ ਆਪਣੇ ਪਾਪ ਅਤੇ ਪੁੰਨ ਦੀ ਗਿਣਤੀ ਵਿਚ ਪਿਆ ਰਹਿੰਦਾ ਹੈ। ਇਸ ਪਾਪ-ਪੁੰਨ ਦੀ ਗਿਣਤੀ ਅਨੁਸਾਰ ਹੀ ਉਹ ਕਦੀ ਨਰਕ ਵਿਚ ਪੈਂਦਾ ਹੈ ਅਤੇ ਕਦੀ ਸਵਰਗ ਵਿਚ। ਆਪਣੀ ਵੱਖਰੀ ਹੋਂਦ ਦੇ ਅਹਿਸਾਸ ਦੇ ਘੇਰੇ ਵਿਚ ਮਨੁੱਖ ਨੂੰ ਮੁਕਤੀ ਦੇ ਰਾਹ ਦੀ ਸੋਝੀ ਨਹੀਂ ਪੈਂਦੀ, ਇਸ ਕਰਕੇ ਕਦੀ ਉਹ ਸਿਆਣਾ ਬਣਦਾ ਹੈ, ਕਦੀ ਮੂਰਖ। ਇਸ ਦੇ ਕਾਰਨ ਹੀ ਮਨੁੱਖ ਮੋਹ-ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ ਅਤੇ ਵਾਰ ਵਾਰ ਜਨਮ ਧਾਰਦਾ ਹੈ। ਗੁਰੂ ਸਾਹਿਬਾਨ ਅਨੁਸਾਰ ਹਉਮੈ ਦੀ ਪਰਵਿਰਤੀ ਹੀ ਇਹ ਹੈ ਕਿ ਜੀਵ ਉਸ ਤਰ੍ਹਾਂ ਦੇ ਕੰਮ ਹੀ ਕਰਦਾ ਹੈ ਜਿਸ ਨਾਲ ਉਸ ਦੀ ਵੱਖਰੀ ਹਸਤੀ ਹੋਣ ਦਾ ਸੁਭਾ ਟਿਕਿਆ ਰਹੇ। ਇਹੀ ਉਸ ਦੇ ਬੰਧਨ ਦਾ ਕਾਰਨ ਹੈ ਜਿਸ ਨਾਲ ਉਹ ਵਾਰ ਵਾਰ ਜੂਨਾਂ ਵਿਚ ਪੈਂਦਾ ਹੈ। ਗੁਰਮਤਿ ਚਿੰਤਨ ਵਿਚ ਹਉਮੈ ਨੂੰ ਪੂਰੀ ਤਰ੍ਹਾਂ ਮਾਰਨ ਲਈ, ਇਸ ਦਾ ਪੂਰਨ ਵਿਰੋਧ ਕਰਨ ਲਈ ਘਰ-ਬਾਰ ਛੱਡ ਕੇ ਸੰਨਿਆਸ ਲੈਣ ਦੀ ਸਿਫਾਰਸ਼ ਨਹੀਂ ਕੀਤੀ ਗਈ ਕਿਉਂਕਿ ਇਸ ਤਰ੍ਹਾਂ ਹਉਮੈ ਨਹੀਂ ਮਰਦੀ, ਹਉਮੈ ਦੀ ਸਮਝ ਨਹੀਂ ਲੱਗਦੀ, ਪੂਰਨ ਵਿਚ ਅਪੂਰਨ ਦੀ ਸਮਝ ਨਹੀਂ ਲੱਗਦੀ। ਹਉਮੈ ਨੂੰ ਗੁਰਮਤਿ ਵਿਚ ਇੱਕ ਲੰਬਾ ਰੋਗ ਮੰਨਿਆ ਹੈ ਪਰ ਇਹ ਰੋਗ ਲਾ-ਇਲਾਜ ਨਹੀਂ ਹੈ। ਇਸ ਦਾ ਇਲਾਜ ਵੀ ਇਸ ਦੇ ਵਿਚ ਹੀ ਹੈ, ਇਸ ਦਾ ਅਹਿਸਾਸ ਹੋ ਜਾਣ ਦੇ ਵਿਚ ਹੀ ਹੈ ਅਤੇ ਗੁਰੂ ਦੀ ਨਦਰਿ ਪ੍ਰਾਪਤੀ ਲਈ ਯਤਨਸ਼ੀਲ ਹੋਣ ਵਿਚ ਹੈ। ਇਸ ਦਾ ਇਲਾਜ ਗੁਰੂ ਦੀ ਨਦਰਿ ਵਿਚ ਹੈ। ਜੇ ਉਸ ਦੀ ਮਿਹਰ ਹੋ ਜਾਵੇ, ਨਦਰਿ ਹੋ ਜਾਵੇ ਤਾਂ ਜੀਵ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ, ਜਿਸ ਰਾਹੀਂ ਉਸ ਨੂੰ ਆਪਣੇ ਅਸਲੀ 'ਆਪੇ', ਆਪਣੇ ਮੂਲ ਦੀ ਸੋਝੀ ਹੁੰਦੀ ਹੈ,

ਹਉਮੈ ਏਹਾ ਜਾਤਿ ਹੈ<br>
ਹਉਮੈ ਕਰਮ ਕਮਾਹਿ॥

---

ਕਿਰਪਾ ਕਰੇ ਜੇ ਆਪਣੀ ਤਾ<br>
ਗੁਰ ਕਾ ਸਬਦੁ ਕਮਾਹਿ॥<br>
ਨਾਨਕੁ ਕਹੈ ਸੁਣਹੁ ਜਨਹੁ<br>
ਇਤੁ ਸੰਜਮਿ ਦੁਖ ਜਾਹਿ॥ (ਪੰਨਾ 466)

ਆਪਣੇ ਮੂਲ ਦੀ ਸੋਝੀ ਵਾਸਤੇ ਜੋ ਗੁਰਮਤਿ ਜੁਗਤਿ ਦੱਸੀ ਹੈ, ਉਹ ਹੈ ਗੁਰੂ ਦਾ ਅਨੁਸਾਰੀ ਹੋ ਕੇ ਚੱਲਣਾ ਅਤੇ ਗੁਰਮਤਿ ਚਿੰਤਨ ਅਨੁਸਾਰ ਗੁਰੂ ਸ਼ਬਦ ਗੁਰੂ ਹੈ। ਗੁਰੂ ਦੀ ਦੱਸੀ ਜੁਗਤਿ 'ਤੇ ਚੱਲਣ ਨਾਲ ਮਨੁੱਖ ਹਉਮੈ ਤੋਂ ਪੈਦਾ ਹੋਣ ਵਾਲੇ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਤੋਂ ਆਪਣੇ ਆਪ ਨੂੰ ਦੂਰ ਕਰ ਲੈਂਦਾ ਹੈ। ਗੁਰਮਤਿ ਚਿੰਤਨ ਅਨੁਸਾਰ ਗੁਰੂ ਦਾ ਮਾਰਗ ਸਤਿ ਦਾ ਮਾਰਗ ਹੈ ਅਤੇ ਇਸ ਰਾਹੀਂ ਮਨੁੱਖ ਨੂੰ ਇਹ ਸੋਝੀ ਹੁੰਦੀ ਹੈ ਕਿ ਅਕਾਲ ਪੁਰਖ ਬਾਹਰ ਨਹੀਂ ਹੈ। ਉਹ ਮਨੁੱਖ ਦੇ ਆਪਣੇ ਹਿਰਦੇ ਦੇ ਅੰਦਰ ਹੈ, ਸਿਰਫ ਉਸ ਨੂੰ ਦੇਖਣ ਵਾਲੀ ਨਜ਼ਰ ਨੂੰ ਪੈਦਾ ਕਰਨ ਦੀ ਲੋੜ ਹੈ। ਇਸ ਦੇਹੀ ਦੇ ਅੰਦਰ ਹੀ ਨਾਮ ਦਾ ਨਿਵਾਸ ਹੈ, ਜਿਸ ਨੂੰ ਖੋਜਣਾ ਹੈ। ਉਹ ਕਰਤਾ ਅਬਿਨਾਸ਼ੀ ਹੈ ਜੋ ਮਨੁੱਖ ਦੇ ਅੰਦਰ ਨਿਵਾਸ ਕਰਦਾ ਹੈ। ਇਸ ਲਈ ਉਹ 'ਜੀਉ' ਨਾ ਮਰਦਾ ਹੈ, ਨਾ ਜੰਮਦਾ ਹੈ। ਉਹ ਹੁਕਮੀ ਹੈ ਜਿਸ ਤੱਕ ਉਸ ਦੇ ਹੁਕਮ ਨੂੰ ਸਮਝਿਆਂ ਪਹੁੰਚ ਸਕੀਦਾ ਹੈ,

ਬੋਲਹੁ ਸਾਚੁ ਪਛਾਣਹੁ ਅੰਦਰਿ॥<br>
ਦੂਰਿ ਨਾਹੀ ਦੇਖਹੁ ਕਰਿ ਨੰਦਰਿ॥<br>
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ<br>
ਇਉ ਭਵਜਲੁ ਪਾਰਿ ਲੰਘਾਈ ਹੇ॥12॥<br>
ਦੇਹੀ ਅੰਦਰਿ ਨਾਮੁ ਨਿਵਾਸੀ॥<br>
ਆਪੇ ਕਰਤਾ ਹੈ ਅਬਿਨਾਸੀ॥<br>
ਨਾ ਜੀਉ ਮਰੈ ਨ ਮਾਰਿਆ ਜਾਈ<br>
ਕਰਿ ਦੇਖੈ ਸਬਦਿ ਰਜਾਈ ਹੇ॥(ਪੰਨਾ 1026)

ਇਸ ਤਰ੍ਹਾਂ ਗੁਰਮਤਿ ਜੁਗਤਿ ਇਕਾਂਤਕ ਨਹੀਂ ਹੈ, ਸੰਗਤੀ ਹੈ। ਸੰਗਤ ਵਿਚ ਜਾ ਕੇ ਮਨੁੱਖ ਨਾਮ ਸਿਮਰਨ ਤੇ ਸੇਵਾ ਰਾਹੀਂ ਆਪਣੀ ਹਉਮੈ ਮਾਰ ਕੇ ਆਪਣੇ ਅੰਦਰ ਸ਼ੁਭ ਗੁਣ ਪੈਦਾ ਕਰ ਸਕਦਾ ਹੈ ਅਤੇ ਹੋਰਨਾਂ ਦੀ ਇਸ ਮਾਰਗ 'ਤੇ ਚੱਲਣ ਵਿਚ ਮਦਦ ਕਰ ਸਕਦਾ ਹੈ ਕਿਉਂਕਿ ਗੁਰਮਤਿ ਅਨੁਸਾਰ ਮਨੁੱਖ ਨੇ ਆਪਣੇ ਕਲਿਆਣ ਹਿਤ ਹੀ ਨਹੀਂ ਸਗੋਂ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਣਾ ਹੈ। ਗੁਰਮਤਿ ਜੁਗਤ 'ਚ ਸਰੀਰ ਨੂੰ ਨਕਾਰਿਆ ਨਹੀਂ ਗਿਆ ਅਤੇ ਨਾ ਹੀ ਇਸ ਨੂੰ ਇਕਾਂਤ ਵਿਚ ਕਠਿਨ ਤਪੱਸਿਆ ਕਰਕੇ, ਸਰੀਰਕ ਕਸ਼ਟ ਦੇ ਕੇ ਮੁਕਤੀ ਪ੍ਰਾਪਤੀ ਦਾ ਕੋਈ ਮਾਰਗ ਦਰਸਾਇਆ ਹੈ। ਸਰੀਰ ਤਾਂ ਵਾਹਿਗੁਰੂ ਦੇ ਹੁਕਮ ਨਾਲ ਪ੍ਰਾਪਤ ਹੁੰਦਾ ਹੈ ਅਤੇ 'ਨਾਮ' ਦਾ ਵਾਹਕ ਹੈ। ਨਾਮ ਦਾ ਵਾਸਾ ਇਸ ਦੇਹੀ ਦੇ ਅੰਦਰ ਹੈ। ਮਨੁੱਖ ਦੇ ਆਪੇ ਦੀ ਪਛਾਣ, ਉਸ ਦਾ ਅਨੁਭਵ ਇਸ ਸੰਸਾਰ ਵਿਚ ਰਹਿੰਦਿਆਂ ਹੀ ਹੋਣਾ ਹੈ। ਇਥੇ ਹੀ ਉਸ ਨੇ ਵਿਕਾਸ ਕਰਕੇ 'ਸਚਿਆਰ' ਅਥਵਾ ਗੁਰਮੁਖਿ ਅਥਵਾ ਬ੍ਰਹਮਗਿਆਨੀ ਬਣਨਾ ਹੈ ਅਤੇ ਆਪਣੇ ਗਿਆਨ ਨੂੰ ਸੰਸਾਰ ਦੇ ਭਲੇ ਲਈ ਵਰਤਣਾ ਹੈ, "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥"

ਇਥੇ ਇੱਕ ਗੱਲ ਹੋਰ ਸਪਸ਼ਟ ਕਰ ਦੇਣੀ ਕੁਥਾਂ ਨਹੀਂ ਹੋਵੇਗੀ ਕਿ ਗੁਰੂ ਨੇ ਸਿੱਖ ਨੂੰ ਸ਼ਬਦ ਗੁਰੂ ਦੇ ਲੜ ਲਾਇਆ ਹੈ, ਜਿਸ ਦੇ ਲੜ ਲੱਗਣ ਲਈ ਕਿਸੇ ਸਾਧ, ਕਿਸੇ ਡੇਰੇਦਾਰ ਦੀ ਵਿਚੋਲਗਿਰੀ ਦੀ ਕੋਈ ਲੋੜ ਨਹੀਂ ਹੈ। ਸ਼ਬਦ ਨੂੰ ਆਪਣੇ ਅੰਦਰ ਵਸਾਉਣਾ ਹੈ, ਉਸ ਵਿਚ ਦੱਸੇ ਸਤਿ, ਸੰਤੋਖ, ਗਿਆਨ ਦੇ ਮਾਰਗ 'ਤੇ ਚੱਲਣਾ ਹੈ, ਆਪਣੇ ਅੰਦਰ ਗੁਣ ਪੈਦਾ ਕਰਨੇ ਹਨ ਅਤੇ ਹੱਥੀਂ ਕਿਰਤ ਕਰਕੇ ਲੋੜਵੰਦਾਂ ਨਾਲ ਵੰਡ ਕੇ ਛਕਣਾ ਹੈ। ਬਾਣੀ ਦੀ ਰਚਨਾ ਲੋਕਾਂ ਦੀ ਆਮ ਬੋਲਣ ਵਾਲੀ ਭਾਸ਼ਾ ਵਿਚ ਇਸ ਲਈ ਕੀਤੀ ਗਈ ਤਾਂ ਕਿ ਆਮ ਮਨੁੱਖ ਇਸ ਨੂੰ ਸਮਝ ਸਕੇ ਅਤੇ ਵੇਦਾਂ-ਸ਼ਾਸਤਰਾਂ ਨੂੰ ਸਮਝਣ ਲਈ ਬ੍ਰਾਹਮਣ ਵਾਂਗ ਕਿਸੇ ਵਿਚੋਲੇ ਦੀ ਲੋੜ ਨਾ ਪਵੇ। ਅੱਜ ਕੱਲ ਦੇ ਡੇਰੇਦਾਰਾਂ ਦੇ ਰੂਪ ਵਿਚ ਨਵੀਂ ਬ੍ਰਾਹਮਣ ਜਮਾਤ ਪੈਦਾ ਹੋ ਗਈ ਹੈ ਜੋ ਧਰਮ ਦੇ ਨਾਂ 'ਤੇ ਨਾਮ ਦੇ ਕੇ ਭੋਲੇ ਭਾਲੇ ਮਨੁੱਖਾਂ ਦਾ ਸੋਸ਼ਣ ਕਰਦੇ ਹਨ। ਪੰਜਾਬ ਦੇ ਪੁਰਾਣੇ ਤਿੰਨ ਕੁ ਸਾਧਾਂ ਦੇ ਡੇਰਿਆਂ ਵਿਚ ਸਿਖਿਅਤ ਹੋ ਰਹੇ ਚੇਲਿਆਂ ਨੂੰ ਐਡਜਸਟ ਕਰਨ ਲਈ ਨਿੱਤ ਨਵੇਂ ਡੇਰੇ ਬਣਾਏ ਜਾ ਰਹੇ ਹਨ। ਸਾਧਾਂ ਨੂੰ ਪੈਸਾ ਲੁਟਾਉਣ ਨਾਲੋਂ ਬਿਹਤਰ ਹੈ ਕਿਸੇ ਗ਼ਰੀਬ ਸਿੱਖ ਬੱਚੇ ਦੀ ਪੜ੍ਹਾਈ ਦਾ ਖਰਚਾ ਓਟ ਲਿਆ ਜਾਵੇ, "ਗਰੀਬ ਦਾ ਮੂੰਹ ਗੁਰੂ ਦੀ ਗੋਲਕ।"

## ਤਨੁ ਸੰਤਨ ਕਾ ਧਨੁ ਸੰਤਨ ਕਾ...

### ਗੁਰਬਾਣੀ ਗਿਆਨ

**ਸੋਰਠ ਮਹਲਾ 5**<br>
ਤਨੁ ਸੰਤਨ ਕਾ ਧਨੁ ਸੰਤਨ ਕਾ<br>
ਮਨੁ ਸੰਤਨ ਕਾ ਕੀਆ॥<br>
ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ<br>
ਸਰਬ ਕੁਸਲ ਤਬ ਥੀਆ॥੧॥<br>
ਸੰਤਨ ਬਿਨੁ ਅਵਰੁ ਨ ਦਾਤਾ ਬੀਆ॥<br>
ਜੋ ਜੋ ਸਰਣਿ ਪਰੈ ਸਾਧੂ ਕੀ<br>
ਸੋ ਪਾਰਗਰਾਮੀ ਕੀਆ॥ਰਹਾਉ॥<br>
ਕੋਟਿ ਪਰਾਧ ਮਿਟਹਿ ਜਨ ਸੇਵਾ<br>
ਹਰਿ ਕੀਰਤਨੁ ਰਸਿ ਗਾਈਐ॥<br>
ਈਹਾ ਸੁਖੁ ਆਗੈ ਮੁਖ ਉਜਲ<br>
ਜਨ ਕਾ ਸੰਗੁ ਵਡਭਾਗੀ ਪਾਈਐ॥੨॥<br>
ਰਸਨਾ ਏਕ ਅਨੇਕ ਗੁਣ ਪੂਰਨ<br>
ਜਨ ਕੀ ਕੇਤਕ ਉਪਮਾ ਕਹੀਐ॥<br>
ਅਗਮ ਅਗੋਚਰ ਸਦ ਅਬਿਨਾਸੀ<br>
ਸਰਣਿ ਸੰਤਨ ਕੀ ਲਹੀਐ॥੩॥<br>
ਨਿਰਗੁਨ ਨੀਚ ਅਨਾਥ ਅਪਰਾਧੀ<br>
ਓਟ ਸੰਤਨ ਕੀ ਆਹੀ॥<br>
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ<br>
ਨਾਨਕ ਲੇਹੁ ਨਿਬਾਹੀ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਜਦੋਂ ਕੋਈ ਜੀਵ ਆਪਣਾ ਸਰੀਰ, ਆਪਣਾ ਮਨ ਅਤੇ ਆਪਣਾ ਧਨ, ਪ੍ਰਭੂ ਦੇ ਪਿਆਰੇ ਸੰਤ ਜਨਾਂ ਦੇ ਹਵਾਲੇ ਕਰ ਦਿੰਦਾ ਹੈ; ਭਾਵ ਸੰਸਾਰ ਦੀ ਹਰ ਇਕ ਚੀਜ਼ ਨਾਲੋਂ ਲਗਾਉ ਤੋੜ ਕੇ ਸੰਤ, ਭਾਵ ਗੁਰੂ ਦੀ ਕਿਰਪਾ ਨਾਲ ਉਸ ਮਾਲਕ ਪ੍ਰਭੂ ਜੀ ਦੇ ਸਿਮਰਨ ਵਿਚ ਜੁੜ ਜਾਂਦਾ ਹੈ, ਸਰਬ ਕੁਸਲ ਤਬ ਥੀਆ, ਭਾਵ ਉਦੋਂ ਪ੍ਰਭੂ ਦੀ ਮਿਹਰ ਨਾਲ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ।

ਸੰਤਨ ਬਿਨੁ ਅਵਰੁ ਨ ਦਾਤਾ ਬੀਆ॥<br>
ਜੋ ਜੋ ਸਰਣਿ ਪਰੈ ਸਾਧੂ ਕੀ<br>
ਸੋ ਪਾਰਗਰਾਮੀ ਕੀਆ॥ਰਹਾਉ॥

ਇਸ ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਆਖਦੇ ਹਨ, ਹੇ ਭਾਈ! ਸੰਤਨ ਬਿਨੁ ਅਵਰੁ ਨ ਦਾਤਾ ਬੀਆ, ਭਾਵ ਪ੍ਰਭੂ ਦੇ ਪਿਆਰੇ ਸੰਤ ਜਨਾਂ ਤੋਂ ਬਗੈਰ ਹੋਰ ਕੋਈ ਦਾਤਾ ਸੰਸਾਰ ਵਿਚ ਹੈ ਹੀ ਨਹੀਂ ਜੋ ਵਾਹਿਗੁਰੂ ਦੇ ਨਾਮ ਦੀ ਦਾਤ ਦੇ ਸਕੇ। ਹੇ ਜਗਤ ਦੇ ਲੋਕੋ! ਜਿਹੜਾ ਜਿਹੜਾ ਵੀ ਜੀਵ ਪੂਰੇ ਗੁਰੂ ਦੀ ਸ਼ਰਨ ਜਾ ਪੈਂਦਾ ਹੈ, ਗੁਰੂ ਉਸ ਨੂੰ ਨਾਮ ਸਿਮਰਨ ਨਾਲ ਜੋੜ ਕੇ ਪਰਗਰਾਮੀ, ਭਾਵ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ।

ਕੋਟਿ ਪਰਾਧ ਮਿਟਹਿ ਜਨ ਸੇਵਾ<br>
ਹਰਿ ਕੀਰਤਨੁ ਰਸਿ ਗਾਈਐ॥<br>
ਈਹਾ ਸੁਖੁ ਆਗੈ ਮੁਖ ਉਜਲ<br>
ਜਨ ਕਾ ਸੰਗੁ ਵਡਭਾਗੀ ਪਾਈਐ॥੨॥

ਹੇ ਭਾਈ! ਪ੍ਰਭੂ ਦੇ ਪਿਆਰੇ ਸੰਤ ਜਨਾਂ ਦੇ ਦੱਸੇ ਮੁਤਾਬਕ ਜੋ ਜੀਵ ਸੇਵਾ ਅਤੇ ਸਿਮਰਨ ਕਰਨ ਲੱਗ ਪੈਂਦੇ ਹਨ, ਉਨ੍ਹਾਂ ਦੇ ਕਰੋੜਾਂ ਹੀ ਪਾਪਾਂ ਦਾ ਨਾਸ ਹੋ ਜਾਂਦਾ ਹੈ। ਹਰਿ ਕੀਰਤਨੁ ਰਸਿ ਗਈਐ, ਭਾਵ ਹੇ ਭਾਈ! ਪ੍ਰਭੂ ਦੇ ਪ੍ਰੇਮ ਰਸ ਵਿਚ ਡੁਬ ਕੇ ਹੀ ਉਸ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ। ਈਹਾ ਸੁਖੁ ਆਗੈ ਮੁਖ ਉਜਲ, ਭਾਵ ਨਾਮ ਸਿਮਰਨ ਕਰਨ ਨਾਲ ਇੱਥੇ ਸੁੱਖ ਮਿਲਦਾ ਹੈ ਅਤੇ ਪ੍ਰਲੋਕ ਵਿਚ ਮੁੱਖ ਉਜਲਾ ਹੁੰਦਾ ਹੈ, ਪਰ ਉਹਦੇ ਸੰਤ ਜਨਾਂ ਦਾ ਸੰਗ ਵੱਡੇ ਭਾਗਾਂ ਨਾਲ ਹੀ ਮਿਲਦਾ ਹੈ।

ਰਸਨਾ ਏਕ ਅਨੇਕ ਗੁਣ ਪੂਰਨ<br>
ਜਨ ਕੀ ਕੇਤਕ ਉਪਮਾ ਕਹੀਐ॥<br>
ਅਗਮ ਅਗੋਚਰ ਸਦ ਅਬਿਨਾਸੀ<br>
ਸਰਣਿ ਸੰਤਨ ਕੀ ਲਹੀਐ॥੩॥

ਹੁਣ ਗੁਰਦੇਵ ਜੀ ਪ੍ਰਭੂ ਦੀ ਉਪਮਾ ਕਰਦੇ ਹਨ ਕਿ ਹੇ ਭਾਈ! ਰਸਨਾ ਏਕ ਅਨੇਕ ਗੁਣ ਪੂਰਨ, ਭਾਵ ਮੇਰੇ ਕੋਲ ਤਾਂ ਇਕੋ ਹੀ ਜੀਭਾ ਹੈ ਪਰ ਸੰਤ ਜਨ ਤਾਂ ਅਨੇਕਾਂ ਹੀ ਗੁਣਾਂ ਨਾਲ ਭਰਪੂਰ ਹਨ; ਜਨ ਕੀ ਕੇਤਕ ਉਪਮਾ ਕਹੀਐ, ਭਾਵ ਮੈਂ ਇਕ ਜੀਭ ਨਾਲ ਕਿੰਨੀ ਕੁ ਸਿਫ਼ਤ ਸਲਾਹ ਕਰ ਸਕਦਾ ਹਾਂ। ਅਗਮ ਜਿਸ ਤਕ ਪਹੁੰਚ ਨਾ ਹੋ ਸਕੇ; ਅਗੋਚਰ ਗਿਆਨ ਇੰਦਰਿਆਂ ਦੀ ਸਮਝ ਤੋਂ ਪਰਾਂ; ਅਬਿਨਾਸੀ ਸਦਾ ਰਹਿਣ ਵਾਲਾ ਸੰਤਾਂ ਦੀ ਸ਼ਰਨ ਪਿਆਂ ਹੀ ਮਿਲਦਾ ਹੈ।

ਨਿਰਗੁਨ ਨੀਚ ਅਨਾਥ ਅਪਰਾਧੀ<br>
ਓਟ ਸੰਤਨ ਕੀ ਆਹੀ॥<br>
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ<br>
ਨਾਨਕ ਲੇਹੁ ਨਿਬਾਹੀ॥੪॥

ਹੇ ਮਿਹਰਵਾਨ ਪ੍ਰਭੂ ਜੀਓ! ਇਹ ਦਾਸ ਨਾਨਕ ਅਰਦਾਸ ਕਰਦਾ ਹੈ-ਨਿਰਗੁਨ ਭਾਵ ਮੇਰੇ ਕੋਲ ਕੋਈ ਗੁਣ ਨਹੀਂ ਹੈ ਅਤੇ ਮੈਂ ਕਰਮਾਂ ਕਰ ਕੇ ਨੀਚ ਭੀ ਹਾਂ ਅਤੇ ਮੈਂ ਅਨਾਥ, ਭਾਵ ਨਿਆਸਰਾ ਭੀ ਹਾਂ; ਅਪਰਾਧੀ ਵੀ ਹਾਂ, ਮੈਂ ਜੀਵਨ ਵਿਚ ਅਪਰਾਧ ਭੀ ਬਥੇਰੇ ਕੀਤੇ ਹਨ ਪਰ ਪ੍ਰਭੂ ਜੀਓ! ਮੈਂ ਆਪਣੇ ਸੰਤ ਜਨਾਂ ਦੀ ਓਟ, ਭਾਵ ਆਸਰਾ ਲਿਆ ਹੈ; ਹੇ ਪ੍ਰਭੂ ਦੇ ਪਿਆਰਿਓ! ਮੋਹ ਮਾਇਆ ਦੇ ਅੰਨ੍ਹੇ ਖੂਹ ਵਿਚੋਂ ਮੈਨੂੰ ਡੁੱਬ ਰਹੇ ਨੂੰ ਬਚਾਓ ਤੇ ਸ਼ਰਨ ਪਏ ਦੀ ਲਾਜ ਰੱਖੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*<br>
*ਫੋਨ: 916-687-3536*

## ਰਿਬੇਰੋ ਦੀ ਆਪਬੀਤੀ-7

# ਲੋਕਾਂ ਦੇ ਸ਼ਿਕਵੇ ਦਰਕਿਨਾਰ ਕਰ ਦਿੱਤੇ ਗਏ...

***ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਪੁਲਿਸ ਪ੍ਰਸ਼ਾਸਨ ਤੋਂ ਇਲਾਵਾ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪੰਜਾਬ ਬਾਰੇ ਪਹੁੰਚ ਦਾ ਖੁਲਾਸਾ ਹੈ। ਇਸ ਕਿਸ਼ਤ ਵਿਚ ਆਵਾਮ ਦੇ ਵਿਚਾਰ ਵੀ ਪਰੋਏ ਗਏ ਹਨ। -ਸੰਪਾਦਕ***

ਜੂਲੀਓ ਰਿਬੇਰੋ

**ਅਨੁਵਾਦ: ਹਰਪਾਲ ਸਿੰਘ ਪੰਨੂ**
ਫੋਨ: 91-94642-51454

**ਪੰਨਾ 297:** ਦੋ ਅਕਤੂਬਰ ਨੂੰ ਦਿੱਲੀ ਰਾਜਘਾਟ ਵਿਖੇ ਦੇਸੀ ਬੰਦੂਕ ਨਾਲ ਇਕ ਸਿੱਖ ਨੇ ਰਾਜੀਵ ਗਾਂਧੀ ਉਪਰ ਫਾਇਰ ਕਰ ਦਿੱਤਾ। ਅਗਲੇ ਦਿਨ ਜਲੰਧਰ ਪੰਜਾਬ ਆਫੀਸਰਜ਼ ਮੈਸ ਦੇ ਲਾਅਨ ਵਿਚ ਮੈਂ ਅਪਣੀ ਪਤਨੀ ਨਾਲ ਸੈਰ ਕਰ ਰਿਹਾ ਸਾਂ, ਤਾਂ ਸਵਖਤੇ ਸਵੇਰ ਸਾਰ ਪੁਲਿਸ ਵਰਦੀਆਂ ਪਹਿਨੀ ਅੰਦਰ ਲੰਘ ਆਏ ਖਾੜਕੂਆਂ ਨੇ ਸੰਤਰੀਆਂ ਉਪਰ, ਤੇ ਸਾਡੇ ਦੋਵਾਂ ਉਪਰ ਫਾਇਰਿੰਗ ਖੋਲ੍ਹ ਦਿੱਤੀ। ਬਹੁਤ ਮਜ਼ਬੂਤ ਕਿਲੇ ਵਿਚ ਉਹ ਉਸ ਜੀਪ ਵਿਚ ਆਏ ਸਨ ਜਿਸ ਨੂੰ ਪੁਲਿਸ ਜੀਪਾਂ ਵਾਂਗ ਰੰਗ ਕੀਤਾ ਹੋਇਆ ਸੀ। ਦੋ ਸੰਤਰੀ ਥਾਏਂ ਮਾਰੇ ਗਏ, ਦੋ ਬੁਰੀ ਤਰ੍ਹਾਂ ਜ਼ਖਮੀ ਹੋਏ। ਮੈਂ ਪੇਟ ਭਾਰ ਜ਼ਮੀਨ 'ਤੇ ਡਿੱਗ ਪਿਆ। ਮੇਰੀ ਪਤਨੀ ਦੀ ਬਾਂਹ ਵਿਚੋਂ ਗੋਲੀ ਪਾਰ ਹੋ ਗਈ। ਇਸ ਖਿਆਲ ਨਾਲ ਕਿ ਮੈਂ ਮਰ ਗਿਆ ਹਾਂ, ਉਨ੍ਹਾਂ ਨੇ ਜੀਪ ਵਿਚ ਛਾਲਾਂ ਮਾਰੀਆਂ ਤੇ ਭੱਜ ਗਏ। ਮੇਨ ਰੋਡ ਉਪਰ ਇਕ ਟਰੱਕ ਉਨ੍ਹਾਂ ਦੇ ਇੰਤਜ਼ਾਰ ਵਿਚ ਖਲੋਤਾ ਸੀ, ਜੀਪ ਉਥੇ ਛੱਡ ਕੇ ਉਹ ਟਰੱਕ ਵਿਚ ਸਵਾਰ ਹੋ ਗਏ।

'ਟਾਈਮਜ਼ ਆਫ ਇੰਡੀਆ' ਨੇ 4 ਅਕਤੂਬਰ ਨੂੰ ਸੰਪਾਦਕੀ ਵਿਚ ਲਿਖਿਆ-ਰਿਬੇਰੋ ਉਪਰ ਜਾਨਲੇਵਾ ਹਮਲੇ ਦੀ ਖਬਰ ਸੁਣ ਕੇ ਕਿਸੇ ਨੂੰ ਹੈਰਾਨੀ ਨਹੀਂ ਹੋਈ। ਜਦੋਂ ਦਾ ਉਸ ਨੇ ਚਾਰਜ ਲਿਆ ਹੈ, ਖਾੜਕੂਆਂ ਵਲੋਂ ਪ੍ਰਸ਼ਾਸਨ ਨੂੰ ਸਾਹ-ਸਤਹੀਣ ਕਰਨ ਦੇ ਯਤਨਾਂ ਵਿਚ ਉਹ ਰੁਕਾਵਟ ਬਣ ਰਿਹਾ ਹੈ। ਉਸ ਨੇ ਜੋ ਕੀਤਾ ਹੈ, ਮੰਨਣ ਵਿਚ ਨਹੀਂ ਆਉਂਦਾ ਕਿ ਹੋ ਸਕਦਾ ਸੀ। ਕੁਝ ਅਖਬਾਰਾਂ ਨੇ ਖਾੜਕੂਆਂ ਦੇ ਦ੍ਰਿੜ੍ਹ ਇਰਾਦੇ, ਕਿਲੇਬੰਦ ਸੁਰੱਖਿਅਤ ਇਮਾਰਤ ਵਿਚ ਘੁਸਣ ਦੀ ਸਮਰੱਥਾ ਦਾ ਜ਼ਿਕਰ ਕਰਦਿਆਂ ਲਿਖਿਆ ਕਿ ਜੇ ਰਿਬੇਰੋ ਦੀ ਮੌਤ ਹੋ ਜਾਂਦੀ, ਫਿਰ ਕੀ ਨਤੀਜੇ ਹੁੰਦੇ?

ਪ੍ਰਧਾਨ ਮੰਤਰੀ ਆਂਧਰਾ ਪ੍ਰਦੇਸ਼ ਦਾ ਦੌਰਾ ਕਰ ਰਿਹਾ ਸੀ। ਹੈਦਰਾਬਾਦ ਤੋਂ ਜਹਾਜ਼ ਚੜ੍ਹਨ ਲੱਗਾ ਤਾਂ ਉਸ ਨੂੰ ਮੇਰੇ ਉਤੇ ਹਮਲੇ ਦੀ ਖਬਰ ਮਿਲੀ। ਮੇਰੇ ਬੈਚਮੇਟ ਸਲਧਾਨਾ ਜੋ ਆਂਧਰਾ ਦਾ ਪੁਲਿਸ ਚੀਫ ਸੀ, ਨੇ ਮੈਨੂੰ ਦੱਸਿਆ ਕਿ ਜਦੋਂ ਪ੍ਰਧਾਨ ਮੰਤਰੀ ਨੂੰ ਪਤਾ ਲੱਗਾ ਕਿ ਮੈਂ ਵਾਲ-ਵਾਲ ਬਚ ਗਿਆ ਹਾਂ, ਉਸ ਨੇ ਸੰਤੋਖ ਦਾ ਸਾਹ ਲਿਆ। ਗ੍ਰਹਿ ਸਕੱਤਰ ਸੋਮੱਈਆ ਨੇ ਮੈਨੂੰ ਫੋਨ ਤੇ ਕਿਹਾ-ਜੇ ਤੁਹਾਡੀ ਮੌਤ ਹੋ ਜਾਂਦੀ, ਉਸੇ ਵਕਤ ਸਰਕਾਰ ਭੰਗ ਕਰ ਕੇ ਗਵਰਨਰੀ ਰਾਜ ਹੋ ਜਾਣਾ ਸੀ ਤੇ ਪੰਜਾਬ ਨੂੰ ਫੌਜ ਹਵਾਲੇ ਕਰ ਦੇਣਾ ਸੀ। ਸੀ.ਬੀ.ਆਈ. ਦੇ ਅੰਦਾਜ਼ੇ ਅਨੁਸਾਰ ਦਿੱਲੀ ਵਿਚ ਦੰਗੇ ਭੜਕ ਸਕਦੇ ਸਨ। ਇਨ੍ਹਾਂ ਗੱਲਾਂ ਵਿਚ ਕਿੰਨੀ ਕੁ ਸੱਚਾਈ ਹੈ, ਰੱਬ ਜਾਣੇ, ਪਰ ਮੈਂ ਬਚ ਗਿਆ; ਇਸ ਗੱਲ ਦੀ ਬੜੀ ਖੁਸ਼ੀ ਹੋਈ। ਮੇਰੀ ਪਤਨੀ ਦਾ ਇਲਾਜ ਜੁਆਨ ਸਰਜਨ ਡਾ. ਮਾਂਗਟ ਨੇ ਕੀਤਾ। ਇਹ ਮੇਰੇ ਸੀਨੀਅਰ ਅਫਸਰ ਮਾਂਗਟ ਦਾ ਬੇਟਾ ਸੀ। ਆਪ੍ਰੇਸ਼ਨ ਤੋਂ ਪਹਿਲਾਂ ਮਾਂ ਨੇ ਆਪਣੀਆਂ ਧੀਆਂ ਨਾਲ ਫੋਨ 'ਤੇ ਗੱਲ ਕਰਨੀ ਚਾਹੀ, ਕਰਵਾ ਦਿੱਤੀ। ਇਹ ਸਿਆਣੀ ਗੱਲ ਸੀ, ਕਿਉਂਕਿ ਥੋੜ੍ਹੀ ਦੇਰ ਬਾਅਦ ਰੇਡੀਓ ਤੋਂ ਖਬਰ ਨਸ਼ਰ ਹੋ ਗਈ ਤੇ ਸਾਡੀਆਂ ਧੀਆਂ ਕੋਲ ਬੇਸ਼ੁਮਾਰ ਫੋਨ ਆਉਣ ਲੱਗੇ। ਕਿਉਂਕਿ ਮਾਂ ਨਾਲ ਉਨ੍ਹਾਂ ਦੀ ਗੱਲ ਹੋ ਚੁੱਕੀ ਸੀ, ਸੋ ਫਿਕਰਮੰਦ ਸ਼ੁਭਚਿੰਤਕਾਂ ਨੂੰ ਉਹ 'ਸਭ ਅੱਛਾ ਹੈ' ਦੀ ਖਬਰ ਦਿੰਦੀਆਂ ਰਹੀਆਂ।

ਖਾੜਕੂ ਕਿਸ ਰਸਤੇ ਬਚ ਕੇ ਭੱਜੇ, ਮੈਂ ਖੁਦ ਰੂਟ ਲੱਭਣ ਲੱਗ ਪਿਆ। ਹਾਜ਼ਰ ਸੀਨੀਅਰ ਅਫਸਰ ਕਹੀ ਜਾਣ, ਤੁਸੀਂ ਮੈਸ ਤੋਂ ਬਾਹਰ ਨਾ ਨਿਕਲੋ, ਪਰ ਮੈਂ ਉਨ੍ਹਾਂ ਦੀ ਗੱਲ ਮੰਨਣ ਵਾਲਾ ਕਿਥੇ ਸਾਂ! ਮੈਂ ਬੈਰਕਾਂ ਵਿਚਲੇ ਪੁਲਸੀਆਂ ਨਾਲ ਗੱਲ ਕਰਨੀ ਚਾਹੁੰਦਾ ਸਾਂ, ਕਿਉਂਕਿ ਇਕ-ਦੋ ਕਾਲੀਆਂ ਭੇਡਾਂ ਅੰਦਰ ਮੌਜੂਦ ਸਨ ਜਿਨ੍ਹਾਂ ਸਦਕਾ ਖਾੜਕੂਆਂ ਤੱਕ ਮੇਰੀਆਂ ਹਰਕਤਾਂ, ਗਤੀਵਿਧੀਆਂ ਦੀ ਖਬਰ ਜਾਂਦੀ ਸੀ। ਆਪਣੇ ਦੁਆਲੇ ਹਰ ਵਕਤ ਸਿਪਾਹੀ ਨਹੀਂ ਰੱਖਦਾ ਸਾਂ, ਕਿਉਂਕਿ ਇਸ ਕਿਲੇ ਦੀ ਪੂਰੀ ਗਾਰਦ ਆਲੇ-ਦੁਆਲੇ ਤਾਇਨਾਤ ਤਾਂ ਸੀ। ਗਾਰਦ ਨੇ ਕੇਵਲ ਪੁਲਿਸ ਗੱਡੀ ਅੰਦਰ ਆਉਣ ਦੇਣੀ ਸੀ। ਇਹ ਸਾਰੇ ਪੀ.ਏ.ਪੀ. ਦੇ ਹਥਿਆਰਬੰਦ ਗਾਰਡ ਸਨ। ਮੇਰੀ ਨਿੱਜੀ ਗਾਰਦ ਸਵੇਰੇ 8 ਵਜੇ ਆਉਂਦੀ ਹੁੰਦੀ। ਇਸ ਗੱਲ ਦਾ ਹਮਲਾਵਰਾਂ ਨੂੰ ਪਤਾ ਲੱਗ ਗਿਆ।

ਸੀਨੀਅਰ ਅਫਸਰ ਨਹੀਂ ਚਾਹੁੰਦੇ ਸਨ ਕਿ ਮੈਂ ਸਿੱਖ ਜੁਆਨਾਂ ਨਾਲ ਘੁਲਾਂ-ਮਿਲਾਂ, ਪਰ ਮੈਂ ਉਨ੍ਹਾਂ ਤੋਂ ਦੂਰੀ ਬਣਾਉਣ ਦੇ ਖਿਲਾਫ ਸਾਂ। ਖਾੜਕੂਆਂ ਨੇ ਇਹ ਖਬਰ ਫੈਲਾ ਰੱਖੀ ਸੀ ਕਿ ਰਿਬੇਰੋ ਸਿੱਖ ਜੁਆਨੀ ਨੂੰ ਖਤਮ ਕਰਨ ਵਾਸਤੇ ਆਇਆ ਹੈ। ਮੈਂ ਆਪਣੇ ਜੁਆਨਾਂ ਨੂੰ ਪੁੱਛਦਾ ਸਾਂ-ਦੱਸੋ, ਮੈਂ ਜਾਂ ਕਿਸੇ ਹੋਰ ਅਫਸਰ ਨੇ ਤੁਹਾਨੂੰ ਕਦੀ ਕੋਈ ਅਜਿਹੀ ਹਦਾਇਤ ਦਿੱਤੀ ਹੈ? ਜਵਾਨ ਆਖਦੇ-ਨਹੀਂ, ਸਗੋਂ ਸਾਡੇ ਵਿਚੋਂ ਕੋਈ ਦਗੇਬਾਜ਼ ਹਮਲਾਵਰਾਂ ਨਾਲ ਮਿਲਿਆ ਹੋਇਆ ਹੈ। ਇਸ ਹਮਲੇ ਵਾਲੇ ਦਿਨ ਮੇਰਾ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਸੀ, ਮੈਂ ਰੱਦ ਨਹੀਂ ਕੀਤਾ। ਰੱਦ ਕਰ ਦਿੰਦਾ, ਖਾੜਕੂਆਂ ਕੋਲ ਰਮਜ਼ ਜਾਣੀ ਸੀ ਕਿ ਮੈਂ ਡਰ ਗਿਆ ਹਾਂ। ਅੰਮ੍ਰਿਤਸਰ ਜਾਣ ਤੋਂ ਪਹਿਲਾਂ ਜ਼ਖਮੀ ਜੁਆਨਾਂ ਨੂੰ, ਉਨ੍ਹਾਂ ਦੇ ਪਰਿਵਾਰਾਂ ਨੂੰ ਹਸਪਤਾਲ ਵਿਚ ਮਿਲ ਕੇ ਗਿਆ। ਫਿਰ ਮੈਂ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਨੂੰ ਇੰਟਰਵਿਊ ਦਿੱਤੀ। ਮੈਂ ਲੋਕਾਂ ਨੂੰ ਵਿਸ਼ਵਾਸ ਦਿਵਾਉਣਾ ਸੀ, ਮੈਂ ਲੜਾਂਗਾ ਤੇ ਆਪਣੇ ਅਕੀਦੇ ਤੋਂ ਪਿੱਛੇ ਨਹੀਂ ਹਟਾਂਗਾ। ਅੰਮ੍ਰਿਤਸਰ ਮੈਂ ਪ੍ਰੈਸ ਬੁਲਾਈ। ਚਾਰ ਅਕਤੂਬਰ ਨੂੰ ਮੇਰੀ ਖਬਰ ਦੀ ਸੁਰਖੀ ਛਪੀ-ਖਾੜਕੂਆਂ ਵਿਰੁਧ ਜੰਗ ਜਾਰੀ ਰਹੇਗੀ-ਡੀ.ਜੀ.ਪੀ.।

ਬਰਨਾਲਾ ਸਾਹਿਬ ਅਤੇ ਗਿਆਨੀ ਜ਼ੈਲ ਸਿੰਘ ਨੇ ਫੋਨ 'ਤੇ ਗੱਲ ਕੀਤੀ। ਰਾਸ਼ਟਰਪਤੀ ਨੇ ਯਾਦ ਕਰਵਾਇਆ-ਜਦੋਂ ਤੁਸੀਂ ਪੰਜਾਬ ਵਿਚ ਜਾਣਾ ਸੀ, ਮੈਂ ਤੁਹਾਨੂੰ ਦੱਸਿਆ ਸੀ ਬਹੁਤ ਖਤਰਨਾਕ ਥਾਂ ਚੱਲੇ ਹੋ। ਇਥੋਂ ਦੇ ਜੁਆਨ ਵਿਰੋਧੀ ਨੂੰ ਬਰਦਾਸ਼ਤ ਨਹੀਂ ਕਰਦੇ। ਮੁੱਖ ਮੰਤਰੀ ਨੇ ਸੀਨੀਅਰ ਅਫਸਰਾਂ ਦੀ ਐਮਰਜੈਂਸੀ ਮੀਟਿੰਗ ਸੱਦ ਕੇ ਆਪਣੀ ਅਤੇ ਮੰਤਰੀਆਂ ਦੀ ਸਿਕਿਉਰਿਟੀ ਵਧਾ ਲਈ।

5 ਅਕਤੂਬਰ ਨੂੰ ਰਾਜੀਵ ਗਾਂਧੀ ਨੇ ਆਪਣੇ ਘਰ ਬੁਲਾ ਕੇ ਪੁੱਛਿਆ ਕਿ ਮੇਰਾ ਤਜਰਬਾ ਕਿਸ ਤਰ੍ਹਾਂ ਰਿਹਾ। ਉਸ ਨੇ ਖੁਦ ਦੀ ਸੁਰੱਖਿਆ ਵਾਸਤੇ ਸਲਾਹ ਮੰਗੀ। ਇਹ ਪਹਿਲਾ ਮੌਕਾ ਸੀ ਜਦੋਂ ਅਸਾਂ ਦੋਵਾਂ ਨੇ ਆਹਮੋ-ਸਾਹਮਣੇ ਬੈਠ ਕੇ ਗੱਲਾਂ ਕੀਤੀਆਂ। ਉਸ ਨੇ ਗ੍ਰਹਿ ਮੰਤਰੀ ਚਿਦੰਬਰਮ, ਕੈਬਨਿਟ ਸਕੱਤਰ ਦੇਸ਼ਮੁਖ ਬੁਲਾ ਰੱਖੇ ਸਨ, ਸਾਡੀ ਮੀਟਿੰਗ ਵਕਤ ਉਹ ਬਾਹਰ ਰਹੇ। ਜਦੋਂ ਮੈਂ ਉਠਿਆ, ਉਸ ਨੇ ਦੱਸਿਆ-ਮੈਂ ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਚਿਦੰਬਰਮ ਹਵਾਲੇ ਕਰਨੀ ਹੈ। ਮੈਨੂੰ ਇਹ ਵੀ ਕਿਹਾ ਕਿ ਮੈਂ ਵੀ ਇਕ ਅਫਸਰ ਦਿਆਂ, ਜਿਹੜਾ ਪ੍ਰਧਾਨ ਮੰਤਰੀ ਦੀ ਸੁਰੱਖਿਆ ਉਤੇ ਨਜ਼ਰ ਰੱਖੇ। ਉਸ ਨੇ ਮੈਨੂੰ ਇਹ ਵੀ ਕਿਹਾ ਕਿ ਨਿਸ਼ਾਨਾ ਬਣਨ ਵਾਲਾ ਬੰਦਾ ਬੇਸ਼ਕ ਪੁਲਿਸਮੈਨ ਹੋਵੇ ਤਾਂ ਵੀ ਉਹ ਆਪਣਾ ਬਚਾਉ ਆਪ ਨਹੀਂ ਕਰ ਸਕਦਾ।

ਪ੍ਰਧਾਨ ਮੰਤਰੀ ਨੇ ਮੈਨੂੰ ਕਿਹਾ-ਤੁਹਾਡਾ ਸਿਕਿਉਰਿਟੀ ਅਫਸਰ ਤੁਹਾਡੇ ਤੋਂ ਕਿੰਨਾ ਵੀ ਜੂਨੀਅਰ ਕਿਉਂ ਨਾ ਹੋਵੇ, ਤੁਹਾਨੂੰ ਉਸ ਦੀ ਹਰ ਗੱਲ ਮੰਨਣੀ ਚਾਹੀਦੀ ਹੈ। ਆਈ.ਬੀ. ਵਿਚ ਤਾਇਨਾਤ ਆਈ.ਪੀ.ਐਸ. ਅਫਸਰ ਅਵਿੰਦਰ ਸਿੰਘ ਬਰਾੜ ਨੂੰ ਮੈਂ ਆਪਣਾ ਸੁਰੱਖਿਆ ਅਫਸਰ ਲਾ ਲਿਆ। ਉਸ ਦੀ ਆਈ.ਏ.ਐਸ. ਪਤਨੀ ਸੁਖਦੀਪ (ਸੁੱਖੀ) ਰਾਜਸਥਾਨ ਕੇਡਰ ਦੀ ਸੀ। ਉਸ ਦੀ ਵੀ ਪੰਜਾਬ ਵਿਚ ਬਦਲੀ ਕਰਵਾ ਦਿੱਤੀ। ਰਾਜੀਵ ਗਾਂਧੀ ਨਾਲ ਮੇਰੀਆਂ ਅਨੇਕ ਮੀਟਿੰਗਾਂ ਹੋਈਆਂ ਹਨ, ਪਰ ਇਹ ਇਕ ਦਿਨ ਦੀ ਮੀਟਿੰਗ ਯਾਦ ਰਹੇਗੀ ਜਦੋਂ ਅਸੀਂ ਦੋਵਾਂ ਨੇ ਕੇਵਲ ਆਪਣੇ ਬਚਾਉ ਵਾਸਤੇ ਗੱਲਾਂ ਕੀਤੀਆਂ। ਅੱਗੋਂ-ਪਿੱਛੋਂ ਉਸ ਨੂੰ ਮਿਲਣ ਵਾਸਤੇ ਮੈਂ ਗਵਰਨਰ ਨਾਲ ਜਾਂਦਾ। ਜਦੋਂ ਗਵਰਨਰੀ ਰਾਜ ਹੋ ਗਿਆ, ਫਿਰ ਤਾਂ ਮੁਲਾਕਾਤਾਂ ਦੀ ਗਿਣਤੀ ਵਧੀਕ ਹੋ ਗਈ।

ਰਾਜੀਵ ਖੁਸ਼ਮਿਜਾਜ਼ ਬੰਦਾ ਸੀ ਜੋ ਮੈਨੂੰ ਚੰਗਾ ਲੱਗਾ। ਟੈਕਨਾਲੋਜੀ ਵਿਚ ਉਸ ਦੀ ਸਦਾ ਰੁਚੀ ਰਹੀ। ਮੀਟਿੰਗਾਂ ਵਿਚ ਉਹ ਆਪਣਾ ਕੰਪਿਊਟਰ ਲੈ ਕੇ ਆਉਂਦਾ ਤੇ ਖਾਸ ਨੁਕਤੇ ਖੁਦ ਫੀਡ ਕਰਦਾ। ਮੈਨੂੰ ਨਹੀਂ ਪਤਾ ਸੌਂਦਾ ਕਦੋਂ। ਸਾਰੀ ਸਾਰੀ ਰਾਤ ਮੀਟਿੰਗ ਕਰਨ ਉਪਰੰਤ ਤਾਜ਼ਾ ਦਮ ਹੁੰਦਾ। ਇਕ ਵਾਰ ਸਵੇਰ ਦੇ ਪੰਜ ਵਜੇ ਤੱਕ ਸਾਡੀ ਮੀਟਿੰਗ ਚਲਦੀ ਰਹੀ। ਪੂਰੇ ਅੱਠ ਵਜੇ ਫੇਰ ਉਹ ਆਪਣੇ ਡੈਸਕ ਉਪਰ ਆ ਬੈਠਾ।

ਆਪਣੇ ਉਪਰ ਅਸਫਲ ਹਮਲੇ ਬਾਅਦ ਮੈਂ ਲੋਕਾਂ ਨੂੰ ਬਹੁਤਾ ਮਿਲਣ ਲੱਗ ਪਿਆ। ਪਿੰਡਾਂ ਦੇ ਜੱਟ ਸਿੱਖਾਂ ਨੂੰ ਖਾਸ ਕਰ ਕੇ। ਸਖਤ ਮਿਹਨਤੀ, ਹੌਸਲੇ ਵਾਲੇ ਉਹ ਸਾਦੇ ਲੋਕ ਹਨ। ਮੈਂ ਕਿਸੇ ਪਿੰਡ ਚਲਾ ਜਾਂਦਾ ਜਿਥੇ ਗਵਾਂਢੀ ਪਿੰਡਾਂ ਦੇ ਪੰਚ ਸਰਪੰਚ ਸੱਦੇ ਹੁੰਦੇ। ਆਉਣ ਵਾਲੇ ਲੋਕਾਂ ਦੀ ਵਧੀਕ ਗਿਣਤੀ ਕਾਰਨ ਸੁਰੱਖਿਆ ਇੰਤਜ਼ਾਮ ਪੁਖਤਾ ਹੁੰਦੇ। ਜਿਹੜੀ ਗੱਲ ਮੈਨੂੰ ਬੁਰੀ ਲਗਦੀ, ਉਹ ਇਹ ਕਿ ਮੇਰੇ ਅਤੇ ਪੇਂਡੂਆਂ ਵਿਚਕਾਰ ਸਿਪਾਹੀ ਸੁਰੱਖਿਆ ਦੀਵਾਰ ਖੜ੍ਹੀ ਕਰ ਦਿੰਦੇ। ਮੀਟਿੰਗ ਪਿੱਛੋਂ ਮੈਂ ਲੋਕਾਂ ਵਿਚ ਜਾ ਵੜਦਾ। ਸਰਪੰਚਾਂ ਨੇ ਚਾਹ-ਪਾਣੀ ਦਾ ਇੰਤਜ਼ਾਮ ਕੀਤਾ ਹੁੰਦਾ।

ਆਪਣੇ ਕਾਰਜਕਾਲ ਦੌਰਾਨ ਮੈਂ ਘੱਟੋ-ਘੱਟ 200 ਪਿੰਡੀਂ ਗਿਆ। ਹਰ ਪਿੰਡ, ਆਲੇ-ਦੁਆਲੇ ਦੇ ਪੰਜ ਪਿੰਡਾਂ ਦੇ ਨੁਮਾਇੰਦੇ ਸੱਦੇ ਹੁੰਦੇ। ਮੈਂ ਉਨ੍ਹਾਂ ਨੂੰ ਦੱਸਣਾ ਸੀ, ਮੈਂ ਕੀ ਕਰ ਰਿਹਾ ਹਾਂ। ਵੱਖਵਾਦ ਨਾਲ ਨਜਿੱਠਣ ਦਾ ਕਲਾਸੀਕਲ ਤਰੀਕਾ ਇਕੋ ਹੈ, ਲੋਕਾਂ ਨਾਲੋਂ ਟੁੱਟੋ ਨਾ। ਲੋਕਾਂ ਨੂੰ ਆਪਣੇ ਹਮਾਇਤੀ ਬਣਾਓ।

ਦਹਿਸ਼ਤਪਸੰਦੀ ਅਤੇ ਦਹਿਸ਼ਤਵਾਦੀ, ਇਹ ਦੋ ਵੱਖ-ਵੱਖ ਚੀਜ਼ਾਂ ਹਨ। ਦਹਿਸ਼ਤਵਾਦੀਆਂ ਨਾਲ ਕਾਊਂਟਰ ਦਹਿਸ਼ਤਵਾਦੀ ਸਕੁਐਡਾਂ ਨੂੰ ਲੜਨਾ ਪਵੇਗਾ। ਸੂਹ ਕੱਢ ਕੇ ਗ੍ਰਿਫਤਾਰ ਕਰਨੇ ਪੈਣਗੇ। ਹੋ ਸਕਦਾ ਹੈ ਅਜਿਹਾ ਕਰਦਿਆਂ ਮੁਕਾਬਲਾ ਹੋ ਜਾਵੇ ਤੇ ਮਾਰੇ ਜਾਣ। ਪੁਲਸੀਏ ਵਧੀਕ ਗਿਣਤੀ ਵਿਚ ਮਰਦੇ ਹਨ। ਇਹ ਧੀਮੀ ਰਫਤਾਰ ਦਾ ਯੁੱਧ ਹੈ ਜਿਹੜਾ ਜਾਰੀ ਰੱਖਣਾ ਪਵੇਗਾ। ਦਹਿਸ਼ਤਵਾਦੀ ਕਮਿੱਟਿਡ ਬੰਦੇ ਹਨ, ਕਦੀ ਆਪਣਾ ਮਿਸ਼ਨ ਨਹੀਂ ਛੱਡਣਗੇ। ਜੇ ਲੋਕਾਂ ਦੀ ਹਮਦਰਦੀ ਉਨ੍ਹਾਂ ਨਾਲ ਨਾ ਰਹੀ, ਤਦ ਉਹ ਯਕੀਨਨ ਹਾਰਨਗੇ। ਲੋਕ ਉਨ੍ਹਾਂ ਨਾਲ ਨਹੀਂ, ਤਾਂ ਉਨ੍ਹਾਂ ਦੀ ਸੂਹ ਪੁਲਿਸ ਨੂੰ ਦੇ ਦਿਆ ਕਰਨਗੇ।

ਕਈ ਹਾਲਾਤ ਵਿਚ ਲੋਕ ਡਰੇ ਹੋਏ ਹੁੰਦੇ ਹਨ। ਤਦ ਵੀ ਕੁਝ ਲੋਕ ਚੁਪਕੇ ਚੁਪਕੇ ਉਨ੍ਹਾਂ ਦੀ ਖਬਰ ਦੇ ਦੇਣਗੇ; ਉਦੋਂ ਜੇ ਉਨ੍ਹਾਂ ਨਾਲ ਹਮਦਰਦੀ ਨਹੀਂ। ਜੱਟ ਸਿੱਖ ਘਰਾਂ ਵਿਚ ਇਨ੍ਹਾਂ 'ਮੁੰਡਿਆਂ' ਲਈ ਹਮਦਰਦੀ ਰਹੀ, ਕਿਉਂਕਿ ਇਨ੍ਹਾਂ ਦਾ ਧਰਮ ਇਕੋ ਹੈ ਤੇ ਆਖਰ ਇਹ ਹਰ ਕੁਰਬਾਨੀ ਦੇਣ ਲਈ ਤਿਆਰ ਹਨ, ਜਾਨ ਤੱਕ। ਸਿੱਖ ਮਨ ਵਿਚ ਕੁਰਬਾਨੀ ਸ਼ਬਦ ਬਹੁਤ ਪਿਆਰਾ ਹੈ। ਸਿੱਖਾਂ ਨੂੰ ਇਹੀ ਦੱਸਿਆ ਜਾਂਦਾ ਰਿਹਾ ਹੈ ਕਿ ਕੇਂਦਰ ਸਰਕਾਰ ਉਨ੍ਹਾਂ ਨਾਲ ਬੇਇਨਸਾਫੀ ਕਰਦੀ ਰਹੀ ਹੈ। ਬੇਇਨਸਾਫੀ ਦੀਆਂ ਉਦਾਹਰਣਾਂ ਮੰਗੋ, ਬਹੁਤੀ ਵਾਰ ਦਲੀਲਾਂ ਨਹੀਂ ਹੁੰਦੀਆਂ। ਦੇਰ ਤੋਂ ਉਨ੍ਹਾਂ ਦੇ ਦਿਮਾਗ ਵਿਚ ਲੀਡਰਾਂ ਨੇ ਇਹ ਗੱਲ ਵਸਾ ਦਿੱਤੀ ਹੈ ਕਿ ਦਿੱਲੀ ਦੀਆਂ ਹਿੰਦੂ ਕਾਂਗਰਸ ਸਰਕਾਰਾਂ ਉਨ੍ਹਾਂ ਨਾਲ ਧੱਕਾ ਕਰਦੀਆਂ ਰਹੀਆਂ ਹਨ। ਸਾਦੇ ਕਿਸਾਨ ਨੂੰ ਬਹੁਤੀਆਂ ਡੂੰਘੀਆਂ ਦਲੀਲਾਂ ਦੇਣ ਦੀ ਲੋੜ ਨਹੀਂ ਪੈਂਦੀ।

ਆਪਣੇ ਦੌਰਿਆਂ ਦੌਰਾਨ ਅਨੇਕ ਪੇਂਡੂ ਲੋਕਾਂ ਨਾਲ ਗੱਲਾਂ ਕਰਦਿਆਂ ਦੇਖਿਆ ਕਿ ਦੋ ਨੁਕਤੇ ਉਨ੍ਹਾਂ ਨੂੰ ਚੁੱਭ ਰਹੇ ਹਨ। ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਦਿੱਲੀ ਅਤੇ ਹੋਰ ਥਾਂਵਾਂ 'ਤੇ ਸਿੱਖ ਕਿਉਂ ਕਤਲ ਕੀਤੇ ਗਏ? ਸਰਕਾਰ ਨੇ ਗ੍ਰਿਫਤਾਰ ਕਰ ਕੇ ਦੋਸ਼ੀਆਂ ਉਪਰ ਮੁਕੱਦਮੇ ਕਿਉਂ ਨਹੀਂ ਚਲਾਏ? ਜਿਨ੍ਹਾਂ ਲੀਡਰਾਂ ਨੇ ਭੀੜਾਂ ਨੂੰ ਅੱਗਜ਼ਨੀ ਤੇ ਕਤਲਾਂ ਲਈ ਉਕਸਾਇਆ, ਉਨ੍ਹਾਂ ਨੂੰ ਸਜ਼ਾਵਾਂ ਕਿਉਂ ਨਹੀਂ ਦਿੱਤੀਆਂ? ਮੇਰੇ ਕੋਲ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਸਨ। ਇਹ ਸੱਚ ਹੈ ਕਿ ਦੋਸ਼ੀਆਂ ਉਪਰ ਮੁਕੱਦਮੇ ਚਲਾਉਣ ਵਾਸਤੇ ਸਿਆਸੀ ਇੱਛਾ ਸੀ ਹੀ ਨਹੀਂ, ਪਰ ਮੇਰੇ ਦਿਲ ਵਿਚ ਇਸ ਮਸਲੇ ਬਾਰੇ ਕੀ ਕੀ ਖਿਆਲ ਆਉਂਦੇ ਹਨ, ਕੀ ਮੈਂ ਉਨ੍ਹਾਂ ਨੂੰ ਦੱਸ ਸਕਿਆ?

**ਪੰਨਾ 302:** ਪੇਂਡੂਆਂ ਦਾ ਦੂਜਾ ਗਿਲਾ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਬਾਰੇ ਸੀ। ਇਹ ਉਹ ਬੰਦੀ ਸਨ ਜਿਹੜੇ ਆਪ੍ਰੇਸ਼ਨ ਬਲੂਸਟਾਰ ਵੇਲੇ ਫੜੇ ਗਏ। ਬਹੁਤਿਆਂ ਦਾ ਖਾਲਿਸਤਾਨ ਜਾਂ ਭਿੰਡਰਾਂਵਾਲੇ ਨਾਲ ਕੋਈ ਤੁਅਲਕ ਨਹੀਂ ਸੀ। ਉਹ ਤਾਂ ਪੰਜਵੇਂ (ਗਲਤੀਵਸ ਰਿਬੇਰੋ ਨੇ ਇਥੇ ਛੇਵੇਂ ਗੁਰੂ ਲਿਖ ਦਿੱਤਾ ਹੈ) ਗੁਰੂ ਦੀ ਸ਼ਹਾਦਤ ਦੇ ਦਿਨ ਮੱਥਾ ਟੇਕਣ ਗਏ ਸਨ। ਬਦਕਿਸਮਤੀ ਨਾਲ ਆਪ੍ਰੇਸ਼ਨ ਕਰਨ ਵਾਸਤੇ ਇਹੋ ਦਿਨ ਚੁਣਿਆ ਗਿਆ; ਕਿਉਂਕਿ ਖਾੜਕੂਆਂ ਸਮੇਤ ਇਹ ਲੋਕ ਅੰਦਰੋਂ ਫੌਜ ਨੇ ਫੜੇ ਇਸ ਕਰ ਕੇ ਇਨ੍ਹਾਂ ਸਾਰਿਆਂ ਉਤੇ "ਸਟੇਟ ਵਿਰੁਧ ਜੰਗ ਛੇੜ ਦੇਣ" ਦਾ ਸੰਗੀਨ ਫਰਦ ਜੁਰਮ ਲਾ ਕੇ ਸਾਜ਼ਿਸ਼ ਕੇਸ ਬਣਾ ਦਿੱਤਾ ਗਿਆ। ਬੇਕਸੂਰਾਂ ਨੂੰ ਦੋਸ਼ੀਆਂ ਨਾਲੋਂ ਵੱਖ ਨਾ ਕੀਤਾ ਗਿਆ, ਚਾਰਜਸ਼ੀਟ ਪੇਸ਼ ਕਰਨ ਵੇਲੇ ਸਭ ਦੇ ਨਾਮ ਇਕੋ ਲਿਸਟ ਵਿਚ ਸਨ, ਸੋ ਸਾਰੇ ਟੰਗੇ ਗਏ। ਪੇਂਡੂਆਂ ਨੂੰ ਕਾਨੂੰਨੀ ਬਰੀਕੀਆਂ ਦਾ ਕੀ ਪਤਾ? ਲੋਕਾਂ ਦਾ ਸਵਾਲ ਸੀ, ਇੰਨਾ ਲੰਮਾ ਸਮਾਂ ਇੰਨੀ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਕਿਉਂ ਬੰਦ ਕਰ ਰੱਖਿਐ? ਤਿੰਨ ਸਾਲ ਤੋਂ ਮੁਕੱਦਮਾ ਲਟਕ ਰਿਹਾ ਹੈ, ਕਿਉਂਕਿ ਕਦੀ ਇਕ ਬੰਦੀ ਬਿਮਾਰ ਹੋਣ ਕਰ ਕੇ ਪੇਸ਼ੀ 'ਤੇ ਨਹੀਂ ਜਾ ਸਕਦਾ, ਕਦੀ ਦੂਜਾ; ਅਦਾਲਤਾਂ ਤਰੀਕ ਦਰ ਤਰੀਕ ਪਾਉਂਦੀਆਂ ਰਹਿੰਦੀਆਂ। ਦੋ ਸੌ ਬੰਦੀ ਸਨ, ਵਕੀਲਾਂ ਦੀ ਧਾੜ ਸੀ, ਗਵਾਹਾਂ ਦੀ ਜਿਰ੍ਹਾ ਕਰਨੀ ਸੀ, ਫਲਸਰੂਪ ਸਿਰੇ ਤਾਂ ਕੀ ਲੱਗਣਾ ਸੀ, ਮੁਕੱਦਮਾ ਸ਼ੁਰੂ ਹੀ ਨਹੀਂ ਹੋਇਆ।

ਹੋਰ ਸ਼ਿਕਵੇ ਵੀ ਸਨ। ਮਸਲਨ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਿਉਂ ਨਾ ਹੋਇਆ? ਅਕਾਲੀ ਲੀਡਰ ਚੰਡੀਗੜ੍ਹ, ਪੰਜਾਬ ਹਵਾਲੇ ਕਰਨ ਵਿਚ ਰੁਚਿਤ ਹੋਣਗੇ, ਪੇਂਡੂਆਂ ਦਾ ਇਸ ਮੰਗ ਨਾਲ ਕੋਈ ਸਰੋਕਾਰ ਨਹੀਂ ਸੀ। ਜਿਹੜੀ ਗੱਲ ਉਨ੍ਹਾਂ ਨੂੰ ਚੁਭਦੀ ਸੀ, ਉਹ ਇਹ ਕਿ ਪੰਜਾਬ ਦਾ ਪਾਣੀ ਹਰਿਆਣਾ ਨੂੰ ਕਿਉਂ ਦਿੱਤਾ ਜਾਏ? ਖੇਤੀ ਵਾਸਤੇ ਪਾਣੀ ਹੀ ਲਹੂ ਹੈ ਤੇ ਪ੍ਰਚਾਰ ਸੱਚਾ ਹੋਵੇ ਚਾਹੇ ਝੂਠਾ, ਜੇ ਕਿਸਾਨਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਦਾ ਪਾਣੀ ਬਾਹਰ ਭੇਜਿਆ ਜਾ ਰਿਹੈ ਤਾਂ ਉਹ ਬੇਚੈਨ ਹੋਣਗੇ ਹੀ ਹੋਣਗੇ।

**ਪੰਨਾ 303:** ਮੈਂ ਆਪਣੇ ਖਿਆਲਾਤ ਗਵਰਨਰ ਅਤੇ ਪ੍ਰਧਾਨ ਮੰਤਰੀ ਪਾਸ ਨਿਰੰਤਰ ਪੁਜਦੇ ਕਰਦਾ। ਰੇਅ ਕਿਉਂਕਿ ਪਿੰਡਾਂ ਦਾ ਟੂਰ ਕਰਦਾ ਰਿਹਾ ਸੀ, ਉਹ ਇਨ੍ਹਾਂ ਗੱਲਾਂ ਤੋਂ ਵਾਕਫ ਸੀ ਪਰ ਪ੍ਰਧਾਨ ਮੰਤਰੀ ਦੇ ਸਲਾਹਕਾਰ ਹੋਰ ਬਥੇਰੇ ਸਨ ਜਿਨ੍ਹਾਂ ਵਿਚ ਅਰਜਨ ਸਿੰਘ, ਅਰੁਣ ਨਹਿਰੂ, ਫੋਤੇਦਾਰ, ਬੂਟਾ ਸਿੰਘ, ਚਿਦੰਬਰਮ ਅਤੇ ਬਹੁਤ ਸਾਰੇ ਅਫਸਰ। ਪ੍ਰਿੰਸੀਪਲ ਸਕੱਤਰ ਸਰਲਾ ਗਰੇਵਾਲ ਅਤੇ ਕੈਬਨਿਟ ਸਕੱਤਰ ਦੇਸ਼ਮੁਖ ਖਾਮੋਸ਼ ਬੈਠੇ ਰਹਿੰਦੇ। ਲਗਦੈ, ਇਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ ਚੁੱਪ ਰਹਿਣ ਦਾ ਇਸ਼ਾਰਾ ਕਰ ਰੱਖਿਆ ਸੀ।

(ਬਾਕੀ ਸਫਾ 27 'ਤੇ)

*ਆਪਣੇ ਦੌਰਿਆਂ ਦੌਰਾਨ ਅਨੇਕ ਪੇਂਡੂ ਲੋਕਾਂ ਨਾਲ ਗੱਲਾਂ ਕਰਦਿਆਂ ਦੇਖਿਆ ਕਿ ਦੋ ਨੁਕਤੇ ਉਨ੍ਹਾਂ ਨੂੰ ਚੁੱਭ ਰਹੇ ਹਨ। ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਦਿੱਲੀ ਅਤੇ ਹੋਰ ਥਾਵਾਂ ਤੇ ਸਿੱਖ ਕਿਉਂ ਕਤਲ ਕੀਤੇ ਗਏ। ਸਰਕਾਰ ਨੇ ਗ੍ਰਿਫਤਾਰ ਕਰ ਕੇ ਦੋਸ਼ੀਆਂ ਉਪਰ ਮੁਕੱਦਮੇ ਕਿਉਂ ਨਹੀਂ ਚਲਾਏ?...ਦੂਜਾ ਗਿਲਾ ਜੋਧਪੁਰ ਦੇ ਨਜ਼ਰਬੰਦ ਸਿੱਖਾਂ ਬਾਰੇ ਸੀ। ਇਹ ਉਹ ਬੰਦੀ ਸਨ ਜਿਹੜੇ ਆਪ੍ਰੇਸ਼ਨ ਬਲੂਸਟਾਰ ਵੇਲੇ ਫੜੇ ਗਏ। ਬਹੁਤਿਆਂ ਦਾ ਖਾਲਿਸਤਾਨ ਜਾਂ ਭਿੰਡਰਾਂਵਾਲੇ ਨਾਲ ਕੋਈ ਤੁਅਲਕ ਨਹੀਂ ਸੀ।...ਹੋਰ ਸ਼ਿਕਵੇ ਵੀ ਸਨ। ਮਸਲਨ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕਿਉਂ ਨਾ ਹੋਇਆ? ਅਕਾਲੀ ਲੀਡਰ ਚੰਡੀਗੜ੍ਹ, ਪੰਜਾਬ ਹਵਾਲੇ ਕਰਨ ਵਿਚ ਰੁਚਿਤ ਹੋਣਗੇ, ਪੇਂਡੂਆਂ ਦਾ ਇਸ ਮੰਗ ਨਾਲ ਕੋਈ ਸਰੋਕਾਰ ਨਹੀਂ ਸੀ। ਜਿਹੜੀ ਗੱਲ ਉਨ੍ਹਾਂ ਨੂੰ ਚੁਭਦੀ ਸੀ, ਉਹ ਇਹ ਕਿ ਪੰਜਾਬ ਦਾ ਪਾਣੀ ਹਰਿਆਣਾ ਨੂੰ ਕਿਉਂ ਦਿੱਤਾ ਜਾਏ?*



***ਅਪਰੈਲ 1988 ਵਿਚ ਜਦੋਂ ਮੈਂ ਗਵਰਨਰ ਦਾ ਸਲਾਹਕਾਰ ਨਿਯੁਕਤ ਹੋ ਗਿਆ ਤੇ ਕੇ.ਪੀ.ਐਸ. ਗਿੱਲ ਪੁਲਿਸ ਚੀਫ; ਉਸ ਨੇ ਗਵਰਨਰ ਕੋਲ ਮੇਰੀ ਸ਼ਿਕਾਇਤ ਕੀਤੀ ਕਿ ਜਦੋਂ ਉਹ ਖਾੜਕੂਆਂ ਪਿਛੇ ਭੱਜ ਰਿਹਾ ਹੁੰਦੈ, ਉਦੋਂ ਮੈਂ ਉਸ ਦੇ ਅਫਸਰਾਂ ਨੂੰ ਪਬਲਿਕ ਮੀਟਿੰਗਾਂ ਵਿਚ ਲੈ ਜਾਂਦਾ।...***




# ਦੋ ਗੱਲਾਂ ਇਹ ਵੀ...

ਜਿੰਨੀ ਕੁ ਕਿਸੇ ਦੀ ਦੁਨੀਆਂ ਹੈ, ਉਹ ਉਨਾ ਕੁ ਹੀ ਸੋਚਦਾ ਹੈ। ਉਹਦੇ ਖ਼ਿਆਲਾਂ ਦੀ ਬੁਣਤੀ ਉਨੀ ਕੁ ਹੀ ਵਧੀਆ ਫੁਲਕਾਰੀ ਬੁਣ ਸਕਦੀ ਹੈ। ਮੈਨੂੰ ਪੈਂਤੀ ਸਾਲ ਲਿਖਦਿਆਂ ਹੋ ਚੱਲੇ ਹਨ ਪਰ ਹਾਲੇ ਤੀਕਰ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਇਕ ਲੇਖਕ ਹਾਂ, ਗਲਪਕਾਰ ਹਾਂ, ਗੀਤਕਾਰ ਹਾਂ, ਕਵੀ ਹਾਂ ਤੇ ਕਿਤੇ ਨਾ ਕਿਤੇ ਮੈਨੂੰ ਪੱਤਰਕਾਰ ਹੋਣ ਦਾ ਭਰਮ ਹੋ ਜਾਂਦਾ ਹੈ। ਔਰਤ ਜਿਸ ਨੂੰ ਪਿਆਰ ਕਰੇ, ਉਹ ਉਸ ਨੂੰ ਮਿਲ ਨਾ ਸਕੇ, ਉਹ ਉਹਦੇ ਨਾਲ ਫਰੇਬ ਦੀ ਚਾਲ ਖੇਡ ਜਾਵੇ, ਉਸ ਨੂੰ ਉਹ ਕਦੇ ਮੁਆਫ਼ ਕਰੇਗੀ? ਇਹ ਕਦੇ ਵੀ ਸੰਭਵ ਨਹੀਂ ਹੋ ਸਕਿਆ।

ਮੈਂ ਅਧਿਆਪਕ ਇੰਜੀਨੀਅਰਿੰਗ ਦਾ ਸਾਂ, ਉਹ ਵੀ ਮਕੈਨੀਕਲ ਦਾ ਪਰ ਮੈਂ ਪਿੰਗਲ ਦੀ ਸ਼ਾਇਰੀ ਵਾਲੀ ਸਾਰੀ ਕਬੀਲਦਾਰੀ ਨੂੰ ਜਾਣਦਾ ਹਾਂ, ਮੇਰੀਆਂ ਰਚਨਾਵਾਂ 'ਤੇ ਉਨ੍ਹਾਂ ਦਾ ਅਸਰ ਹੈ ਜਾਂ ਨਹੀਂ ਇਹਦਾ ਮੈਨੂੰ ਇਲਮ ਨਹੀਂ ਹੈ। ਮੈਂ ਨਿਰੰਤਰ ਲਿਖਿਆ ਹੈ, ਇਸ ਕਰਕੇ ਭੱਠੇ ਦੀਆਂ ਇੱਟਾਂ ਵਾਂਗ ਹੋ ਸਕਦੈ, ਮਾਲ ਕਿਤੇ ਕੱਚਾ-ਪਿੱਲਾ, ਵਿੰਗਾ-ਟੇਢਾ ਵੀ ਤਿਆਰ ਹੋ ਗਿਆ ਹੋਵੇ, ਉਂਜ ਮੇਰੇ ਲੱਖਾਂ ਪਾਠਕਾਂ ਨੇ ਮੇਰੀ ਸਾਰੀ ਸਾਹਿਤਕ ਜ਼ਿੰਦਗੀ ਵਿਚ ਮੈਨੂੰ ਪਿਆਰ ਨਾਲ ਘਿਓ ਦੀਆਂ ਪਿੰਨੀਆਂ ਬਣਾ ਕੇ ਖੁਆਈਆਂ ਹਨ। ਮੈਂ ਸਿਆਣਾ ਨਾ ਵੀ ਹੋਵਾਂ ਮੈਨੂੰ ਇਸ ਗੱਲ ਦਾ ਝੋਰਾ ਨਹੀਂ ਪਰ ਮੈਨੂੰ ਪਾਠਕ ਹੁਣ ਤੱਕ ਸਾਰੇ ਸਿਆਣੇ ਹੀ ਮਿਲੇ ਹਨ।

ਸ਼ੀਸ਼ਾ ਕਦੇ ਵੀ ਬੋਲਦਾ ਨਹੀਂ ਪਰ ਮੈਂ ਸਭ ਕੁਝ ਕਹਿਣ ਤੋਂ ਵੀ ਪ੍ਰਹੇਜ਼ ਨਹੀਂ ਕਰਦਾ। 'ਅਗਨਬਾਣ' ਅਸਲ ਵਿਚ ਮੈਂ ਕੁਝ ਕਹਿਣ ਦੇ ਯਤਨਾਂ ਨਾਲ ਹੀ ਦਾਗੇ ਹਨ, ਮੈਂ ਉਸ ਸਮਰੱਥਾ ਵਿਚ ਨਹੀਂ ਹਾਂ ਕਿ ਇਨਕਲਾਬ ਲਿਆ ਸਕਾਂ ਤੇ ਮੈਨੂੰ ਭੁਲੇਖਾ ਵੀ ਨਹੀਂ ਹੈ। ਕਹਿ ਮੈਂ ਸਭ ਕੁਝ ਦਿੱਤਾ ਹੈ, ਹੋ ਸਕਦੈ ਮੈਨੂੰ ਕਹਿਣਾ ਨਾ ਆਇਆ ਹੋਵੇ।

ਮੈਂ ਉਸ ਪਰਿਵਾਰ ਨਾਲ ਸਬੰਧਤ ਹਾਂ ਜਿਹਦਾ ਪੁਸ਼ਤਾਂ ਤੋਂ ਵੀ ਸਾਹਿਤ ਨਾਲ ਸਬੰਧ ਨਹੀਂ ਹੈ। ਇਸ ਕਰਕੇ ਮੈਂ ਆਪਣੇ ਭੈਣਾਂ-ਭਰਾਵਾਂ ਵਿਚ ਸ਼ਾਇਦ ਇਸੇ ਲਈ 'ਆਮ' ਤੋਂ 'ਖ਼ਾਸ' ਬਣਨ ਲਈ ਉਪਰ ਨਹੀਂ ਉਠ ਸਕਿਆ। ਤਿੰਨ ਦਹਾਕਿਆਂ ਦਾ ਮੇਰਾ ਪੰਜਾਬੀ ਪਾਠਕਾਂ ਨਾਲ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ। ਇਸ ਸਮੇਂ ਹਰ ਗਵੱਈਆ, ਗੀਤਕਾਰ, ਸੰਗੀਤਕਾਰ, ਰਾਗੀ-ਢਾਡੀ ਮੇਰੀ ਜਾਣ-ਪਛਾਣ ਵਿਚ ਰਿਹਾ ਹੈ ਪਰ ਮੈਨੂੰ ਮਾਣ ਹੈ ਕਿ ਇਸ ਪੁਸਤਕ ਦੀ ਗੱਲ ਕਰਨ ਲਈ ਸਮਿਆਂ ਦਾ ਸਭ ਤੋਂ ਵੱਡਾ ਸ਼ਾਇਰ ਸੁਰਜੀਤ ਪਾਤਰ 'ਅਗਨਬਾਣ' ਪ੍ਰਤੀ ਹੁੰਗਾਰਾ ਦੇ ਰਿਹਾ ਹੈ। ਸ਼ਾਇਰ ਨਾ ਵੀ ਹੋਵਾਂ ਪਰ ਮੈਂ ਸ਼ਾਇਰਾਂ ਦਾ ਮਿੱਤਰ ਰਿਹਾ ਹਾਂ।

ਦੁਨੀਆਂ ਦੇ ਤੀਹ ਤੋਂ ਵੱਧ ਦੇਸ਼ਾਂ ਵਿਚ ਮੈਂ ਆਪਣੇ ਪਹੁੰਚਣ ਤੋਂ ਪਹਿਲਾਂ ਪਹੁੰਚਦਾ ਰਿਹਾ ਹਾਂ, ਬੱਸ ਇਸੇ ਨੂੰ ਮੈਂ ਪ੍ਰਾਪਤੀ ਮੰਨਦਾ ਹਾਂ।

'ਪੰਜਾਬੀ ਟ੍ਰਿਬਿਊਨ', 'ਜੱਗ ਬਾਣੀ' ਦੀ ਮੁਹੱਬਤ ਤੋਂ ਮੈਂ ਭੱਜ ਨਹੀਂ ਸਕਦਾ ਪਰ ਮੈਂ ਜੋ ਵੀ ਹਾਂ ਸਾਰੇ ਦਾ ਸਾਰਾ 'ਅਜੀਤ' ਕਰਕੇ ਹਾਂ ਤੇ ਜਿਸ ਗੱਲ 'ਤੇ ਮੈਨੂੰ ਨਾਜ਼ ਰਿਹਾ ਹੈ, ਉਹ ਇਹ ਕਿ ਭਾਜੀ ਬਰਜਿੰਦਰ ਸਿੰਘ ਹਮਦਰਦ ਨੇ ਮੈਨੂੰ ਸਾਰੀ ਉਮਰ ਬਾਪ ਵਰਗਾ ਪਿਆਰ ਦਿੱਤਾ ਹੈ ਤੇ ਮੈਂ ਰਹਿੰਦੀ ਜ਼ਿੰਦਗੀ ਤੱਕ ਉਨ੍ਹਾਂ ਨੂੰ ਪਿਓ ਸਮਾਨ ਹੀ ਸਮਝਦਾ ਰਹਾਂਗਾ।

ਦੁੱਖ ਮੈਨੂੰ ਇਹ ਰਹੇਗਾ ਕਿ ਮੈਂ ਚੰਗਾ ਪਤੀ ਨਹੀਂ ਬਣ ਸਕਿਆ ਪਰ ਖ਼ੁਸ਼ ਇਸ ਕਰਕੇ ਹਾਂ ਕਿ ਮੇਰੀ ਪਤਨੀ ਮੈਨੂੰ ਊਣੇ ਨੂੰ ਵੀ ਸੰਪੂਰਨ ਸਮਝਦਿਆਂ ਕਸ਼ਮੀਰ ਕੌਰ ਵਰਗੀ ਹੀ ਬਣੀ ਰਹੀ। ਮੇਰੇ ਦੋ ਪੁੱਤਰ ਨੇ ਮਨਵੀਰ ਤੇ ਅਨਮੋਲ ਪਰ ਵੱਡਾ ਮਨਵੀਰ ਮੇਰੀ ਧੀ ਪਹਿਲਾਂ ਹੈ, ਪੁੱਤ ਪਿੱਛੋਂ ਪਰ ਉਹ 'ਅਜੀਤ' 'ਚ ਛਪਦਾ ਛਪਦਾ ਅਮਰੀਕਾ ਦੇ ਡਾਲਰਾਂ 'ਚ ਗੁਆਚ ਗਿਆ ਹੈ।

ਮੇਰੇ ਪਿੰਡ ਭੌਰੇ ਵਾਲੇ ਤਾਂ ਮੈਨੂੰ ਆਪਣਾ ਕਹਿੰਦੇ ਹੀ ਹਨ ਪਰ ਹੁਣ ਇਲਾਕਾ ਨਹੀਂ ਜਦੋਂ ਦੁਆਬਾ ਕਹਿੰਦਾ ਹੈ ਅਸ਼ੋਕ ਸਾਡਾ ਹੈ ਮੈਨੂੰ ਚੰਗਾ ਲੱਗਦਾ ਹੈ ਪਰ ਮੇਰੀਆਂ ਲਿਖਤਾਂ ਨੂੰ ਮਾਲਵੇ ਤੇ ਮਾਝੇ ਵਾਲੇ ਵੱਧ ਚਾਹੁੰਦੇ ਹਨ।

ਅਸ਼ੋਕ ਗਰਗ ਨਾਲ ਜੁੜ ਕੇ ਲੱਗਾ ਹੈ ਕਿ 'ਸੰਗਮ' ਚੰਗਾ ਹੋ ਗਿਆ ਹੈ।

ਦਰਿਆ ਲੰਘ ਜਾਂਦੇ ਨੇ ਪਰ ਪਹਾੜ ਖੜ੍ਹੇ ਰਹਿ ਜਾਂਦੇ ਨੇ, ਇਸ ਲਈ ਪੁਸਤਕ ਤੁਹਾਡੇ ਕੋਲ ਹੈ, ਮੈਂ ਥੋੜੇ ਮੂੰਹ ਵੱਲ ਨਹੀਂ, ਬੋਲਾਂ ਵੱਲ ਵੇਖਦਾ ਰਹਾਂਗਾ।

ਮੈਂ ਨਹੀਂ ਜਾਣਦਾ ਦੇਵੀਆਂ ਦੀਆਂ ਕਿੰਨੀਆਂ ਭੁਜਾਵਾਂ ਹੁੰਦੀਆਂ ਨੇ ਪਰ ਮੇਰੀਆਂ ਪੁਸਤਕਾਂ ਛਪਵਾਉਣ ਤੇ ਪੜ੍ਹਨ ਵਾਲਿਆਂ ਦੀ ਗਿਣਤੀ ਅਣਗਿਣਤ ਹੈ।

ਸਤਿਕਾਰ ਦੀ ਭਾਸ਼ਾ ਨੂੰ ਸਮਝ ਨਾ ਸਕਿਆ ਹੋਵਾਂ, ਮੁੱਲ ਨਾ ਦੇ ਸਕਿਆ ਹੋਵਾਂ ਤਾਂ ਗੁਸਤਾਖੀ ਲਈ ਖ਼ਿਮਾ ਕਿਉਂਕਿ ਮੁਕਲਾਵੇ ਆਲੀ ਬਹੂ ਨੂੰ ਦਿਨ ਤੇ ਰਾਤ ਵਿਚ ਕਈ ਵਾਰ ਫ਼ਰਕ ਨਹੀਂ ਲੱਗ ਰਿਹਾ ਹੁੰਦਾ।

ਤੁਹਾਡਾ,

**-ਐਸ. ਅਸ਼ੋਕ ਭੌਰਾ**

# ਲੋਕ-ਰੂਹ ਦਾ ਕਾਵਿ-ਅਕਸ: ਅਗਨਬਾਣ

ਸਦੀਆਂ ਤੋਂ ਪੰਜਾਬੀ ਬੰਦੇ ਦੇ ਸੰਗ-ਸਾਥ ਤੁਰਦੀ ਤੇ ਨਿਭਦੀ ਰਹੀ ਪੰਜਾਬੀ ਕਾਵਿਕਾਰੀ ਦੇ ਅਨੇਕਾਂ ਰੂਪ ਹਨ, ਤੇ ਇਕ ਦੂਸਰੇ ਵਿਚ ਘੁਲਦੇ-ਮਿਲਦੇ ਬੇ-ਸ਼ੁਮਾਰ ਰੰਗ ਹਨ। ਇਨ੍ਹਾਂ ਰੰਗਾਂ ਵਿਚੋਂ ਇਕ ਰੰਗ ਹੈ-ਲੋਕ ਰੰਗ। ਇਹ ਉਹ ਰੰਗ ਹੈ ਜਿੱਥੇ ਕਾਵਿਕ-ਆਭਾ ਤਾਂ ਕਵੀ ਵਿਸ਼ੇਸ਼ ਹੁੰਦੀ ਹੈ ਪਰੰਤੂ ਇਹਦਾ ਸੁਭਾਅ ਸਮੂਹਿਕ ਲੋਕ ਮਾਨਸਿਕਤਾ ਵਾਲਾ ਹੁੰਦਾ ਹੈ। ਅਸ਼ੋਕ ਭੌਰਾ ਅਜਿਹੇ ਹੀ ਰੰਗ ਦੀ ਸ਼ਿੱਦਤ ਭਰਪੂਰ ਸ਼ਾਇਰੀ ਕਰਨ ਵਾਲਾ ਕਵੀ ਹੈ। ਅਸ਼ੋਕ ਭੌਰਾ ਉਹ ਹਸਤਾਖਰ ਹੈ ਜੋ ਪੰਜਾਬੀ ਨਸਰ ਵਿਚ ਆਪਣੀ ਵਿਸ਼ੇਸ਼ ਥਾਂ ਹਾਸਲ ਹੀ ਨਹੀਂ ਸਥਾਪਤ ਕਰ ਚੁੱਕਿਆ ਹੈ। ਇਸ ਖੇਤਰ ਵਿਚ ਉਹ ਪੰਜਾਬੀ ਦਾ ਨਿਵੇਕਲਾ ਸ਼ੈਲੀਕਾਰ ਹੈ। ਉਹਦੀ ਇਸ ਸ਼ੈਲੀ ਦੀ ਝਲਕ ਉਹਦੀ ਕਾਵਿ-ਲੇਖਣੀ 'ਚੋਂ ਵੀ ਵੇਖਣ ਨੂੰ ਮਿਲਦੀ ਹੈ। ਭੌਰਾ ਸਮਰੱਥ ਮੰਚ-ਵਕਤਾ ਤੇ ਰੇਡੀਓ/ਟੀ.ਵੀ. ਵਾਚਕ ਵੀ ਹੈ। ਉਹਦੀ ਇਹ ਸਮਰੱਥਾ ਉਹਦੀ ਕਾਵਿਕਾਰੀ ਵਿਚ ਸਰੋਤੇ ਨੂੰ ਸਿੱਧਾ ਸੰਬੋਧਨ ਕਰਨ ਦੀ ਰੁਚੀ ਪੈਦਾ ਕਰਦੀ ਹੈ। ਭੌਰਾ ਆਪਣੀ ਕਾਵਿ-ਲੇਖਣੀ ਦੀ ਸੁਰ ਅਜਿਹੀ ਰੱਖਦਾ ਹੈ ਕਿ ਇਹ ਝੱਟ ਹੀ ਲੋਕ-ਗੀਤਾਂ ਦੇ ਵਹਾਅ ਵਿਚ ਵਹਿਣ ਵਾਲੇ ਪੰਜਾਬੀ ਬੰਦੇ ਨਾਲ ਇਕ ਸੁਰਤਾਲ ਪੈਦਾ ਕਰ ਲੈਂਦੀ ਹੈ ਜਿਵੇਂ,

ਭੌਰਾ ਸਾਥ ਵਜਾਉਂਦੇ ਚੁਟਕੀਆਂ
ਆ ਗਈ ਕੇਹੀ ਰੁੱਤ।
ਚੋਣਾਂ ਚੜ੍ਹੀਆਂ ਸਿਰਾਂ
ਤੇ ਮਾਂਵਾਂ ਭੁੱਲੀਆਂ ਪੁੱਤ।

ਇਹ ਸਤਰਾਂ ਜਿੱਥੇ ਪੰਜਾਬ ਵਿਚ ਫੈਲੇ ਸਾਧਪੁਣੇ ਤੇ ਚੋਣ-ਪਸਾਰੇ ਦੀ ਸਟੀਕ ਚਿੱਤਰ ਹੈ, ਉਥੇ ਪੰਜਾਬੀ ਬੰਦੇ ਦੀ ਦੋਹਰੀ ਬਿਰਤੀ ਨੂੰ ਵੀ ਉਭਾਰਦੀਆਂ ਹਨ ਜਿਹੜੇ ਇਕੋ ਵੇਲੇ ਅਜਿਹੇ ਵਰਤਾਰੇ ਨੂੰ ਸਵੀਕਾਰਦੀ ਵੀ ਹੈ ਤੇ ਨਕਾਰਦੀ ਹੋਈ ਇਹਦੇ 'ਤੇ ਚੋਟ ਵੀ ਲਾਉਂਦੀ ਹੈ। ਇਹ ਰੁਚੀ ਇਨ੍ਹਾਂ ਕਾਵਿ-ਬੰਦਸ਼ਾਂ ਵਿਚ ਨਿਰੰਤਰ ਪ੍ਰਵਾਹਿਤ ਹੁੰਦੀ ਵੇਖੀ ਜਾ ਸਕਦੀ ਹੈ। ਇਨ੍ਹਾਂ ਕਾਵਿ-ਉਕਤੀਆਂ ਵਿਚ ਆਪਣੀ ਵਿਅੰਗਮਈ ਸ਼ੈਲੀ ਵਿਚ ਗੱਲਾਂ ਕਰਦਾ ਕਰਦਾ ਭੌਰਾ ਅਛੋਪਲੇ ਜਿਹੇ ਅਜਿਹੀਆਂ ਕਾਵਿ-ਸਤਰਾਂ ਵੀ ਉਚਾਰ ਜਾਂਦਾ ਹੈ ਜਿਨ੍ਹਾਂ ਦੀ ਕਾਵਿਕ-ਸਮਰੱਥਾ ਸਰੋਤੇ/ਪਾਠਕ ਸਾਹਮਣੇ ਵਧੇਰੇ ਗਹਿਰਾ ਪਸਾਰ ਖੋਲ੍ਹਦੀ ਹੈ,

ਅਰਮਾਨਾਂ ਦੇ ਕਤਲ ਹੋਏ,
ਨਾ ਜਿਉਂਦੀ ਨਾ ਮਰਦੀ ਸੀ।
ਕੱਚੇ ਘੜੇ ਤੋਂ ਪਹਿਲਾਂ ਹੀ ਲਗਦਾ,
ਸੋਹਣੀ ਖਰਦੀ ਸੀ।

ਇਸ ਕਾਵਿ ਵਿਚੋਂ 'ਕਵਿ-ਓ-ਵਾਚ' ਸ਼ੈਲੀ ਦੀ ਧੁਨੀ ਨਿਰੰਤਰ ਸੁਣਾਈ ਦਿੰਦੀ ਹੈ। ਇੱਥੇ ਕਵੀ ਕੁਝ ਗੱਲਾਂ ਜਾਂ ਤੱਥਾਂ ਨੂੰ ਸਰਬ-ਵਿਆਪਕ ਸੱਚਾਈਆਂ ਵਜੋਂ ਕਹਿਣ ਤੇ ਮੰਨਵਾਉਣ ਹਿੱਤ ਆਪਣੇ ਕਾਵਿ-ਉਚਾਰਨ ਦੀ ਵਰਤੋਂ ਕਰਦਾ ਹੈ। ਭੌਰੇ ਨੇ ਇਹ ਜੁਗਤ ਬਾਖ਼ੂਬੀ ਵਰਤੀ ਹੈ। ਇਸ ਰਾਹੀਂ ਉਹ ਵਰਤਮਾਨ ਵਿਚ ਫੈਲੀਆਂ ਵਿਸੰਗਤੀਆਂ ਤੇ ਊਣਤਾਈਆਂ ਨੂੰ ਉਤਾਰਨ ਤੇ ਫਿਰ ਕੁਝ ਤੱਥਾਂ ਨੂੰ ਮਾਨਵੀ ਸਰੋਕਾਰਾਂ ਨਾਲ ਇਕਸੁਰ ਕਰਕੇ ਲੋਕ-ਸਿਆਣਪਾਂ ਵਾਂਗ ਉਚਾਰਨ ਹਿੱਤ ਯਤਨਸ਼ੀਲ ਰਹਿੰਦਾ ਹੈ। ਜ਼ਾਹਿਰ ਹੈ ਕਿ ਅਜਿਹੀ ਕਵਿਤਾ ਵਧੇਰੇ ਕਰਕੇ ਸਰੋਤਾਮੁਖੀ ਹੀ ਹੋਵੇਗੀ। ਅਸ਼ੋਕ ਭੌਰਾ ਦੀ ਰਚਨਾਕਾਰੀ ਕਿਸੇ ਵੀ ਵਰਤਾਰੇ ਬਾਰੇ ਗੱਲ ਕਰ ਰਹੀ ਹੋਵੇ, ਸਰੋਤਾਮੁਖਤਾ ਇਹਦੀ ਵਿਸ਼ੇਸ਼ ਪਛਾਣ ਬਣੀ ਰਹਿੰਦੀ ਹੈ। ਜਾਪਦਾ ਹੈ ਅਸ਼ੋਕ ਭੌਰਾ ਦਾ ਮੁੱਖ ਸਰੋਕਾਰ ਕਾਵਿਕ-ਸੁਹਜ ਪੈਦਾ ਕਰਨ ਦੀ ਥਾਂ ਆਪਣੀ ਗੱਲ ਕਹਿਣਾ ਹੈ ਤੇ ਉਹ ਵੀ ਮਨਾਊ ਲਹਿਜੇ ਵਿਚ। ਭੌਰੇ ਦੀ ਇਸ ਕਵਿਤਾ ਦੀ ਧੁਨੀ ਇਹ ਅਹਿਸਾਸ ਨਿਰੰਤਰ ਕਰਵਾਉਂਦੀ ਹੈ ਕਿ ਉਹ ਆਪਣੀ ਗੱਲ ਪੂਰੀ ਸ਼ਿੱਦਤ ਤੇ ਆਤਮ-ਭਰੋਸੇ ਨਾਲ ਕਰਦਾ ਹੈ। ਇਸ ਕਾਵਿ-ਰਚਨਾ ਰਾਹੀਂ ਅਸ਼ੋਕ ਭੌਰੇ ਦੀ ਰਚਨਾਕਾਰੀ ਪ੍ਰਤਿਭਾ ਦਾ ਇਕ ਨਵਾਂ ਪੱਖ ਸਮਰੱਥਾ ਸਹਿਤ ਉਜਾਗਰ ਹੁੰਦਾ ਹੈ। ਉਹਦੀ ਇਹ ਰਚਨਾਤਮਕ ਪ੍ਰਤਿਭਾ ਦਾ ਸਵਾਗਤ ਕਰਨਾ ਬਣਦਾ ਹੈ।

**-ਸੁਰਜੀਤ ਜੱਜ**

# ਇਹ ਵਿਅੰਗ ਬਾਣ ਸਾਨੂੰ ਨਵਾਂ ਨਰੋਆ ਕਰਦੇ ਹਨ

ਪੰਜਾਬੀ ਵਿਅੰਗ-ਕਾਵਿ ਦੀ ਪਰੰਪਰਾ ਭਾਈ ਸੁਥਰਾ ਅਤੇ ਜੱਲ੍ਹਣ ਹੋਰਾਂ ਤੋਂ ਸ਼ੁਰੂ ਹੁੰਦੀ ਹੈ। ਉਂਜ ਕਹਾਵਤਾਂ ਅਤੇ ਲੋਕ ਗੀਤਾਂ ਵਿਚ ਵੀ ਇਸ ਦੀ ਰੰਗਤ ਵਿਦਮਾਨ ਹੈ।

ਵੀਹਵੀਂ ਸਦੀ ਵਿਚ ਚਰਨ ਸਿੰਘ ਸ਼ਹੀਦ, ਭਈਆ ਈਸ਼ਰ ਸਿੰਘ, ਸੂਬਾ ਸਿੰਘ, ਗੁਰਨਾਮ ਸਿੰਘ ਤੀਰ, ਗੁਰਦੇਵ ਸਿੰਘ ਮਾਨ, ਚਰਨ ਹਰਗੋਬਿੰਦਪੁਰੀ, ਤੇਜਾ ਸਿੰਘ ਤੇਜ, ਦਿਲਬਰ ਅਤੇ ਭੂਸ਼ਨ ਜਿਹੇ ਪ੍ਰਤਿਭਾਸ਼ੀਲ ਕਵੀਆਂ ਨੇ ਇਸ ਪਰੰਪਰਾ ਨੂੰ ਅੱਗੇ ਤੋਰਿਆ।

ਐਸ. ਅਸ਼ੋਕ ਭੌਰਾ ਦੀ ਪੁਸਤਕ 'ਅਗਨਬਾਣ' ਪੜ੍ਹਦਿਆਂ ਮੈਨੂੰ ਉਹ ਪਰੰਪਰਾ ਚੇਤੇ ਆਈ। ਐਸ. ਅਸ਼ੋਕ ਭੌਰਾ ਨੇ ਸਮਕਾਲੀ ਜੀਵਨ ਦੀਆਂ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਕੁਰੀਤਾਂ ਅਤੇ ਵਿਕਾਰਾਂ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ।

ਵਿਅੰਗ-ਬਾਣ ਸਮਾਜ ਨੂੰ ਜ਼ਖਮੀ ਨਹੀਂ, ਸਗੋਂ ਨਵਾਂ-ਨਰੋਆ ਕਰਦਾ ਹੈ। ਉਹ ਸ਼ਖ਼ਸ, ਕੌਮ ਤੇ ਉਹ ਸਭਿਆਚਾਰ ਜਿਹੜਾ ਵਿਅੰਗਬਾਣ ਸਹਿ ਕੇ ਆਤਮ-ਪੜਚੋਲ ਨਹੀਂ ਕਰਦਾ, ਬੀਮਾਰ ਹੋ ਜਾਂਦਾ ਹੈ।

ਵਿਅੰਗਕਾਰ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੇ ਵਿਅੰਗ-ਬਾਣ ਦਾ ਨਿਸ਼ਾਨਾ ਇਸ ਦੇ ਸਹੀ ਹੱਕਦਾਰ ਨੂੰ ਬਣਾਵੇ।

ਐਸ. ਅਸ਼ੋਕ ਭੌਰਾ ਹਰ ਪੱਖੋਂ ਸੁਚੇਤ ਵਿਅੰਗਕਾਰ ਹੈ। ਉਸ ਦੀ ਭਾਸ਼ਾ ਠੇਠ ਅਤੇ ਕਰਾਰੀ ਹੈ। ਉਸ ਵਿਚ ਛੰਦਾਂ ਦੀ ਵੰਨਸੁਵੰਨਤਾ ਹੈ। ਉਸ ਦੀਆਂ ਸੋਚਾਂ ਦਾ ਦਾਇਰਾ ਵਿਸ਼ਾਲ ਹੈ। ਉਸ ਦੀ ਨਜ਼ਰ ਤਿੱਖੀ ਅਤੇ ਭਵਿੱਖ-ਮੁਖੀ ਹੈ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ 'ਤੇ ਐਸ. ਅਸ਼ੋਕ ਭੌਰਾ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਮੈਨੂੰ ਪੂਰਨ ਆਸ ਹੈ ਕਿ ਆਉਣ ਵਾਲੇ ਸਾਲਾਂ ਵਿਚ ਉਸ ਦੀ ਕਲਾ ਹੋਰ ਵੀ ਨਿਖਰੇਗੀ।

**-ਸੁਰਜੀਤ ਪਾਤਰ**

# ਗੀਤਕਾਰ ਅਸ਼ੋਕ ਭੌਰਾ

ਸਮੁੰਦਰ ਵਿਚ ਲਹਿਰਾਂ ਹੀ ਰੌਲਾ ਪਾਉਂਦੀਆਂ ਨੇ। ਸਾਹਿਤ ਵਿਚ ਗੱਲਾਂ ਦੀ ਨਹੀਂ, ਕੁਝ ਕਰਨ ਦੀ ਖੱਟੀ ਮਿਲਦੀ ਹੈ। ਜਿਹੀ ਕਿ ਐਸ. ਅਸ਼ੋਕ ਭੌਰਾ ਨੂੰ ਵਰ੍ਹਿਆਂ ਤੋਂ ਮਿਲ ਰਹੀ ਹੈ। ਉਹਦੇ ਲੇਖਾਂ ਵਿਚ ਪੜ੍ਹਨ ਵਾਲੇ ਸੁਆਦ ਲੈ ਕੇ ਉਠਦੇ ਨੇ ਤੇ ਬਹੁਤੇ ਪਾਠਕਾਂ ਨੇ ਜੇ ਉਹਦੀਆਂ ਲਿਖਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ ਤਾਂ ਕਹਿ ਸਕਦੇ ਹਾਂ ਕਿ ਗਹਿਣਾ ਕੀਮਤੀ ਹੈ।

ਬਹੁਤ ਲੋਕ ਉਹਨੂੰ ਇਸ ਕਰਕੇ ਜਾਣਦੇ ਹਨ ਕਿ ਉਹ ਵਾਰਤਕ ਬਹੁਤ ਅੱਛੀ ਲਿਖਦਾ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਗੀਤ ਵੀ ਕਮਾਲ ਦਾ ਲਿਖਦਾ ਹੈ। ਵੱਖਰੀ ਗੱਲ ਹੈ ਕਿ ਉਹ ਪੂਰੇ ਦਾ ਪੂਰਾ ਇਧਰ ਨੂੰ ਤੁਰਿਆ ਹੀ ਨਹੀਂ। ਨਹੀਂ ਤਾਂ ਉਹਦੀਆਂ ਲਿਖਤਾਂ ਵਾਂਗ ਗੀਤ ਵੀ ਘਰ ਘਰ ਹੋਣੇ ਸਨ।

ਅਸ਼ੋਕ ਭੌਰੇ ਨੂੰ ਕੁਲਦੀਪ ਮਾਣਕ ਨੇ ਵੀ ਗਾਇਆ ਹੈ, ਸੁਰਿੰਦਰ ਕੌਰ ਨੇ ਵੀ, ਸਰਦੂਲ ਸਿਕੰਦਰ ਨੇ ਵੀ, ਨੂਰੀ ਨੇ ਵੀ, ਪਰਮਿੰਦਰ ਸੰਧੂ ਨੇ ਵੀ ਸੁਖਵਿੰਦਰ ਪੰਛੀ ਨੇ ਵੀ, ਦੁਰਗੇ ਰੰਗੀਲੇ ਨੇ ਵੀ ਤੇ ਡਾ. ਮਮਤਾ ਜੋਸ਼ੀ ਨੇ ਵੀ, ਤੇ 'ਅਗਨਬਾਣ' ਵਿਚਲੀ ਹਰ ਰਚਨਾ ਗਾਏ ਜਾਣ ਯੋਗ ਹੈ।

ਕਿੱਸਾ ਡਾਕੂ ਹਰਫੂਲ ਸਿੰਘ, ਨਾਮ ਦੇ ਪੁਜਾਰੀ ਗੁਰੂ ਰਵਿਦਾਸ (ਕੁਲਦੀਪ ਮਾਣਕ ਦੀ ਆਵਾਜ਼ 'ਚ) ਸੁਖਵਿੰਦਰ ਪੰਛੀ ਦੀ 'ਸਾਡੀ ਮੁੰਦਰੀ ਸੱਜਣਾ' ਸਾਰੀ ਐਲਬਮ ਅਸ਼ੋਕ ਭੌਰੇ ਦੀ ਲਿਖੀ ਹੋਈ ਹੈ। 'ਦੁਨੀਆਂ ਤੋਂ ਬੰਦੇ ਬਲਵਾਨ ਤੁਰ ਜਾਂਦੇ ਨੇ' ਮਮਤਾ ਜੋਸ਼ੀ ਦੀ ਆਵਾਜ਼ ਵਿਚ ਆਈ ਉਹਦੀ ਆਲ੍ਹਾ ਰਚਨਾ ਹੈ। ਕਈ ਗਾਉਂਦੇ ਤਾਂ ਚੰਗੇ ਨਹੀਂ ਨੱਚਣਾ ਨੀ ਆਇਆ। ਪਰ ਅਸ਼ੋਕ ਲਿਖ ਵੀ ਸਕਦੈ ਤੇ ਬੋਲ ਵੀ। ਆਲ ਇੰਡੀਆ ਰੇਡੀਓ ਜਲੰਧਰ ਦੂਰਦਰਸ਼ਨ ਤੇ ਲੰਡਨ ਤੋਂ ਹੁੰਦਾ ਹੋਇਆ ਉਹ ਹਾਲੇ ਵੀ ਰੇਡੀਓ ਵਕਤਾ ਹੈ। ਉਹਨੂੰ ਸੁਣਨ ਵਾਲੇ ਜਾਣਦੇ ਨੇ, ਅਸ਼ੋਕ ਬੋਲਣ ਦੀ ਵੀ ਬਲਾ ਹੈ।

ਆਪਣੇ ਤੋਂ ਵੱਡੇ ਪਰ ਮਿੱਤਰ ਦੀ ਉਸ ਪੁਸਤਕ 'ਅਗਨਬਾਣ' ਲਈ ਮੇਰੀਆਂ ਸ਼ੁਭ ਇੱਛਾਵਾਂ ਹਨ।

**-ਮੱਖਣ ਲੁਹਾਰ**

# ਅਸ਼ੋਕ ਭੌਰੇ ਦੀਆਂ ਕਾਵਿ-ਤਰੰਗਾਂ

ਅਸ਼ੋਕ ਭੌਰਾ ਮੇਲੇ ਲਾਉਂਦਾ, ਗਾਇਕਾਂ ਦੇ ਕਾਲਮ ਲਿਖਦਾ, ਜੀਵਨ ਦੀਆਂ ਵੰਨ-ਸੁਵੰਨੀਆਂ ਤਸਵੀਰਾਂ ਪੇਸ਼ ਕਰਦਾ ਕਰਦਾ, ਹਰ ਸਮੇਂ ਸ਼ਬਦ ਦਾ ਹਮਸਫ਼ਰ ਰਿਹਾ ਹੈ। ਕਦੇ ਉਹ ਸ਼ਬਦਾਂ ਨੂੰ ਉਂਗਲ ਲਾ ਕੇ ਨਾਲ ਤੋਰ ਲੈਂਦਾ ਹੈ, ਕਦੇ ਸ਼ਬਦ ਉਸ ਨੂੰ ਉਂਗਲ ਫੜ ਕੇ ਆਪਣੇ ਨਾਲ ਲੈ ਤੁਰਦੇ ਨੇ। ਉਸ ਦੀ ਕਲਮ ਕਾਗਜ਼ ਤੇ ਘੁੰਮਦੀ ਨਹੀਂ ਥੱਕੀ ਤੇ ਉਹ ਦੁਨੀਆਂ ਘੁੰਮਦਾ ਨਹੀਂ ਥੱਕਿਆ। ਆਪਣੀ ਵਾਰਤਕ ਵਿਚ ਕਵਿਤਾ ਵਰਗੀਆਂ ਸਤਰਾਂ ਲਿਖ ਜਾਂਦਾ ਹੈ ਤੇ ਹੁਣ ਉਸ ਦੀਆਂ ਸ਼ਾਇਦ ਉਹੀ ਕਾਵਿ-ਸਤਰਾਂ ਕਿਤਾਬ ਦਾ ਰੂਪ ਧਾਰਨ ਕਰਕੇ ਆ ਗਈਆਂ ਨੇ। ਸੁਰ ਤੇ ਸ਼ਾਇਰੀ ਦੇ ਅੰਗ-ਸੰਗ ਵਿਚਰਦਿਆਂ ਉਸ ਦੀ ਕਲਮ ਵੀ ਜ਼ਿੰਦਗੀ ਦਾ ਗੁਣ-ਗਾਨ ਕਰਨ ਲੱਗੀ ਅਤੇ ਵਰਕਿਆਂ 'ਤੇ ਵਿਚਾਰਾਂ ਦੀਆਂ ਕਾਵਿਕ ਤਾਰਾਂ ਦੀ ਫੁਲਵਾੜੀ ਖਿੜ ਉਠੀ, ਮਹਿਕ ਉਠੀ।

ਕਵਿਤਾ ਵਿਚ ਗੱਲ ਤਨਜ਼ੀਆ ਲਹਿਜੇ ਵਿਚ ਕੀਤੀ ਜਾਂਦੀ ਹੈ। 'ਧੀਏ ਕੰਨ ਕਰ, ਨੂੰਹੇ ਗੱਲ ਸੁਣ' ਵਾਂਗ ਗੱਲ ਸਿੱਧੀ ਸਪਾਟ ਨਹੀਂ ਸਗੋਂ ਘੁੰਮਾ ਕੇ ਕਹਿ ਲਈਏ ਕਿ ਲਾ ਕੇ ਕੀਤੀ ਜਾਂਦੀ ਹੈ ਤੇ ਲਾ ਕੇ ਕੀਤੀ ਗੱਲ ਬੜੀ ਗਹਿਰੀ ਜਾ ਲਗਦੀ ਹੈ। ਵਿਅੰਗ ਵਿਧੀ ਰਾਹੀਂ ਅਸ਼ੋਕ ਭੌਰਾ ਇਨ੍ਹਾਂ ਕਾਵਿ-ਟੁਕੜੀਆਂ/ਕਵਿਤਾਵਾਂ ਵਿਚ ਢੁਕਵੇਂ ਮੁਹਾਵਰੇ ਤੇ ਤਸ਼ਬੀਹਾਂ ਦਾ ਇਸਤੇਮਾਲ ਕਰਕੇ ਆਪਣੇ ਬਿਆਨ ਨੂੰ ਵੇਗਮਈ ਬਣਾਉਂਦਾ ਹੈ। ਰਾਜਨੀਤਕ ਰਾਮ-ਰੌਲੇ ਵਿਚ ਮਹਿਜ਼ ਰੌਲਾ ਹੀ ਰੌਲਾ ਹੈ। ਰਾਮ ਰਾਜ ਦੀ ਥਾਂ ਹਰਾਮ ਰਾਜ ਤੇ ਕੁਹਰਾਮ ਰਾਜ ਆ ਗਿਆ। ਅਸ਼ੋਕ ਭੌਰੇ ਦੀ ਕਵਿਤਾ ਦਾ ਕੇਂਦਰੀ ਭਾਵ ਉਪਰੋਕਤ ਬਿੰਦੂ ਦੁਆਲੇ ਹੀ ਜ਼ਿਆਦਾਤਰ ਕੇਂਦਰਿਤ ਹੈ। ਉਹ ਥਾਂ ਪੁਰ ਥਾਂ ਭ੍ਰਿਸ਼ਟ ਲੀਡਰਸ਼ਿਪ 'ਤੇ ਤਿੱਖੀ ਟਕੋਰ ਕਰਦਾ ਹੈ।

"ਦੂਸ਼ਣਬਾਜ਼ੀਆਂ ਦਾ ਚੱਲਿਆ ਦੌਰਾ ਪੂਰਾ,
ਰਾਜਨੀਤੀ ਦੀ ਲੁੱਚ ਗੜੁੱਚ ਦੇਖੋ।
ਪੱਟੀ ਅੱਖਾਂ 'ਤੇ ਬੰਨ੍ਹ ਲਈ ਦਿਸੇ ਕੁਝ ਨਾ
ਅੰਨ੍ਹਾ ਅੰਨ੍ਹੀ ਦੀ ਭੰਨਦਾ ਖੁੱਚ ਦੇਖੋ।"

ਲੋਕਤੰਤਰ ਵਿਚ ਲੋਕ ਵੀ ਭ੍ਰਿਸ਼ਟ, ਤੰਤਰ ਵੀ ਭ੍ਰਿਸ਼ਟ ਤੇ ਮੰਤਰ ਵੀ ਭ੍ਰਿਸ਼ਟ ਹੋ ਗਏ ਤਾਂ ਹੀ ਕਵੀ ਲੋਕਾਂ ਦੀ ਵੀ, ਲੀਡਰਾਂ ਦੀ ਵੀ ਤੇ ਅਡੰਬਰੀ ਸਾਧੂਆਂ ਦੀ ਵੀ ਤਿੱਖੀ ਆਲੋਚਨਾ ਕਰਦਾ ਹੈ। ਆਸਾ ਰਾਮ ਬਾਪੂ, ਅਦਿਤਿਯ ਸੁਆਮੀ, ਅਖੌਤੀ ਸਾਧਾਂ ਤੇ ਪਾਖੰਡੀਆਂ, ਪਿੱਠੂਆਂ ਦੀ ਪਿੱਠ ਲੁਆਉਂਦਾ ਹੈ। ਅਖੌਤੀ ਸਾਧਾਂ ਦੀ ਕਾਵਿਕ ਸੁਧਾਈ ਤੇ ਕੁਟਾਈ ਕਰਦਾ ਹੈ। ਬੰਦੇ ਨੂੰ ਲਾਲਚ ਦਾ ਲੰਗੂਰ ਜੋ ਹਰ ਵਕਤ ਨਚਾ ਰਿਹਾ ਹੈ, ਥਕਾ ਰਿਹਾ ਹੈ, ਅੰਦਰੋਂ ਪਸ਼ੂ ਬਣਾ ਰਿਹਾ ਹੈ, ਬੰਦੇ ਨੂੰ ਬੰਦਗੀ ਨਾਲੋਂ ਤੋੜ ਕੇ ਦਰਿੰਦਗੀ ਨਾਲ ਜੋੜ ਰਿਹਾ ਹੈ- ਤੇ ਅਨੇਕਾਂ ਕੁਕਰਮਾਂ ਦਾ ਬੰਦੇ ਨੂੰ ਭਾਗੀ ਬਣਾ ਰਿਹਾ ਹੈ। ਇਹ ਚਿੰਤਾਜਨਕ ਸਥਿਤੀ ਹੈ ਤੇ ਇਸ ਸੰਦਰਭ ਵਿਚ ਅਸ਼ੋਕ ਭੌਰਾ ਕਈ ਕਵਿਤਾਵਾਂ ਵਿਚ ਦੁਨੀਆਂ ਦੇ ਰੰਗ ਢੰਗ ਨੂੰ ਬਿਆਨ ਕਰਦਾ ਹੋਇਆ ਰਿਸ਼ਤਿਆਂ ਦੀ ਤਿੱਪ ਤਿੱਪ ਵਹਿੰਦੀ ਰੱਤ ਵੇਖ ਕੇ ਬੜਾ ਦਰਦੀਲਾ ਹਉਕਾ ਭਰਦਾ ਹੈ।

"ਰੱਖੜੀ ਲੋਭੀ ਹੋ ਗਈ ਤੇ ਲੋਭਣ ਹੋ ਗਈ ਭੈਣ
ਪੁੱਤ ਦੀ ਅਰਥੀ ਦੇਖ ਕੇ ਮਾਂ ਨਊਂ ਪਾਉਂਦੀ ਵੈਣ
ਪਾਣੀ ਵੱਟੇ ਦੇਂਦੀਆਂ ਨਈਂ ਹੁਣ ਭਾਬੀਆਂ ਦੁੱਧ
ਘਰ ਤਾਂ ਛੱਡੋ ਚੱਲਿਆ ਚੁੱਲ੍ਹਿਆ ਦੇ ਵਿਚ ਯੁੱਧ।"

ਇਨ੍ਹਾਂ ਰਚਨਾਵਾਂ ਵਿਚ ਪਾਪਾਂ ਦੇ ਪੋਹ ਵਿਚ ਕੁੰਗੜਿਆ ਪੰਜਾਬ ਤੇ ਲੋਕਾਂ ਦੇ ਸੁਪਨਿਆਂ ਦੀਆਂ ਸੱਸੀਆਂ ਬੇਵਸੀ ਦੇ ਮਾਰੂਥਲਾਂ ਵਿਚ ਭੱਜਦੀਆਂ ਨਜ਼ਰ ਆਉਂਦੀਆਂ ਨੇ। ਕਵਿਤਾਵਾਂ ਦੇ ਨਾਲ ਨਾਲ ਢੁਕਵੇਂ ਚਿੱਤਰ ਕਾਵਿ-ਭਾਵ ਨੂੰ ਹੋਰ ਵੀ ਬਲਵਾਨ ਤੇ ਜੀਵੰਤ ਬਣਾ ਦਿੰਦੇ ਨੇ। ਸਮਾਜਿਕ ਸੱਚ ਤੇ ਬੇਬਾਕ ਪੇਸ਼ਕਾਰੀ ਕਰਕੇ ਕਵੀ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਹੈ।

ਪੂਰਨ ਆਸ ਹੈ ਕਿ ਅਸ਼ੋਕ ਭੌਰੇ ਦੀਆਂ ਇਹ ਕਾਵਿ-ਤਰੰਗਾਂ ਪਾਠਕਾਂ ਦੇ ਦਿਲਾਂ ਵਿਚ ਤਰੰਗਾਂ ਛੇੜਨ ਵਿਚ ਕਾਮਯਾਬ ਹੋਣਗੀਆਂ।

**-ਹਰਜਿੰਦਰ ਕੰਗ**

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-7

# ਕਿੱਥੋਂ ਦਾ ਸੀ ਬੰਦਾ ਸਿੰਘ ਬਹਾਦਰ

ਬੰਦਾ ਸਿੰਘ ਬਹਾਦਰ ਦੇ ਜਨਮ ਸਥਾਨ ਅਤੇ ਜਨਮ ਮਿਤੀ ਬਾਰੇ ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਹਨ। ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਲਿਖਦੇ ਹਨ ਕਿ ਉਸ ਦਾ ਜਨਮ ਕੱਤਕ ਸੁਦੀ 15 ਸੰਮਤ 1727 ਬਿਕਰਮੀ (ਭਾਵ 27 ਅਕਤੂਬਰ 1670) ਨੂੰ ਪੱਛਮੀ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿਚ ਰਾਜੌਰੀ ਸਥਾਨ 'ਤੇ ਹੋਇਆ। ਪੀ.ਐਨ. ਬਾਲੀ (ਕਰਤਾ 'ਮੋਹਿਆਲਾਂ ਦਾ ਇਤਿਹਾਸ') ਬੰਦੇ ਦੇ ਜਨਮ ਮਿਤੀ ਬਾਰੇ ਡਾ. ਗੰਡਾ ਸਿੰਘ ਨਾਲ ਤਾਂ ਸਹਿਮਤ

ਹਰਪਾਲ ਸਿੰਘ
ਫੋਨ: 916-236-8830

ਹੈ, ਪਰ ਬੰਦੇ ਦੇ ਜਨਮ ਸਥਾਨ ਬਾਰੇ ਉਸ ਦਾ ਵਿਚਾਰ ਹੈ ਕਿ ਬੰਦੇ ਦਾ ਜਨਮ ਪੁਣਛ ਜ਼ਿਲ੍ਹੇ ਦੇ ਪਿੰਡ ਮੋਂਧੜ ਵਿਚ ਹੋਇਆ।

ਗਣੇਸ਼ ਦਾਸ ਵਢੇਰਾ ਨੇ ਬੰਦੇ ਬਾਰੇ ਫਾਰਸੀ ਜ਼ੁਬਾਨ ਵਿਚ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਗੋਦਾਵਰੀ ਨੂੰ ਜਾ ਰਹੇ ਸਨ ਕਿ ਉਨ੍ਹਾਂ ਨੂੰ ਅਜਿਹਾ ਸ਼ਖ਼ਸ ਮਿਲਿਆ ਜਿਸ ਨੂੰ ਨਾ ਕੋਈ ਬਹੁਤਾ ਜਾਣਦਾ ਸੀ, ਨਾ ਹੀ ਉਸ ਦੀ ਕੋਈ ਵਿਸ਼ੇਸ਼ਤਾਈ ਹੀ ਸੀ; ਨਾ ਹੀ ਉਸ ਦੇ ਪਿਛੋਕੜ ਦਾ ਪਤਾ ਸੀ। ਗੁਰੂ ਸਾਹਿਬ ਨੇ ਉਸ ਨੂੰ ਆਪਣੇ ਨਵੇਂ ਧਰਮ ਵਿਚ ਸ਼ਾਮਲ ਕਰ ਕੇ ਆਪਣਾ ਨਾਇਬ ਥਾਪ, ਮਾਖੋਵਾਲ (ਭਾਵ ਅਨੰਦਪੁਰ ਸਾਹਿਬ) ਤੋਰ ਦਿੱਤਾ।" ਬਟਾਲੇ ਦੇ ਅਹਿਮਦ ਸ਼ਾਹ ਨੇ ਵੀ ਇਸ ਤਰ੍ਹਾਂ ਦੀ ਕਹਾਣੀ ਦਾ ਜ਼ਿਕਰ ਕੀਤਾ ਹੈ।

ਜੇ.ਡੀ. ਕਨਿੰਘਮ 'ਹਿਸਟਰੀ ਆਫ ਸਿੱਖਸ' ਵਿਚ ਲਿਖਦੇ ਹਨ ਕਿ ਬੰਦਾ ਬਹਾਦਰ ਦੱਖਣੀ ਭਾਰਤ ਦਾ ਬਾਸ਼ਿੰਦਾ ਸੀ। ਇਸੇ ਤਰ੍ਹਾਂ ਮੇਜਰ ਏ. ਈ. ਬਾਰਸਟੋਅ ਦਾ ਕਹਿਣਾ ਹੈ ਕਿ ਬੰਦਾ ਦੱਖਣ ਭਾਰਤ ਤੋਂ ਸੀ (ਹੈਂਡਬੁੱਕ ਆਫ ਸਿੱਖਸ); ਪਰ ਇਨ੍ਹਾਂ ਵਿਚੋਂ ਕਿਸੇ ਨੇ ਵੀ ਇਹ ਨਹੀਂ ਦੱਸਿਆ ਕਿ ਉਹ ਕਿਸ ਆਧਾਰ 'ਤੇ ਕਿਸੇ ਨਿਸ਼ਚਿਤ ਸਥਾਨ ਅਤੇ ਨਿਸ਼ਚਿਤ ਤਾਰੀਖ ਨੂੰ ਬੰਦੇ ਦੇ ਜਨਮ ਨਾਲ ਜੋੜ ਰਹੇ ਹਨ।

ਮੇਜਰ ਜੇਮਸ ਬਰਾਊਨ (ਇੰਡੀਆ ਟਰੈਕਸ) ਅਨੁਸਾਰ ਬੰਦਾ ਜਲੰਧਰ ਦੁਆਬ ਦੇ ਪਿੰਡ ਪੰਡੋਰੀ ਦਾ ਵਸਨੀਕ ਸੀ, ਪਰ ਇਹ ਪੰਡੋਰੀ ਕਿਹੜੀ ਸੀ, ਇਸ ਦੀ ਜਾਣਕਾਰੀ ਨਹੀਂ ਮਿਲਦੀ। ਹੁਣ ਇਕ ਵਿਚਾਰ ਇਹ ਵੀ ਹੈ ਕਿ ਇਹ ਪੰਡੋਰੀ ਗੁਰਦਾਸਪੁਰ ਜ਼ਿਲ੍ਹੇ ਵਿਚ ਪਠਾਨਕੋਟ ਨੇੜੇ ਸਥਿਤ ਮੋਹਿਆਲ ਬ੍ਰਾਹਮਣਾਂ ਦੀ ਮਲਕੀਅਤ ਵਾਲੀ ਪੰਡੋਰੀ ਬ੍ਰਾਹਮਣਾਂ ਹੈ (ਬੰਦੇ ਨੂੰ ਮੋਹਿਆਲ ਬ੍ਰਾਹਮਣ ਸਾਬਤ ਕਰਨ ਲਈ ਇਹ ਕਹਾਣੀ ਘੜੀ ਗਈ ਜਾਪਦੀ ਹੈ)।

ਡੇਰਾ ਬਾਬਾ ਬੰਦਾ ਬਹਾਦਰ, ਰਿਆਸੀ (ਜੰਮੂ) ਦੀ ਮਾਤਾ ਜੋਗਿੰਦਰ ਕੌਰ ਦਾ ਕਹਿਣਾ ਹੈ ਕਿ ਬੰਦੇ ਦਾ ਜਨਮ ਪੀਰ ਪੰਜਾਲ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਸੁੰਦਰ ਰਮਣੀਕ ਪਿੰਡ ਜ਼ੋਰੇ-ਕੇ-ਗੜ੍ਹ ਵਿਖੇ ਹੋਇਆ, ਪਰ ਕਸ਼ਮੀਰ ਦੇ ਨਕਸ਼ੇ ਵਿਚ ਇਹ ਸਥਾਨ ਲੱਭਣਾ ਨਾ-ਮੁਮਕਿਨ ਹੈ। ਬੈਰਾਗੀ ਮਹਾਂ ਮੰਡਲ ਪੰਜਾਬ ਅਤੇ ਅਖਿਲ ਭਾਰਤੀ ਬੰਦਈ ਸਿੱਖ ਸੰਘਰਸ਼ ਦਾ ਵਿਸ਼ਵਾਸ ਹੈ ਕਿ ਬੰਦੇ ਦਾ ਜਨਮ 16 ਅਕਤੂਬਰ 1670 ਨੂੰ ਤੱਛਕ ਦੇ ਸਥਾਨ 'ਤੇ ਹੋਇਆ। ਗਿਆਨੀ ਭਜਨ ਸਿੰਘ ਆਪਣੀ ਪੁਸਤਕ 'ਸਾਡੇ ਸ਼ਹੀਦ' ਵਿਚ ਲਿਖਦੇ ਹਨ ਕਿ ਕਸ਼ਮੀਰੀ ਸਿੱਖਾਂ ਨੂੰ ਆਪਣੀ ਖੋਜ ਵਿਚ ਰਾਜੌਰੀ ਤੋਂ ਲਗਭਗ 50 ਕਿਲੋਮੀਟਰ ਦੂਰ ਤੱਛਕ 'ਚ ਇਕ ਬਰਬਾਦ ਕਿਲ੍ਹੇ ਦੇ ਨਿਸ਼ਾਨ ਮਿਲੇ ਹਨ ਜਿੱਥੇ ਬੰਦਾ ਬਹਾਦਰ ਦਾ ਜਨਮ ਹੋਇਆ ਸੀ। ਬੰਦੇ ਦਾ ਪਿਤਾ ਰਾਮਦੇਵ ਪਹਾੜੀ ਰਾਜਾ ਸੀ ਜੋ ਤੱਛਕ ਦੇ ਇਲਾਕੇ 'ਤੇ ਰਾਜ ਕਰਦਾ ਸੀ। ਸੋ, ਬੰਦਾ ਬਹਾਦਰ ਰਾਜੇ ਦਾ ਪੁੱਤਰ ਸੀ।

ਜਲੰਧਰ ਤੋਂ ਛਪਦੇ ਅਖਬਾਰ 'ਪੰਜਾਬ ਕੇਸਰੀ' ਵਿਚ ਅਖਿਲ ਭਾਰਤੀ ਬੰਦਈ ਸਿੱਖ ਸੰਪਰਦਾ ਦੇ ਸਕੱਤਰ ਸ੍ਰੀ ਵੇਦ ਪ੍ਰਕਾਸ਼ ਮੱਕੜ ਲਿਖਦੇ ਹਨ ਕਿ ਬੰਦਾ ਜੰਮੂ ਕਸ਼ਮੀਰ ਰਾਜ ਦੇ ਰਾਜੌਰੀ ਜ਼ਿਲ੍ਹੇ ਦੇ ਪਿੰਡ ਤੱਛਕ ਵਿਚ 16 ਅਕਤੂਬਰ 1670 ਨੂੰ ਸ੍ਰੀ ਰਾਮਦੇਵ ਭਾਰਦਵਾਜ ਦੇ ਘਰ ਪੈਦਾ ਹੋਇਆ, ਪਰ ਉਹ ਇਹ ਸਪੱਸ਼ਟ ਨਹੀਂ ਕਰ ਸਕੇ ਕਿ ਰਾਮਦੇਵ ਬ੍ਰਾਹਮਣ ਸੀ ਜਾਂ ਰਾਜਪੂਤ।

ਡਾ. ਹਰੀ ਰਾਮ ਗੁਪਤਾ 'ਹਿਸਟਰੀ ਆਫ ਸਿੱਖਸ-ਭਾਗ 2' ਵਿਚ ਲਿਖਦੇ ਹਨ ਕਿ ਬੰਦਾ ਕਾਹਨ ਦੀ ਪਹਾੜੀ ਰਿਆਸਤ ਸਿਰਮੌਰ ਤੋਂ ਬਿਨਾਂ ਹੋਰ ਕਿਧਰੇ ਵੀ ਜਨਮਿਆ ਨਹੀਂ ਹੋ ਸਕਦਾ। ਬੰਦੇ ਦੀਆਂ ਸਾਰੀਆਂ ਕਾਰਵਾਈਆਂ ਦੱਸਦੀਆਂ ਹਨ ਕਿ ਉਹ ਕਾਹਨ ਦੇ ਖਿੱਤੇ ਤੋਂ ਪੂਰੀ ਤਰ੍ਹਾਂ ਵਾਕਫ ਸੀ। ਇਸੇ ਲਈ ਉਸ ਨੇ ਆਪਣੀ ਰਾਜਧਾਨੀ ਮੁਖਲਿਸ ਗੜ੍ਹ ਨੂੰ ਬਣਾਇਆ ਜੋ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਹੇਠ ਸਥਿਤ ਸੀ।

ਓ. ਪੀ. ਰਲਹਨ ਨੇ ਵੀ ਆਪਣੀ ਪੁਸਤਕ 'ਹਿਸਟਰੀ ਆਫ ਦਿ ਸਿੱਖ ਪੀਪਲ' ਵਿਚ ਬੰਦੇ ਨੂੰ ਸਿਰਮੌਰ ਰਿਆਸਤ ਦਾ ਵਸਨੀਕ ਦੱਸਿਆ ਹੈ, ਪਰ ਡਾ. ਗੋਪਾਲ ਸਿੰਘ ਇਸ ਤੋਂ ਇਨਕਾਰੀ ਹੁੰਦਿਆਂ ਇਹ ਕਹਿੰਦਾ ਹੈ ਕਿ ਬੰਦੇ ਦੇ ਸ਼ਿਵਾਲਿਕ ਅਤੇ ਹਿਮਾਲਿਆ ਦੀਆਂ ਹੇਠਲੀਆਂ ਪਹਾੜੀਆਂ ਦਾ ਚੰਗਾ ਜਾਣਕਾਰ ਹੋਣਾ ਉਸ ਦੇ ਸਿਰਮੌਰ ਵਾਸੀ ਹੋਣ ਦਾ ਕੋਈ ਪੁਖਤਾ ਸਬੂਤ ਨਹੀਂ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਅਨੁਸਾਰ ਬੰਦਾ ਬਹਾਦਰ ਹੋਰ ਕੋਈ ਨਹੀਂ ਸੀ, ਸਗੋਂ ਗੁਰੂ ਗੋਬਿੰਦ ਸਿੰਘ ਹੀ ਵੱਖਰੇ ਭੇਸ ਵਿਚ ਸਨ। ਉਂਜ, ਇਹ ਗੱਲ ਸਮਝ ਨਹੀਂ ਆਉਂਦੀ ਕਿ ਗੁਰੂ ਸਾਹਿਬ ਨੂੰ ਬੰਦੇ ਦਾ ਭੇਸ ਧਾਰਨ ਦੀ ਕੀ ਲੋੜ ਸੀ?

ਐਮ. ਐਸ. ਚੰਦੇਲਾ ਅਨੁਸਾਰ "ਜੇ ਮੰਨ ਲਿਆ ਜਾਵੇ ਕਿ ਲਛਮਣ ਦੇਵ (ਭਾਵ ਬੰਦਾ) ਨੇ ਬੈਰਾਗੀ ਮੱਤ ਕਸੂਰ ਨੇੜੇ ਸਥਿਤ ਬਾਬਾ ਰਾਮ ਥੰਮਣ ਦੇ ਸਥਾਨ 'ਤੇ ਧਾਰਨ ਕੀਤਾ ਤਾਂ ਇਸ ਗੱਲ ਦੀ ਸੰਭਾਵਨਾ ਜ਼ਿਆਦਾ ਲਗਦੀ ਹੈ ਕਿ ਉਸ ਦਾ ਜਨਮ ਸਥਾਨ, ਜੇਮਸ ਬਰਾਊਨ ਦੇ ਕਥਨ ਅਨੁਸਾਰ, ਜਲੰਧਰ ਦੁਆਬ ਵਿਚ ਸੀ। ਜੇ ਮੌਜੂਦਾ ਪ੍ਰਮਾਣਾਂ ਨੂੰ ਇਕੱਠਾ ਕਰ ਕੇ ਦੇਖਿਆ ਜਾਵੇ ਤਾਂ ਬੰਦੇ ਦੇ ਊਨਾ ਨੇੜੇ (ਹੁਣ ਹਿਮਾਚਲ ਪ੍ਰਦੇਸ਼) ਸਥਿਤ ਪੰਡੋਰੀ ਵਿਚ ਜਨਮੇ ਹੋਣ ਦੀ ਸੰਭਾਵਨਾ ਜ਼ਿਆਦਾ ਲੱਗਦੀ ਹੈ।"

ਮਿਰਜ਼ਾ ਮੁਹੰਮਦ ਹਾਰਿਸੀ ਜੋ ਬੰਦੇ ਦਾ ਸਮਕਾਲੀ ਸੀ, ਨੇ ਆਪਣੀ ਪੁਸਤਕ 'ਇਬਰਤਨਾਮਾ' (1718 ਈਸਵੀ) ਵਿਚ ਲਿਖੀ। ਉਹ ਬੰਦੇ ਬਹਾਦਰ ਦੇ ਜਨਮ ਸਥਾਨ ਬਾਰੇ ਲਿਖਦਾ ਹੈ, "ਅਗਲੇ ਸਾਲ ਜੋ ਸੰਨ 1121 ਹਿਜਰੀ (1709) ਦੀ ਸੀ, ਤਕੜੇ ਵਜੂਦ ਤੇ ਬੁਲੰਦ ਇਰਾਦੇ ਵਾਲਾ ਇਕ ਵਿਅਕਤੀ ਚਕਲਾ ਸਰਹਿੰਦ ਦੇ ਕਿਸੇ ਪਿੰਡ ਵਿਚੋਂ ਪ੍ਰਗਟ ਹੋਇਆ ਤੇ ਉਸ ਨੇ ਦਾਅਵਾ ਕੀਤਾ ਕਿ ਮੈਂ ਉਹੀ (ਗੁਰੂ) ਗੋਬਿੰਦ ਸਿੰਘ ਹਾਂ ਤੇ ਉਸ ਲਾਅਨਤੀ (ਅਫ਼ਗਾਨ) ਤੋਂ ਖੁਦ ਨੂੰ ਬਚਾ ਕੇ ਬਾਹਰ ਨਿਕਲ ਆਇਆ ਹਾਂ ਤੇ ਇਸ ਥਾਂ 'ਤੇ ਪੁੱਜ ਗਿਆ ਹਾਂ।"

1731 ਈਸਵੀ ਵਿਚ ਖਾਫੀ ਖਾਨ ਦੁਆਰਾ ਲਿਖੀ ਪੁਸਤਕ 'ਮੁੰਤਖ਼ਬੁ-ਲ-ਲੁਬਾਬ' ਇਸ ਗੱਲ ਦੀ ਜਾਣਕਾਰੀ ਦਿੰਦੀ ਹੈ ਕਿ ਬੰਦਾ ਪੰਜਾਬ ਦਾ ਵਸਨੀਕ ਸੀ। ਉਸ ਅਨੁਸਾਰ "ਜਦ ਉਸ (ਗੁਰੂ ਗੋਬਿੰਦ ਸਿੰਘ) ਦੇ ਕਤਲ ਦੀ ਖ਼ਬਰ ਪੰਜਾਬ ਜੋ ਇਸ ਗੁੰਮਰਾਹ ਫਿਰਕੇ ਦਾ ਗੜ੍ਹ ਹੈ, ਪਹੁੰਚੀ ਤਾਂ ਉਨ੍ਹਾਂ ਵਿਚੋਂ ਇਕ ਬੇਸ਼ਰਮ ਸ਼ਖ਼ਸ ਜਿਸ ਦੇ ਨਾਮ ਬਾਰੇ ਮੱਤਭੇਦ ਹਨ (ਉਸ ਦਾ ਇਸ਼ਾਰਾ ਬੰਦੇ ਵੱਲ ਹੈ), ਨੇ ਇਹ ਐਲਾਨ ਕੀਤਾ ਕਿ ਉਹ ਮਕਤੂਲ ਗੁਰੂ (ਗੋਬਿੰਦ ਸਿੰਘ) ਦੀ ਰੂਹ ਦਾ ਅਵਤਾਰ ਬਣ ਕੇ ਆਇਆ ਹੈ ਤੇ ਇਸ ਨਵੇਂ ਜੀਵਨ ਵਿਚ ਗੁਰੂ (ਗੋਬਿੰਦ ਸਿੰਘ) ਨੇ ਆਪਣੀ ਸ਼ਕਲ ਬਦਲ ਲਈ ਹੈ ਤੇ ਉਹ ਦਾੜ੍ਹੀ ਤੇ ਸਿਰ ਦੇ ਵਾਲਾਂ ਸਹਿਤ ਇਸ ਕਹਿਰ ਦੇ ਮਾਰੇ ਸ਼ਖ਼ਸ ਦੇ ਰੂਪ 'ਚ ਪ੍ਰਗਟ ਹੋ ਗਿਆ ਹੈ।"



ਚੱਪੜਚਿੜੀ (ਮੋਹਾਲੀ) ਵਿਚ ਬੰਦਾ ਸਿੰਘ ਬਹਾਦਰ ਦੀ ਬਣਾਈ ਗਈ ਯਾਦਗਾਰ

ਬੁੱਧ ਸਿੰਘ ਅਰੋੜਾ (ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼-1783 ਈਸਵੀ) ਜੋ ਲਾਹੌਰ ਦਾ ਰਹਿਣ ਵਾਲਾ ਅਤੇ ਜਾਤ ਦਾ ਅਰੋੜਾ ਸੀ (ਕੁਝ ਵਿਦਵਾਨ ਉਸ ਨੂੰ ਜਾਤ ਦਾ ਖੱਤਰੀ ਲਿਖਦੇ ਹਨ), ਲਿਖਦਾ ਹੈ ਕਿ ਬੰਦਾ ਬੈਰਾਗੀ ਸੀ, ਭਾਵ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਬੈਰਾਗੀ ਸੰਪਰਦਾਇ ਨਾਲ ਸਬੰਧਤ ਸੀ। ਉਹ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਪੁਣਛ ਦੇ ਪਿੰਡ ਰਾਜੌਰੀ ਦੀ ਬਜਾਇ, ਜਲੰਧਰ ਦੁਆਬ ਵਿਚ ਕਰਤਾਰਪੁਰ ਦੇ ਨਜ਼ਦੀਕ ਪੰਡੋਰੀ ਵਿਚ ਹੋਇਆ ਦੱਸਦਾ ਹੈ। ਉਸ ਦੇ ਸ਼ਬਦਾਂ ਅਨੁਸਾਰ "ਬੰਦਾ ਨਾਮੀ ਬੈਰਾਗੀ ਵਾਸੀ ਪਿੰਡ ਪੰਡੋਰੀ ਜੋ ਜਲੰਧਰ ਦੁਆਬੇ (ਦੇ ਇਲਾਕੇ) ਦੇ ਤੁਅਲਕੇ ਕਰਤਾਰਪੁਰ ਵਿਚ ਸਥਿਤ ਹੈ, ਦੀ ਗੁਰੂ ਗੋਬਿੰਦ ਸਿੰਘ ਨਾਲ ਦੋਸਤੀ ਅਤੇ ਅਸੀਮ ਭਰੋਸਾ ਸੀ। ਬੰਦਾ ਸਿੰਘ ਬਹਾਦਰ ਬਾਜ਼ੀਗਰ ਜਾਤ ਨਾਲ ਸਬੰਧ ਰੱਖਦਾ ਸੀ। ਦੱਖਣ ਦੇ ਸਫ਼ਰ ਸਮੇਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੀ।" ਬੁੱਧ ਸਿੰਘ ਅਨੁਸਾਰ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਦੀ ਦੇਹ ਦਾ ਸਸਕਾਰ ਕਰਨ ਉਪਰੰਤ ਪੰਜਾਬ ਵੱਲ ਰਵਾਨਾ ਹੋਇਆ।

ਫਾਰਸੀ ਦੇ ਵਿਦਵਾਨ ਜੋ ਲਗਭਗ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਸਨ, ਦੇ ਵਿਚਾਰਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਚੰਦ ਇਕ ਇਤਿਹਾਸਕਾਰਾਂ ਨੂੰ ਛੱਡ ਕੇ ਬਹੁਤੇ ਬੰਦੇ ਦੀਆਂ ਗਤੀਵਿਧੀਆਂ ਸਮੇਂ ਮੌਜੂਦ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚ ਇਹ ਗੱਲ ਕਿਧਰੇ ਵੀ ਨਜ਼ਰ ਨਹੀਂ ਆਉਂਦੀ ਕਿ ਬੰਦਾ ਸਿੰਘ ਬਹਾਦਰ ਦਾ ਜਨਮ ਕਸ਼ਮੀਰ ਵਿਚ ਪੁਣਛ ਜ਼ਿਲ੍ਹੇ ਦੇ ਰਾਜੌਰੀ ਪਿੰਡ ਵਿਚ ਹੋਇਆ। ਉਹ ਬੰਦੇ ਨੂੰ ਪੰਜਾਬ ਦਾ ਵਸਨੀਕ ਹੀ ਮੰਨਦੇ ਹਨ ਜੋ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਕਦਰਾਂ-ਕੀਮਤਾਂ ਤੋਂ ਜਾਣੂੰ ਸੀ।

ਜੇ ਬੰਦੇ ਦੇ ਜਨਮ ਸਥਾਨ ਦਾ ਫ਼ੈਸਲਾ ਦਲੀਲਾਂ ਦੇ ਆਧਾਰ 'ਤੇ ਕਰੀਏ ਤਾਂ ਇਹ ਗੱਲ ਕਿਵੇਂ ਮੰਨਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਅਣਜਾਣ ਕਸ਼ਮੀਰੀ ਜਾਂ ਬੈਰਾਗੀ ਸਾਧੂ ਨੂੰ ਜੋ ਸਿੱਖੀ ਵਿਚਾਰਧਾਰਾ ਅਤੇ ਪਰੰਪਰਾਵਾਂ ਤੋਂ ਜਾਣੂੰ ਨਹੀਂ ਹੈ, ਆਪਣਾ ਨਾਇਬ ਥਾਪ ਕੇ ਖਾਲਸੇ ਦੀ ਵਾਗਡੋਰ ਉਸ ਨੂੰ ਸੰਭਾਲ ਦਿੰਦੇ! ਪੰਜਾਬ ਦੇ ਸਿੱਖ ਵੀ ਅਜਿਹੇ ਵਿਅਕਤੀ ਦੀ ਅਗਵਾਈ ਕਬੂਲ ਨਹੀਂ ਕਰ ਸਕਦੇ ਸਨ ਜੋ ਦੂਜੇ ਪ੍ਰਾਂਤ ਦਾ ਬੈਰਾਗੀ ਸਾਧੂ ਹੋਵੇ ਅਤੇ ਜਿਸ ਨੂੰ ਪੰਜਾਬ ਦੀ ਰਾਜਨੀਤੀ ਤੇ ਜੁਗਰਾਫੀਏ ਦੀ ਸਮਝ ਨਾ ਹੋਵੇ। ਇਸ ਲਈ ਮੰਨਣਾ ਬਣਦਾ ਹੈ ਕਿ ਬੰਦਾ ਪੰਜਾਬ ਦਾ ਵਸਨੀਕ ਸੀ, ਉਸ ਦੀ ਬੋਲ ਚਾਲ ਵਿਚ, ਉਸ ਦੇ ਵਿਚਾਰਾਂ ਅਤੇ ਰਹਿਣ-ਸਹਿਣ ਵਿਚ ਸਿੱਖ ਸਭਿਆਚਾਰ ਦੀ ਛਾਪ ਸੀ। ਉਹ ਮਿਲਣ ਵਾਲੇ ਹਰ ਵਿਅਕਤੀ ਅਤੇ ਆਪਣੇ ਸਾਥੀਆਂ ਨੂੰ 'ਸਿੰਘ' ਸ਼ਬਦ ਨਾਲ ਸੰਬੋਧਨ ਕਰਦਾ ਸੀ। ਉਹ ਸਿਰਲੱਥ ਸੂਰਮਾ ਸੀ ਜੋ ਜੰਗਾਂ ਯੁੱਧਾਂ ਦੀਆਂ ਗਹਿਰਾਈਆਂ ਨੂੰ ਸਮਝ ਕੇ ਉਨ੍ਹਾਂ ਬਾਰੇ ਫੈਸਲੇ ਆਪ ਕਰਦਾ ਸੀ। ਅਜਿਹਾ ਕੋਈ ਕਸ਼ਮੀਰੀ ਜਾਂ ਬੈਰਾਗੀ ਸਾਧੂ ਨਹੀਂ ਕਰ ਸਕਦਾ। ਜੇ ਬੰਦੇ ਦੀਆਂ ਜੜ੍ਹਾਂ ਪੰਜਾਬ ਵਿਚ ਨਾ ਹੁੰਦੀਆਂ, ਤਾਂ ਉਹ ਆਪਣਾ ਸੁੱਖ ਆਰਾਮ ਤਿਆਗ ਕੇ ਸਿੱਖਾਂ ਤੇ ਪੰਜਾਬ ਲਈ ਨਿਰਦਈ ਲੜਾਈਆਂ ਵਿਚ ਸ਼ਾਮਲ ਨਾ ਹੁੰਦਾ।

ਡਾ. ਸੁਖਦਿਆਲ ਸਿੰਘ ਆਪਣੀ ਕਿਤਾਬ 'ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ' ਵਿਚ ਇਸ ਗੱਲ ਦਾ ਜ਼ਿਕਰ ਕਰਦੇ ਹਨ, "ਬੰਦਾ ਸਿੰਘ ਬਹਾਦਰ, ਬਾਦਸ਼ਾਹ ਬਹਾਦਰ ਸ਼ਾਹ ਦੀ ਸ਼ਾਹੀ ਫੌਜ ਵਿਚ ਉਸ ਸਿੱਖ ਰਜਮੈਂਟ ਦਾ ਕਮਾਂਡਰ ਸੀ ਜਿਹੜੀ ਬੜੇ ਚਿਰ ਤੋਂ ਗੁਰੂ ਜੀ ਦੀ ਆਗਿਆ ਨਾਲ ਸਿੱਖਾਂ ਨੂੰ ਭਰਤੀ ਕਰ ਕੇ ਕਾਇਮ ਕੀਤੀ ਗਈ ਸੀ।" ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਇਕ ਹੁਕਮਨਾਮਾ ਬਹਾਦਰ ਸ਼ਾਹ ਦੀ ਫੌਜ ਵਿਚ ਸਿੱਖ ਸੈਨਿਕ ਹੋਣ ਦੀ ਪੁਸ਼ਟੀ ਕਰਦਾ ਹੈ। ਕੇਸਰ ਸਿੰਘ ਛਿੱਬਰ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਦੀ ਫੌਜ ਵਿਚ ਵੀਹ ਹਜ਼ਾਰ ਸਿੱਖ ਸੈਨਿਕ ਸਨ। 'ਮਹਿਮਾ ਪ੍ਰਕਾਸ਼' ਦਾ ਲੇਖਕ ਸਰੂਪ ਦਾਸ ਭੱਲਾ ਆਪਣੀ ਲਿਖਤ ਵਿਚ ਇਕ ਵਾਰ ਕਿਸੇ ਥਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਵੱਡੇ ਅਧਿਕਾਰੀ ਦੇ ਬੈਠੇ ਹੋਣ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਸਿੱਖ ਉਸ ਨੂੰ ਕੁਝ ਠੱਠਾ ਮਾਖੌਲ ਕਰ ਰਹੇ ਸਨ। ਇਸ 'ਤੇ ਗੁਰੂ ਜੀ ਨੇ ਸਿੱਖਾਂ ਨੂੰ ਰੋਕਦਿਆਂ ਕਿਹਾ ਸੀ ਕਿ ਉਹ ਇਸ ਨਾਲ ਮਾਖੌਲ ਕਰ ਕੇ ਆਪਣੇ ਆਪ ਦਾ ਮਾਖੌਲ ਨਾ ਉਡਾਉਣ, ਕਿਉਂਕਿ ਇਹ ਵਿਅਕਤੀ ਬਾਦਸ਼ਾਹ ਦੀ ਫੌਜ ਵਿਚ ਬਹੁਤ ਵੱਡਾ ਮਰਾਤਦਾਨ (ਅਧਿਕਾਰੀ) ਹੈ। ਸਿੱਖਾਂ ਦੀ ਜਿਹੜੀ ਫੌਜ ਬਹਾਦਰ ਸ਼ਾਹ ਨਾਲ ਨਾਂਦੇੜ ਗਈ ਸੀ, ਬੰਦਾ ਬਹਾਦਰ ਉਸ ਫੌਜ ਦਾ ਕਮਾਂਡਰ ਸੀ। ਉਸ ਨੂੰ ਜੰਗਾਂ ਯੁੱਧਾਂ ਦੀ ਨੀਤੀ ਦਾ ਪੂਰਾ ਗਿਆਨ ਸੀ। ਇਹ ਤਜਰਬਾ ਉਸ ਨੂੰ ਮੁਗਲਾਂ ਦੀ ਫੌਜ ਦੇ ਕਮਾਂਡਰਾਂ ਨਾਲ ਰਹਿ ਕੇ ਹੋਇਆ ਸੀ। ਇਹ ਕੰਮ ਕੋਈ ਬੈਰਾਗੀ ਜਾਂ ਸ਼ਰਾਰਤੀ ਸਾਧੂ ਨਹੀਂ ਕਰ ਸਕਦਾ ਸੀ ਜਿਸ ਦੀ ਗੁਰੂ ਨਾਲ ਸੰਗਤ ਕੁਝ ਸਮੇਂ ਲਈ ਸੀ।

(ਚਲਦਾ)

## ਇਤਿਹਾਸ ਦੇ ਝਰੋਖੇ 'ਚੋਂ

---

# ਮੇਰਾ ਗੁਰੂ ਨਾਨਕ ਪ੍ਰੇਮ

ਬਚਪਨ ਵਿਚ ਮਿਲੇ ਸੰਸਕਾਰ ਇਨਸਾਨ ਦੇ ਦਿਲੋ-ਦਿਮਾਗ 'ਤੇ ਅਜਿਹੇ ਅਮਿੱਟ ਪ੍ਰਭਾਵ ਛੱਡਦੇ ਹਨ ਕਿ ਇਹ ਇਨਸਾਨ ਦੀ ਜ਼ਿੰਦਗੀ ਨਾਲ ਪ੍ਰਛਾਵੇਂ ਵਾਂਗ ਸਫ਼ਰ ਕਰਦੇ ਹਨ। ਮੇਰੀ ਦਾਦੀ ਆਪਣੀ ਕਰਨੀ ਅਤੇ ਕਥਨੀ ਦੀ ਹੱਦ ਤੱਕ ਗੁਰੂ ਨਾਨਕ ਪਾਤਸ਼ਾਹ ਦੀ ਮੁਰੀਦ ਸੀ ਕਿ ਉਸ ਦੀ ਸਾਦ-ਮੁਰਾਦੀ ਸ਼ਖ਼ਸੀਅਤ ਦੁਆਲੇ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

ਗੁਰੂ ਜੀ ਦੇ ਨਾਮ ਦਾ ਆਭਾ ਮੰਡਲ ਮਹਿਸੂਸ ਹੁੰਦਾ ਸੀ। ਕੋਰੀ ਅਨਪੜ੍ਹ ਹੋਣ ਦੇ ਬਾਵਜੂਦ ਉਹ ਜਪੁਜੀ ਸਾਹਿਬ ਦਾ ਪਾਠ ਹਰ ਰੋਜ਼ ਕਰਦੀ ਅਤੇ ਕੰਧ ਉਤੇ ਬਾਬੇ ਨਾਨਕ ਦੀ ਤਸਵੀਰ ਅੱਗੇ ਮੌਨ ਅਰਦਾਸ ਕਰਨੀ ਵੀ ਉਹ ਆਪਣੇ ਆਖਰੀ ਸਾਹ ਤਕ ਕਦੇ ਨਹੀਂ ਸੀ ਭੁੱਲੀ। ਮੇਰਾ ਬਚਪਨ ਮੇਰੀ ਦਾਦੀ ਦੀ ਸੰਗਤ ਵਿਚ ਗੁਜ਼ਰਨ ਕਰ ਕੇ ਗੁਰੂ ਨਾਨਕ ਪਾਤਸ਼ਾਹ ਨਾਲ ਮੇਰੀ ਪੱਕੀ ਸਾਕਾਦਾਰੀ ਬਣ ਗਈ।

ਮੇਰੀ ਦਾਦੀ ਗੁਰੂ ਨਾਨਕ ਪਾਤਸ਼ਾਹ ਦੀ ਤਸਵੀਰ ਅੱਗੇ ਹੱਥ ਬੰਨ੍ਹ ਕੇ ਦੋ ਮੰਗਾਂ ਰੱਖਦੀ। ਪਹਿਲੀ ਮੰਗ ਇਹ ਹੁੰਦੀ ਕਿ 'ਬਾਬਾ ਜੀ, ਮੈਨੂੰ ਕੋਈ ਬਿਮਾਰੀ ਨਾ ਲੱਗਣ ਦੇਵੀਂ', ਤੇ ਦੂਜੀ ਮੰਗ ਹੁੰਦੀ ਕਿ 'ਹੇ ਦਾਤਾ, ਮੈਨੂੰ ਚਲਦੀ ਫ਼ਿਰਦੀ ਨੂੰ ਲੈ ਜਾਵੀਂ, ਜ਼ਿਆਦਾ ਸਮਾਂ ਮਰਨ ਬਿਸਤਰੇ 'ਤੇ ਨਾ ਪਾਵੀਂ।' ਮੈਂ ਹੈਰਾਨ ਹਾਂ, ਬਾਬੇ ਨਾਨਕ ਨੇ ਮਾਤਾ ਦੀਆਂ ਇਹ ਦੋਵੇਂ ਮੰਗਾਂ ਇੰਨ-ਬਿੰਨ ਪੂਰੀਆਂ ਕੀਤੀਆਂ। ਉਹ ਸੌ ਸਾਲ ਤੱਕ ਜੀਵੀ, ਪਰ ਉਸ ਵੱਲ ਕਿਸੇ ਛੋਟੀ ਮੋਟੀ ਬਿਮਾਰੀ ਨੇ ਝਾਕ ਕੇ ਵੀ ਨਹੀਂ ਵੇਖਿਆ। ਮਰਨ ਤੋਂ ਇਕ ਦਿਨ ਪਹਿਲਾਂ ਉਸ ਨੇ ਰੋਟੀ-ਪਾਣੀ ਛੱਡ ਦਿੱਤਾ। ਇਕ ਦਿਨ ਪੂਰਾ ਮੰਜੇ 'ਤੇ ਪਈ ਰਹੀ ਅਤੇ ਬਿਨਾ ਕਿਸੇ ਦੁੱਖ ਤਕਲੀਫ ਦੇ ਅੱਧੀ ਰਾਤ ਵੇਲੇ ਪ੍ਰਾਨ ਤਿਆਗ ਦਿੱਤੇ।

ਮੈਂ ਏਡਾ ਮੂਰਖ, ਕਮਜ਼ੋਰ, ਨਾਦਾਨ ਅਤੇ ਨਿਰਾਸ਼ਾਵਾਦੀ ਸਾਂ ਕਿ ਅੱਜ ਵੀ ਹੈਰਾਨ ਹੁੰਦਾ ਹਾਂ ਕਿ ਕਿਵੇਂ ਮੈਂ ਇਕੱਲਾ ਹੀ ਜ਼ਿੰਦਗੀ ਦਾ ਸਫ਼ਰ ਕਰਦਿਆਂ ਬਿਖੜੇ ਰਾਹਾਂ, ਔਖੀਆਂ ਘਾਟੀਆਂ, ਭਿਆਨਕ ਖਤਰਿਆਂ ਅਤੇ ਚੁਣੌਤੀਆਂ ਨੂੰ ਪਾਰ ਕਰ ਗਿਆ। ਮੇਰਾ ਕੋਈ ਸੰਗੀ ਸਾਥੀ ਹੋਣਾ ਤਾਂ ਪਾਸੇ ਰਿਹਾ, ਮੇਰੀ ਜ਼ਿੰਦਗੀ 'ਚ ਆਉਣ ਵਾਲਿਆਂ, ਜਿਹੜੇ ਖੁਦ ਨੂੰ ਗੁਰੂ ਨਾਨਕ ਦੇ ਸਿੱਖ ਕਹਾਉਂਦੇ ਸਨ, ਨੇ ਮੇਰੇ ਰਾਹਾਂ ਵਿਚ ਅਜਿਹੇ ਕੰਡੇ ਬੀਜੇ ਕਿ ਜੇ ਕਿਤੇ ਗੁਰੂ ਨਾਨਕ ਦੇਵ ਜੀ ਨਾਲ ਮੇਰੀ ਸੱਚੀ, ਸੁੱਚੀ ਰਿਸ਼ਤੇਦਾਰੀ ਨਾ ਹੁੰਦੀ ਤਾਂ ਮੈਂ ਅਜਿਹੇ ਬਿਖੜੇ ਰਾਹਾਂ ਉਤੇ ਚਾਰ ਕਦਮ ਵੀ ਨਹੀਂ ਸੀ ਤੁਰ ਸਕਦਾ।

ਬਚਪਨ ਵਿਚ ਹੀ ਲਾਲ ਚੰਦ ਯਮਲਾ ਜੱਟ ਦੇ ਸਪੀਕਰਾਂ 'ਤੇ ਵੱਜਦੇ ਰੂਹ ਟੁੰਬਵੇਂ ਗੁਰੂ ਨਾਨਕ ਦੇਵ ਪਾਤਸ਼ਾਹ ਦੀ ਸ਼ੋਭਾ ਵਿਚ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ' ਜਿਹੇ ਅਮਰ ਗੀਤ ਸੁਣਨ ਨੂੰ ਮਿਲੇ। ਇਨ੍ਹਾਂ ਗੀਤਾਂ ਨੇ ਅਜਿਹਾ ਜਾਦੂ ਕੀਤਾ ਕਿ ਇਕ ਦਿਨ ਗੱਤੇ ਦੇ ਡੱਬੇ ਵਿਚ ਡੰਡਾ ਅੜੁੰਗ ਕੇ ਤੂੰਬੀ ਬਣਾ ਲਈ। ਲੁਕ-ਛਿਪ ਕੇ ਬੇਸੁਰੀ ਤੇ ਬੇਢੰਗੀ ਜਿਹੀ ਤੂੰਬੀ ਵਜਾ ਵਜਾ ਕੇ ਸ਼ਰਧਾ ਵੱਸ ਬਾਬੇ ਨਾਨਕ ਦੇ ਗੀਤ ਗਾਉਂਦੇ ਰਹਿਣਾ। ਯਮਲਾ ਜੱਟ ਦੀ ਤੂੰਬੀ ਦਾ ਇਹ ਪ੍ਰਭਾਵ ਅੱਜ 60 ਸਾਲ ਦੀ ਉਮਰ ਤੱਕ ਵੀ ਨਾਲ ਨਾਲ ਸਫ਼ਰ ਕਰ ਰਿਹਾ ਹੈ। ਮੈਂ ਨਾ ਤਾਂ ਯਮਲਾ ਜੱਟ ਤੋਂ ਵਿਧੀਵਤ ਰਾਗ ਵਿਦਿਆ ਪ੍ਰਾਪਤ ਕਰ ਸਕਿਆ ਅਤੇ ਨਾ ਹੀ ਮੇਰੇ ਗੀਤ ਕਦੇ ਕਿਸੇ ਨੇ ਸੁਣੇ; ਤੇ ਨਾ ਹੀ ਮੈਂ ਕਦੇ ਕਿਸੇ ਨੂੰ ਸੁਣਾਉਣ ਦੀ ਜ਼ਹਿਮਤ ਉਠਾਈ। ਬੱਸ ਅਸਾਂ ਨੇ ਤਾਂ ਗੁਰੂ ਪਾਤਸ਼ਾਹ ਨੂੰ ਆਪਣੀ ਅਕੀਦਤ ਸਤਿਕਾਰ ਅਤੇ ਸ਼ਰਧਾ ਹੀ ਭੇਟ ਕਰਨੀ ਹੁੰਦੀ ਹੈ; ਉਂਜ ਕਦੇ ਕਦੇ ਗੁਰਦੁਆਰਿਆਂ ਅਤੇ ਸਕੂਲਾਂ ਦੇ ਸਮਾਗਮ ਵਿਚ ਕਦੇ ਗੁਰੂ ਜੀ ਦਾ ਕਲਾਮ ਗਾਉਣ ਦੀ ਕੋਸ਼ਿਸ਼ ਜ਼ਰੂਰ ਕਰ ਛੱਡੀਦੀ ਸੀ।

ਇੱਥੇ ਨਾ ਤਾਂ ਮੈਂ ਕਿਸੇ ਗੂੜ੍ਹ ਗਿਆਨ ਜਾਂ ਫ਼ਲਸਫ਼ੇ ਦੀ ਵਿਚਾਰ-ਚਰਚਾ ਕਰ ਰਿਹਾ ਹਾਂ, ਨਾ ਕਰ ਹੀ ਸਕਦਾ ਹਾਂ। ਕਿਸੇ ਸਿਆਣੇ ਦਾ ਕਥਨ ਹੈ ਕਿ ਦੋਸਤੀ ਸੋਚ ਸਮਝ ਕੇ ਲਾਓ, ਤੇ ਜੇ ਇਕ ਵਾਰੀ ਲਾ ਲਓ ਤਾਂ ਫਿਰ ਜੀਅ ਜਾਨ ਨਾਲ ਸਿਰੇ ਲਾ ਦਿਓ। ਮੇਰੀ ਵਿਚਾਰ-ਚਰਚਾ ਇਹੀ ਹੈ ਕਿ ਜੇ ਅਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਗੁਰੂ ਧਾਰਨ ਕਰ ਲਿਆ ਹੈ, ਤਾਂ ਠੀਕ ਹੈ ਕਿ ਅਸੀਂ ਸੌ ਪ੍ਰਤੀਸ਼ਤ ਗੁਰੂ ਨਾਨਕ ਦੇ ਪੈਰੋਕਾਰ ਤਾਂ ਨਹੀਂ ਬਣ ਸਕਦੇ, ਪਰ ਘੱਟੋ ਘੱਟ ਸਾਡੇ ਵਿਚੋਂ ਕੁਛ ਨਾ ਕੁਛ ਤਾਂ ਸਾਡੇ ਗੁਰੂ ਦੀ ਖੁਸ਼ਬੂ ਆਉਣੀ ਹੀ ਚਾਹੀਦੀ ਹੈ। ਜੇ ਮੂੰਹ ਵਿਚ ਗੁਰੂ ਨਾਨਕ, ਗੁਰੂ ਨਾਨਕ ਹੈ ਤੇ ਬਗ਼ਲ ਵਿਚ ਛੁਰੀ ਹੈ ਤਾਂ ਗੱਲ ਨਹੀਂ ਨਾ ਬਣਦੀ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ,

ਫਿਟੁ ਇਵੇਹਾ ਜੀਵਿਆ
ਜਿਤੁ ਖਾਇ ਵਧਾਇਆ ਪੇਟੁ॥

# ਸ਼ੋਸ਼ੇ, ਮਤਲਬ ਦਿਖਾਵੇ ਦੀ ਦਾਸਤਾਂ



**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
ਫ਼ੋਨ: 925-683-1982

ਹਰ ਸਾਲ ਵਾਂਗ ਐਤਕੀਂ ਵੀ ਮਾਤਾ ਦਿਵਸ (ਮਦਰ'ਜ਼ ਡੇ) ਅਤੇ ਪਿਤਾ ਦਿਵਸ (ਫਾਦਰ'ਜ਼ ਡੇ) ਬੜੇ ਸ਼ੌਕ ਨਾਲ ਮਨਾਇਆ ਗਿਆ। ਕੁਦਰਤ ਦੀ ਕ੍ਰਿਪਾ ਹੈ ਕਿ ਮਾਇਕ ਅਤੇ ਸਰੀਰਕ ਤੌਰ 'ਤੇ ਬੱਚਿਆਂ ਉਤੇ ਨਿਰਭਰ ਨਹੀਂ ਹਾਂ। ਖੌਰੇ ਇਸੇ ਕਰ ਕੇ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਵਿਚ ਕੋਈ ਸ਼ੱਕ ਨਹੀਂ ਲੱਗਦਾ।

ਪੰਜਾਬ ਵਿਚ ਰਹਿੰਦਿਆਂ ਮਾਤਾ ਦਿਵਸ ਅਤੇ ਪਿਤਾ ਦਿਵਸ ਦਾ ਕਦੀ ਚਿੱਤ ਚੇਤਾ ਵੀ ਨਹੀਂ ਸੀ, ਪਰ ਅੱਜਕੱਲ੍ਹ ਉਥੇ ਵੀ ਇਹ ਰਿਵਾਜ਼ ਕਾਫ਼ੀ ਜ਼ੋਰ ਫੜ ਗਿਆ ਹੈ। ਦੋ-ਤਿੰਨ ਦਿਨ ਪਹਿਲਾਂ ਹੀ ਇਨ੍ਹਾਂ ਦਿਵਸਾਂ ਦੇ ਜਸ਼ਨ ਮਨਾਉਣੇ ਸ਼ੁਰੂ ਹੋ ਜਾਂਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਨਾਲ ਹੀ ਮਾਂ ਬਾਪ ਨੂੰ ਘਰੋਂ ਕੱਢਣ, ਜੁੱਤੀਆਂ ਮਾਰਨ, ਗੋਲੀਆਂ ਚਲਾਉਣ ਦੀਆਂ ਘਟਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਥੋੜ੍ਹੇ ਦਿਨ ਪਹਿਲਾਂ ਹੀ ਦੀਵਾਨ ਸਾਹਿਬ (ਸੇਵਾ ਮੁਕਤ ਚੀਫ਼ ਜਸਟਿਸ) ਨੂੰ ਬੇਟੇ ਅਤੇ ਨੂੰਹ ਦੇ ਦੁਰਵਿਹਾਰ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ। ਇਸ ਦੇਸ਼ ਵਿਚ ਵੀ ਬੱਚਿਆਂ ਵੱਲੋਂ ਬਜ਼ੁਰਗਾਂ ਦੀ ਬੇਕਦਰੀ ਹੀ ਦੇਖੀ ਜਾਂਦੀ ਹੈ। ਬੱਚੇ ਛੋਟੇ ਹੁੰਦਿਆਂ ਤੋਂ ਹੀ ਮਾਂ ਬਾਪ ਦਾ ਕਹਿਣਾ ਨਹੀਂ ਮੰਨਦੇ। ਇੱਜ਼ਤ ਅਤੇ ਪਿਆਰ ਸਤਿਕਾਰ ਵਾਲੇ ਸ਼ਬਦ ਨਹੀਂ ਬੋਲਦੇ। ਵੱਡੇ ਹੋ ਕੇ ਮਾਂ ਬਾਪ ਦੀ ਕੀ ਸੇਵਾ ਕਰਨਗੇ, ਨਜ਼ਰ ਹੀ ਆਉਂਦਾ ਹੈ। ਫਿਰ ਵੀ ਮਦਰ'ਜ਼ ਡੇ ਅਤੇ ਫਾਦਰ'ਜ਼ ਡੇ ਦੇ ਇਸ਼ਤਿਹਾਰ ਸਟੋਰਾਂ ਦੇ ਸ਼ਿੰਗਾਰ ਬਣ ਜਾਂਦੇ ਹਨ। ਬੇਅੰਤ ਸਾਮਾਨ ਇਸ ਸ਼ੋਸ਼ੇ ਦੀ ਆੜ ਵਿਚ ਵਿਕ ਜਾਂਦਾ ਹੈ। ਛੋਟੇ ਬੱਚੇ ਮਾਪਿਆਂ ਤੋਂ ਹੀ ਡਾਲਰ ਲੈ ਕੇ ਉਨ੍ਹਾਂ ਨੂੰ ਹੀ ਕਾਰਡ ਅਤੇ ਤੋਹਫ਼ੇ ਦੇ ਦਿੰਦੇ ਹਨ ਤੇ ਫਿਰ ਸ਼ਾਮ ਨੂੰ ਚੰਗੇ ਡਿਨਰ ਲਈ ਲੈ ਜਾਂਦੇ ਹਨ। ਇਨ੍ਹਾਂ ਦਿਨਾਂ ਦੀ ਮਹਾਨਤਾ ਅਤੇ ਅਸਲ ਭਾਵਨਾ ਵੱਲ ਕਿਸੇ ਦਾ ਖਿਆਲ ਤੱਕ ਨਹੀਂ ਹੁੰਦਾ।

ਇਨ੍ਹਾਂ ਗੱਲਾਂ 'ਚੋਂ ਗੁਜ਼ਰਦਿਆਂ ਬਚਪਨ ਯਾਦ ਆ ਗਿਆ ਹੈ। ਚੌਥੀ ਜਮਾਤ ਤੱਕ ਮੈਂ ਪਿੰਡ ਦੇ ਸਕੂਲ ਵਿਚ ਪੜ੍ਹਿਆ ਹਾਂ। ਉਨ੍ਹਾਂ ਦਿਨਾਂ ਵਿਚ ਸਾਡੇ ਦੋ ਸੀਰੀ (ਮਜ਼੍ਹਬੀ ਸਿੱਖ) ਸਕੇ ਭਰਾ ਸਨ। ਉਨ੍ਹਾਂ ਦਾ ਬਾਪ ਨੇਤਰਹੀਣ ਸੀ। ਉਹ ਦੋਨੋਂ ਬਜ਼ੁਰਗ ਬਾਪ ਦੀ ਬਹੁਤ ਸੇਵਾ ਕਰਦੇ। ਉਨ੍ਹਾਂ ਨੂੰ ਨਾ ਕੋਈ ਸ਼ਿਕਵਾ ਸੀ, ਨਾ ਕੋਈ ਸ਼ਿਕਾਇਤ। ਮੇਰੇ ਜੀਵਨ ਦਾ ਇਹ ਪਹਿਲਾ ਖ਼ੂਬਸੂਰਤ ਤਜਰਬਾ ਸੀ। ਪੰਜਵੀਂ ਤੋਂ ਦਸਵੀਂ ਜਮਾਤ ਤੱਕ ਸ਼ਹਿਰ (ਰਾਮਪੁਰਾ ਫੂਲ) ਦੇ ਸਕੂਲ ਵਿਚ ਪੜ੍ਹਿਆ। ਹਰ ਰੋਜ਼ ਪੈਦਲ ਹੀ ਸਕੂਲ ਜਾਂਦਾ ਸਾਂ। ਸ਼ਹਿਰ ਦਾਖਲ ਹੋਣ ਤੋਂ ਪਹਿਲਾਂ ਨਿੱਕੀ ਜਿਹੀ ਦੁਕਾਨ ਸੀ। ਉਸ ਦੇ ਬਾਹਰ ਇਕ ਆਦਮੀ ਚਿੱਟੀ ਦੁੱਧ ਧੋਤੀ ਚਾਦਰ ਵਿਚ ਲਿਪਟਿਆ, ਸਾਫ਼ ਸੁਥਰੇ ਮੰਜੇ 'ਤੇ ਪਿਆ ਛੇ ਸਾਲ ਨਜ਼ਰੀਂ ਪੈਂਦਾ ਰਿਹਾ। ਗਰਮੀਆਂ ਵਿਚ ਸਵੇਰੇ ਸਵੇਰੇ ਉਸ ਦੀ ਚਾਰਪਾਈ ਦੇ ਆਲੇ ਦੁਆਲੇ ਪਾਣੀ ਦਾ ਛਿੜਕਾਅ ਕੀਤਾ ਹੁੰਦਾ। ਕਿਸੇ ਮਾਮੂਲੀ ਦੁਕਾਨਦਾਰ ਦੀ ਆਪਣੇ ਬਜ਼ੁਰਗ ਲਈ ਪਿਆਰ ਭਰੀ ਸੇਵਾ ਮੈਨੂੰ ਕਦੀ ਨਹੀਂ ਭੁਲਦੀ।

ਮੇਰੀ ਆਪਣੀ ਪੜਦਾਦੀ ਸੌ ਸਾਲ ਤੋਂ ਵੱਧ ਉਮਰ ਭੋਗ ਕੇ ਸੁਰਗਵਾਸ ਹੋਈ। ਉਹ ਕਹਿੰਦੀ ਹੁੰਦੀ ਸੀ ਕਿ ਜਦੋਂ ਦਿੱਲੀ ਲੁੱਟੀ ਗਈ ਸੀ (1857 ਦਾ ਗ਼ਦਰ), ਮੈਨੂੰ ਯਾਦ ਹੈ। ਉਹ ਚਾਲੀ ਸਾਲ ਨੇਤਰਹੀਣ ਰਹੇ। ਮੇਰੀ ਮਾਤਾ ਦੇ ਵਿਆਹ ਤੋਂ ਬਾਅਦ ਉਹ ਵੀਹ ਸਾਲ ਜੀਵਤ ਰਹੇ। ਇਨ੍ਹਾਂ ਵੀਹਾਂ ਸਾਲਾਂ ਵਿਚ ਮੇਰੀ ਮਾਤਾ ਨੇ ਮੇਰੀ ਪੜਦਾਦੀ (ਯਾਨਿ ਆਪਣੀ ਦਦੇਹਸ) ਦੀ ਤਨ ਮਨ ਨਾਲ ਸੇਵਾ ਕੀਤੀ। ਅਸਲ ਵਿਚ ਉਹ ਵਕਤ ਹੀ ਐਸਾ ਸੀ ਕਿ ਬਜ਼ੁਰਗਾਂ ਦਾ ਧਿਆਨ ਰੱਖਣਾ ਦਸਤੂਰ ਸੀ, ਫਰਜ਼ ਸੀ, ਇਬਾਦਤ ਸੀ; ਕੋਈ ਢਕਵੰਜ ਜਾਂ ਦਿਖਾਵਾ ਨਹੀਂ ਸੀ।

1985-86 ਦੀ ਗੱਲ ਹੈ। ਦਸਵੀਂ ਜਮਾਤ ਦਾ ਹਮਜਮਾਤੀ ਰੋਸ਼ਨ ਲਾਲ ਮੈਨੂੰ ਚੰਡੀਗੜ੍ਹ ਮਿਲਣ ਆਇਆ। ਮੈਂ ਪੁੱਛਿਆ-ਤੇਰੇ ਬਾਈ ਜੀ ਦਾ ਕੀ ਹਾਲ ਹੈ? ਉਸ ਨੇ ਦੱਸਿਆ ਕਿ ਪਿਛਲੇ ਦਿਨੀਂ ਕਾਫ਼ੀ ਢਿੱਲੇ ਹੋ ਗਏ ਸਨ। ਉਸ ਦਾ ਖਿਆਲ ਸੀ ਕਿ ਕੁਝ ਦਿਨ ਕਿਸੇ ਨਰਸਿੰਗ ਹੋਮ ਵਿਚ ਦਾਖ਼ਲ ਕਰਵਾ ਦਿਆਂਗਾ, ਉਥੇ ਚੰਗੀ ਦੇਖ ਭਾਲ ਪਿੱਛੋਂ ਜਦੋਂ ਠੀਕ ਹੋ ਗਏ, ਘਰ ਲੈ ਆਵਾਂਗਾ। ਜਦੋਂ ਡਾਕਟਰ, ਰੋਸ਼ਨ ਲਾਲ ਦੇ ਪਿਤਾ ਦਾ ਮੁਆਇਨਾ ਕਰ ਰਿਹਾ ਸੀ ਤਾਂ ਲਾਲਾ ਜੀ ਨੂੰ ਉਲਟੀ ਆ ਗਈ। ਰੋਸ਼ਨ ਲਾਲ ਨੇ ਫਟਾ ਫੱਟ ਆਪਣੇ ਦੋਵਾਂ ਹੱਥਾਂ ਦੀ ਬੁੱਕ ਬਣਾ ਕੇ ਉਲਟੀ ਸਾਂਭ ਲਈ। ਨਾਲੀ ਵਿਚ ਉਲਟੀ ਡੋਲ੍ਹ ਕੇ ਹੱਥ ਵਾਸ਼-ਬੇਸ਼ਨ 'ਤੇ ਸਾਫ਼ ਕਰ ਲਏ ਅਤੇ ਆਪਣੀ ਜੇਬ ਵਿਚੋਂ ਰੁਮਾਲ ਕੱਢ ਕੇ ਬਾਪ ਦਾ ਮੂੰਹ ਸਾਫ਼ ਕਰ ਦਿੱਤਾ। ਡਾਕਟਰ ਦਵਾਈ ਲਿਖ ਕੇ ਕਹਿਣ ਲੱਗਾ-ਇਨ੍ਹਾਂ ਨੂੰ ਘਰ ਲੈ ਜਾਵੋ, ਛੇਤੀ ਠੀਕ ਹੋ ਜਾਣਗੇ। ਤੁਹਾਡੇ ਜਿਹੀ ਦੇਖ ਭਾਲ ਇਸ ਨਰਸਿੰਗ ਹੋਮ ਵਿਚ ਕੋਈ ਵੀ ਨਹੀਂ ਕਰ ਸਕੇਗਾ।...ਤੇ ਹੁਣ ਦਿਲ ਦੀ ਗਹਿਰਾਈ 'ਚੋਂ ਪਿਆਰ ਕਰਨਾ ਭੁੱਲੀ ਵਿਸਰੀ ਦਾਸਤਾਂ ਬਣ ਗਈ ਹੈ ਅਤੇ ਸ਼ੋਸ਼ੇਬਾਜ਼ੀ ਜੀਵਨ ਦਾ ਆਧਾਰ ਬਣ ਗਿਆ ਹੈ।

ਪੰਜਾਬ ਵਿਚ ਵਿਆਹ ਸ਼ਾਦੀਆਂ ਆਪਣੀ ਗੁੰਜਾਇਸ਼ ਅਨੁਸਾਰ ਘਰਾਂ ਵਿਚ ਹੀ ਤੰਬੂ ਕਨਾਤਾਂ ਲਗਾ ਕੇ ਕਰ ਲਈਆਂ ਜਾਂਦੀਆਂ ਸਨ, ਪਰ ਅੱਜਕੱਲ੍ਹ ਕਈ ਕਈ ਦਿਨ ਸਮਾਗਮ ਵੱਡੇ ਵੱਡੇ ਹਾਲਾਂ ਅਤੇ ਮੈਰਿਜ ਪੈਲੇਸਾਂ ਵਿਚ ਹੁੰਦੇ ਰਹਿੰਦੇ ਹਨ। ਅਸਚਰਜ ਤਾਂ ਇਸ ਗੱਲ ਵਿਚ ਹੈ ਕਿ ਉਤਨੀ ਹੀ ਛੇਤੀ ਸ਼ਾਦੀਆਂ ਟੁੱਟ ਜਾਂਦੀਆਂ ਹਨ। ਫਿਰ ਇਨ੍ਹਾਂ ਸ਼ੋਸ਼ਿਆਂ 'ਤੇ ਕੀਤੇ ਖਰਚ ਵਾਪਸ ਮੰਗੇ ਜਾਂਦੇ ਹਨ। ਹੋਰ ਤਾਂ ਹੋਰ, ਮਰਗ ਜਿਹੀ ਅਣਹੋਣੀ ਘਟਨਾ ਵੀ ਸ਼ੋਸ਼ਿਆਂ ਬਗੈਰ ਅਧੂਰੀ ਸਮਝੀ ਜਾਂਦੀ ਹੈ। ਭੋਗ ਦੀ ਰਸਮ ਤੋਂ ਪਿੱਛੋਂ ਲੰਗਰ ਤਾਂ ਕੇਵਲ ਕਹਿਣ ਨੂੰ ਹੁੰਦਾ ਹੈ, ਖਾਣ ਪੀਣ ਦਾ ਸਾਮਾਨ ਕਿਸੇ ਵਿਆਹ ਸ਼ਾਦੀ ਦੇ ਲੰਚ ਤੋਂ ਘੱਟ ਨਹੀਂ ਹੁੰਦਾ। ਜੇ ਇਹ ਕੁਝ ਨਾ ਕੀਤਾ ਜਾਵੇ, ਇਕੱਠ ਵਿਚ ਘੁਸਰ-ਮੁਸਰ ਹੋਣ ਲੱਗ ਜਾਂਦੀ ਹੈ।

ਹੁਣ ਆਓ, ਜ਼ਰਾ ਧਰਮ ਦੇ ਖੇਤਰ ਵੱਲ ਨਜ਼ਰ ਮਾਰੀਏ। ਹਰ ਸਾਲ ਪੰਜਾਬ ਜਾਂਦਾ ਹਾਂ। ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਜੇ ਨਾ ਜਾਵਾਂ, ਯਾਤਰਾ ਅਧੂਰੀ ਲਗਦੀ ਹੈ। ਕਿਸੇ ਦਿਨ ਵੀ ਜਾਈਏ, ਸੰਗਤ ਦਾ ਇਕੱਠ ਵਧਦਾ ਦਿਖਾਈ ਦਿੰਦਾ ਹੈ। ਲਾਈਨ ਵਿਚ ਲੱਗ ਕੇ ਮੱਥਾ ਟੇਕਣ ਨੂੰ ਲਗਭਗ ਦੋ ਘੰਟੇ ਲੱਗ ਜਾਂਦੇ ਹਨ। ਬਹੁਤ ਵਾਰੀ ਇਹ ਇਕੱਠ ਮੇਲਾ ਜਿਹਾ ਲਗਦਾ ਹੈ। ਕਿਸੇ ਵੀ ਗੁਰਦੁਆਰੇ ਦੀ ਗੱਲ ਕਰੀਏ, ਲੋਕਾਂ ਦਾ ਇਕੱਠ ਠਾਠਾਂ ਮਾਰਦਾ ਨਜ਼ਰ ਆਉਂਦਾ ਹੈ। ਹੇਮਕੁੰਡ ਦੀ ਕਹਾਣੀ ਸਭ ਦੇ ਸਾਹਮਣੇ ਹੈ। ਇਨ੍ਹਾਂ ਗੁਰੂ ਘਰਾਂ ਦੀਆਂ ਇਮਾਰਤਾਂ ਸੰਗਮਰਮਰ ਦੀ ਵਰਤੋਂ ਅਤੇ ਬਹੁਤ ਮਹਿੰਗੀ ਲੱਕੜੀ ਦੇ ਦਰਵਾਜ਼ੇ ਅਤੇ ਖ਼ੂਬਸੂਰਤ ਮੀਨਾਕਾਰੀ ਨਾਲ ਬਹੁਤ ਮਨਭਾਉਂਦੀਆਂ ਬਣ ਗਈਆਂ ਹਨ। ਲਾਊਡ ਸਪੀਕਰਾਂ ਜ਼ਰੀਏ ਪ੍ਰਚਾਰ ਜ਼ੋਰਾਂ 'ਤੇ ਹੋ ਰਿਹਾ ਹੈ। ਕਈ ਥਾਂਵਾਂ 'ਤੇ ਰਾਗੀ ਸਿੰਘ ਨਵੀਆਂ ਨਵੀਆਂ ਧੁਨਾਂ ਨਾਲ ਕੀਰਤਨ ਦੀ ਵਰਖਾ ਕਰ ਰਹੇ ਹਨ, ਪਰ ਧਰਮ ਉਡਾਰੀ ਮਾਰ ਰਿਹਾ ਹੈ। ਸਿੱਖ ਸਿਧਾਂਤ ਅਨੁਸਾਰ ਗੂੜ੍ਹ ਗਿਆਨ ਛੱਡ ਕੇ ਆਮ ਆਦਮੀ ਲਈ ਦੋ-ਤਿੰਨ ਗੱਲਾਂ ਜ਼ਰੂਰੀ ਹਨ। ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਕਿਸੇ ਦਾ ਹੱਕ ਨਾ ਮਾਰੋ, ਅੰਧ ਵਿਸ਼ਵਾਸ ਤੋਂ ਦੂਰ ਰਹੋ, ਜੋਤਿਸ਼ ਆਦਿਕ ਦੇ ਭਰਮਾਂ ਵਿਚ ਨਾ ਫਸੋ। ਜਿੱਥੋਂ ਤੱਕ ਹੋ ਸਕੇ, ਰਹਿਤ ਮਰਿਆਦਾ ਦਾ ਪਾਲਣ ਕਰੋ ਵਗੈਰਾ ਵਗੈਰਾ। ਪਤਾ ਨਹੀਂ ਸਿੱਖਾਂ ਨੂੰ ਕੀ ਹੋ ਗਿਆ ਹੈ? ਗੁਰਦੁਆਰਿਆਂ ਵਿਚ ਹਾਜ਼ਰੀਆਂ ਲਗਾਉਣ ਦੇ ਬਾਵਜੂਦ ਸਿੱਖ ਸਿਧਾਂਤਾਂ 'ਤੇ ਅਮਲ ਨਾਂ-ਮਾਤਰ ਹੈ। ਗੁਰੂ ਮਹਾਰਾਜ ਦੀ ਹਾਜ਼ਰੀ ਵਿਚ ਗਾਲੀ-ਗਲੋਚ ਕਰਨ ਅਤੇ ਇਕ ਦੂਜੇ ਦੀਆਂ ਪੱਗਾਂ ਲਾਹੁਣ ਤੋਂ ਪਰਹੇਜ ਨਹੀਂ ਕਰਦੇ। ਜੋਤਿਸ਼ੀਆਂ ਦਾ ਧੰਦਾ ਸਿੱਖਾਂ ਆਸਰੇ ਹੀ ਹੈ। ਲੁਧਿਆਣੇ ਦੇ ਕਈ ਜੋਤਿਸ਼ੀਆਂ ਬਾਬਤ ਮੈਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਦੇ ਨੱਬੇ ਫੀਸਦ ਗਾਹਕ ਸਿੱਖ ਹਨ। ਉਨ੍ਹਾਂ ਵਿਚੋਂ ਵੀ ਬਹੁਤੇ ਵਿਦੇਸ਼ੀ ਹਨ ਜਿਹੜੇ ਡਾਲਰਾਂ ਨਾਲ ਪੰਡਿਤਾਂ ਨੂੰ ਮਾਲੋ ਮਾਲ ਕਰ ਦਿੰਦੇ ਹਨ।

ਥੋੜ੍ਹੇ ਜਿਹੇ ਧਿਆਨ ਨਾਲ ਕਿਸੇ ਲੀਡਰ ਜਾਂ ਧਾਰਮਿਕ ਆਗੂ ਦੇ ਹੱਥਾਂ ਵੱਲ ਨਜ਼ਰ ਮਾਰੋ। ਨਗਾਂ ਨਾਲ ਭਰੀਆਂ ਮੁੰਦਰੀਆਂ ਅਤੇ ਪਹਿਲੀ ਉਂਗਲ ਵਿਚ ਪਤਲੀ ਜਿਹੀ ਛਾਪ ਨਜ਼ਰ ਆਵੇਗੀ। ਰਹਿਤ ਮਰਿਆਦਾ ਦੀ ਤਾਂ ਗੱਲ ਹੀ ਛੱਡੋ। ਨਾਈਆਂ ਦੀਆਂ ਦੁਕਾਨਾਂ ਸਿੱਖ ਨੌਜਵਾਨਾਂ ਅਤੇ ਛੋਟੇ ਭੁਜੰਗੀਆਂ ਦੀ ਮਿਹਰਬਾਨੀ ਨਾਲ ਹੀ ਚੱਲ ਰਹੀਆਂ ਹਨ। ਬੱਚਿਆਂ ਦੀਆਂ ਮਾਤਾਵਾਂ ਕਹਿੰਦੀਆਂ ਹਨ, 'ਇਨ੍ਹਾਂ ਦੇ ਵਾਲਾਂ ਦੀਆਂ ਗੁਲਜ਼ਾਂ (ਗੁੰਝਲਾਂ) ਸਾਥੋਂ ਨਿਕਲਦੀਆਂ ਨਹੀਂ। ਇਨ੍ਹਾਂ ਮਾਸੂਮਾਂ 'ਤੇ ਵਾਲਾਂ ਦਾ ਬੋਝ ਕਿੱਥੋਂ ਦੀ ਸਿਆਣਪ ਹੈ? ਗੁਰੂ ਗ੍ਰੰਥ ਸਾਹਿਬ ਵਿਚ ਕਿੱਥੇ ਲਿਖਿਆ ਹੈ ਕਿ ਕੇਸ ਰੱਖੋ...ਐਵੇਂ ਭੋਲੇ ਭਾਲੇ ਗਿਆਨੀ ਗੁਰਦੁਆਰਾ ਕੇਸਗੜ੍ਹ ਦੀ ਮਹੱਤਤਾ ਦੀ ਰਟ ਲਾ ਲੈਂਦੇ ਹਨ...ਜਦੋਂ ਇਹ ਬੱਚੇ ਵੱਡੇ ਹੋਣਗੇ, ਕਿਸੇ ਵੀ ਚੰਗੀ ਦਿਸਣ ਵਾਲੀ ਸਰਦਾਰਾਂ ਦੀ ਲੜਕੀ ਨੇ ਇਨ੍ਹਾਂ ਨਾਲ ਵਿਆਹ ਨਹੀਂ ਕਰਾਉਣਾ!...ਕਿਉਂਕਿ ਸੁਹਣੀਆਂ ਲੜਕੀਆਂ ਨੂੰ ਪੱਗ ਅਤੇ ਦਾੜ੍ਹੀ ਨਾਲ ਘਿਰਣਾ ਹੈ।' ਇਹ ਸਭ ਕੁਝ ਦੇਖ ਕੇ ਮੈਨੂੰ ਕਰੋੜਾਂ ਰੁਪਿਆ ਪ੍ਰਚਾਰ 'ਤੇ ਖਰਚਣਾ, ਲੋਕਾਂ ਦਾ ਲੜੀਵਾਰ ਅਖੰਡ ਪਾਠ ਕਰਾਉਣਾ, ਲਾਊਡ ਸਪੀਕਰਾਂ 'ਤੇ ਉਚੀਆਂ ਆਵਾਜ਼ਾਂ ਵਿਚ ਤਕਰੀਰਾਂ ਕਰਨਾ, ਉਚ ਦਰਜੇ ਦਾ ਸ਼ੋਸ਼ਾ ਲੱਗਣ ਲੱਗ ਪੈਂਦਾ ਹੈ। ਕਈ ਪਾਠਕ ਸ਼ਾਇਦ ਇਨ੍ਹਾਂ ਗੱਲਾਂ ਨਾਲ ਸਹਿਮਤ ਨਾ ਹੋਣ, ਉਨ੍ਹਾਂ ਨੂੰ ਪੂਰਾ ਹੱਕ ਹੈ।

ਅਮਰੀਕਾ ਵਿਚ ਰਹਿੰਦਿਆਂ ਸੋਲਾਂ ਸਾਲ ਹੋ ਗਏ ਹਨ। ਇਥੇ ਹਰ ਸਾਲ ਨਵੇਂ ਗੁਰੂ ਘਰ ਬਣ ਰਹੇ ਹਨ। ਸਿੱਖਾਂ ਦੀ ਹਿੰਮਤ ਸ਼ਲਾਘਾਯੋਗ ਹੈ। ਕਈ ਵਾਰ ਕੀਰਤਨੀਏ ਸਿੰਘ ਕਮਾਲ ਦਾ ਕੀਤਰਨ ਕਰਦੇ ਹਨ। ਕਈ ਕਥਾਕਾਰ ਵੀ ਉਚ ਦਰਜੇ ਦੇ ਹਨ। ਇਹ ਸਭ ਕੁਝ ਸੁਣ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ।



ਇਸ ਦੇ ਉਲਟ ਕਾਫੀ ਕੁਝ ਮਨ ਨੂੰ ਅਸ਼ਾਂਤ ਕਰਦਾ ਹੈ। ਮਿਸਾਲ ਦੇ ਤੌਰ 'ਤੇ, ਪ੍ਰਬੰਧਕਾਂ ਦੇ ਆਪਸ ਵਿਚ ਲੜਾਈ ਝਗੜੇ। ਜੇ ਮਨ ਦਾ ਮਨੋਰਥ ਸੇਵਾ ਹੈ, ਤਾਂ ਚੌਧਰ ਪਿੱਛੇ ਦੌੜ ਕਿਉਂ? ਲੰਗਰ ਛਕਣਾ ਠੀਕ ਹੈ, ਪੰਗਤ ਦਾ ਸਿੱਖੀ ਵਿਚ ਉਚਾ ਸਥਾਨ ਹੈ, ਪਰ ਗੁਰਦੁਆਰਿਆਂ ਵਿਚ ਕੇਵਲ ਲੰਗਰ ਹੀ ਛਕਣ ਜਾਣਾ ਕਿਥੋਂ ਦੀ ਮਰਿਆਦਾ ਹੈ? ਮੈਂ ਪੜ੍ਹੇ ਲਿਖੇ ਕੁਝ ਬੰਦਿਆਂ ਤੋਂ ਆਪਣੇ ਕੰਨੀਂ ਸੁਣਿਆ ਹੈ, ਵਨ ਡਾਲਰ ਲੰਚ ਖਾਣ ਜਾ ਰਹੇ ਹਾਂ। ਮੈਂ ਆਪਣੇ ਅੱਖੀਂ ਦੇਖਿਆ ਹੈ ਕਿ ਕੁਝ ਲੋਕ ਮੱਥਾ ਟੇਕਣ ਵੀ ਨਹੀਂ ਜਾਂਦੇ, ਕਈ ਤਾਂ ਇਕ ਦੋ ਡੰਗ ਦਾ ਪ੍ਰਸ਼ਾਦਾ ਘਰ ਵੀ ਲੈ ਆਉਂਦੇ ਹਨ। ਕੀ ਇਹੋ ਜਿਹੇ ਇਕੱਠ ਨੂੰ ਸਾਧ ਸੰਗਤ ਕਹੀਏ? ਮੈਂ ਤਾਂ ਐਸੀ ਸਾਧ ਸੰਗਤ ਦਾ ਸ਼ੈਦਾਈ ਹਾਂ ਜਿਸ ਦੀ ਪਰਿਭਾਸ਼ਾ ਹੈ,

ਸਾਧ ਸੰਗਤ ਐਸੀ ਜਾਣੀਏ
ਜਿੱਥੇ ਇਕੋ ਨਾਮ ਵਖਾਣੀਏ।

ਪਿਆਰੇ ਪਾਠਕ ਮੈਨੂੰ ਇਹੋ ਜਿਹੇ ਇਕੱਠਾਂ ਨੂੰ ਵੀ ਸ਼ੋਸ਼ਾ ਕਹਿਣ ਦੀ ਆਗਿਆ ਦੇ ਦੇਣ। ਇਸ ਵਿਸ਼ੇ 'ਤੇ ਲਿਖਣ ਲਈ ਬਹੁਤ ਕੁਝ ਹੈ, ਕਦੀ ਫਿਰ ਸਹੀ।

ਆਓ ਹੁਣ ਵਿੱਦਿਆ ਦੇ ਪਸਾਰ ਦੀ ਗੱਲ ਕਰੀਏ। ਮੈਂ 1956 ਵਿਚ ਭੌਤਿਕ ਵਿਗਿਆਨ (ਫਿਜ਼ਿਕਸ) ਦੀ ਐਮ.ਐਸਸੀ. ਪਾਸ ਕੀਤੀ। ਉਸ ਵੇਲੇ ਸਾਰੇ ਪੰਜਾਬ ਅਤੇ ਹਿਮਾਚਲ ਵਿਚ ਕੇਵਲ ਹੁਸ਼ਿਆਰਪੁਰ ਹੀ ਇਹ ਕੋਰਸ ਮਿਲਦਾ ਸੀ। ਐਸ ਵੇਲੇ ਬਹੁਤ ਥਾਂਵਾਂ 'ਤੇ ਇਹ ਡਿਗਰੀ ਮਿਲ ਸਕਦੀ ਹੈ। ਦਸਵੀਂ ਜਮਾਤ ਦਾ ਇਮਤਿਹਾਨ ਪੰਜਾਬ ਯੂਨੀਵਰਸਿਟੀ ਲੈਂਦੀ ਸੀ। ਰਜਿਸਟਰਾਰ ਦਾ ਦਫ਼ਤਰ ਸੋਲਨ ਵਿਚ ਸੀ। ਹੁਣ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਅਲੱਗ ਅਲੱਗ ਸਕੂਲ ਬੋਰਡ ਹਨ, ਤੇ ਦਸ ਬਾਰਾਂ ਯੂਨੀਵਰਸਿਟੀਆਂ ਹਨ। ਜਿਧਰ ਦੇਖੋ ਕਾਲਜ ਹੀ ਕਾਲਜ! ਡੈਂਟਲ ਕਾਲਜ, ਲਾਅ ਕਾਲਜ, ਨਰਸਿੰਗ ਕਾਲਜ, ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ। ਗਿਣਤੀ ਕਰਨੀ ਮੁਸ਼ਕਿਲ ਹੈ। ਪਤਾ ਨਹੀਂ ਲਗਦਾ, ਇਸ ਨੂੰ ਵਿੱਦਿਆ ਦਾ ਵਿਕਾਸ ਕਹੀਏ ਜਾਂ ਇਮਾਰਤਾਂ ਦਾ ਪਸਾਰ?

ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਬਹੁਤ ਦੇਰ ਇਕ ਡੀ.ਪੀ.ਆਈ. ਹੁੰਦਾ ਸੀ। ਉਸ ਦੇ ਅਧੀਨ ਸਾਰੇ ਸਕੂਲ ਅਤੇ ਸਾਰੇ ਕਾਲਜ ਹੁੰਦੇ ਸਨ। ਇਹ ਠੀਕ ਹੈ ਕਿ ਵਿਦਿਆਰਥੀਆਂ ਦੀ ਗਿਣਤੀ ਵੀ ਘੱਟ ਸੀ, ਫਿਰ ਵੀ ਨਾ ਤਾਂ ਕਦੀ ਇਮਤਿਹਾਨਾਂ ਵਿਚ ਪੇਪਰ ਲੀਕ ਹੋਏ ਸੁਣੇ ਸਨ, ਨਾ ਹੀ ਗਲਤ ਨਤੀਜੇ ਕਰ ਕੇ ਯੂਨੀਵਰਸਿਟੀ ਦੇ ਚੱਕਰ ਕੱਢਣੇ ਪੈਂਦੇ ਸਨ। ਇਕ ਅੱਧ ਕੇਸ ਛੱਡ ਕੇ ਕਦੀ ਵੀ ਕਿਸੇ ਕੋਲ ਜਾਅਲੀ ਡਿਗਰੀ ਨਹੀਂ ਦੇਖੀ ਗਈ ਸੀ। ਅੱਜਕੱਲ੍ਹ ਕਿੰਨੇ ਡੀ.ਪੀ.ਆਈ. ਹਨ, ਗਿਣਤੀ ਔਖੀ ਹੈ। ਸਕੂਲਾਂ ਦਾ ਮੰਤਰੀ ਅਤੇ ਸੈਕਟਰੀ। ਹੋਰ ਉਚੀ ਵਿਦਿਆ ਦਾ ਹੋਰ। ਗੱਲ ਕੀ, ਕਦਮ ਕਦਮ 'ਤੇ ਅਫ਼ਸਰ ਬੈਠਾ ਹੈ, ਪਰ ਵਿਦਿਆ ਦਾ ਮਿਆਰ ਗਿਰ ਰਿਹਾ ਹੈ। ਕਈ ਵਾਰ ਬੀ.ਏ. ਪਾਸ ਲੜਕੇ ਨੂੰ ਅਰਜ਼ੀ ਲਿਖਣੀ ਨਹੀਂ ਆਉਂਦੀ। ਇਕ ਸੱਚੀ ਘਟਨਾ ਲਿਖਣ ਲਈ ਜੀਅ ਕਰ ਆਇਆ ਹੈ,

ਪਬਲਿਕ ਸਰਵਿਸ ਕਮਿਸ਼ਨ ਵੱਲੋਂ ਚੋਣ ਰਾਹੀਂ ਭੇਜਿਆ ਹੋਇਆ ਲੈਕਚਰਰ ਕਿਸੇ ਸਰਕਾਰੀ ਕਾਲਜ ਜੁਆਇਨ ਕਰਨ ਗਿਆ। ਉਸ ਦੀ ਜੁਆਇਨ ਕਰਨ ਦੀ ਅਰਜ਼ੀ ਵਿਚ ਅੱਠ ਗਲਤੀਆਂ ਸਨ। ਪ੍ਰਿੰਸੀਪਲ ਲਾਇਕ ਆਦਮੀ ਸੀ (ਅੱਜ ਉਹ ਜੀਵਤ ਨਹੀਂ)। ਉਸ ਨੇ ਲੈਕਚਰਰ ਨੂੰ ਜੁਆਇਨ ਕਰਨ ਤੋਂ ਨਾਂਹ ਕਰ ਦਿੱਤੀ। ਫਟਾ ਫਟ ਸਰਕਾਰ ਵੱਲੋਂ ਟੈਲੀਫੋਨ ਆ ਗਿਆ। ਪ੍ਰਿੰਸੀਪਲ ਕੌਣ ਹੁੰਦਾ ਹੈ ਨਾਂਹ ਕਰਨ ਵਾਲਾ? ਰੱਬ ਨੇ ਚਾਹਿਆ ਤਾਂ ਉਹ ਲੈਕਚਰਰ ਹੁਣ ਡੀ.ਪੀ.ਆਈ. ਬਣਨ ਵਾਲਾ ਹੈ। ਪਿਛਲੇ ਸਾਲ ਹੀ ਕਿੰਨੇ ਕੇਸ ਸੁਣੇ ਹਨ ਜਿਨ੍ਹਾਂ ਵਿਚ ਜਾਅਲੀ ਡਿਗਰੀ ਨਾਲ ਵੀਹ ਵੀਹ ਸਾਲ ਸਰਵਿਸ ਕਰਦੇ ਲੋਕ ਫੜੇ ਗਏ ਹਨ। ਕਈ ਬੀਬੀਆਂ ਵੀ ਇਨ੍ਹਾਂ ਵਿਚ ਸ਼ਾਮਲ ਸਨ। ਜਦੋਂ ਕਦੀ ਵੀ ਬਾਰ ਕੌਂਸਲ ਦੀ ਚੋਣ ਹੁੰਦੀ ਹੈ, ਵਕੀਲਾਂ ਦੀ ਕਾਫ਼ੀ ਗਿਣਤੀ ਜਾਅਲੀ ਡਿਗਰੀਆਂ ਨਾਲ ਪ੍ਰੈਕਟਿਸ ਚਲਾ ਰਹੀ ਨਜ਼ਰ ਆਉਂਦੀ ਹੈ। ਸਮਝ ਨਹੀਂ ਲਗਦੀ ਕਿ ਇਹ ਵਿਦਿਆ ਦਾ ਪਾਸਾਰ ਹੈ ਜਾਂ ਨਿਘਾਰ? ਅਸਲ ਵਿਚ ਮਿਆਰ ਦਾ ਨਿਘਾਰ ਇਹੋ ਜਿਹੇ ਪਾਸਾਰ ਨੂੰ ਮਜ਼ਾਕ ਬਣਾ ਰਿਹਾ ਹੈ। ਕਈ ਆਦਮੀ ਤਾਂ ਇਸ ਨੂੰ ਵੀ ਸਰਕਾਰ ਦੀ ਸ਼ੋਸ਼ੇਬਾਜ਼ੀ ਕਹਿ ਦਿੰਦੇ ਹਨ।

ਮੱਲੋ ਮੱਲੀ ਧਿਆਨ ਪੁਲਿਸ ਮਹਿਕਮੇ ਵੱਲ ਚਲਾ ਜਾਂਦਾ ਹੈ। ਪਹਿਲਾਂ ਸਾਰੇ ਪੰਜਾਬ ਵਿਚ ਸਭ ਤੋਂ ਵੱਡਾ ਅਫ਼ਸਰ ਆਈ.ਜੀ. ਹੁੰਦਾ ਸੀ ਅਤੇ ਜ਼ਿਲ੍ਹੇ ਦਾ ਮੁੱਖ ਅਧਿਕਾਰੀ ਐਸ.ਪੀ. ਹੁੰਦਾ ਸੀ। ਹੁਣ ਦੇ ਪੰਜਾਬ ਨਾਲੋਂ ਉਹ ਪੰਜਾਬ ਲਗਭਗ ਦੁੱਗਣਾ ਸੀ, ਕਿਉਂਕਿ ਹੁਣ ਦਾ ਹਰਿਆਣਾ ਅਤੇ ਹਿਮਾਚਲ ਦੇ ਸ਼ਿਮਲਾ, ਕੁੱਲੂ ਅਤੇ ਕਾਂਗੜਾ ਆਦਿ ਪੰਜਾਬ ਦੇ ਹੀ ਹਿੱਸੇ ਸਨ। ਅੱਜ ਨਿੱਕੇ ਜਿਹੇ ਪੰਜਾਬ ਵਿਚ ਕਿੰਨੇ ਡਾਇਰੈਕਟਰ ਜਨਰਲ, ਕਿੰਨੇ ਐਡੀਸ਼ਨਲ ਡਾਇਰੈਕਟਰ ਜਨਰਲ, ਕਿੰਨੇ ਆਈ.ਜੀ., ਕਿੰਨੇ ਡੀ.ਆਈ.ਜੀ., ਕਿੰਨੇ ਪੁਲਿਸ ਕਮਿਸ਼ਨਰ, ਕਿੰਨੇ ਡਿਪਟੀ ਤੇ ਅਸਿਟੈਂਟ ਕਮਿਸ਼ਨਰ ਹਨ! ਬਾਕੀ ਜ਼ਿਲ੍ਹਿਆਂ ਨਾਲੋਂ ਪੁਲਿਸ ਦੇ ਵੱਧ ਜ਼ਿਲ੍ਹੇ; ਹਰ ਜ਼ਿਲ੍ਹੇ ਵਿਚ ਐਸ.ਐਸ.ਪੀ.; ਹਰ ਐਸ.ਐਸ.ਪੀ. ਨਾਲ ਤਿੰਨ ਚਾਰ ਐਸੀ.ਪੀ.। ਫਿਰ ਵੀ ਲਾਅ ਆਰਡਰ ਅਤੇ ਅਮਨ ਚੈਨ ਦੀ ਸਥਿਤੀ ਸਭ ਦੇ ਸਾਹਮਣੇ ਹੈ। ਮੈਂ ਮੰਨਦਾ ਹਾਂ ਕਿ ਪੁਲਿਸ ਦੀ ਨੌਕਰੀ ਬਹੁਤ ਹੀ ਔਖੀ ਹੈ; ਖਾਸ ਕਰ ਕੇ ਲੋਕ ਰਾਜ ਵਿਚ।

## ਚਲਦੇ-ਚਲਦੇ

ਥੋੜ੍ਹੀ ਜਿਹੀ ਵੱਧ ਸਖ਼ਤੀ ਕਰਨ ਨਾਲ ਪੁਲਿਸ ਬਦਨਾਮ ਹੋ ਜਾਂਦੀ ਹੈ। ਘੱਟ ਸਖ਼ਤੀ ਨਾਲ ਕੰਮ ਕਰਦਿਆਂ ਪੁਲਿਸ ਕਮਜ਼ੋਰ ਸਮਝੀ ਜਾਂਦੀ ਹੈ। ਡਿਊਟੀ ਇੰਨੀ ਸਖ਼ਤ ਹੈ ਕਿ ਨਾ ਦਿਨ ਵੇਲੇ ਚੈਨ, ਨਾ ਰਾਤ ਵੇਲੇ ਆਰਾਮ। ਜਨਤਾ ਦੀਵਾਲੀ ਜਾਂ ਹੋਰ ਤਿਉਹਾਰ ਮਨਾਉਂਦੀ ਹੈ, ਪੁਲਿਸ ਵਾਲੇ ਸੂਲੀ 'ਤੇ ਟੰਗੇ ਹੁੰਦੇ ਹਨ। ਲੀਡਰਾਂ ਦਾ ਇੰਤਜ਼ਾਰ ਕਰਦਿਆਂ ਛੋਟੇ ਕਰਮਚਾਰੀਆਂ ਦੇ ਪੈਰ ਸੁੱਜ ਜਾਂਦੇ ਹਨ, ਪਰ ਐਨੇ ਵਿਸਥਾਰ ਦੇ ਬਾਵਜੂਦ ਚੋਰੀ, ਡਾਕੇ, ਖੋਹਾਂ ਅਤੇ ਕਤਲਾਂ ਦੀ ਭਰਮਾਰ ਇਹੀ ਬਿਆਨ ਕਰਦੀ ਹੈ ਕਿ ਇਹ ਬਹੁਤ ਵੱਡੀ ਨਫ਼ਰੀ ਸ਼ੋਸ਼ਾ ਹੀ ਹੈ।

ਆਓ ਕੁਝ ਹਲਕੇ ਫੁਲਕੇ ਸ਼ੋਸ਼ੇ ਦੇਖੀਏ। ਅਮਰੀਕਾ ਵਿਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਲਈ ਸਮਰ ਕੈਂਪ ਲਾਏ ਜਾਂਦੇ ਹਨ। ਕਾਫ਼ੀ ਚੰਗੀਆਂ ਫੀਸਾਂ ਲੈ ਕੇ ਇਕ ਹਫ਼ਤੇ ਵਿਚ ਪੰਜ ਦਿਨ ਲਈ ਕਿਸੇ ਖੇਡ ਦੀ ਏ.ਬੀ.ਸੀ. ਸਿਖਾ ਕੇ ਵੱਡੀਆਂ ਵੱਡੀਆਂ ਟਰਾਫੀਆਂ ਅਤੇ ਮੈਡਲ ਦੇ ਦਿੱਤੇ ਜਾਂਦੇ ਹਨ। ਮੈਂ ਇਕ ਵਾਰ ਇਕ ਚੈਰੀਟੇਬਲ ਸੰਸਥਾ ਨੂੰ 5 ਡਾਲਰ ਭੇਜ ਦਿੱਤੇ। ਹੁਣ ਹਰ ਸਾਲ ਬਹੁਤ ਵੱਡਾ ਸਰਟੀਫਿਕੇਟ ਆ ਜਾਂਦਾ ਹੈ। ਉਸ 'ਚ ਲਿਖਿਆ ਹੁੰਦਾ ਹੈ 'ਡੋਨਰ ਆਫ ਦੀ ਈਅਰ।' ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਨੂੰ ਫਰੇਮ ਕਰ ਕੇ ਸੰਭਾਲ ਕੇ ਰੱਖੋ। ਬੱਚੇ ਨੂੰ ਕਿੱਕ ਤਾਂ ਕੀ, ਫੁੱਟਬਾਲ ਨੂੰ ਪੈਰ ਲਗਾਉਣਾ ਵੀ ਨਹੀਂ ਆਉਂਦਾ, ਫਿਰ ਵੀ ਮੂਵੀ ਕੈਮਰੇ ਨਾਲ ਬੇਅੰਤ ਫੋਟੋਆਂ ਖਿੱਚ ਲਈਆਂ ਜਾਂਦੀਆਂ ਹਨ। ਇਹ ਸਭ ਕੁਝ ਸ਼ੋਸ਼ਾ ਹੀ ਤਾਂ ਹੈ।

ਅੰਤਿਕਾ: ਪਿਛਲੇ ਸਾਲ ਮੈਂ ਅਤੇ ਮੇਰੀ ਪਤਨੀ ਪੰਜਾਬ ਵਿਚ ਬਹੁਤ ਹੀ ਨਜ਼ਦੀਕੀ ਪਰਿਵਾਰ ਨੂੰ ਮਿਲਣ ਗਏ। ਉਨ੍ਹਾਂ ਦਾ ਇਕ ਲੜਕਾ ਅਤੇ ਨੂੰਹ ਰਾਣੀ ਅੱਜਕੱਲ੍ਹ ਦੇ ਐਮ.ਏ. ਪਾਸ ਹਨ। ਉਨ੍ਹਾਂ ਦੇ ਮਾਂ ਬਾਪ ਨੇ ਬੜੀ ਮਿਹਨਤ ਕਰ ਕੇ ਇਨ੍ਹਾਂ ਬੱਚਿਆਂ ਦੇ ਰੁਜ਼ਗਾਰ ਦਾ ਬਹੁਤ ਚੰਗਾ ਪ੍ਰਬੰਧ ਕੀਤਾ ਹੋਇਆ ਹੈ। ਮੈਂ ਸਹਿਜ ਸੁਭਾਅ ਹੀ ਕਹਿ ਬੈਠਾ ਕਿ ਬੱਚਿਓ, ਮਾਂ ਬਾਪ ਤਾਂ ਸੰਘਣੀ ਛਾਂ ਵਾਲੇ ਰੁੱਖ ਹਨ, ਕਈ ਵਾਰ ਮਿੱਠੇ ਮੇਵੇ ਵੀ ਦਿੰਦੇ ਹਨ, ਇਨ੍ਹਾਂ ਦੀ ਸੇਵਾ ਕਰਿਓ। ਉਹ ਦੋਨੋਂ ਨੌਜਵਾਨ ਮੁਸਕਰਾਉਂਦੇ ਹੋਏ ਆਪਣੇ ਕਮਰੇ ਵੱਲ ਚਲੇ ਗਏ। ਬਾਅਦ ਵਿਚ ਉਨ੍ਹਾਂ ਦੀ ਮਾਤਾ ਨੇ ਦੱਸਿਆ ਕਿ ਇਨ੍ਹਾਂ ਭਲੇ ਮਾਣਸਾਂ ਦਾ ਮਾਪਿਆਂ ਬਾਬਤ ਆਪਣਾ ਹੀ ਅੰਦਾਜ਼ ਹੈ। ਇਹ ਤਾਂ ਕਹਿੰਦੇ ਹਨ, ਮਾਪੇ ਤਾਂ ਖਜੂਰ ਦੇ ਰੁਖ ਹਨ। ਨਾ ਇਨ੍ਹਾਂ ਦੀ ਛਾਂ ਹੁੰਦੀ ਹੈ ਅਤੇ ਨਾ ਹੀ ਕੋਈ ਫਲ ਲਗਦਾ ਹੈ। ਇਨ੍ਹਾਂ ਦੀ ਲੱਕੜ ਵੀ ਕਿਸੇ ਕੰਮ ਦੀ ਨਹੀਂ। ਜੇ ਇਸ ਲੱਕੜ ਦੀ ਅੱਗ ਚੁੱਲ੍ਹੇ ਵਿਚ ਬਾਲੀਏ ਤਾਂ ਇਕ ਰੋਟੀ ਵੀ ਨਹੀਂ ਪੱਕਦੀ। ਮਾਪਿਆਂ ਦੀ ਸੇਵਾ ਤਾਂ ਬੱਸ ਸ਼ੋਸ਼ਾ ਹੈ। ਸਾਨੂੰ ਸ਼ੋਸ਼ਿਆਂ ਵਿਚ ਯਕੀਨ ਨਹੀਂ।

## ਕਾਵਿ-ਕਿਆਰੀ

### ਗਜ਼ਲ

ਮਿਲ ਕੇ ਤੇ ਹਰ ਕੋਈ ਖੁਸ਼ ਅਨੰਦ ਹੈ।
ਐਪਰ ਬੰਦੇ ਤੇ ਬੰਦੇ ਵਿਚ ਕੰਧ ਹੈ।
ਥੋੜ੍ਹੀ ਥੋੜ੍ਹੀ ਸ਼ੈ ਦੀ ਹੈ ਪ੍ਰਦਰਸ਼ਨੀ,
ਬਹੁਤਾ ਮਾਲ ਗੁਦਾਮਾਂ ਦੇ ਵਿਚ ਬੰਦ ਹੈ।
ਨੈਣਾਂ ਤੋਂ ਨੈਣਾਂ ਦੀ ਚੁੰਘੀ ਭਰ ਹੈ ਵਾਟ,
ਦਿਲ ਤੋਂ ਦਿਲ ਦਾ ਬੜਾ ਲੰਮੇਰਾ ਪੰਧ ਹੈ।
ਫੁੱਸ ਫੁੱਸ ਕਰਨ ਸਿਤਾਰੇ ਕਾਨਾਫੂਸੀਆਂ,
'ਆਖਰ ਰਾਤ ਨੇ ਕੀ ਚੜ੍ਹਾਇਆ ਚੰਦ ਹੈ।'
ਇਕਨਾ ਦੇ ਹੱਥ ਤਸਬੀ ਤੇ ਇਕਨਾ ਦੇ ਜਾਮ,
ਮੈਂ ਮਾਰਨ ਦਾ ਆਪਣਾ ਆਪਣਾ ਸੰਦ ਹੈ।
ਉਣ ਬੈਠੇ ਹਾਂ ਤਾਣਾ-ਬਾਣਾ ਇਸ ਦੇ ਨਾਲ,
ਕੀ ਕਰੀਏ ਹੁਣ ਜੇ ਇਹ ਕੱਚੀ ਤੰਦ ਹੈ।
ਤੱਥਾਂ ਆਈਆਂ ਨੇ ਇਹ ਜੁੱਗ ਜੁਗਾਂਤਰ ਤੋਂ,
ਘੜਿਆ ਪਰ ਕੁਲਬੀਰ ਨੇ ਵਾਹ ਵਾ ਛੰਦ ਹੈ।

*-ਕੁਲਬੀਰ ਪੱਡਾ*

### ਸੂਰਜ ਦੀ ਚੋਰੀ

ਪੁੰਨਿਆ ਦਾ ਚੰਨ ਦੇਖ ਕੇ
ਸਮੁੰਦਰ ਵਿਚ ਉਠੇ ਜਵਾਰਭਾਟਾ
ਪੁਲਿਸ ਦਾ ਸਿਪਾਹੀ ਦੇਖ ਕੇ
ਸਾਡੇ ਪਿੰਡ ਵਿਚ ਉਠੇ ਜਵਾਰਭਾਟਾ
ਓ ਪਿੰਡ ਦੇ ਲੋਕੋ!
ਤੁਸੀਂ ਚਲੇ ਜਾਵੋ
ਮੱਸਿਆ ਦੀ ਰਾਤ ਨੂੰ
ਸੂਰਜ ਚੋਰੀ ਕਰਨ।

*-ਗੁਰਮੇਲ ਬੀਰੋਕੇ*

**ਖੇਡ ਤੇ ਖਿਡਾਰੀ**

# ਜੁਆਨ ਮਿਲਖਾ ਸਿੰਘ ਦੇ ਮੁੜ ਦਰਸ਼ਨ

ਮਿਲਖਾ ਸਿੰਘ ਜਿਊਂਦੇ ਜੀਅ ਮਿੱਥ ਬਣ ਚੁੱਕਾ ਹੈ। ਲੋਕ ਮਾਨਸਿਕਤਾ 'ਚ ਉਸ ਨੂੰ 'ਹੀਰੋ' ਦਾ ਮੁਕਾਮ ਹਾਸਲ ਹੈ। ਜਦੋਂ ਕੋਈ ਜੁਆਨ ਕਿਤੇ ਦੌੜਨ ਦੀ ਸ਼ੇਖੀ ਮਾਰ ਰਿਹਾ ਹੋਵੇ ਤਾਂ ਸੁਣਨ ਵਾਲੇ ਆਖਦੇ ਹਨ, "ਤੂੰ ਕਿਹੜਾ ਮਿਲਖਾ ਸਿੰਘ ਐਂ!"

'ਭਾਗ ਮਿਲਖਾ ਭਾਗ' ਫਿਲਮ ਨਾਲ ਮੈਨੂੰ ਜੁਆਨ ਮਿਲਖਾ ਸਿੰਘ ਮੁੜ ਯਾਦ ਆ ਗਿਐ। 1958 'ਚ ਮੈਂ ਉਹਨੂੰ ਪਹਿਲੀ ਵਾਰ ਫਿਲਮੀ ਪਰਦੇ 'ਤੇ ਦੌੜਦਾ ਵੇਖਿਆ ਸੀ। ਉਦੋਂ ਉਸ ਨੇ ਕਰਡਿਫ ਦੀਆਂ ਕਾਮਨਵੈਲਥ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਸੀ। ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਉਹਦੀ ਦੌੜ ਦਾ ਟ੍ਰੇਲਰ ਵਿਖਾਇਆ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਗਿਆ ਜੋ ਅਸੀਂ ਜਗਰਾਓਂ ਦੇ ਸਿਨਮਾ ਘਰ 'ਚ ਵੇਖਿਆ। ਸੰਭਵ ਹੈ, ਮੇਰੇ ਖੇਡ ਲੇਖਕ ਬਣਨ ਵਿਚ ਉਸ ਦੌੜ ਦੇ ਦ੍ਰਿਸ਼ ਦਾ ਵੀ ਕੁਝ ਅਸਰ ਹੋਵੇ। ਫਿਰ ਮੈਂ 1962 'ਚ ਉਸ ਨੂੰ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਦੌੜਦਿਆਂ ਵੇਖਿਆ। ਨਾ ਸਿਰਫ ਵੇਖਿਆ ਬਲਕਿ ਉਸੇ ਟਰੈਕ ਉਤੇ ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਵੀ ਪ੍ਰੈਕਟਿਸ ਕਰ ਰਹੇ ਸਾਂ। ਉਹ ਛਕ-ਛਕ ਕਰਦਾ ਦੌੜਦਾ ਸੀ ਤੇ ਉਹਦਾ ਚਿੱਟਾ ਕੱਛਾ ਹਵਾ 'ਚ ਸ਼ੂਕਦਾ ਸੀ।

ਮੈਨੂੰ ਉਸ ਨਾਲ 1966 ਵਿਚ ਕੀਤੀ ਪਹਿਲੀ ਇੰਟਰਵਿਊ ਵੀ ਯਾਦ ਆ ਗਈ ਹੈ। ਉਸ ਨੂੰ 'ਫਲਾਈਂਗ ਸਿੱਖ' ਕਿਹਾ ਜਾਂਦਾ ਸੀ ਤੇ 'ਦੌੜ ਦਾ ਬਾਦਸ਼ਾਹ' ਵੀ। ਫਲਾਈਂਗ ਸਿੱਖ ਦਾ ਖਿਤਾਬ ਉਸ ਨੂੰ ਪਾਕਿਸਤਾਨ ਦੀ ਧਰਤੀ 'ਤੇ ਮਿਲਿਆ ਸੀ ਜਿਥੇ ਉਹ ਦੇਸ਼ ਵੰਡ ਤੋਂ ਪਹਿਲਾਂ ਜੰਮਿਆ ਸੀ। ਮਿਲਖਾ ਸਿੰਘ ਨੇ ਲਿਖਵਾਈ ਤੇ ਪੰਜਾਬੀ ਦੇ ਨਾਮਵਰ ਕਵੀ ਪਾਸ਼ ਨੇ ਲਿਖੀ ਉਸ ਦੀ ਸਵੈਜੀਵਨੀ ਦਾ ਨਾਂ ਇਸੇ ਕਰਕੇ 'ਫਲਾਈਂਗ ਸਿੱਖ ਮਿਲਖਾ ਸਿੰਘ' ਰੱਖਿਆ ਸੀ। ਸਵੈਜੀਵਨੀ ਲਿਖਣ ਦੇ ਕਾਰਜ ਨੂੰ 'ਦੇਸ ਪ੍ਰਦੇਸ' ਦੇ ਬਾਨੀ ਐਡੀਟਰ ਤਰਸੇਮ ਪੁਰੇਵਾਲ ਨੇ ਸਿਰੇ ਚੜ੍ਹਵਾਇਆ ਸੀ। ਇਹ ਗੱਲ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਨੇ ਮੈਨੂੰ ਦੱਸੀ ਸੀ ਜਿਹੜਾ ਪਾਸ਼ ਦਾ ਜੋਟੀਦਾਰ ਰਿਹਾ ਹੈ। ਆਖਰੀ ਕਾਂਡ ਲਿਖਣ ਵੇਲੇ ਪਾਸ਼ ਦੇ ਅੜ ਬਹਿਣ ਦੀ ਕਹਾਣੀ ਸ਼ਮਸ਼ੇਰ ਸੰਧੂ ਹੀ ਲਿਖੇ ਤਾਂ ਵਧੇਰੇ ਜਚੇਗੀ। 'ਦੌੜ ਦਾ ਬਾਦਸ਼ਾਹ' ਸਿਰਲੇਖ ਮੈਂ ਮਿਲਖਾ ਸਿੰਘ ਦੇ ਰੇਖਾ ਚਿੱਤਰ ਦਾ ਰੱਖਿਆ ਸੀ ਜੋ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉਘੇ ਖਿਡਾਰੀ' ਵਿਚ ਛਪਿਆ।

ਮਿਲਖਾ ਸਿੰਘ ਤੋਂ ਬਾਅਦ 400 ਮੀਟਰ ਦੌੜ ਵਿਚ ਅਜਮੇਰ ਸਿੰਘ ਚਮਕਿਆ ਸੀ ਜੋ ਏਸ਼ੀਆ ਦਾ ਚੈਂਪੀਅਨ ਬਣਿਆ। ਉਹ ਮੇਰਾ ਮਿੱਤਰ ਸੀ। ਮੇਰੇ ਕਹਿਣ 'ਤੇ ਉਹ ਮੈਨੂੰ ਮਿਲਖਾ ਸਿੰਘ ਦੇ ਘਰ ਲੈ ਗਿਆ। ਘਰੇਲੂ ਮਹੌਲ ਵਿਚ ਖੁੱਲ੍ਹ ਕੇ ਗੱਲਾਂ ਹੋਈਆਂ। ਮਿਲਖਾ ਸਿੰਘ ਦਾ ਬਚਪਨ ਪੱਛਮੀ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਕਸਬੇ ਕੋਟ ਅੱਦੂ ਕੋਲ ਪਿੰਡ ਗੋਬਿੰਦਪੁਰਾ ਵਿਚ ਬੀਤਿਆ ਸੀ। ਉਹ ਪੰਜ ਭਰਾ ਸਨ ਤੇ ਤਿੰਨ ਭੈਣਾਂ। ਉਨ੍ਹਾਂ ਦੇ ਦੋ ਕੱਚੇ ਕੋਠੇ ਸਨ-ਇਕ ਵਿਚ ਡੰਗਰ ਬੱਝਦੇ ਤੇ ਦੂਜੇ 'ਚ ਟੱਬਰ ਸੌਂਦਾ। ਪਿੰਡੋਂ ਪੰਜ ਮੀਲ ਦੂਰ ਉਹ ਨੰਗੇ ਪੈਰੀਂ ਪੜ੍ਹਨ ਜਾਂਦਾ। ਤਪਦੀ ਧੁੱਪ 'ਚ ਤੱਤੇ ਰੇਤਲੇ ਰਾਹ 'ਤੇ ਉਹਦੇ ਪੈਰ ਭੁੱਜਦੇ ਤਾਂ ਉਹ ਦੌੜਨ ਲੱਗ ਪੈਂਦਾ ਤੇ ਕਿਸੇ ਰੁੱਖ ਦੀ ਛਾਂਵੇਂ ਰੁਕ ਕੇ ਠੰਢੇ ਕਰਦਾ। ਤੱਤੀ ਰੇਤ ਉਤੇ ਦੌੜਨਾ ਉਸ ਦੇ ਜੀਵਨ ਦੀਆਂ ਮੁੱਢਲੀਆਂ ਦੌੜਾਂ ਸਨ।

ਜਦੋਂ ਦੇਸ਼ ਦੀ ਵੰਡ ਹੋਈ ਉਦੋਂ ਉਹਦਾ ਵੱਡਾ ਭਾਈ ਮੱਖਣ ਸਿੰਘ ਮੁਲਤਾਨ ਫੌਜ ਵਿਚ ਸੀ। ਗੋਬਿੰਦਪੁਰੇ ਨੂੰ ਜਨੂੰਨੀ ਲੁਟੇਰਿਆਂ ਨੇ ਘੇਰਾ ਪਾਇਆ ਤਾਂ ਬਾਰਾਂ ਤੇਰਾਂ ਸਾਲ ਦੇ ਮਿਲਖਾ ਸਿੰਘ ਨੇ ਦੌੜ ਕੇ ਮੁਲਤਾਨ ਜਾਣ ਵਾਲੀ ਗੱਡੀ ਜਾ ਫੜੀ। ਗੱਡੀ 'ਚ ਥਾਂ ਥਾਂ ਲਹੂ ਡੁੱਲ੍ਹਿਆ ਹੋਇਆ ਸੀ। ਉਹ ਜ਼ਨਾਨੇ ਡੱਬੇ ਵਿਚ ਸੀਟਾਂ ਹੇਠ ਜਾ ਲੁਕਿਆ। ਔਰਤਾਂ ਉਹਨੂੰ ਜੇਬਕਤਰਾ ਸਮਝ ਕੇ ਰੌਲਾ ਪਾਉਣ ਲੱਗੀਆਂ। ਮਾਸੂਮ ਮਿਲਖਾ ਸਿੰਘ ਤਰਲਾਇਆ ਕਿ ਉਹ ਰੌਲਾ ਨਾ ਪਾਉਣ, ਨਹੀਂ ਤਾਂ ਜਨੂੰਨੀ ਉਹਦਾ ਜੂੜਾ ਵੇਖ ਕੇ ਉਹਨੂੰ ਮਾਰ ਦੇਣਗੇ। ਜ਼ਨਾਨੀਆਂ ਵਿਚ ਰੱਬੋਂ ਦਇਆ ਵੱਧ ਹੁੰਦੀ ਹੈ। ਉਹ ਰੋਂਦੇ ਬੱਚੇ 'ਤੇ ਤਰਸ ਖਾ ਗਈਆਂ ਤੇ ਉਹਨੂੰ ਲੁਕਿਆ ਰਹਿਣ ਦਿੱਤਾ। ਇਉਂ ਉਹ ਦੌੜਾਂ ਦਾ ਬਾਦਸ਼ਾਹ ਬਣਨ ਲਈ ਬਚ ਗਿਆ!

ਮਿਲਖਾ ਸਿੰਘ ਮੁਲਤਾਨ ਪੁੱਜ ਗਿਆ ਤੇ ਆਪਣੀ ਭਰਜਾਈ ਨਾਲ ਫੌਜੀ ਟਰੱਕ ਵਿਚ ਫਿਰੋਜ਼ਪੁਰ ਆ ਗਿਆ। ਮੱਖਣ ਸਿੰਘ ਫੌਜ 'ਚ ਹੁੰਦਿਆਂ ਵੀ ਆਪਣੇ ਪਰਿਵਾਰ ਨੂੰ ਨਾ ਬਚਾ ਸਕਿਆ। ਗੋਬਿੰਦਪੁਰਾ ਅੱਗ ਦੀ ਭੇਟ ਚੜ੍ਹ ਗਿਆ। ਸਾਰੇ ਸਿੱਖ, ਸਣੇ ਮਿਲਖਾ ਸਿੰਘ ਦੇ ਮਾਤਾ ਪਿਤਾ ਤੇ ਭੈਣ ਭਾਈਆਂ ਦੇ, ਕਤਲ ਕਰ ਦਿੱਤੇ ਗਏ। ਕੇਵਲ ਵਿਆਹੀ ਹੋਈ ਭੈਣ ਆਪਣੇ ਸਹੁਰਿਆਂ ਨਾਲ ਬਚ ਕੇ ਦਿੱਲੀ ਆ ਸਕੀ।

ਫਿਰੋਜ਼ਪੁਰ ਦੇ ਸ਼ਰਨਾਰਥੀ ਕੈਂਪ 'ਚ ਰੁਲਣ, ਪਰਿਵਾਰ ਦੇ ਜੀਆਂ ਨੂੰ ਯਾਦ ਕਰਨ ਤੇ ਰੋਣ ਅਤੇ ਰੋਟੀ-ਟੁੱਕ ਲਈ ਫੌਜੀਆਂ ਦੇ ਬੂਟ ਪਾਲਸ਼ ਕਰਨ ਪਿੱਛੋਂ ਉਹ ਦਿੱਲੀ ਆਪਣੀ ਭੈਣ ਨੂੰ ਜਾ ਮਿਲਿਆ। ਭੈਣ ਆਪਣੇ ਵੀਰੇ ਲਈ ਬੇਹੀ ਰੋਟੀ ਵੀ ਸਹੁਰਿਆਂ ਤੋਂ ਲੁਕਾ ਕੇ ਰੱਖਦੀ ਤੇ ਉਹ ਸੁੱਕੀ ਰੋਟੀ ਪਾਣੀ ਨਾਲ ਨਿਗਲਦਾ। ਨਿੱਤ ਉਹਨੂੰ ਤਾਅਨੇ-ਮਿਹਣੇ ਸੁਣਨੇ ਪੈਂਦੇ। ਉਹਨੇ ਫੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਪਰ ਛਾਤੀ ਪੂਰੀ ਨਾ ਹੋਣ ਕਾਰਨ ਜਵਾਬ ਮਿਲ ਜਾਂਦਾ। ਨਿਰਾਸ਼ ਹੋਇਆ ਉਹ ਅਵਾਰਾਗਰਦ ਬਣ ਗਿਆ, ਚੋਰੀ ਕੀਤੀ, ਚਾਕੂ ਚਲਾਏ ਤੇ ਰੇਲ ਗੱਡੀ 'ਚ ਬੇਟਿਕਟਾ ਸਫਰ ਕਰਦਿਆਂ ਫੜਿਆ ਗਿਆ। ਭੈਣ ਨੇ ਟੂੰਮਾਂ ਗਹਿਣੇ ਰੱਖ ਕੇ ਜੇਲ੍ਹੋਂ ਕਢਵਾਇਆ। ਭਰਾ ਦੀ ਮਦਦ ਨਾਲ 1952 ਵਿਚ ਉਹ ਫੌਜ ਦਾ ਲਾਂਗਰੀ ਬਣਿਆ। ਰੰਗਰੂਟੀ ਕਰਨ ਵੇਲੇ ਕਰਾਸ ਕੰਟਰੀ ਲੱਗੀ ਤਾਂ ਉਹ ਛੇਵੇਂ ਨੰਬਰ 'ਤੇ ਆਇਆ। ਉਸਤਾਦ ਨੇ ਪੁੱਛਿਆ, "ਜੁਆਨ ਚਾਰ ਸੌ ਮੀਟਰ ਦੀ ਦੌੜ ਲਾ ਲਏਂਗਾ?"

ਮਿਲਖਾ ਸਿੰਘ ਨੇ ਪੁੱਛਿਆ, "ਚਾਰ ਸੌ ਮੀਟਰ ਦੀ ਦੌੜ ਕਿੰਨੀ ਹੁੰਦੀ ਐ?"

ਉੱਤਰ ਮਿਲਿਆ, "ਟਰੈਕ ਦਾ ਇਕ ਪੂਰਾ ਚੱਕਰ।"

ਮਿਲਖਾ ਸਿੰਘ ਨੇ ਕਿਹਾ, "ਇਕ ਚੱਕਰ ਤਾਂ ਕੀ, ਮੈਂ ਦਸ ਚੱਕਰ ਲਾ ਸਕਦਾਂ।"

ਉਸਤਾਦ ਨੇ ਸਮਝਾਇਆ ਕਿ ਇਕੋ ਚੱਕਰ ਵਿਚ ਹੀ ਦਸ ਚੱਕਰਾਂ ਜਿੰਨਾ ਜ਼ੋਰ ਲਾਉਣਾ ਹੁੰਦੈ। ਮਿਲਖਾ ਸਿੰਘ ਨੂੰ ਦੌੜਨ ਦਾ ਮੌਕਾ ਮਿਲਿਆ ਤਾਂ



*ਮਿਲਖਾ ਸਿੰਘ*

ਉਹ ਸਾਧਾਰਨ ਦਾਲ ਰੋਟੀ ਖਾ ਕੇ ਦੌੜਨ ਦਾ ਅਭਿਆਸ ਕਰਨ ਲੱਗਾ। ਰਾਤ ਨੂੰ ਜਦੋਂ ਹੋਰ ਫੌਜੀ ਸੁੱਤੇ ਹੁੰਦੇ ਤਾਂ ਉਹ ਚੋਰੀ ਛਿਪੇ ਟਰੈਕ ਵਿਚ ਦੌੜਿਆ ਫਿਰਦਾ। ਹਨੇਰੇ 'ਚ ਦੌੜਦਾ, ਕੁਝ ਪਲ ਬਹਿੰਦਾ ਤੇ ਫੇਰ ਦੌੜਨ ਲੱਗ ਪੈਂਦਾ। ਜਦੋਂ ਸਰੀਰ ਦੀ ਸੱਤਿਆ ਮੁੱਕ ਜਾਂਦੀ ਤਾਂ ਆਪਣੀ ਚਾਰਪਾਈ ਹੇਠਾਂ ਪਲੇਟ ਨਾਲ ਢਕੀ ਰੋਟੀ ਖਾ ਕੇ ਸੌਂ ਜਾਂਦਾ। ਉਹਨੂੰ ਕੋਈ ਸਾਇੰਟੇਫਿਕ ਕੋਚਿੰਗ ਨਹੀਂ ਸੀ ਮਿਲ ਰਹੀ। ਬੱਸ ਦੌੜਨ ਦੀ ਲਗਨ ਹੀ ਉਹਦੀ ਕੋਚਿੰਗ ਸੀ!

ਉਸ ਨੇ 70 ਮੁਲਕਾਂ ਵਿਚ 82 ਦੌੜਾਂ ਦੌੜੀਆਂ ਜਿਨ੍ਹਾਂ 'ਚ 79 ਵਾਰ ਉਹਨੂੰ ਜਿੱਤ ਨਸੀਬ ਹੋਈ। ਉਸ ਨੇ ਤਿੰਨ ਉਲੰਪਿਕ ਖੇਡਾਂ ਅਤੇ ਦੋ ਏਸ਼ਿਆਈ ਤੇ ਕਾਮਨਵੈਲਥ ਖੇਡਾਂ ਵਿਚ ਭਾਗ ਲਿਆ। ਕਈ ਤਮਗੇ ਜਿੱਤੇ ਤੇ ਕਈ ਰਿਕਾਰਡ ਰੱਖੇ। 1960 ਵਿਚ ਉਸ ਨੇ 200 ਮੀਟਰ ਦੌੜ 20.8 ਸੈਕੰਡ ਤੇ 400 ਮੀਟਰ 45.6 ਸੈਕੰਡ 'ਚ ਲਾਈ। ਉਹਦੇ ਇਹ ਰਿਕਾਰਡ ਦਹਾਕਿਆਂ ਤੱਕ ਕਾਇਮ ਰਹੇ। ਟੋਕੀਓ-58 ਦੀਆਂ ਏਸ਼ਿਆਈ ਖੇਡਾਂ ਸਮੇਂ ਪਾਕਿਸਤਾਨ ਦਾ ਦੌੜਾਕ ਅਬਦੁਲ ਖਾਲਿਕ ਕਿਸੇ ਨੂੰ ਨਿਗਾਹ ਹੇਠ ਨਹੀਂ ਸੀ ਲਿਆਉਂਦਾ। 200 ਮੀਟਰ ਦੀ ਦੌੜ ਤੋਂ ਪਹਿਲਾਂ ਮਿਲਖਾ ਸਿੰਘ ਨੂੰ ਮਿਲਾਇਆ ਤਾਂ ਉਹਨੇ ਫੜ੍ਹ ਮਾਰੀ, "ਏਸ ਸਿਖੜੇ ਨੇ ਮੇਰਾ ਧੱਕਾ ਕਿਥੋਂ ਸਹਿਣਾ ਏ?"

ਅਬਦੁੱਲ ਖਾਲਿਕ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਤੇ ਮਿਲਖਾ ਸਿੰਘ 400 ਮੀਟਰ ਦੀ। ਜਿਹੜਾ 200 ਮੀਟਰ ਦੀ ਦੌੜ ਜਿਤਦਾ ਉਹ ਏਸ਼ੀਆ ਦਾ ਬੈਸਟ ਅਥਲੀਟ ਬਣਨਾ ਸੀ। ਦੌੜ ਸ਼ੁਰੂ ਹੋਈ ਤੇ ਅਖੀਰ ਤਕ ਦੋਵੇਂ ਬਰਾਬਰ ਦੌੜਦੇ ਰਹੇ। ਜੋਸ਼ ਵਿਚ ਸਾਰਾ ਸਟੇਡੀਅਮ ਪੈਰਾਂ ਭਾਰ ਖੜ੍ਹਾ ਹੋ ਗਿਆ। ਦੌੜ ਪੂਰੀ ਹੋਣ 'ਤੇ ਮਿਲਖਾ ਸਿੰਘ ਲੜਖੜਾ ਕੇ ਡਿੱਗ ਪਿਆ। ਕੁਝ ਸਮਾਂ ਉਡੀਕਣ ਤੇ ਦੌੜ ਸਮਾਪਤੀ ਦੀ ਫੋਟੋ ਘੋਖਣ ਉਪਰੰਤ ਐਲਾਨ ਹੋਇਆ-ਮਿਲਖਾ ਸਿੰਘ ਫਸਟ!

ਮਿਲਖਾ ਸਿੰਘ ਦੇ ਖ਼ੁਸ਼ੀ-ਵੱਸ ਹੰਝੂ ਵਹਿ ਨਿਕਲੇ। ਉਹਦੇ ਉਤੇ ਕੈਮਰਿਆਂ ਦੀਆਂ ਅੱਖਾਂ ਜਗਣ ਬੁਝਣ ਲੱਗੀਆਂ। ਸਾਥੀਆਂ ਦੀਆਂ ਜੱਫੀਆਂ ਨੇ ਉਹਨੂੰ ਮਧੋਲ ਲਿਆ। ਡੋਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਉਹਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ...ਭੁਜਦੇ ਪੈਰਾਂ ਨਾਲ ਰੇਤਲੇ ਰਾਹਾਂ 'ਤੇ ਰੁੱਖਾਂ ਦੀਆਂ ਛਾਂਵਾਂ ਵੱਲ ਦੌੜਦਾ, ਲਹੂ ਲਿਬੜੀ ਗੱਡੀ 'ਚ ਲੁਕ ਕੇ ਸਫਰ ਕਰਦਾ, ਸ਼ਰਨਾਰਥੀ ਕੈਂਪ 'ਚ ਰੁਲਦਾ, ਬੂਟ ਪਾਲਸ਼ ਕਰਦਾ, ਲੁਕਾ ਕੇ ਰੱਖੀ ਬੇਹੀ ਰੋਟੀ ਖਾਂਦਾ, ਉਸ ਨੇ ਮੁੰਦੀਆਂ ਅੱਖਾਂ ਮੁੜ ਖੋਲ੍ਹੀਆਂ। ਸਿਰ ਬਾਹਾਂ ਵਿਚ ਘੁੱਟ ਲਿਆ ਤੇ ਮੰਜੇ 'ਤੇ ਲੇਟ ਗਿਆ। ਜੋ ਕੁਝ ਖ਼ੁਆਬ 'ਚ ਵੀ ਨਹੀਂ ਸੀ, ਉਹ ਹਕੀਕਤ ਬਣ ਗਿਆ ਸੀ। ਜਪਾਨ ਦਾ ਸ਼ਹਿਨਸ਼ਾਹ ਉਹਨੂੰ ਇਨਾਮ ਦੇ ਰਿਹਾ ਸੀ। ਤਿਰੰਗਾ ਲਹਿਰਾ ਰਿਹਾ ਸੀ ਤੇ 'ਜਨ ਗਨ ਮਨ' ਗੂੰਜ ਰਿਹਾ ਸੀ। ਦੁਨੀਆਂ ਵਿਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਰਹੀ ਸੀ!

ਉਸੇ ਸਾਲ ਕਾਰਡਿਫ ਦੀਆਂ ਕਾਮਨਵੈਲਥ ਖੇਡਾਂ ਹੋਈਆਂ। ਉਹ 400 ਮੀਟਰ ਦੌੜ ਭਾਰਤ ਦੇ ਪਹਿਲੇ ਅਥਲੀਟ ਵਜੋਂ ਜਿੱਤਿਆ। ਬਰਤਾਨੀਆ ਦੀ ਮਲਕਾ ਨੇ ਉਹਨੂੰ ਆਪਣੇ ਕੋਲ ਸੱਦ ਕੇ ਵਧਾਈ ਦਿੱਤੀ। ਕਈ ਸਾਲ ਪਿੱਛੋਂ ਮਿਲਖਾ ਸਿੰਘ ਇੰਗਲੈਂਡ ਗਿਆ ਤਾਂ ਸ਼ਹਿਜ਼ਾਦੀ ਐਨ ਨੇ ਆਪਣੀ ਬੱਘੀ ਮਿਲਖਾ ਸਿੰਘ ਕੋਲ ਰੁਕਵਾ ਲਈ ਤੇ 'ਹੈਲੋ ਮਿਲਖਾ ਸਿੰਘ' ਕਹਿ ਕੇ ਹਾਲ ਚਾਲ ਪੁੱਛਿਆ। ਇੰਡੋ-ਪਾਕਿ ਅਥਲੈਟਿਕ ਮੀਟ ਲਾਹੌਰ ਹੋਈ ਤਾਂ ਉਥੇ ਉਹ ਕਈ ਕਦਮਾਂ ਦੀ ਲੀਡ ਨਾਲ ਫਸਟ ਆਇਆ। ਅਨਾਊਂਸਰ ਕਹਿਣ ਲੱਗਾ, "ਮਿਲਖਾ ਸਿੰਘ ਨੇ ਇਹ ਦੌੜ, ਦੌੜ ਕੇ ਨਹੀਂ, ਉਡ ਕੇ ਪੂਰੀ ਕੀਤੀ ਏ। ਅਸੀਂ ਇਹਨੂੰ 'ਫਲਾਈਂਗ ਸਿੱਖ' ਦਾ ਖਿਤਾਬ ਦੇਨੇ ਆਂ।"

1960 ਵਿਚ ਜਦੋਂ ਰੋਮ ਦੀਆਂ ਉਲੰਪਿਕ ਖੇਡਾਂ ਹੋਈਆਂ ਉਦੋਂ 400 ਮੀਟਰ ਦੌੜ ਦਾ




*ਅਦਾਕਾਰ ਇਰਫਾਨ ਅਖਤਰ ਫਿਲਮ 'ਭਾਗ ਮਿਲਖਾ ਭਾਗ' ਵਿਚ*

ਉਲੰਪਿਕ ਰਿਕਾਰਡ 45.9 ਸੈਕੰਡ ਸੀ। ਸਵੀਡਨ 'ਚ ਮਿਲਖਾ ਸਿੰਘ ਇਹ ਦੌੜ 45.9 ਸੈਕੰਡ ਵਿਚ ਦੌੜ ਚੁੱਕਾ ਸੀ। ਪੈਰਿਸ ਵਿਚ ਉਸ ਨੇ ਇਹ ਦੌੜ 45.8 ਸੈਕੰਡ ਵਿਚ ਲਾ ਕੇ ਪਹਿਲਾ ਰਿਕਾਰਡ ਤੋੜ ਦਿੱਤਾ। ਉਸ ਦਾ ਵਿਸ਼ਵਾਸ ਪੱਕਾ ਹੋ ਗਿਆ ਕਿ ਉਹ ਉਲੰਪਿਕ ਜਿੱਤ ਲਏਗਾ।

ਰੋਮ ਦੇ ਉਲੰਪਿਕ ਸਟੇਡੀਅਮ ਵਿਚ 400 ਮੀਟਰ ਦੀ ਫਾਈਨਲ ਦੌੜ ਸ਼ੁਰੂ ਹੋਈ ਤਾਂ ਬਹੁਤੇ ਲੋਕਾਂ ਦੀਆਂ ਨਿਗਾਹਾਂ ਮਿਲਖਾ ਸਿੰਘ ਉਤੇ ਸਨ। ਦਾੜ੍ਹੀ ਤੇ ਜੂੜੇ ਨਾਲ ਉਹ ਨਿਰਾਲਾ ਦਿਸ ਰਿਹਾ ਸੀ। ਢਾਈ ਸੌ ਮੀਟਰ ਉਹ ਬਹੁਤ ਤੇਜ਼ ਦੌੜਿਆ ਤੇ ਲੱਗਦਾ ਸੀ ਕਿ ਉਹ ਸਭ ਤੋਂ ਮੂਹਰੇ ਹੈ। ਮਿਲਖਾ ਸਿੰਘ ਦੇ ਦੱਸਣ ਅਨੁਸਾਰ ਉਸ ਨੂੰ ਅਚਾਨਕ ਮਹਿਸੂਸ ਹੋਇਆ ਕਿ ਉਹ ਖਤਰਨਾਕ ਹੱਦ ਤਕ ਤੇਜ਼ ਦੌੜ ਰਿਹੈ। ਸਿਰ 'ਚ ਆਈ ਸੋਚ ਇਕਦਮ ਉਹਦੇ ਪੈਰਾਂ 'ਚ ਲਹਿ ਗਈ ਜਿਵੇਂ ਤੇਜ਼ ਰਫਤਾਰ ਚਲਦੀ ਗੱਡੀ ਗੇਅਰ 'ਚੋਂ ਨਿਕਲ ਜਾਵੇ। ਟਰੈਕ ਦੀ ਟੇਢ ਤੋਂ ਸੇਧ 'ਤੇ ਪੁੱਜਦਿਆਂ ਉਹ ਕੱਟਿਆ ਗਿਆ। ਸੇਧ ਉਤੇ ਲਾਇਆ ਸਿਰਤੋੜ ਜ਼ੋਰ ਵੀ ਕੁਝ ਨਾ ਕਰ ਸਕਿਆ। ਉਹ ਚੌਥੀ ਥਾਂ ਆ ਸਕਿਆ ਪਰ ਉਸ ਦਾ ਸਮਾਂ 45.6 ਸੈਕੰਡ ਪਹਿਲੇ ਉਲੰਪਿਕ ਰਿਕਾਰਡ ਨਾਲੋਂ ਬਿਹਤਰ ਸੀ। ਉਸ ਮੁਲਾਕਾਤ ਵਿਚ ਉਸ ਨੇ ਮੱਥੇ 'ਤੇ ਹੱਥ ਮਾਰਦਿਆਂ ਕਿਹਾ ਸੀ, "ਢਾਈ ਸੌ ਮੀਟਰ 'ਤੇ ਕੀਤੀ ਗਲਤੀ ਦਾ ਅਹਿਸਾਸ ਮੈਨੂੰ ਸਾਰੀ ਉਮਰ ਰਹੇਗਾ।"

ਫੌਜੀ ਨੌਕਰੀ ਪਿੱਛੋਂ ਮਿਲਖਾ ਸਿੰਘ ਨੇ ਖੇਡ ਵਿਭਾਗ ਦੀ ਡਾਇਰੈਕਟਰੀ ਕੀਤੀ। ਵਾਲੀਬਾਲ ਦੀ ਖਿਡਾਰਨ ਨਿਰਮਲ ਸੈਣੀ ਨਾਲ ਪਿਆਰ ਵਿਆਹ ਕਰਵਾਇਆ। ਉਨ੍ਹਾਂ ਦਾ ਪੁੱਤਰ ਚਿਰੰਜੀਵ ਗੌਲਫ ਵਿਚ ਕੌਮਾਂਤਰੀ ਪੱਧਰ 'ਤੇ ਚਮਕਿਆ। ਮਿਲਖਾ ਸਿੰਘ ਨੇ ਐਲਾਨ ਕੀਤਾ ਜੇ ਕੋਈ ਭਾਰਤੀ ਅਥਲੀਟ ਉਹਦੇ ਜਿਊਂਦੇ ਜੀਅ ਉਹਦਾ ਰਿਕਾਰਡ ਤੋੜ ਦੇਵੇ ਤਾਂ ਉਹ ਲੱਖ ਰੁਪਏ ਦਾ ਇਨਾਮ ਦੇਵੇਗਾ। 1960 ਵਿਚ ਘਾਹ ਵਾਲੇ ਤੇ ਸਿੰਡਰ ਟਰੈਕ ਸਨ ਅਤੇ ਸਮਾਂ ਸਟਾਪ ਘੜੀਆਂ ਨਾਲ ਹੱਥੀਂ ਲਿਆ ਜਾਂਦਾ ਸੀ। ਸੈਕੰਡ ਵੀ ਅਜੇ ਸੌਵੇਂ ਹਿੱਸੇ ਤੱਕ ਨਹੀਂ ਸਨ ਵੰਡੇ ਜਾਂਦੇ। ਉਦੋਂ ਕਿੱਲਾਂ ਵਾਲੇ ਭਾਰੇ ਸਪਾਈਕਸਾਂ ਨਾਲ ਮਿਲਖਾ ਸਿੰਘ ਨੇ 45.6 ਸੈਕੰਡ ਦਾ ਰਿਕਾਰਡ ਰੱਖਿਆ ਸੀ। ਹੁਣ ਸਪਾਈਕਸ ਵੀ ਹੌਲੇ ਫੁੱਲ ਹਨ ਤੇ ਸਿੰਥੈਟਿਕ ਟਰੈਕ ਵੀ ਰਬੜ ਵਰਗੇ ਹਨ। ਮਿਲਖਾ ਸਿੰਘ ਦੇ ਕਿੱਲਾਂ ਵਾਲੇ ਬੂਟ ਪਟਿਆਲੇ ਨੈਸ਼ਨਲ ਸਪੋਰਟਸ ਇੰਸਟੀਚਿਊਟ ਵਿਚ ਰੱਖੇ ਹੋਏ ਹਨ ਜੋ ਦੇਸ਼ ਦੇ ਜੁਆਨਾਂ ਨੂੰ ਵੰਗਾਰ ਰਹੇ ਹਨ, "ਆਵੇ ਕੋਈ ਨਿੱਤਰੇ!"

# ਲੋਕਾਂ ਦੇ ਸ਼ਿਕਵੇ ਦਰਕਿਨਾਰ ਕਰ ਦਿੱਤੇ ਗਏ...

*(ਸਫਾ 23 ਦੀ ਬਾਕੀ)*

ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਤਾਂ ਰੇਅ ਨੇ ਪੇਂਡੂ ਜਨਤਾ ਵਿਚ ਦੌਰੇ ਵਧਾ ਦਿੱਤੇ। ਲੋਕਾਂ ਨੂੰ ਦੱਸਣਾ ਸੀ ਕਿ ਅਸੀਂ ਉਨ੍ਹਾਂ ਦੇ ਹਿਤਾਂ ਵਾਸਤੇ ਲੜ ਰਹੇ ਹਾਂ। ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਜਾਂਦਾ। ਕਾਮਰੇਡ ਉਤਸ਼ਾਹ ਨਾਲ ਹਰ ਮੀਟਿੰਗ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ। ਬੀ.ਜੇ.ਪੀ. ਲੀਡਰ, ਖਾਸ ਕਰ ਕੇ ਹਿਤ ਅਭਿਲਾਸ਼ੀ ਸ਼ਹਿਰੀ ਮੀਟਿੰਗ ਵਿਚ ਆਉਂਦੇ, ਪਿੰਡ ਜਾਣੋਂ ਗੁਰੇਜ਼ ਕਰਦੇ। ਅਕਾਲੀ ਦਲ (ਬਾਦਲ) ਨੇ ਹਰ ਮੀਟਿੰਗ ਦਾ ਬਾਈਕਾਟ ਕੀਤਾ। ਸ਼ੁਰੂ ਵਿਚ ਬਰਨਾਲਾ ਅਕਾਲੀ ਦਲ ਦੇ ਵਰਕਰ ਆਉਂਦੇ, ਜਦੋਂ ਬਰਨਾਲਾ ਸਰਕਾਰ ਟੁੱਟ ਗਈ, ਉਹ ਵੀ ਹਟ ਗਏ। ਮੁੜ ਸੱਤਾ ਵਿਚ ਆਉਣ ਦੀ ਆਸ ਨਾ ਰਹੀ। ਮੈਂ ਰੇਅ ਨਾਲ ਹਰ ਮੀਟਿੰਗ ਵਿਚ ਜਾਂਦਾ। ਅਫਸਰਸ਼ਾਹੀ ਦੂਰ ਰਹਿੰਦੀ, ਸ਼ਾਇਦ ਜਾਨ ਨੂੰ ਖਤਰਾ ਜਾਣ ਕੇ।

ਬਹੁਤ ਸਾਰੇ ਅਫਸਰ ਲੋਕਾਂ ਨਾਲ ਮੇਰੇ ਮੇਲ-ਮਿਲਾਪ ਵਾਲੇ ਉਤਸ਼ਾਹ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਸਨ। ਮੇਰਾ ਡਿਪਟੀ ਕੇ.ਪੀ.ਐਸ. ਗਿੱਲ ਖਾਸ ਕਰ ਕੇ ਮੇਰਾ ਆਲੋਚਕ ਸੀ। ਉਸ ਨੇ ਕਦੇ ਅਜਿਹੀ ਮੀਟਿੰਗ ਵਿਚ ਹਾਜ਼ਰੀ ਨਹੀਂ ਭਰੀ। ਉਹਨੂੰ ਖਾੜਕੂਆਂ ਦਾ ਸ਼ਿਕਾਰ ਕਰਨਾ ਭਾਉਂਦਾ ਸੀ ਤੇ ਇਹ ਕੰਮ ਮੈਂ ਉਸੇ ਉਪਰ ਛੱਡ ਦਿੱਤਾ। ਉਹ ਚੰਗਾ ਪ੍ਰਬੰਧਕ ਸੀ ਤੇ ਸਫਲ ਅਪ੍ਰੇਸ਼ਨ ਕਰਦਾ, ਪਰ ਦਹਿਸ਼ਤਵਾਦ ਹੁੰਦਾ ਕੀ ਹੈ, ਉਸ ਨੂੰ ਨਹੀਂ ਸੀ ਪਤਾ; ਘੱਟੋ-ਘੱਟ ਉਦੋਂ ਨਹੀਂ ਸੀ ਪਤਾ। ਜੇ ਉਸ ਨੂੰ ਪਤਾ ਹੁੰਦਾ, ਲੋਕਾਂ ਦੇ ਦਿਲ ਦੀ ਥਾਹ ਪਾਉਣ ਵਾਸਤੇ ਉਹ ਮੇਰਾ ਮਦਦਗਾਰ ਹੁੰਦਾ।

ਅਪਰੈਲ 1988 ਵਿਚ ਜਦੋਂ ਮੈਂ ਗਵਰਨਰ ਦਾ ਸਲਾਹਕਾਰ ਨਿਯੁਕਤ ਹੋ ਗਿਆ ਤੇ ਗਿੱਲ ਪੁਲਿਸ ਚੀਫ, ਉਸ ਨੇ ਗਵਰਨਰ ਕੋਲ ਮੇਰੀ ਸ਼ਿਕਾਇਤ ਕੀਤੀ ਕਿ ਜਦੋਂ ਉਹ ਖਾੜਕੂਆਂ ਪਿਛੇ ਭੱਜ ਰਿਹਾ ਹੁੰਦੈ, ਉਦੋਂ ਮੈਂ ਉਸ ਦੇ ਅਫਸਰਾਂ ਨੂੰ ਪਬਲਿਕ ਮੀਟਿੰਗਾਂ ਵਿਚ ਲੈ ਜਾਂਦਾ ਹਾਂ। ਮੱਧ ਪ੍ਰਦੇਸ਼ ਕੇਡਰ ਦਾ ਆਈ.ਪੀ.ਐਸ. ਚਮਨ ਲਾਲ ਆਈ.ਜੀ. ਬਾਰਡਰ ਰੇਂਜ ਬਿਲਕੁਲ ਮੇਰੇ ਵਾਂਗ ਸੋਚਦਾ, ਮੇਰੇ ਵਾਂਗ ਵਰਤਦਾ। ਮੈਂ ਨਾ ਹੁੰਦਾ, ਉਹ ਤਾਂ ਵੀ ਲੋਕਾਂ ਨੂੰ ਮਿਲਦਾ ਰਹਿੰਦਾ। ਸਿੱਖ ਕਿਸਾਨੀ ਉਸ ਦਾ ਪੂਰਾ ਆਦਰ ਕਰਦੀ, ਕਿਉਂਕਿ ਪਤਾ ਸੀ ਨੇਕ ਹੈ, ਇਮਾਨਦਾਰ ਹੈ, ਪੁਲਿਸ ਨੂੰ ਕਾਬੂ ਵਿਚ ਰੱਖਦੈ। ਗਿੱਲ ਉਸ ਦੇ ਖਿਲਾਫ ਹੋ ਗਿਆ ਤੇ ਹਟਾਉਣਾ ਚਾਹਿਆ। ਰੇਅ ਨੂੰ ਇਸ ਸਮੱਸਿਆ ਦੀ ਜੜ੍ਹ ਦਾ ਪਤਾ ਸੀ। ਉਸ ਨੂੰ ਪਤਾ ਸੀ ਜੋ ਮੈਂ ਅਤੇ ਚਮਨ ਲਾਲ ਕਰ ਰਹੇ ਹਾਂ, ਠੀਕ ਹੈ। ਉਹ ਜਾਣਦਾ ਸੀ ਜੋ ਗਿੱਲ ਕਰ ਰਿਹੈ, ਉਹ ਵੀ ਸਹੀ ਹੈ; ਕਿਉਂਕਿ ਖਾੜਕੂਆਂ ਨਾਲ ਇਵੇਂ ਸਿੱਝਣਾ ਜ਼ਰੂਰੀ ਸੀ। ਆਮ ਬੰਦੇ ਦੀ ਹਮਾਇਤ ਪ੍ਰਾਪਤ ਕਰਨੀ ਕਿਉਂ ਜ਼ਰੂਰੀ ਹੈ, ਗਿੱਲ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਸੀ। ਉਸ ਅਨੁਸਾਰ ਇਹ ਸਮੇਂ ਦੀ ਬਰਬਾਦੀ ਹੈ ਤੇ ਪੁਲਿਸ ਦਾ ਕੰਮ ਲੋਕਾਂ ਦੇ ਦਿਲ ਜਿੱਤਣਾ ਨਹੀਂ। ਇਉਂ ਕਰਨ ਨਾਲ ਲੋਕ ਪੁਲਿਸ ਤੋਂ ਡਰਨੋਂ ਹਟ ਜਾਂਦੇ ਨੇ। ਰੇਅ ਕੋਲ ਇਸ ਸਮੱਸਿਆ ਦਾ ਹੱਲ ਨਹੀਂ ਸੀ। ਉਹ ਮੈਨੂੰ ਇਹੀ ਕਹਿੰਦਾ ਹੁੰਦਾ-ਤੂੰ ਆਪਣਾ ਕੰਮ ਕਰੀ ਚੱਲ। ਗਿੱਲ ਨੂੰ ਆਪਣਾ ਕੰਮ ਕਰੀ ਜਾਣ ਦੇਹ; ਉਸ ਨੂੰ ਰੋਕ ਨਾ, ਟੋਕ ਨਾ।

(ਚਲਦਾ)

## ਗਜ਼ਲ

ਜ਼ਾਲਮ ਬਾਦਲ ਤੋਂ ਡਰ ਲੱਗਦਾ,
ਤਾਹੀਓਂ ਨੀਲੀ ਛੱਤਰੀ ਤਾਣੀ।
ਲੀਡਰ ਦਾ ਜੋ ਮੋਨ ਵਰਤ ਏ,
ਉਸ ਨੇ ਸਮੇਂ ਦੀ ਨਬਜ਼ ਪਛਾਣੀ।
ਵੋਟਾਂ ਵੇਲੇ ਅੱਖੀਆਂ ਫੇਰਨ,
ਇਹ ਵੋਟਰ ਦੀ ਰੀਤ ਪੁਰਾਣੀ।
ਲੱਖਾਂ ਰੰਗ ਤਮਾਸ਼ੇ ਵੇਖੇ,
ਐਪਰ ਖੁਦ ਦੀ ਅਜਬ ਕਹਾਣੀ।
ਭਾਈ ਸੀ ਜੋ ਸਜੀਆਂ ਬਾਹਾਂ,
ਵੰਡਣ ਵੇਲੇ ਠਾਣੇ-ਠਾਣੀ।
ਮੂੰਹ ਦਾ ਮਿੱਠਾ, ਸ਼ਕਲੋਂ ਮੋਮਨ,
'ਗਿੱਲ' ਨੇ ਉਸ ਦੀ ਤੋਰ ਪਛਾਣੀ।
ਤੇਰਾ ਤੇਰਾ ਕੀ ਤੋਲੇਂਗਾ,
ਤੇਰੀ 'ਗਿੱਲਾ' ਤੱਕੜੀ ਕਾਣੀ।

*-ਜੁਗਰਾਜ ਗਿੱਲ ਸ਼ਾਰਲਟ*
*ਫੋਨ: 704-257-6693*

ਕਹਾਣੀ

# ਦੋ ਹੰਝੂ

***ਮਹਿੰਦਰ ਸਿੰਘ ਜੋਸ਼ੀ (ਜਨਮ 20-10-1918) ਦਾ ਸ਼ੁਮਾਰ ਉਨ੍ਹਾਂ ਲੇਖਕਾਂ ਵਿਚ ਹੁੰਦਾ ਹੈ ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਨਿਖਾਰਨ ਵਿਚ ਆਪਣਾ ਅਹਿਮ ਯੋਗਦਾਨ ਪਾਇਆ। ਉਹ 20ਵੀਂ ਸਦੀ ਵਿਚ 50ਵਿਆਂ-60ਵਿਆਂ ਦੇ ਉਸ ਦੌਰ ਦਾ ਕਹਾਣੀਕਾਰ ਹੈ ਜਦੋਂ ਪੰਜਾਬੀ ਦੀ ਸਿਰਜਣਾਤਮਕ ਸਰਗਰਮੀ ਚੰਗੀ-ਚੋਖੀ ਸੀ। 'ਦੋ ਹੰਝੂ' ਕਹਾਣੀ ਤਿੱਖੀ ਤੇ ਚੁਸਤ ਚਾਲ ਤੁਰਦੀ ਅਜਿਹੀ ਕਹਾਣੀ ਹੈ ਜਿਸ ਵਿਚ ਪੇਸ਼ ਮੁੱਖ ਪਾਤਰ ਬੜਾ ਜਾਣਿਆਂ-ਪਛਾਣਿਆਂ ਹੈ। ਅਜਿਹੇ ਪਾਤਰ ਪਿੰਡਾਂ ਵਿਚ ਤੁਰੇ ਫਿਰਦੇ ਆਮ ਮਿਲ ਜਾਂਦੇ ਹਨ। ਲੇਖਕ ਨੇ ਇਸ ਪਾਤਰ ਦਾ ਮੂੰਹ-ਮੱਥਾ ਰੂਹ ਲਾ ਕੇ ਘੜਿਆ ਹੈ। -ਸੰਪਾਦਕ***

### ਮਹਿੰਦਰ ਸਿੰਘ ਜੋਸ਼ੀ

ਮੈਂ ਆਪਣੀਆਂ ਸਾਲਾਨਾ ਛੁੱਟੀਆਂ ਵਿਚੋਂ ਕੁਝ ਦਿਨ ਕੱਟਣ ਪਿੰਡ ਗਿਆ ਸਾਂ। ਇਕ ਸਵੇਰ ਧਰਮਸ਼ਾਲਾ ਕੋਲੋਂ ਲੰਘਦਿਆਂ ਆਪਣੇ ਬਚਪਨ ਦੇ ਮਿੱਤਰ ਸਾਧੂ ਨੂੰ ਉਥੇ ਬੈਠਾ ਦੇਖ ਕੇ ਰੁਕ ਗਿਆ। ਨਾਲ ਦੇ ਘਰ ਧਾਲੀਵਾਲਾਂ ਦੇ ਸੰਤੋਖ ਦਾ ਵਿਆਹ ਸੀ, ਤੇ ਸੁਨਾਮੋਂ ਆਇਆ ਬੈਂਡ ਵੱਜ ਰਿਹਾ ਸੀ। ਇਕ ਬਿਰਧ ਜਿਹਾ ਪਹਿਲਾਂ ਕਦੇ ਮੇਰਾ ਦੇਖਿਆ ਪ੍ਰਤੀਤ ਨਹੀਂ ਸੀ ਹੁੰਦਾ, ਅੱਗੇ ਜਾਂਦਾ ਖੜੋ ਕੇ ਵਾਜਾ ਸੁਣਨ ਲੱਗਾ। ਉਹਨੇ ਸੋਟੀ ਜ਼ਮੀਨ 'ਤੇ ਟੇਕ ਕੇ ਆਪਣੀ ਕੁੱਬੀ ਕਮਰ ਨੂੰ ਸਹਾਰਾ ਦਿੱਤਾ ਹੋਇਆ ਸੀ, ਤਦ ਵੀ ਉਹਦੀਆਂ ਮਾਸ-ਢਿਲਕੀਆਂ ਲੱਤਾਂ ਥਰ ਥਰ ਕੰਬ ਰਹੀਆਂ ਸਨ। ਉਹਨੂੰ ਬਾਹੋਂ ਫੜ ਕੇ ਮੈਂ ਆਪਣੇ ਕੋਲ ਬਹਾਇਆ ਤਾਂ ਉਹਦੀਆਂ ਅੱਖਾਂ ਦੇ ਕੋਇਆਂ ਵਿਚ ਦੋ ਨਿੱਕੇ ਨਿੱਕੇ ਹੰਝੂ ਅਟਕੇ ਨਜ਼ਰ ਆਏ। ਮੈਂ ਇਕ ਪਾਸੇ ਮੂੰਹ ਕੀਤਾ ਤਾਂ ਉਹਨੇ ਪਾਣੀ ਦੀਆਂ ਉਹ ਛਿੱਟਾਂ ਆਪਣੇ ਮੋਢੇ 'ਤੇ ਰੱਖੇ ਪਰਨੇ ਨਾਲ ਪੂੰਝ ਛੱਡੀਆਂ।

ਮੈਂ ਸਾਧੂ ਤੋਂ ਪੁੱਛਿਆ, "ਕਿਥੋਂ ਵਿਆਹ ਕੇ ਲਿਆਏ ਨੇ ਇਹ ਕੁੜੀ?"

ਉਹ ਕਹਿੰਦਾ, "ਕੁੜੀ ਕਿਉਂ ਜੀ, ਪਰੀ ਕਹੋ। ਦੱਸਦੇ ਨੇ ਬਾਰਾਂ ਜਮਾਤਾਂ ਪੜ੍ਹੀ ਐ, ਤੇ ਹੱਥ ਲਾਏ ਤੋਂ ਮੈਲੀ ਹੁੰਦੀ ਐ। ਉਹਦੇ ਨਾਲ ਦੀ ਇਕ ਵੀ ਬਹੂ ਅੱਜ ਤੱਕ ਪਿੰਡ 'ਚ ਨੀਂ ਆਈ।"

ਮੈਂ ਕਿਹਾ, "ਮੁੰਡੇ ਦਾ ਮੂੰਹ ਤਾਂ ਕਿਸੇ ਲੰਗੂਰ ਤੋਂ ਉਧਾਰ ਲਿਆ ਲੱਗਦੈ।"

"ਜੀ ਤੀਵੀਂ ਤਾਂ ਘਰ ਨੂੰ ਮਿਲਦੀ ਐ, ਬੰਦੇ ਨੂੰ ਕੌਣ ਪੁੱਛਦੈ!" ਸਾਧੂ ਨੇ ਜਵਾਬ ਦਿੱਤਾ।

ਸਾਡੀ ਵਾਰਤਾਲਾਪ ਬਾਬੇ ਦੇ ਕੰਨੀਂ ਪੈ ਗਈ, ਤੇ ਉਹ ਇਹਦੇ ਵਿਚ ਸ਼ਾਮਲ ਹੁੰਦਿਆਂ ਬੋਲਿਆ, "ਇਹ ਝੂਠ ਐ, ਬਿਓਹ ਮਾਤਾ ਜਿਹੜੇ ਅੱਖਰ ਲਿਖ ਦਿੰਦੀ ਐ, ਬਿਨ ਪੁੱਛੇ ਪਾਰ ਹੋ ਜਾਂਦੇ ਨੇ। ਚੰਗੀ ਕੁੜੀ ਘਰ ਨੂੰ ਨੀਂ, ਭਾਗ ਨੂੰ ਜੁੜਦੀ ਐ।"

ਇਹ ਕਿਸਮਤ ਦੀਆਂ ਲਕੀਰਾਂ ਵਾਲਾ ਸਿਧਾਂਤ ਮੈਂ ਪੜ੍ਹੇ ਲਿਖੇ ਨੇ ਤਾਂ ਕੀ ਸਵੀਕਾਰ ਕਰਨਾ ਸੀ, ਸਾਧੂ ਨੇ ਵੀ ਨਾ ਮੰਨਿਆ।

ਸਾਨੂੰ ਆਪਣੇ ਮਤ ਦਾ ਅਨੁਯਾਈ ਬਣਾਉਣ ਲਈ ਬਾਬੇ ਨੇ ਗੱਲ ਛੇੜੀ, ਜਿੰਨਾ ਮੇਰਾ ਬਾਪ ਹੱਸਮੁਖ ਸੀ, ਮਾਂ ਓਨੀਂ ਹੀ ਕਬੈਤੀ ਸੀ। ਬਿੱਸਵਾ ਬਹੁਤ ਸੀ, ਘਰ ਨੂੰ ਅੱਗ ਲਾਈ ਨੀਂ ਸੀ ਲੱਗਦੀ। ਤਾਂ ਵੀ ਪਤਾ ਨਹੀਂ ਕੀ ਉਹਦੇ ਢਿੱਡ 'ਚ ਸੂਲ ਉਠਦਾ, ਬਿਨਾਂ ਬਹਾਨੇ ਉਹਦੇ ਨਾਲ ਆਢਾ ਬੰਨ੍ਹੀ ਰੱਖਦੀ। ਇਕ ਵਾਰੀ ਉਹ ਪਾਣੀ ਝਾਰੇ ਨਾਲ ਮੰਜੇ ਪੈ ਕੇ ਇੱਕੀ ਦਿਨਾਂ ਪਿੱਛੋਂ ਸੱਥ 'ਚ ਗਿਆ ਤਾਂ ਉਥੇ ਪਹੁੰਚ ਕੇ ਵੀ ਉਹਦੇ ਅਗਲੇ ਪਿਛਲੇ ਪੁਣਨ ਲੱਗ ਪਈ। ਬਿਮਾਰ ਆਦਮੀ ਚਿੜਚਿੜਾ ਹੋ ਜਾਂਦੈ। ਮੇਰੇ ਬਾਪ ਨੇ ਤਾਓ ਖਾ ਕੇ ਗੋਡਲੇ ਖੂਹ 'ਚ ਛਾਲ ਜਾ ਮਾਰੀ। ਲੋਕਾਂ ਨੇ ਕਈ ਕੰਡੇ ਸਿੱਟ ਕੇ ਹਲਾਏ, ਪਰ ਉਹ ਮਰ ਕੇ ਈ ਬਾਹਰ ਆਇਆ।

ਅੰਦਰੋਂ ਪਿਆਰ ਦੋਹਾਂ ਜੀਆਂ ਦਾ ਐਨਾ ਸੀ, ਬੁੱਢੇ ਗੁਜ਼ਰੇ ਪਿੱਛੋਂ ਮਾਂ ਨੇ ਚਾਰ ਮਹੀਨੇ ਬੀ ਨਾ ਕੱਟੇ। ਐਵੇਂ ਘੁਰ ਘੁਰ ਕਰਨ ਦੀ ਬਾਣ ਹੁੰਦੀ ਐ ਜ਼ਨਾਨੀਆਂ ਨੂੰ। ਕਹਿੰਦੇ, ਜੇ ਅੰਦਰ ਦਾ ਗੁਬਾਰ ਨਾ ਕੱਢਣ, ਅੰਨ੍ਹੀਆਂ ਹੋ ਜਾਣ।

ਮੈਂ ਤੜਕੇ ਆਥਣੇ ਤਿੰਨ ਸੇਰ ਪੱਕਾ ਦੁੱਧ ਕਾਹਤਨਾ ਤੇ ਅੱਧਾ ਰਹੇ ਤੋਂ ਪੀ ਲੈਣਾ। ਕਦੇ ਮਲਾਈ ਨੂੰ ਤੌੜੀ ਪਾੜ ਲਈ, ਕਦੇ ਦਹੀਂ ਨੂੰ ਹੱਥ ਮਾਰ ਲਿਆ। ਮੂੰਹ ਦਾ ਸੁਆਦ ਬਣਾਉਣ ਨੂੰ ਇਕ ਅੱਧੀ ਗੁੱਲੀ ਦੀ ਲੋੜ ਹੁੰਦੀ, ਉਹ ਮੇਰੀ ਛੋਟੀ ਭੈਣ ਥੱਪ ਦਿੰਦੀ।

ਖੁਰਾਕ ਤੇ ਮਿਹਨਤ ਨਾਲ ਮੇਰਾ ਸਰੀਰ ਸ਼ਤੀਰ ਜਿੰਨਾ ਲੰਮਾ ਹੋ ਗਿਆ ਤੇ ਸਿਲ ਬਰਗਾ ਕਾਠਾ। ਮੇਰੇ ਕੋਲ ਸੱਤ ਪੋਰੀਆਂ ਦੀ ਡਾਂਗ ਹੁੰਦੀ ਤੇਲ 'ਚ ਭਿੱਜੀ ਹੋਈ। ਮੁੰਡੇ ਪੁੱਛਦੇ 'ਤੂੰ ਸੰਮ ਨੀਂ ਲਵਾਉਂਦਾ?' ਮੈਂ ਕਹਿੰਦਾ, 'ਸੰਮ ਮੇਰੀਆਂ ਮੁੱਠੀਆਂ ਵਿਚ ਐ।' ਇਕ ਵਾਰ ਖੜਕਾ ਹੋ ਕੇ ਅੱਭੜਵਾਇਆ ਉਠਿਆ ਤਾਂ ਐਂ ਲੱਗਿਆ ਜਿਵੇਂ ਅੰਦਰ ਚੋਰ ਹੁੰਦੈ। ਮੈਂ ਦੋਹਾਂ ਹੱਥਾਂ 'ਚ ਫੜ ਸੋਟੀ ਮਾਰੀ ਤੇ ਬੁਰਜੀ ਦੇ ਬਚਾਲਿਓਂ ਇੱਟ ਬੁੜ੍ਹਕ ਕੇ ਬਾਹਰ ਆ ਡਿੱਗੀ! ਉਹ ਸੋਟੀ ਜੇ ਝੋਟੇ ਦੇ ਬੱਜੀ ਹੁੰਦੀ, ਲੱਕ ਤੋੜ ਦਿੰਦੀ। ਫੇਰ ਇਕ ਬਾਰੀ ਮੈਂ ਮੇਲਾ ਦੇਖ ਕੇ ਮੁੜਿਆ ਆਉਂਦਾ ਸੀ। ਰਾਹ 'ਚ ਬੰਦੇ ਲੜੀ ਜਾਣ, ਚਾਰ ਇਕ ਪਿੰਡ ਦੇ, ਤਿੰਨ ਇਕ ਦੇ। ਉਨ੍ਹਾਂ ਨੂੰ ਭਿੜਦੇ ਦੇਖ ਕੇ ਮੇਰਾ ਹੱਥ ਰਸਾਉਣ ਨੂੰ ਜੀ ਕਰ ਆਇਆ। ਮੈਂ ਮਾੜਿਆਂ ਦਾ ਦਰਦੀ ਹੋ ਕੇ ਚਾਰਾਂ ਵਿਚੋਂ ਇਕ ਦੇ ਪੁੜੇ 'ਤੇ ਡਾਂਗ ਛੱਡੀ। ਉਹ ਪਿਛਾਂਹ ਝਾਕਿਆ, ਤਾਂ ਮੈਂ; ਜਿਹਦੇ ਨਾਲ ਜਾਣ ਨਾ ਪਛਾਣ। ਚਾਰ ਉਹ ਤੇ ਤਿੰਨ ਉਹ, ਸਾਰੇ ਮੇਰੇ ਪਿੱਛੇ ਪੈ ਗਏ। ਮੈਂ ਇਕ ਭੜੀ ਨਾਲ ਪਿੱਠ ਜੋੜ ਕੇ ਸੋਟੀ ਚਲਾਈ ਤੇ ਸੱਟਾਂ ਨੂੰ ਭਾਜੜਾਂ ਪਾ ਦਿੱਤੀਆਂ।

ਮੈਂ ਅਜੇ ਮਛੋਹਰ ਈ ਸੀ, ਜਦ ਨਾਤਿਆਂ ਵਾਲਿਆਂ ਨੇ ਦਿਹਲੀ ਨੀਵੀਂ ਕਰ ਦਿੱਤੀ। ਮੈਂ ਬਾਪ ਨਾਲ ਬੀਤੀ ਯਾਦ ਕਰ ਕੇ ਵਿਆਹ ਤੋਂ ਚਲਦਾ ਸੀ। ਮੈਂ ਕਿਹਾ, ਪਤਾ ਨੀਂ ਕਿਹੜੀ ਕਲਜੋਗਣ ਦੇ ਬਸ ਪੈ ਜਾਂਗੇ। ਜੀਹਨੇ ਸਗਾਈ ਨੂੰ ਟੋਕਣਾ, ਮੈਂ ਉਹਨੂੰ ਇਹੀ ਕਹਿ ਕੇ ਟਾਲ ਦੇਣਾ, 'ਭਾਈ ਪਹਿਲਾਂ ਕੁੜੀ ਨੂੰ ਬਾਰੋਂ ਉਠਾ ਲਈਏ।'

ਇਕ ਦਿਨ ਖੁੰਢਾਂ 'ਤੇ ਗੱਲਾਂ ਤੁਰਦੀਆਂ 'ਚ ਕਿਸੇ ਨੇ ਕਿਹਾ, 'ਗੋਈਆਂ ਦੀ ਛੋਟੀ ਨੂੰਹ, ਬੜੀ ਛੈਲ ਐ।'

ਕੋਲੋਂ ਕੋਈ ਬੋਲਿਆ, 'ਗੋਈਆਂ ਦੀ ਨੂੰਹ ਨਾ ਹੋਈ, ਸਾਲੀ ਕਾਰੋ ਹੋ ਗਈ ਅਬਦੁਲ ਗੜ੍ਹ ਵਾਲੀ।'

ਮੈਂ ਕਿਹਾ, 'ਓਇ ਇਹ ਕਾਰੋ ਕੌਣ ਐਂ।'

ਉਹ ਕਹਿੰਦਾ, 'ਹੀਰ ਜੰਮੀ ਐ ਮੁੜ ਕੇ ਜੱਟਾਂ ਦੇ ਘਰ। ਰੱਜ ਕੇ ਸੋਹਣੀ, ਉਹਦਾ ਮੂੰਹ ਦੇਖ ਕੇ ਭੁੱਖ ਲਹਿੰਦੀ ਐ। ਬੜੇ ਬੜੇ ਪਿੰਡਾਂ ਦੇ ਮਾਲਕ ਉਹਦੇ ਸਾਕ ਨੂੰ ਹੱਥ ਬੰਨ੍ਹਦੇ ਫਿਰਦੇ ਨੇ, ਕਹਿੰਦੇ ਉਹਦੀ ਡੋਲੀ ਕਈ ਲੋਥਾਂ ਉਤੋਂ ਲੰਘੂ!'

ਮੈਂ ਚਿੜੀ ਚੂਹਕਦੀ ਨਾਲ ਘੋੜੀ 'ਤੇ ਕਾਠੀ ਪਾਈ ਤੇ ਰਤਾ ਕੁ ਦਿਨ ਚੜ੍ਹਦੇ ਨੂੰ ਅਬਦੁਲਗੜ੍ਹ ਪਹੁੰਚ ਗਿਆ। ਮੈਂ ਪਾਲੀਆਂ ਨੂੰ ਪੁੱਛਿਆ, 'ਓਇ ਥੋਡੇ ਪਿੰਡ ਕੋਈ ਕਾਰੋ ਐ।' ਕਹਿੰਦੇ, 'ਆਹੋ ਹੈ, ਹੁਣੇ ਹੁਣੇ ਹਾਜ਼ਰੀ ਲੈ ਕੇ ਖੇਤ ਗਈ ਐ।' ਮੈਂ ਘੋੜੀ ਰੋਬੀਏ ਪਾ ਲਈ। ਥੋੜ੍ਹੀ ਕੋਹ ਕੁ 'ਤੇ ਇਕ ਜ਼ਨਾਨੀ ਦਿਸੀ। ਤੋਰ ਕੀ ਸੀ, ਲੋਹੜਾ ਸੀ। ਨਿੱਕੀ ਨਿੱਕੀ ਡਿੰਘ, ਜਾਣੋਂ ਮੁਰਗਾਬੀ ਢਾਬ 'ਚ ਛੱਲਾਂ ਉਠਾਉਂਦੀ ਤੁਰੀ ਜਾਂਦੀ ਐ। ਮੇਰੇ ਮਨ ਨੇ ਕਿਹਾ, 'ਕਾਰੋ ਤਾਂ ਏਹੀ ਐ।'

ਬਰਾਬਰ ਹੋ ਕੇ ਮੈਂ ਉਹਦਾ ਮੂੰਹ ਦੇਖਿਆ। ਭਾਵੇਂ ਉਹਨੂੰ ਸੂਰਜ ਕਹਿ ਲਓ, ਭਾਵੇਂ ਚੰਦ ਕਹਿ ਲਓ। ਨਾਉਂ ਪੁੱਛ ਕੇ ਕੀ ਕਰਨਾ ਸੀ। ਮੈਂ ਝਾਕਦਾ ਝਾਕਦਾ ਅੱਗੇ ਲੰਘ ਗਿਆ ਤੇ ਫੇਰ ਘੋੜੀ ਮੋੜ ਕੇ ਝਾਕਦਾ ਝਾਕਦਾ ਪਿੱਛੇ ਲੰਘ ਗਿਆ। ਦੋ ਤਿੰਨ ਗੇੜੇ ਏਵੇਂ ਮਾਰੇ। ਜਦੋਂ ਉਹ ਰੋਟੀ ਖਵਾ ਕੇ ਆਈ ਤਾਂ ਮੈਂ ਫੇਰ ਉਹਨੂੰ ਖੇਤਾਂ ਨੂੰ ਜਾਂਦਾ ਮਿਲਿਆ। ਉਹ ਮੇਰੇ ਰਾਹ ਵਿਚਾਲੇ ਹੋ ਕੇ ਖੜੋ ਗਈ। ਕਹਿੰਦੀ, 'ਤੂੰ ਕੌਣ ਐਂ?'

ਮੈਂ ਕਿਹਾ, 'ਮੈਂ ਬਚਿੱਤਰ ਆਂ ਬਲਬੇਹੜੇ ਵਾਲੇ ਜੋਰਾਬਰ ਸਿੰਘ ਜ਼ੈਲਦਾਰ ਦਾ ਮੁੰਡਾ।'

ਕਹਿੰਦੀ, 'ਕਿਵੇਂ ਆਇਐਂ?'

ਮੈਂ ਕਿਹਾ 'ਐਵੇਂ'।

ਕਹਿੰਦੀ, 'ਜੇ ਐਵੇਂ ਆਇਆ ਸੀ, ਤਾਂ ਡੰਡੀ ਕਿਹੜੇ ਕਸੂਰੋਂ ਘੋੜੀ ਦੇ ਖੁਰਾਂ ਤੋਂ ਬਦਵਾਈ।'

ਉਹਦੀ ਮੁਸਕੜੀ ਦੇਖ ਕੇ ਮੈਨੂੰ ਹੌਸਲਾ ਹੋ ਗਿਆ। ਮੈਂ ਕਿਹਾ, 'ਭਾਗਮਾਨ, ਮਾਰ ਭਾਵੇਂ ਛੱਡ, ਮੈਂ ਤਾਂ ਤੇਰਾ ਨਾਉਂ ਸੁਣ ਕੇ ਆਇਆਂ। ਸੱਤ ਸੌ ਵਿੱਘੇ ਜ਼ਮੀਨ ਐ, ਦੋ ਜੋੜੀਆਂ ਬਲਦਾਂ ਦੀਆਂ ਨੇ, ਚਾਰ ਮੱਝਾਂ ਨੇ। ਕਿਸੇ ਗੱਲ ਦਾ ਤੋੜਾ ਨੀਂ, ਜੇ ਦਿਲ ਗੱਡਦੈ ਘੋੜੀ 'ਤੇ ਬਹਿ ਜਾ।'

ਉਹਨੇ ਮੇਰੀ ਜੁੱਤੀ ਤੋਂ ਜੂੜੇ ਤਕ ਐਂ ਨਿਗ੍ਹਾ ਮਾਰੀ ਜਿਵੇਂ ਮੰਡੀ 'ਤੇ ਖ਼ਰੀਦਣ ਤੋਂ ਪਹਿਲਾਂ ਬਹਿੜਕਾ ਅੰਗੀਦੈ। ਫੇਰ ਕਹਿੰਦੀ, 'ਤੱਤਾ ਨਾ ਲੈਕ। ਭਲੇ ਘਰਾਂ ਦੀਆਂ ਧੀਆਂ ਉਧਲ ਕੇ ਨੀਂ ਜਾਂਦੀਆਂ ਹੁੰਦੀਆਂ। ਬਾਪੂ ਨਾਲ ਗੱਲ ਕਰ ਲੈ। ਕੀ ਪਤਾ ਮੈਂ ਵੀ ਕੋਲੋਂ ਹੰਗੂਰਾ ਭਰ ਦਿਆਂ।'

ਮੈਂ ਉਨ੍ਹਾਂ ਦੇ ਨਾਈ ਦੇ ਹੱਥ ਉਤੇ ਅੱਧ ਪਾ ਚਾਂਦੀ ਰੱਖੀ ਤੇ ਉਹਨੂੰ ਅਤਾ ਪਤਾ ਸਮਝਾ ਕੇ ਆ ਗਿਆ, ਨਾਈ ਨੇ ਕੁੜੀ ਦੇ ਪਿਉ ਨੂੰ ਦੱਸ ਪਾਈ ਤੇ ਡੂੰਮਾਂ ਜਿਉਂ ਮੇਰੇ ਸੋਹਲੇ ਗਾਏ। ਉਹ ਕਹਿੰਦਾ, 'ਜਾ ਕੇ ਘਰ ਬਾਹਰ ਦੇਖ ਆ।' ਨਾਈ ਸਾਡੇ ਪਿੰਡ ਆਇਆ ਤਾਂ ਮੈਂ ਭਰੀ ਵਾਂਸਲੀ ਉਹਦੇ ਲੱਕ ਨੂੰ ਬੰਨ੍ਹ ਦਿੱਤੀ ਪਰ ਕਰਮ ਮੇਰੇ ਖੋਟੇ, ਨੇਪਰੇ ਗੱਲ ਫੇਰ ਵੀ ਨਾ ਚੜ੍ਹੀ। ਬੁੱਢਾ ਕਹਿੰਦਾ, 'ਇਕ ਧੀ ਐ ਮੈਂ ਨੀਂ ਉਹ ਪੂੰਨੀਏਂ ਜੱਟਾਂ ਦੇ ਵਿਆਹੁਣੀ।'

ਮੈਂ ਫੇਰ ਜਾ ਕੇ ਕਾਰੋ ਦੇ ਹੱਥੀਂ ਪੈਰੀਂ ਪਿਆ। ਉਹ ਕਹਿੰਦੀ, 'ਦਿਲ ਨਾ ਛੱਡ। ਜ਼ਮੀਨ ਤਾਂ ਤੇਰੇ ਨਾਲੋਂ ਬਹੁਤੀ ਇਕ ਸਰਦਾਰ ਕੋਲ ਐ, ਜਿਹਨੇ ਗੇੜਿਆਂ ਮੂੰਹੋਂ ਆਪਣਾ ਤੇ ਸਾਡਾ ਪਿੰਡ ਇਕ ਕਰ ਰੱਖੇ 'ਨ; 4000 ਵਿੱਘੇ। ਤੂੰ ਘਰ ਉਹਦੇ ਨਾਲੋਂ ਸੋਹਣਾ ਪਾ ਲੈ, ਮੈਂ ਆਪੇ ਬਾਪੂ ਨੂੰ ਮਨਾ ਲਊਂ।'

ਮੈਂ ਸ਼ਹਿਰ ਦੇ ਇਕ ਬੁੱਢੇ ਮਿਸਤਰੀ ਦਾ ਸਿਆਣੂੰ ਸੀ। ਉਹਨੂੰ ਮਿਲ ਕੇ ਕਿਹਾ, 'ਇਕ ਘਰ ਪਾ ਦੇ ਜਿਹਦੇ ਨਾਲ ਦਾ ਪੰਜਾਹ ਕੋਹ 'ਚ ਕਿਸੇ ਕੋਲ ਨਾ ਹੋਵੇ।' ਹਾੜ੍ਹੀ ਬੜੀ ਸੁਹਣੀ ਲੱਗੀ ਸੀ ਤੇ ਉਹਦੀ ਬੱਟਤ ਪੱਲੇ ਸੀ। ਮੈਂ ਉਹ ਸਾਰੀ ਉਹਦੇ ਹੱਥ 'ਤੇ ਰੱਖ ਦਿੱਤੀ, ਪਰ ਉਹਨੇ ਸਿਰ ਹਿਲਾਇਆ, ਕਹਿੰਦਾ, 'ਇਹਦੇ ਨਾਲ ਕੁਸ਼ ਨੀਂ ਬਣਨਾ।' ਜੀ ਨੇ ਕਿਹਾ, ਵਿਆਹ ਪਿੱਛੋਂ ਕੀ ਲਹਿੰਗਾ ਫੂਕਾਂਗੇ। ਮੈਂ ਅੱਧੀ ਜ਼ਮੀਨ ਅਾਡ ਰਹਿਣ ਕਰ ਦਿੱਤੀ ਤੇ ਮਿਸਤਰੀ ਮੂਹਰੇ ਰੁਪਈਆਂ ਦਾ ਢੇਰ ਲਾ ਦਿੱਤਾ। ਉਹ ਦਸੌਰ ਗਿਆ ਤੇ ਗੱਡੀ ਪੱਥਰ ਦੀ ਭਰ ਲਿਆਇਆ। ਬਾਰੀਆਂ, ਝਰੋਖੇ, ਬਮੂਲੇ ਤੇ ਹੋਰ ਨਿਕ ਸੁਕ। ਉਹਨੇ ਕਦੇ ਕਿਸੇ ਰਾਜੇ ਦੇ ਮਹੱਲ 'ਤੇ ਕੰਮ ਕੀਤਾ ਸੀ। ਕਹਿੰਦਾ, 'ਉਹ ਚੀਜ਼ ਬਣਾ ਕੇ ਦੇਊਂ, ਜਿਹੜੀ ਯਾਦ ਰੱਖੇਂ।'

ਮੇਰਾ ਮਕਾਨ ਉਸਰਨਾ ਸ਼ੁਰੂ ਹੋਇਆ। ਚਾਰੇ ਪਾਸੇ ਖੁੱਲ੍ਹੇ ਬਰਾਂਡੇ, ਉਨ੍ਹਾਂ ਦੀਆਂ ਲਾਲ ਪੱਥਰ ਦੀਆਂ ਕੂਲੀਆਂ ਥਮ੍ਹਲੀਆਂ, ਥਮ੍ਹਲੀਆਂ ਵਿਚਾਲੇ ਚਿੱਟੇ ਪੱਥਰ ਦੀਆਂ ਫੁੱਲਦਾਰ ਜਾਲੀਆਂ ਤੇ ਅੰਦਰ ਅੰਤਾਂ ਦੇ ਕਮਰੇ। ਦਿਨਾਂ ਵਿਚ ਈ ਥੌਂ ਥੌਂ ਏਸ ਘਰ ਦੀ ਚਰਚਾ ਹੋਣ ਲੱਗੀ। ਪਿੰਡ ਵਿਚੋਂ ਰਾਹੀ ਲੰਘਦੇ, ਤਾਂ ਇਹਨੂੰ ਵਿੰਗ ਪਾ ਕੇ ਦੇਖ ਕੇ ਜਾਂਦੇ। ਇਕ ਦਿਨ ਅਬਦੁਲਗੜ੍ਹ ਗਿਆ ਤਾਂ ਕਾਰੋ ਦੇ ਭਾ ਦਾ ਚੰਦ ਚੜ੍ਹ ਗਿਆ। ਮੇਰੇ ਮੋਢੇ 'ਤੇ ਹੱਥ ਧਰ ਕੇ ਕਹਿੰਦੀ, 'ਮੈਂ ਸੁਣ ਲਈਆਂ ਤੇਰੀ ਹਬੇਲੀ ਦੀਆਂ ਗੱਲਾਂ। ਪੂਰੀ ਕਰ ਲੈ, ਤੇ ਆਪਾਂ ਆਪਣਾ ਕੌਲ ਨਭਾਉਣ ਨੂੰ ਹਾਜ਼ਰ ਆਂ।'

ਪੁੱਠੇ ਮੁੜਦੇ ਦੀ ਮੇਰੀ ਘੋੜੀ ਤਾਰਿਆਂ ਦੇ ਛੜਾਂ ਮਾਰਦੀ ਜਾਵੇ।

ਮੈਂ ਆਉਂਦਿਆਂ ਈ ਕਾਰੀਗਰ ਨੂੰ ਕਿਹਾ, 'ਭਾਵੇਂ ਕੰਧ ਕੰਧ ਉਤੇ ਰਾਜ ਖੜ੍ਹਾ ਕਰ ਦੇ, ਪਰ ਘਰ ਹੁਣ ਬਣਿਆ ਹੀ ਦਿਸੇ।'

ਮਾਜਨਾ ਮੇਰਾ ਐਡਾ ਨਹੀਂ ਸੀ, ਜਿੱਡਾ ਕੰਮ ਵਿੱਢ ਲਿਆ। ਦੋ ਕੁ ਮਹੀਨੇ ਪਿੱਛੋਂ ਮਿਸਤਰੀ ਫੇਰ ਪੈਸਿਆਂ ਨੂੰ ਉਦਾਲੇ ਹੋ ਗਿਆ। ਦਾਣੇ ਅਜੇ ਦੂਰ ਸੀ। ਮੈਂ ਸ਼ਾਹਾਂ ਕੋਲ ਗਿਆ ਤੇ ਬਾਕੀ ਰਹਿੰਦੀ ਜ਼ਮੀਨ ਵੀ ਗਹਿਣੇ ਪਾ ਦਿੱਤੀ।

ਮੈਨੂੰ ਹੁਣ ਇਕੋ ਲਗਨ ਸੀ, ਘਰ ਦੀ। ਫ਼ਿਰਨਾ ਤੁਰਨਾ ਕੀਤਾ ਬੰਦ। ਲੋਅ ਹੋਣ ਤੋਂ ਹਟਣ ਤੱਕ ਖੇਤਾਂ ਵਿਚ ਸੰਦ ਚਲਾਉਣੇ, ਰਾਤ ਨੂੰ ਫ਼ਸਲਾਂ ਦੀ ਰਾਖੀ ਸੌਣਾ। ਦੁੱਧ ਦੀ ਥਾਉਂ ਲੱਸੀ ਪੀਣੀ, ਰੋਟੀਆਂ ਕਦੇ ਚੋਪੜਨੀਆਂ ਹੋਈਆਂ ਚੋਪੜ ਲਈਆਂ, ਨਹੀਂ ਤਾਂ ਅਨ-ਚੋਪੜੀਆਂ ਹੀ ਖਾ ਲਈਆਂ। ਜਿਹੜਾ ਘਿਉ ਨਿਕਲਣਾ ਉਹਦੀ ਡਿੱਪ ਡਿੱਪ ਲੋਕਾਂ ਨੂੰ ਤੋਲ ਦੇਣੀ। ਕੌਡੀ ਕੌਡੀ ਦੀ ਕਿਰਸ ਕੀਤੀ। ਸਮਾਂ ਦੱਬ ਕੇ ਲੱਗਿਆ, ਬੇਸ਼ੁਮਾਰ ਜਿਣਸ ਹੋਈ ਪਰ ਜਿਹੜੀ ਰਕਮ ਵੱਟੀ, ਪਤਾ ਨਹੀ ਕਿਹੜੀਆਂ ਖੱਡਾਂ ਵਿਚ ਵੜ ਗਈ। ਮਿਸਤਰੀ ਨੇ ਕਾਠ ਖਰੀਦਣ ਜਾਣਾ ਸੀ। ਕਹਿੰਦਾ, 'ਪੈਸੇ ਕੱਢ।' ਮੈਂ ਦੋ ਬਲਦ ਵੇਚੇ, ਚਾਰੇ ਮੱਝਾਂ, ਸਾਰੀਆਂ ਟੂੰਮਾਂ। ਫੇਰ ਵੀ ਪੂੰਜੀ ਥੋੜ੍ਹੀ ਰਹਿੰਦੀ ਦਿਸੀ, ਤਾਂ ਮੈਂ ਹਿੱਕ 'ਤੇ ਪੱਥਰ ਧਰ ਕੇ ਘੋੜੀ ਕਿੱਲਿਉਂ ਖੋਲ੍ਹ ਦਿੱਤੀ।

ਮਿਸਤਰੀ ਦੀ ਉਡੀਕ ਵਿਚ ਕੰਮ ਬੰਦ ਸੀ। ਮੈਂ ਕਿਹਾ, ਭੱਜ ਕੇ ਕਾਰੋ ਦਾ ਮੂੰਹ ਦੇਖ ਆਵਾਂ।

ਕਹਿੰਦੀ, 'ਕੀ ਹਾਲ ਐ ਘਰ ਦਾ?'

ਮੈਂ ਕਿਹਾ, 'ਛੱਤਾਂ 'ਤੇ ਐ।'

ਕਹਿੰਦੀ, 'ਹੋਣਾ ਸੀ ਹੌਸਲੇ ਨਾਲ ਤਕੜਾ, ਤੂੰ ਸੁਕਦਾ ਜਾਨੈਂ?'

ਮੈਂ ਕਿਹਾ, 'ਨਹੀਂ ਸੁੱਕਣਾ ਕਿਉਂ ਐ, ਇਹ ਤਾਂ ਐਵੇਂ ਭਖ ਹੋ ਗਈ ਸੀ ਪੰਜ ਚਾਰ ਦਿਨ।'

ਫ਼ੇਰ ਪੁੱਛਦੀ ਐ, 'ਐਤਕੀਂ ਜੁੱਤੀ 'ਤੇ ਈ ਸਵਾਰ ਹੋ ਕੇ ਆਇਐਂ?'

ਮੈਂ ਜਵਾਬ ਦਿੱਤਾ, 'ਘੋੜੀ ਆਪਣੀ ਕੋਈ ਮੰਗ ਕੇ ਵਾਂਢੇ ਲੈ ਗਿਆ ਸੀ ਯਾਰ ਦੋਸਤ।'

ਕਹਿੰਦੀ, 'ਚੰਗਾ ਜਾਹ, ਛੱਤਾਂ ਪਾ ਕੇ ਆਵੇਂਗਾ ਤਾਂ ਬ੍ਰਾਹਮਣ ਤੋਂ ਵਿਆਹ ਦੀ ਤਰੀਕ ਵੀ ਕਢਵਾ ਲਿਆਈਂ, ਬਾਪੂ ਮੰਨ ਗਿਐ।'

ਮੈਨੂੰ ਅਚੰਮੀ ਲੱਗ ਗਈ। ਕਦ ਮਕਾਨ ਸਿਰੇ ਚੜ੍ਹੇ, ਕਦ ਉਹਦੇ ਦਰ 'ਤੇ ਰੰਗਲੇ ਚੂੜੇ ਵਾਲੀ ਕਾਰੋ ਨੂੰ ਰੱਥ ਵਿਚੋਂ ਉਤਾਰਾਂ। ਮੈਂ ਤਖਾਣਾਂ ਦੇ ਨਾਸੀਂ ਧੂੰਆਂ ਚਾੜ੍ਹ ਦਿੱਤਾ, 'ਛੇਤੀ ਕਰੋ ਓਇ, ਛੇਤੀ ਕਰੋ', ਤੇ ਉਨ੍ਹਾਂ ਨੇ ਵੀ ਖਪਣ ਕੰਨੀਓਂ ਕੋਈ ਕਸਰ ਨਾ ਰੱਖੀ। ਸਾਡੇ ਬਨੇਰਿਆਂ 'ਤੇ ਪਲੱਸਤਰ ਹੋ ਰਿਹਾ ਸੀ, ਤੇ ਮੈਂ ਸੋਚੀ ਜਾਂਦਾ ਸੀ, ਅੱਜਕੱਲ੍ਹ ਵਿਚ ਟੱਕਰਾਂਗੇ ਕਾਰੋ ਦੇ ਬਾਪ ਨੂੰ, ਜਦ ਨਾਈ ਆ ਗਿਆ, ਅਬਦੁਲਗੜ੍ਹ ਤੋਂ ਪਾਟੀ ਚਿੱਠੀ ਲੈ ਕੇ। ਮੈਂ ਕਿਹਾ, 'ਸੁਖ ਐ?' ਕਹਿੰਦਾ, 'ਚਲਾਣਾ ਕਰ ਗਈ ਕਰਤਾਰ ਕੁਰ।'

ਬਾਬੇ ਦੀ ਪਿਛਲੀ ਗੱਲ ਸੁਣ ਕੇ ਮੇਰੇ ਦਿਲ ਨੂੰ ਝਟਕਾ ਵੱਜਿਆ ਤੇ ਮੇਰੇ ਮੂੰਹੋਂ ਨਿਕਲਿਆ, 'ਚਲਾਣਾ ਕਰ ਗਈ?'

ਉਹ ਕਹਿੰਦਾ, "ਹਾਂ। ਜਿਹੜੇ ਸਰਦਾਰ ਦੀ ਗੱਲ ਮੈਂ ਕੀਤੀ ਸੀ, ਉਹਨੂੰ ਸੂਹ ਸੀ ਬਈ ਮੇਰੇ ਘਰ ਬਣਿਆ ਤੇ ਕਾਰੋ ਗਈ। ਉਹ ਮੌਕਾ ਤਾੜ ਕੇ ਨੌਕਰਾਂ ਨਾਲ ਉਹਨੂੰ ਝਿੜੀ ਵਿਚ ਚੱਕਣ ਆ ਪਿਆ। ਪੰਜ ਓਪਰੇ ਬੰਦੇ, ਸਾਰਿਆਂ ਕੋਲ ਹਥਿਆਰ, ਤੇ ਆਲੇ ਦੁਆਲੇ ਪਿੰਡ ਦਾ ਕੋਈ ਨਾ। ਕਾਰੋ ਚੁੱਪ ਕਰ ਕੇ ਦੁਸ਼ਮਣ ਮੂਹਰੇ ਘੋੜੇ 'ਤੇ ਬਹਿ ਗਈ। ਨੌਕਰਾਂ ਕੋਲ ਦੋ ਬੋਤੇ ਸੀ। ਉਹ ਉਨ੍ਹਾਂ ਨੇ ਅੱਗੇ ਪਿੱਛੇ ਕਰ ਲਏ। ਜਦੋਂ ਪਿੰਡ ਦੀ ਜੂਹ ਟੱਪਣ ਲੱਗੇ, ਕਾਰੋ ਨੇ ਮੁੜ ਕੇ ਸਰਦਾਰ ਦੀ ਗਰਦਨ ਨੂੰ ਜੱਫ਼ਾ ਮਾਰਿਆ ਤੇ ਖਿੱਚ ਕੇ ਭੁੰਜੇ ਸਿੱਟ ਲਿਆ। ਉਹਦੇ ਹਮੈਤੀ ਬੋਤੇ ਬਹਾ ਕੇ ਭੱਜੇ ਪਰ ਉਨ੍ਹਾਂ ਦੇ ਨੇੜੇ ਲੱਗਣ ਤੋਂ ਪਹਿਲਾਂ ਕਾਰੋ ਨੇ ਉਹਦੀ ਘੰਡੀ ਭੰਨ ਦਿੱਤੀ। ਇਕ ਨੌਕਰ ਨੇ ਬਰਛਾ ਚਲਾਇਆ ਤੇ ਉਹ ਸਾਰਾ ਉਹਦੀ ਵੱਖੀ 'ਚ ਲਹਿ ਗਿਆ। ਕਾਰੋ ਨੇ ਬਰਛਾ ਜ਼ੋਰ ਨਾਲ ਖਿੱਚ ਕੇ ਮੋੜਵਾਂ ਉਹਦੇ ਕਾਲਜੇ 'ਚ ਮਾਰਿਆ ਤੇ ਉਹ ਥਾਉਂ 'ਤੇ ਈ ਚਿੱਤ।"

ਇਕ ਦਿਨ ਮੈਂ ਕਾਰੋ ਦਾ ਹੱਥ ਫੜਨ ਨੂੰ ਤਕਾਇਆ ਸੀ। ਕਹਿੰਦੀ, 'ਚੋਰੀ ਕਿਉਂ ਕਰਦੈਂ, ਬਾਪੂ ਨੇ ਇਹ ਤੈਨੂੰ ਭਰੀ ਪੰਚਾਇਤ ਵਿਚ ਫੜਾਂ ਦੇਣੈ, ਪਰ ਉਹ ਹੱਥ ਮੈਨੂੰ ਮਰੀ ਦਾ ਵੀ ਫੜਨਾ ਨਾ ਮਿਲਿਆ। ਮੇਰੇ ਜਾਣ ਤੋਂ ਪਹਿਲਾਂ ਉਹਨੂੰ ਲਾਂਬੂ ਲਾਈ ਬੈਠੇ ਸੀ।

"ਘਰ ਤੇਰਾ ਭਾਵੇਂ ਕਿੰਨਾ ਹੀ ਸੁਹਣਾ ਹੋਵੇ, ਪਰ ਉਹਦੇ ਵਿਚ ਹੁਣ ਕਿਵੇਂ ਜੀ ਲਗਦਾ ਹੋਊ ਬਾਬਾ ਤੇਰਾ?" ਮੈਂ ਪੁੱਛਿਆ।

"ਜੀ ਕਹਿੰਦੇ ਹੁੰਦੇ ਨੇ, ਜਿੱਧਰ ਗਿਆ ਬਾਣੀਆਂ ਉਧਰ ਗਿਆ ਬਾਜ਼ਾਰ", ਉਹ ਬੋਲਿਆ। "ਕਾਰੋ ਮਰੀ ਪਿੱਛੋਂ ਕਾਲ ਪਿਆ, ਤਿੰਨ ਸਾਲ, ਅਛਾ ਕੁੱਠਾ। ਦਾਣੇ ਜ਼ਿਮੀਂ ਵਿਚ ਸਿੱਟ ਆਈਏ, ਤੇ ਉਹ ਪਏ ਈ ਝੁਲਸੇ ਜਾਣ। ਮੈਂ ਚੱਪਾ ਚੱਪਾ ਰੋਟੀ ਨੂੰ ਤਰਸਦਾ ਸੀ। ਸ਼ਾਹ ਦਾ ਕਰਜ਼ਾ ਕਿਵੇਂ ਉਤਾਰਦਾ। ਉਹਨੇ ਕੁਰਕੀ ਕਰਾ ਕੇ ਵਿਆਜ ਵਿਆਜ ਵਿਚ ਘਰ ਖਰੀਦ ਲਿਆ।"

ਬੈਂਡ ਹੁਣ ਤੱਕ ਖਾਮੋਸ਼ ਹੋ ਚੁੱਕਾ ਸੀ। ਬਾਬੇ ਨੇ ਡੰਗੋਰੀ ਚੁੱਕੀ ਤੇ ਤੁਰ ਗਿਆ। ਉਹਦੀ ਪ੍ਰੀਤ ਕਥਾ ਸੁਣ ਕੇ ਮੇਰੀ ਛਾਤੀ ਵਿੰਨ੍ਹੀ ਗਈ ਤੇ ਪਲਕਾਂ ਸਿੱਜ ਗਈਆਂ। ਮੈਂ ਸਾਧੂ ਨੂੰ ਪੁੱਛਿਆ, "ਇਹ ਕਿਹਦੇ ਵੱਲ ਆਇਐ ਬਾਬਾ, ਅੱਗੇ ਦੇਖਿਆ ਨਹੀਂ ਕਦੇ!"

"ਤੁਸੀਂ ਨੀਂ ਜਾਣਦੇ", ਉਹ ਬੋਲਿਆ, "ਇਹ ਗੱਜਣ ਚਾਹਲ ਦਾ ਰਿਸ਼ਤੇਦਾਰ ਐ। ਇਹਨੂੰ 'ਗੱਪੀ' 'ਗੱਪੀ' ਕਹਿੰਦੇ ਨੇ।"

## ਕਾਵਿ-ਜਗਤ

### ਦੇਸ਼ ਦੀਏ ਬਦਕਿਸਮਤ ਧੀਏ

ਤੇਰੇ ਲਈ ਮੈਂ ਕਰਾਂ ਦੁਆਵਾਂ
ਦੇਸ਼ ਦੀਏ ਬਦਕਿਸਮਤ ਧੀਏ।
ਤੇਰੇ ਲਈ ਮੈਂ ਭਰ ਰਹੀ ਹਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਨਾ ਅਮੜੀ ਨੇ ਰੀਝਾਂ ਲਾਹੀਆਂ
ਨਾ ਬਾਬੁਲ ਤੈਨੂੰ ਪਾਇਆ ਡੋਲੀ।
ਵਿਚ ਚੁਰਾਹੇ ਜ਼ਾਲਿਮ ਲੋਕਾਂ
ਜਿਉਂਦੇ ਜੀਅ ਤੂੰ ਰੱਜ ਕੇ ਰੋਲੀ।
ਕਿੰਜ ਦੁਸ਼ਟਾਂ ਨੂੰ ਮਾਰ ਮੁਕਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਇਹ ਨਾ ਸੋਚੀਂ ਕਲੀ ਏਂ ਤੂੰ
ਸਭ ਦੁਨੀਆਂ ਤੇਰੇ ਨਾਲ ਖਲੋਈ।
ਤੈਨੂੰ ਤਕ ਕੁਰਲਾਉਂਦੀ ਬਚੀਏ
ਧਰਤੀ ਧਾਹਾਂ ਮਾਰ ਕੇ ਰੋਈ।
ਕਿੰਜ ਤੈਨੂੰ ਮੈਂ ਆਣ ਬਚਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਪਹਿਲਾਂ ਲੜੀ ਤੂੰ ਨਾਲ ਜ਼ਾਲਮਾਂ
ਮੌਤ ਨਾਲ ਹੁਣ ਲੜਦੀ ਪਈ ਏਂ।
ਨਾਲ ਤੇਰੇ ਹੈ ਕੀ ਕੀ ਬੀਤੀ
ਕਿਹੜੀ ਅੱਗ ਵਿਚ ਸੜਦੀ ਪਈ ਏਂ।
ਇਸ ਅੱਗ ਨੂੰ ਮੈਂ ਕਿਵੇਂ ਬੁਝਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਦਿਲ ਵਿਚ ਕੀ ਅਰਮਾਨ ਸੀ
ਤੇਰੇ ਦੇਸ਼ ਲਈ ਕੀ ਕਰਨਾ ਸੀ ਤੂੰ।
ਖਵਰੇ ਵਾਂਗ ਸੁਨੀਤਾ ਵਿਲੀਅਮ
ਤਾਰਿਆਂ 'ਤੇ ਜਾ ਚੜ੍ਹਨਾ ਸੀ ਤੂੰ।
ਕਿਵੇਂ ਸਮੇਂ ਨੂੰ ਮੋੜ ਲਿਆਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਜੋ ਜੋ ਤੇਰੇ ਨਾਲ ਹੈ ਬੀਤੀ
ਉਹ ਪੀੜਾ ਇਕ ਔਰਤ ਦੀ ਹੈ।
ਜੋ ਦੁਸ਼ਟਾਂ ਤੇਰੇ ਨਾਲ ਕੀਤੀ
ਉਹ ਪੀੜਾ ਇਕ ਔਰਤ ਦੀ ਹੈ।
ਇਹ ਪੀੜਾ ਮੈਂ ਕਿਵੇਂ ਲੁਕਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਸੂਰਜ ਵੀ ਸ਼ਰਮਿੰਦਾ ਹੋਇਆ
ਚੰਨ ਚਾਨਣੀ ਹੋ ਗਈ ਕਾਲੀ।
ਫੁੱਲਾਂ ਦੇ ਚਿਹਰੇ ਮੁਰਝਾ ਗਏ
ਸਭ ਦੇ ਮੂੰਹ ਤੋਂ ਮਿਟ ਗਈ ਲਾਲੀ।
ਅਸਮਾਨ ਨੇ ਮਾਰੀਆਂ ਧਾਂਵਾਂ
ਦੇਸ਼ ਦੀਏ ਬਦਕਿਸਮਤ ਧੀਏ।
ਜਦ ਦੀ ਔਰਤ ਬਣੀ ਏ ਜਗ ਵਿਚ
ਓਦੋਂ ਦੀ ਹੀ ਲੁਟਦੀ ਪਈ ਏ।
ਟੁਟ ਟੁਟ ਕੇ ਇਹ ਜੁੜਦੀ ਪਈ ਏ
ਜੁੜ ਜੁੜ ਕੇ ਇਹ ਟੁਟਦੀ ਪਈ ਏ।
ਰੋਂਦੀ ਨੂੰ ਤੈਨੂੰ ਕਿਵੇਂ ਹਸਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

ਜੇਕਰ ਮੇਰੇ ਵੱਸ ਵਿਚ ਹੁੰਦਾ
ਦੁਖ ਤੇਰੇ ਸਭ ਲੈ ਲੈਂਦੀ ਮੈਂ।
ਤੇਰੀਆਂ ਪੀੜਾਂ ਤੇਰੇ ਹੌਕੇ
ਝੱਲ ਲੈਂਦੀ ਸਭ ਸਹਿ ਲੈਂਦੀ ਮੈਂ।
ਮੈਂ (ਸੁਰਜੀਤ) ਪਈ ਕੁਰਲਾਵਾਂ
ਦੇਸ਼ ਦੀਏ ਬਦਕਿਸਮਤ ਧੀਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

### ਪੱਚਰਾਂ

ਸਿੱਖਰ ਦੁਪਹਿਰਾ
ਪੱਤਾ ਨਾ ਹਿੱਲੇ
ਖੁਰਪਾ ਚੱਲੇ।

ਰੰਗ ਅਸਮਾਨੀ
ਹੱਥ ਨਾ ਆਵੇ
ਨਿਕੰਮਾ ਬੰਦਾ।

***-ਜਨਮੇਜਾ ਸਿੰਘ ਜੌਹਲ***

# ਵੇ ਤੂੰ ਨੌਕਰ ਕਾਹਦਾ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਬੋਲਚਾਲ ਦੀ ਪੰਜਾਬੀ ਵਿਚ ਨੌਕਰ, ਨੌਕਰੀ ਸ਼ਬਦ ਨੋਕਰ, ਨੋਕਰੀ ਵਜੋਂ ਹੀ ਉਚਾਰੇ ਜਾਂਦੇ ਹਨ। ਪਰ ਪੜ੍ਹੇ-ਲਿਖੇ ਤੇ ਜਾਣਕਾਰ ਲੋਕ ਇਨ੍ਹਾਂ ਨੂੰ ਪਹਿਲੇ ਰੂਪ ਵਿਚ ਹੀ ਉਚਾਰਨਾ ਪਸੰਦ ਕਰਦੇ ਹਨ। ਕੋਈ ਵੀ ਵਿਅਕਤੀ ਪੜ੍ਹ-ਲਿਖ ਕੇ ਕਿਸੇ ਸ਼ਬਦ ਦੇ ਤਤਸਮ ਰੂਪ ਤੋਂ ਜਾਣੂੰ ਹੋ ਜਾਵੇ ਤਾਂ ਉਸ ਵਿਚ ਆਮ ਤੌਰ 'ਤੇ ਇਸ ਨੂੰ ਇਸੇ ਰੂਪ ਵਿਚ ਹੀ ਲਿਖਣ ਤੇ ਬੋਲਣ ਦੀ ਚੇਸ਼ਟਾ ਪੈਦਾ ਹੋ ਜਾਂਦੀ ਹੈ। ਮਿਸਾਲ ਵਜੋਂ ਆਮ ਪੇਂਡੂ 'ਬੰਕ' ਬੋਲੇਗਾ ਪਰ ਥੋੜਾ ਪੜ੍ਹੇ-ਲਿਖੇ ਜਾਂ ਲਿਖੇ-ਪੜ੍ਹੇ ਬੰਦੇ ਦੇ ਮੂੰਹ ਵਿਚੋਂ ਬੈਂਕ ਹੀ ਨਿਕਲੇਗਾ। ਖੈਰ, ਨੌਕਰ ਕਹੋ ਜਾਂ ਨੋਕਰ, ਦਾਸ ਤਾਂ ਇਹ ਦੱਸਣ ਲਈ ਕਾਹਲਾ ਹੈ ਕਿ ਇਹ ਸ਼ਬਦ ਆਪਣੇ ਪਿਛੇ ਕੀ ਇਤਿਹਾਸ ਛੁਪਾਈ ਬੈਠਾ ਹੈ। ਭਾਵੇਂ ਅੱਜ ਅਸੀਂ ਨੌਕਰ ਸ਼ਬਦ ਘਰੇਲੂ ਜਾਂ ਦੁਕਾਨਦਾਰੀ ਆਦਿ ਦੇ ਨਿੱਕੇ-ਮੋਟੇ ਕੰਮਾਂ ਲਈ ਰੱਖੇ ਮੁੰਡੂ ਲਈ ਹੀ ਵਧੇਰੇ ਵਰਤਦੇ ਹਾਂ ਪਰ ਥੋੜਾ ਪਿਛੇ ਜਾਈਏ ਤਾਂ ਨੌਕਰ ਵਿਚ ਕਿਸੇ ਦੇ ਸੇਵਕ ਹੋਣ ਦਾ ਮਾਣ ਵੀ ਦਿਸ ਆਉਂਦਾ ਹੈ। ਰਾਂਝਾ ਜੋਗ ਲੈਣ ਗਿਆ ਬਾਲ ਨਾਥ ਨੂੰ ਇਸੇ ਅਧੀਨਗੀ ਦਾ ਵਾਸਤਾ ਪਾਉਂਦਾ ਹੈ,

ਤੇਰੇ ਦਵਾਰ 'ਤੇ ਆਨ ਮੁਹਤਾਜ ਹੋਏ,
ਅਸੀਂ ਨੌਕਰ ਹਾਂ ਬਾਝ ਮਹੀਨਿਆਂ ਦੇ।
ਤੇਰਾ ਹੋ ਫਕੀਰ ਮੈਂ ਨਗਰ ਮੰਗਾਂ,
ਛੱਡਾਂ ਵਾਇਦੇ ਏਨ੍ਹਾਂ ਰੋਜ਼ੀਨਿਆਂ ਦੇ।

ਫਿਰ ਵੀ ਬਹੁਤ ਸਾਰੇ ਲੋਕ ਇਸ ਸ਼ਬਦ ਦੇ ਹੋਰ ਵਿਸਥਾਰਾਂ ਤੋਂ ਅਣਜਾਣ ਨਹੀਂ ਹੋਣਗੇ। ਮਿਸਾਲ ਵਜੋਂ ਹੇਠ ਲਿਖੇ ਲੋਕ ਗੀਤ ਵਿਚ ਨੌਕਰ ਇਕ ਸਨਮਾਨਯੋਗ ਰੁਤਬੇ ਵਾਲਾ ਬੰਦਾ ਸਾਬਿਤ ਹੁੰਦਾ ਹੈ,

ਵੇ ਤੂੰ ਨੌਕਰ ਕਾਹਦਾ
ਘੋੜਾ ਨਾ ਤੇਰੇ ਹੇਠ।

ਕਿਸ ਨੂੰ ਨਹੀਂ ਪਤਾ ਕਿ ਇਥੇ ਨੌਕਰ ਫੌਜੀ ਨੂੰ ਕਿਹਾ ਗਿਆ ਹੈ। ਪੁਰਾਣੇ ਜ਼ਮਾਨੇ ਵਿਚ ਅਕਸਰ ਫੌਜੀਆਂ ਕੋਲ ਹੀ ਘੋੜੇ ਹੁੰਦੇ ਸਨ। ਸ਼ਾਹ ਮਹੰਮਦ ਨੇ 'ਜੰਗਨਾਮਾ' ਵਿਚ ਕਈ ਵਾਰੀ ਨੌਕਰ ਅਤੇ ਨੌਕਰੀ ਸ਼ਬਦ ਫੌਜੀ ਦੇ ਭਾਵਾਂ ਵਿਚ ਵਰਤੇ ਹਨ,

ਕਈ ਸੂਰਮੇ ਮਾਰ ਕੇ ਮੋਏ ਉਥੇ,
ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਇ ਡੋਬੇ,
ਛੱਰਰੇ ਮਾਰ ਕੇ ਤੇ ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਰੱਬ ਨਾ ਫੇਰ ਲਿਆਵੇ,
ਜੰਗ ਵਿਚ ਜੋ ਨਾਲ ਫਰੰਗੀਆਂ ਦੇ।

ਇਥੇ ਨੌਕਰੀ ਸ਼ਬਦ ਨਿੱਜੀ ਟਹਿਲ ਸੇਵਾ ਦੇ ਅਰਥਾਂ ਵਿਚ ਨਹੀਂ ਬਲਕਿ ਫੌਜੀ ਕਿੱਤੇ ਦੇ ਅਰਥਾਂ ਵਿਚ ਹੀ ਉਭਰਦਾ ਹੈ। ਹੋਰ ਦੇਖੋ,

ਕੰਢੇ ਪਾਰ ਦੇ ਜਮ੍ਹਾਂ ਜੁ ਹੋਇ ਡੇਰੇ,
ਨੌਕਰ ਇਵੇਂ ਦੇ ਘਰੀਂ ਨਾ ਮਿਲਣ ਜਾਣੇ।
ਡੇਰੇ ਆਣ ਕੇ ਬਹੁ ਵਿਰਲਾਪ ਹੋਇਆ,
ਹੋਈਆਂ ਬੁਤਕੀਆਂ ਬੰਦ ਤੇ ਵਿਕਣ ਦਾਣੇ।
ਛਹੀਆਂ ਕੱਢ ਕੇ ਮੋਰਚੀਂ ਜਾਇ ਬੈਠੇ,
ਡੇਰੀਂ ਆਣ ਕੇ ਫੇਰ ਪ੍ਰਸਾਦ ਖਾਣੇ।
ਸ਼ਾਹ ਮੁਹੰਮਦਾ ਸਭੇ ਮਾਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।

ਗੱਲ ਕੀ ਨੌਕਰ ਸ਼ਬਦ ਦਾ ਫੌਜ ਨਾਲ ਮੂਲਕ ਸਬੰਧ ਸਾਫ ਦਿਸਦਾ ਹੈ।

ਕਿਸੇ ਦਾ ਬੇਟਾ ਸ਼ਹਿਰ ਵਿਚ ਕਿਸੇ ਵੀ ਪਧਰ ਦੀ ਮੁਲਾਜ਼ਮਤ ਕਰਦਾ ਹੋਵੇ, ਉਸ ਦੀ ਮਾਂ ਅੱਜ ਵੀ ਦੂਜੇ ਨੂੰ ਫਖਰ ਨਾਲ ਦੱਸਦੀ ਹੈ, 'ਮੇਰਾ ਬੇਟਾ ਚੰਡੀਗੜ੍ਹ ਨੌਕਰ ਹੈ।' ਨੌਕਰ ਸ਼ਬਦ ਵਿਚ ਭਾਵੇਂ ਅਧੀਨਗੀ ਜਾਂ ਮੁੰਡੂਪੁਣੇ ਦੇ ਭਾਵ ਝਲਕਦੇ ਹਨ ਪਰ ਇਸ ਤੋਂ ਬਣੇ ਭਾਵਵਾਚਕ ਨਾਂਵ 'ਨੌਕਰੀ' ਵਿਚ ਕੇਵਲ ਤਨਖਾਹ ਵਾਲੇ ਪੇਸ਼ੇ ਦੇ ਅਰਥ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। 'ਅੱਜ ਕਲ੍ਹ ਤਾਂ ਨੌਕਰੀਆਂ ਹੀ ਨਹੀਂ ਮਿਲਦੀਆਂ' ਵਿਚੋਂ ਇਸ ਸ਼ਬਦ ਦੀ ਸ਼ਾਨ ਦਾ ਪਤਾ ਲੱਗ ਜਾਂਦਾ ਹੈ। ਨੌਕਰੀ-ਪੇਸ਼ਾ ਸ਼ਬਦ ਜੁੱਟ ਵਿਚੋਂ ਤਾਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਫਿਰ ਨੌਕਰਸ਼ਾਹੀ ਵਿਚ ਆ ਕੇ ਇਹ ਬਿਲਕੁਲ ਹੀ ਅਧੀਨਗੀ ਤੋਂ ਉਲਟ ਰੂਪ ਧਾਰ ਕੇ ਮਨਮਾਨੀ ਅਫਸਰੀ ਦਾ ਰੁਤਬਾ ਪਾ ਲੈਂਦਾ ਹੈ। ਘਰ 'ਚ ਰੱਖੇ ਨੌਕਰ ਜਾਂ ਨੌਕਰਾਣੀ ਨੂੰ ਅਸੀਂ ਨੌਕਰੀ ਕਰਦੇ ਨਹੀਂ ਬਲਕਿ ਘਰ ਦੇ ਕੰਮ ਕਰਦੇ ਕਹਿੰਦੇ ਹਾਂ ਪਰ ਚੰਡੀਗੜ੍ਹ ਜਾਂ ਦਿੱਲੀ ਵਿਚ ਲੱਗਾ ਨੌਕਰ ਨੌਕਰੀ ਕਰਦਾ ਹੈ। ਕੁਝ ਹੀ ਸਾਲ ਪਹਿਲਾਂ ਤੱਕ ਪਿੰਡਾਂ ਥਾਂਵਾਂ ਵਿਚ ਅਨਪੜ੍ਹਤਾ ਅਤੇ ਗੁਰਬਤ ਪ੍ਰਧਾਨ ਹੋਣ ਕਾਰਨ ਕਿਸੇ ਸਾਧਾਰਨ ਮੁਲਾਜ਼ਮ ਨੂੰ ਵੀ ਬਹੁਤ ਉਚੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਮਿਸਾਲ ਵਜੋਂ ਪਿੰਡ ਦੇ ਲੋਕਾਂ ਲਈ ਪਟਵਾਰੀ ਹੀ ਬਹੁਤ ਵੱਡਾ ਸਰਕਾਰੀ ਅਫਸਰ ਅਤੇ ਜਮਾਂਦਾਰ ਜਾਂ ਸੂਬੇਦਾਰ ਹੀ ਬਹੁਤ ਵੱਡਾ ਫੌਜੀ ਅਫਸਰ ਹੁੰਦਾ ਸੀ।

ਬਹੁਤੇ ਕੋਸ਼ਾਂ ਵਿਚ ਨੌਕਰ ਨੂੰ ਫਾਰਸੀ ਦਾ ਸ਼ਬਦ ਦੱਸਿਆ ਗਿਆ ਹੈ। 'ਮਹਾਨ ਕੋਸ' ਨੌਕਰ ਨੂੰ 'ਚਾਕਰ, ਤਨਖਾਹ ਲੈਣ ਵਾਲਾ, ਸੇਵਕ' ਦੱਸਦਾ ਹੋਇਆ ਇਸ ਦਾ ਮੂਲ ਫਾਰਸੀ ਬਿਆਨਦਾ ਹੈ। ਪਰ 'ਹਾਬਸਨ ਜਾਬਸਨ' ਨਾਮ ਦੇ ਕੋਸ਼ ਨੇ ਇਸ ਸ਼ਬਦ ਦੀ ਉਂਗਲੀ ਠੀਕ ਸ੍ਰੋਤ 'ਤੇ ਰੱਖੀ ਹੈ। ਉਸ ਅਨੁਸਾਰ ਇਹ ਸ਼ਬਦ ਮੰਗੋਲ ਭਾਸ਼ਾ ਦਾ ਲਗਦਾ ਹੈ ਜਿਸ ਨੂੰ ਚੰਗੇਜ਼ ਖਾਂ ਦੀਆਂ ਫੌਜਾਂ ਨੇ ਫਾਰਸ



ਦੇਸ਼ ਵਿਚ ਲਿਆਂਦਾ। ਇਕ ਹੋਰ ਫਰਾਂਸੀਸੀ ਸ੍ਰੋਤ ਅਨੁਸਾਰ ਵੀ ਨੌਕਰ ਮੁਢਲੇ ਤੌਰ 'ਤੇ ਮੰਗੋਲ ਸ਼ਬਦ ਹੈ, ਜਿਸ ਦਾ ਇਸ ਭਾਸ਼ਾ ਵਿਚ ਰੂਪ 'ਨੁਕਰ' ਹੈ। ਉਸ ਅਨੁਸਾਰ ਮੰਗੋਲ ਭਾਸ਼ਾ ਵਿਚ ਇਸ ਸ਼ਬਦ ਦਾ ਅਰਥ ਸਾਥੀ, ਮਤਹਿਤ ਜਾਂ ਦੋਸਤ ਹੈ। ਇਕ ਹੋਰ ਹਵਾਲੇ ਅਨੁਸਾਰ ਚੰਗੇਜ਼ ਖਾਂ ਦੇ ਚੌਥੇ ਪੁਤਰ ਨੇ ਨੌਕਰ ਦੀ ਪਦਵੀ ਧਾਰਨ ਕੀਤੀ ਸੀ। ਹਵਾਲੇ ਅਨੁਸਾਰ ਉਸ ਨੂੰ ਇਹ ਪਦਵੀ ਇਸ ਲਈ ਮਿਲੀ ਕਿਉਂਕਿ ਉਹ ਫੌਜ ਅਤੇ ਪ੍ਰਸ਼ਾਸਨ ਦਾ ਕਰਤਾ-ਧਰਤਾ ਸੀ। ਇਥੇ ਆ ਕੇ ਸਾਨੂੰ ਨੌਕਰ ਸ਼ਬਦ ਦੀ ਸਾਰੀ ਆਭਾ ਸਮਝ ਵਿਚ ਆ ਜਾਂਦੀ ਹੈ। ਪਰ ਫਿਰ ਵੀ ਮੰਗੋਲ ਭਾਸ਼ੀ ਅਸਲ ਵਿਚ ਇਸ ਸ਼ਬਦ ਤੋਂ ਕੀ ਸਮਝਦੇ ਸਨ, ਇਹ ਦੇਖਣ, ਸਮਝਣ ਵਾਲੀ ਗੱਲ ਹੈ। ਇਹ ਕੰਮ ਪ੍ਰਸਿਧ ਆਧੁਨਿਕ ਭਾਰਤੀ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਭਲੀਭਾਂਤ ਕੀਤਾ ਹੈ। ਅਸੀਂ ਉਪਰ ਦੇਖ ਆਏ ਹਾਂ ਕਿ ਮੰਗੋਲ ਭਾਸ਼ਾ ਵਿਚ 'ਨੁਕਰ' ਸ਼ਬਦ ਦਾ ਅਰਥ ਸਾਥੀ, ਭਾਈਬੰਧ, ਦੋਸਤ ਹੈ। ਇਸ ਦਾ ਬਹੁਵਚਨ ਨੋਕੋਦ ਮਿਲਦਾ ਹੈ। ਪ੍ਰਾਚੀਨ ਮੰਗੋਲ ਢਾਂਚੇ ਵਿਚ 'ਨੁਕਰ' ਸ਼ਬਦ ਦੇ ਅਰਥਾਂ ਦਾ ਵਿਸਥਾਰ ਹੋਣ ਉਪਰੰਤ ਇਸ ਵਿਚ ਯੋਧੇ ਜਾਂ ਜੁਝਾਰੂ ਤੇ ਫਿਰ ਅੰਗਰਖਿਅਕ ਤੇ ਨਿੱਜੀ ਸਹਾਇਕ ਦੇ ਭਾਵ ਸਮਾ ਗਏ। ਸਮਾਜ ਵਿਚ ਬਹੁਤ ਵਰਤਾਰੇ ਅਜਿਹੇ ਹੁੰਦੇ ਹਨ ਜੋ ਸਮਾ ਪੈਣ 'ਤੇ ਸੰਸਥਾ ਦਾ ਰੂਪ ਲੈ ਲੈਂਦੇ ਹਨ। ਨੁਕਰ ਨਾਲ ਅਜਿਹਾ ਹੀ ਕੁਝ ਹੋਇਆ। ਭਾਵੇਂ ਨੁਕਰ ਆਜ਼ਾਦ ਲੜਾਕੇ ਸਨ ਪਰ ਇਹ ਖਾਕਾਨ ਕਹਾਉਂਦੇ ਮੰਗੋਲ ਕਬੀਲੇ ਦੀ ਸੇਵਾ ਵਿਚ ਰਹਿੰਦੇ ਸਨ। ਅਸੀਂ 'ਕਿਜ਼ਲਬਾਸ਼' ਵਾਲੇ ਲੇਖ ਵਿਚ ਅਜਿਹਾ ਵਰਤਾਰਾ ਸਮਝ ਚੁੱਕੇ ਹਾਂ। ਕਬੀਲਾਦਾਰੀ ਜਾਂ ਰਾਜਾਸ਼ਾਹੀ ਪ੍ਰਬੰਧ ਵਿਚ ਹਾਕਮਾਂ ਪ੍ਰਤੀ ਨਿੱਜੀ ਵਫਾਦਾਰੀ ਜ਼ਰੂਰੀ ਸਮਝੀ ਜਾਂਦੀ ਸੀ। ਅਜਿਹੀ ਸਥਿਤੀ ਵਿਚ ਆਮ ਤੌਰ 'ਤੇ ਕਬੀਲੇ ਦੇ ਸਰਦਾਰਾਂ ਦੇ ਨੇੜਲੇ ਰਿਸ਼ਤੇਦਾਰ ਉਨ੍ਹਾਂ ਦੇ ਸਭ ਤੋਂ ਭਰੋਸੇਮੰਦ ਤੇ ਵਫਾਦਾਰ ਸਾਥੀ ਹੁੰਦੇ ਹਨ। ਭਾਰਤ ਦੇ ਰਾਜਸੀ ਢਾਂਚੇ ਵਿਚ ਇਹ ਗੱਲ ਅੱਜ ਵੀ ਦੇਖੀ ਜਾ ਸਕਦੀ ਹੈ। ਮੰਗੋਲੀਆ ਦੀ ਵਿਸ਼ੇਸ਼ ਸਥਿਤੀ ਵਿਚ ਮਾਂ ਅਤੇ ਪਤਨੀ ਵੱਲ ਦੇ ਰਿਸ਼ਤੇਦਾਰ ਅਜਿਹੇ ਸਰਦਾਰਾਂ ਦੇ ਖਾਸ ਬੰਦੇ ਹੁੰਦੇ ਸਨ। ਫਿਰ ਵੀ ਆਮ ਜਨਤਾ ਵਿਚੋਂ ਵੀ ਕੁਝ ਭਰੋਸੇਮੰਦ ਲੋਕ ਪ੍ਰਗਟ ਹੋ ਜਾਂਦੇ ਸਨ। ਇਸ ਤਰ੍ਹਾਂ ਸਰਦਾਰ ਦਾ ਇਕ ਨਿੱਜੀ ਦਾਇਰਾ ਬਣ ਜਾਂਦਾ ਸੀ। ਇਹੀ ਲੋਕ ਨੁਕਰ ਜਾਂ ਨੋਕੋਰ ਕਹਾਉਂਦੇ ਸਨ। ਇਹ ਲੋਕ ਹੀ ਯੁੱਧ ਸਮੇਂ ਹਰਾਵਲ ਦਸਤਾ ਬਣਦੇ ਸਨ। ਚੰਗੇਜ ਖਾਂ ਦੇ ਸਮੇਂ ਇਸ ਨੌਕਰ ਪ੍ਰਣਾਲੀ ਨੇ ਸੰਸਥਾਗਤ ਰੂਪ ਧਾਰਨ ਕਰ ਲਿਆ ਤੇ ਉਹ ਉਚ ਪਦਵੀਆਂ 'ਤੇ ਅੱਪੜ ਗਏ। ਇਹ ਲੋਕ ਗਵਰਨਰ ਤੱਕ ਦਾ ਅਹੁਦਾ ਹਥਿਆ ਲੈਂਦੇ ਸਨ। ਇਸ ਸ਼ਬਦ ਦੇ ਰੂਪ ਲਗਭਗ ਇਨ੍ਹਾਂ ਹੀ ਅਰਥਾਂ ਵਿਚ ਬਹੁਤ ਸਾਰੀਆਂ ਅਲਤਾਇਕ ਭਾਸ਼ਾਵਾਂ ਵਿਚ ਮਿਲਦੇ ਹਨ। ਮਿਸਾਲ ਵਜੋਂ ਤੁਰਕ ਭਾਸ਼ਾ ਵਿਚ ਇਹ ਨੁਕੁਰ ਦੇ ਰੂਪ ਵਿਚ ਪ੍ਰਗਟ ਹੋਇਆ। ਉਜ਼ਬੇਕੀ ਭਾਸ਼ਾ ਵਿਚ ਇਸ ਦੇ ਅਰਥ ਖਾਕਾਨ ਦਾ ਨਿੱਜੀ ਸਹਾਇਕ ਅਤੇ ਲਾੜੇ ਦਾ ਸਰਬਾਲਾ ਹੈ। ਮੈਂ ਕਈ ਵਾਰੀ ਸੋਚਦਾ ਹਾਂ ਕਿ ਸਾਡਾ ਸ਼ਬਦ ਨੀਂਗਰ ਕਿਤੇ ਇਸੇ ਦਾ ਵਿਗੜਿਆ-ਤਿਗੜਿਆ ਰੂਪ ਤਾਂ ਨਹੀਂ! ਬਾਬਰ ਤੇ ਹੋਰ ਮੁਗਲ ਬਾਦਸ਼ਾਹ ਤੁਰਕੀ ਭਾਸ਼ਾ ਬੋਲਦੇ ਸਨ। ਇਸ ਕਾਰਨ ਵੀ ਬਹੁਤ ਸਾਰੇ ਤੁਰਕੀ ਸ਼ਬਦ ਸਾਡੀਆਂ ਭਾਸ਼ਾਵਾਂ ਵਿਚ ਰਚ ਮਿਚ ਗਏ। ਯਾਦ ਰਹੇ, ਮੁਗਲ ਧਾੜਵੀ ਮੁਢਲੇ ਤੌਰ 'ਤੇ ਮੰਗੋਲੀਆ ਤੋਂ ਆਏ ਸਨ ਤੇ ਇਸੇ ਲਈ ਮੰਗੋਲ ਤੋਂ ਵਿਗੜੇ ਸ਼ਬਦ ਮੁਗਲ ਨਾਲ ਜਾਣੇ ਜਾਂਦੇ ਹਨ।

ਪਰ ਨੌਕਰ ਸ਼ਬਦ ਦੀ ਗਿਰਾਵਟ ਵੀ ਨਾਲ ਦੀ ਨਾਲ ਹੀ ਹੁੰਦੀ ਗਈ। ਸ਼ਾਇਦ ਆਮ ਲੋਕ ਵਿਅੰਗ ਭਾਵ ਨਾਲ ਅਜਿਹੇ ਲੋਕਾਂ ਨੂੰ ਘਟੀਆ ਸਮਝਣ ਲੱਗੇ ਤੇ ਇਸ ਨੂੰ ਇਕ ਤਰ੍ਹਾਂ ਨਾਲ ਗੁਲਾਮ ਜਾਂ ਹੇਠਲੀ ਪੱਧਰ ਦੀ ਲਾਮਡੋਰੀ ਜਿਹੇ ਅਰਥਾਂ ਵਿਚ ਹੀ ਲੈਣ ਲੱਗ ਪਏ। ਨੌਕਰ-ਚਾਕਰ ਜਿਹੇ ਸ਼ਬਦ ਜੁੱਟ ਵਿਚ ਆ ਕੇ ਤਾਂ ਇਹ ਨੌਕਰਸ਼ਾਹੀ ਦੀ ਟੀਸੀ ਤੋਂ ਪੁਜਿਆ ਲਫਜ਼ ਇਕ ਦਮ ਭੁੰਜੇ ਪਟਕ ਗਿਆ ਤੇ ਬਣ ਗਿਆ ਨੀਚਾਂ ਅੰਦਰ ਨੀਚ। ਚਾਕਰ ਨੌਕਰ ਦਾ ਇਕ ਅਹਿਮ ਸੰਗੀ ਸਾਥੀ ਸ਼ਬਦ ਹੈ। ਇਸ ਸ਼ਬਦ ਦੀ ਖੱਲ ਵੀ ਕਦੀ ਫਿਰ ਉਧੇੜਾਂਗੇ। ਫਿਰ ਵੀ ਨੌਕਰ ਸ਼ਬਦ ਕਿਹੜੇ ਧਾਤੂ ਨਾਲ ਬਣਿਆ, ਮੰਗੋਲ ਭਾਸ਼ਾ ਵਿਚ ਇਸ ਧਾਤੂ ਦੇ ਕੀ ਅਰਥ ਸਨ, ਇਸ ਗੱਲ ਦੀ ਮੈਂ ਥਾਹ ਨਹੀਂ ਪਾ ਸਕਿਆ। ਕਿਸੇ ਦਿਨ ਤੁਰਕ, ਮੰਗੋਲ ਤੇ ਹੋਰ ਅਲਤਾਇਕ ਭਾਸ਼ਾਵਾਂ ਦੀ ਵਧੇਰੇ ਜਾਣਕਾਰੀ ਲੈਣ ਪਿਛੋਂ ਅਜਿਹਾ ਵੀ ਕਰ ਸਕਾਂਗਾ।

# ਦੇਸ਼ ਦੀ ਰਾਜਧਾਨੀ ਵਿਚ ਪੰਜਾਬੀ ਤੇ ਉਰਦੂ ਦਾ ਮਸਲਾ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


ਦੇਸ਼ ਵਿਚ ਦਿੱਲੀ ਲਖਨਊ ਜਿੰਨਾ ਹੀ ਉਰਦੂ ਭਾਸ਼ੀ ਸ਼ਹਿਰ ਰਿਹਾ ਹੈ। ਦੇਸ਼ ਵੰਡ ਤੋਂ ਪਿੱਛੋਂ ਪੰਜਾਬੀ ਸ਼ਰਨਾਰਥੀਆਂ ਦੀ ਆਮਦ ਨੇ ਉਰਦੂ ਭਾਸ਼ੀ ਵਸੋਂ ਉਤੇ ਅਸਰ ਤਾਂ ਪਾਇਆ ਪਰ ਇਨ੍ਹਾਂ ਵਿਚ ਵੀ ਬਹੁ ਗਿਣਤੀ ਉਨ੍ਹਾਂ ਦੀ ਸੀ ਜੋ ਉਰਦੂ ਨੂੰ ਬਰਾਬਰ ਦਾ ਪਿਆਰ ਕਰਦੇ ਸਨ। ਉਰਦੂ ਭਾਸ਼ਾ ਦੀ ਅਮੀਰੀ ਵਿਚ ਸਰ ਮੁਹੰਮਦ ਇਕਬਾਲ, ਮੌਲਾਨਾ ਹਾਲੀ, ਜੋਸ਼ ਮਲਸਿਆਨੀ, ਫੈਜ਼ ਅਹਿਮਦ ਫੈਜ਼, ਰਾਜਿੰਦਰ ਸਿੰਘ ਬੇਦੀ, ਖਵਾਜਾ ਅਹਿਮਦ ਅੱਬਾਸ, ਕ੍ਰਿਸ਼ਨ ਚੰਦਰ, ਸਆਦਤ ਹਸਨ ਮੰਟੋ, ਪਿਤਰ ਬੁਖਾਰੀ ਆਦਿ ਲੇਖਕਾਂ ਦਾ ਵੱਡਾ ਹੱਥ ਸੀ ਜੋ ਪੰਜਾਬੀ ਮੂਲ ਦੇ ਸਨ। ਉਰਦੂ ਤੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਪੰਜਾਬੀਆਂ ਦੇ ਸਾਂਝੇ ਯਤਨਾਂ ਨੇ ਰਾਸ਼ਟਰੀ ਭਾਸ਼ਾ ਦੇ ਸੁਹਾਗੇ ਨੂੰ ਪੂਰੀ ਸਫਲਤਾ ਨਹੀਂ ਲੈਣ ਦਿੱਤੀ। ਕੁਝ ਸੁਤੰਤਰ ਭਾਰਤ ਦੀ ਦਿੱਲੀ ਉਤੇ ਮਹਿੰਦਰ ਸਿੰਘ ਰੰਧਾਵਾ ਦਾ ਪ੍ਰਥਮ ਡਿਪਟੀ ਕਮਿਸ਼ਨਰ ਬਣਨਾ ਵੀ ਕੰਮ ਆਇਆ। ਉਸ ਨੇ ਇਥੇ ਪ੍ਰੀਤਲੜੀ ਵਾਲੇ ਗੁਰਬਖਸ਼ ਸਿੰਘ ਤੇ ਪੁਸਤਕ ਮਾਲਾ ਵਾਲੇ ਨਾਨਕ ਸਿੰਘ ਨੂੰ ਹੀ ਢੋਈ ਨਾ ਦਿੱਤੀ, ਦੇਵਿੰਦਰ ਸਤਿਆਰਥੀ ਨੂੰ 'ਆਜ ਕਲ' ਦਾ ਐਡੀਟਰ ਲਵਾਉਣ 'ਚ ਵੀ ਵੱਡੀ ਭੂਮਿਕਾ ਨਿਭਾਈ। ਭਾਰਤੀ ਖੇਤੀਬਾੜੀ ਖੋਜ ਕੌਂਸਲ ਦੇ ਪ੍ਰਕਾਸ਼ਨ ਵਿਭਾਗ 'ਚ ਪੰਜਾਬੀ ਤੇ ਉਰਦੂ ਨੂੰ ਬੰਗਾਲੀ, ਮਰਾਠੀ, ਤਾਮਿਲ ਤੇ ਤੈਲਗੂ ਦੇ ਬਰਾਬਰ ਪਥ-ਪ੍ਰਦਰਸ਼ਨ ਵਜੋਂ ਚੁਣੀਆਂ ਗਈਆਂ ਛੇ ਜ਼ੁਬਾਨਾਂ ਵਿਚ ਸ਼ਾਮਲ ਕਰਨ ਵਾਲਾ ਵੀ ਉਹ ਸੀ। ਪੰਜਾਬੀਆਂ ਦੇ ਚੰਗੇ ਭਾਗਾਂ ਨੂੰ ਉਦੋਂ ਗੁਰਮੁਖ ਸਿੰਘ ਮੁਸਾਫਰ ਦੀ ਵੀ ਵੇਲੇ ਦੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨਾਲ ਸੁਰ ਰਲਦੀ ਸੀ ਜੋ ਪੰਜਾਬੀ ਪਿਆਰਾ ਸੀ।

ਮੈਂ ਦਿੱਲੀ ਵਿਚ ਇਨ੍ਹਾਂ ਭਾਸ਼ਾਵਾਂ ਦੇ ਉਤਰਾ-ਚੜ੍ਹਾ ਦਾ ਚਸ਼ਮਦੀਦ ਗਵਾਹ ਹਾਂ। ਮੈਂ ਖੁਸ਼ਵੰਤ ਸਿੰਘ, ਪ੍ਰੇਮ ਭਾਟੀਆ, ਸ਼ਾਮ ਲਾਲ ਅਦੀਬ ਆਦਿ ਅਨੇਕਾਂ ਪੰਜਾਬੀਆਂ ਨੂੰ ਅੰਗਰੇਜ਼ੀ ਪੱਤਰਕਾਰੀ ਵਿਚ ਨਾਮਣਾ ਖੱਟਦੇ ਵੀ ਤੱਕਿਆ ਹੈ। ਇਹ ਵੀ ਪੰਜਾਬੀ ਸੁਭਾਅ ਦਾ ਹੀ ਕ੍ਰਿਸ਼ਮਾ ਸੀ ਕਿ ਭਾਰਤੀ ਸਾਹਿਤ ਅਕਾਡਮੀ ਦਿੱਲੀ ਤੇ ਨੈਸ਼ਨਲ ਬੁੱਕ ਟਰਸਟ ਆਫ ਇੰਡੀਆ ਦੇ ਪ੍ਰੈਜ਼ੀਡੈਂਟ ਵੀ ਦੋ ਪੰਜਾਬੀ ਮੂਲ ਦੇ ਵਿਦਵਾਨ ਡਾ. ਗੋਪੀ ਚੰਦ ਨਾਰੰਗ ਤੇ ਡਾ. ਬਿਪਨ



*ਮਹਿੰਦਰ ਸਿੰਘ ਰੰਧਾਵਾ*

ਚੰਦਰ ਬਣੇ। ਹੁਣ ਵੀ ਦਿੱਲੀ ਯੂਨੀਵਰਸਟੀ ਦੇ ਪੰਜਾਬੀ ਤੇ ਉਰਦੂ ਨੂੰ ਖੁੱਡੇ ਲਾਉਣ ਵਾਲਿਆਂ ਨੂੰ ਸਿਰਕੱਢ ਪੰਜਾਬੀਆਂ ਨੇ ਹੀ ਨੱਥ ਪਾਉਣੀ ਹੈ। ਮੈਂ ਇਨ੍ਹਾਂ ਵਿਚ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ, ਕੇਂਦਰ ਸਰਕਾਰ ਦੇ ਕੈਬੀਨਟ ਮੰਤਰੀ ਕਪਿਲ ਸਿੱਬਲ ਤੇ ਮਨੀਸ਼ ਤਿਵਾੜੀ ਹੀ ਨਹੀਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਸ਼ਾਮਲ ਸਮਝਦਾ ਹਾਂ। ਹੁਣ ਤਾਂ ਦਿੱਲੀ ਦੇ ਰਾਜਪਾਲ ਦੀ ਕੁਰਸੀ ਉਤੇ ਵੀ ਉਘਾ ਉਰਦੂ ਪ੍ਰੇਮੀ ਨਜੀਬ ਜੰਗ ਆ ਬੈਠਾ ਹੈ। ਕੋਈ ਅਣਹੋਣੀ ਨਹੀਂ ਹੋਣ ਲੱਗੀ।

ਮਨੁੱਖੀ ਵਸੀਲੇ ਮੰਤਰਾਲੇ ਵਲੋਂ ਦਿੱਲੀ ਯੂਨੀਵਰਸਟੀ ਨੂੰ ਪਾਇਲਟ ਵਿਸ਼ਵਵਿਦਿਆਲੇ ਵਜੋਂ ਚੁਣਨਾ ਮੰਦ ਭਾਗਾ ਹੈ, ਉਸ ਸੰਸਥਾ ਨੂੰ ਜਿਹੜੀ ਉਸ ਖੇਤਰ ਦੀ ਹੈ ਜਿਥੋਂ ਦੇ ਵਸਨੀਕ ਸਰਕਾਰ ਦੀਆਂ ਪੰਜਾਬੀ ਤੇ ਉਰਦੂ ਮਾਰੂ ਨੀਤੀਆਂ ਤੋਂ ਪਹਿਲਾਂ ਹੀ ਸਤੇ ਹੋਏ ਹਨ। ਮੈਂ ਮੰਨਦਾ ਹਾਂ ਕਿ ਕੇਂਦਰੀ ਮੰਤਰਾਲੇ ਨੇ ਨਵਾਂ ਫੈਸਲਾ ਕਿੱਤਾ ਮੁਖੀ ਵਿਦਿਆ ਨੂੰ ਪਹਿਲ ਦੇਣ ਅਤੇ ਵਿਚ-ਵਿਚਾਲੇ ਪੜ੍ਹਾਈ ਛੱਡਣ ਵਾਲੇ ਵਿਦਿਆਰਥੀਆਂ ਦੀ ਡਾਵਾਂਡੋਲਤਾ ਖਤਮ ਕਰਨ ਲਈ ਲਿਆ ਹੈ ਪਰ ਇਸ ਦੀ ਅਜ਼ਮਾਇਸ਼ ਲਈ ਕੋਈ ਛੋਟੀ ਤੇ ਦੂਰ ਦੀ ਸੰਸਥਾ ਚੁਣਨੀ ਚਾਹੀਦੀ ਸੀ ਜਿਸ ਵਿਚ ਅਚਾਨਕ ਹੀ ਬੇਕਾਰ ਹੋਣ ਵਾਲੇ ਅਧਿਆਪਕਾਂ ਦੀ ਨਫਰੀ ਇੰਨੀ ਜ਼ਿਆਦਾ ਨਾ ਹੁੰਦੀ। ਕੋਈ ਵੀ ਕਦਮ ਸਹਿਜ ਨਾਲ ਪੁੱਟਿਆਂ ਹੀ ਸਫਲਤਾ ਮਿਲਦੀ ਤੇ ਉਹ ਵੀ ਕਿਸੇ ਨਾਜ਼ਕ ਖੇਤਰ ਤੋਂ ਦੂਰ। ਅੱਜ ਨਹੀਂ ਤਾਂ ਕੱਲ ਇਹੋ ਹੋਵੇਗਾ, ਮੈਨੂੰ ਵਿਸ਼ਵਾਸ਼ ਹੈ।

**ਉਚਾ ਲਧਾਣਾ ਬਨਾਮ ਮੱਠ ਵਾਲੀ ਪੱਦੀ**

ਅਜੀਤ ਸੰਸਥਾ ਨੇ ਬੰਗਾ ਨੇੜੇ ਡਾ. ਸਾਧੂ ਸਿੰਘ ਹਮਦਰਦ ਦੇ ਜੱਦੀ ਪਿੰਡ ਪੱਦੀ ਮੱਠ ਅਤੇ ਉਚਾ ਲਧਾਣਾ ਵਿਖੇ ਅਜੀਤ ਸਮਾਚਾਰ ਪੱਤਰ ਸਮੂਹ ਨੇ ਆਪਣੇ ਬਾਨੀ ਦੀ ਯਾਦ ਵਿਚ ਅਜੀਤ ਹਰਿਆਵਲ ਲਹਿਰ ਲਿਜਾ ਕੇ ਮੈਨੂੰ ਆਪਣਾ ਬਚਪਨ ਚੇਤੇ ਕਰਵਾ ਦਿੱਤਾ ਹੈ। ਮੈਂ ਅਨੇਕ ਵਾਰ ਆਪਣੀ ਮਾਂ ਦੀ ਕੁਛੜ ਜਾਂ ਬਾਪ ਦੇ ਬੋਤੇ ਉਤੇ ਬਹਿ ਕੇ ਆਪਣੇ ਜੱਦੀ ਪਿੰਡ ਸੂਨੀ ਤੇ ਰੇਲਵੇ ਸਟੇਸ਼ਨ ਬੰਗਾ ਦੇ ਅੱਧ ਵਿਚ ਪੈਂਦੀ ਮੱਠ ਵਾਲੀ ਪੱਦੀ ਵਿਚੋਂ ਲੰਘਿਆ ਹਾਂ। ਇਥੋਂ ਦੇ ਮੰਨੇ-ਪ੍ਰਮੰਨੇ ਮੱਠ ਦੇ ਰੁੱਖਾਂ ਦੀ ਛਾਂ ਅਤੇ ਖੂਹੀ ਦੇ ਮਿੱਠੇ ਪਾਣੀ ਨਾਲ ਪੱਲੇ ਬੱਧੇ ਪਰੌਂਠੇ ਖਾਣਾ ਵੀ ਨਿਯਮ ਸੀ। ਇਹ ਗੱਲ ਵੱਖਰੀ ਹੈ ਕਿ ਹੁਣ ਕਾਰ ਵਾਲਾ ਹੋਣ ਤੋਂ ਪਿੱਛੋਂ ਪਠਲਾਵਾ ਤੋਂ ਪੱਦੀ ਤੇ ਕਜਲਾ ਰਾਹੀਂ ਜਾਣ ਦੀ ਥਾਂ ਪਠਲਾਵਾ ਤੋਂ ਝਿੰਕਾ ਲੁਧਾਣਾ ਰਾਹੀਂ ਬੰਗਾ ਜਾਣ ਦੀ ਆਦਤ ਪੈ ਗਈ ਹੈ। ਮੈਨੂੰ ਜਾਪਦਾ ਹੈ ਪੱਦੀ ਮੱਠ ਦੇ ਵੱਡੇ ਮਾਰਗ ਉਤੇ ਰੁੱਖ ਲਗਣ ਨਾਲ ਉਹ ਮਾਰਗ ਵੀ ਹੋਰ ਖੁੱਲ੍ਹਾ ਹੋ ਜਾਵੇਗਾ ਤੇ ਮੈਂ ਝਿੰਕੇ ਲਧਾਣੇ ਦਾ ਲੰਮਾ ਪੈਂਡਾ ਛੱਡ ਕੇ ਮੁੜ ਆਪਣੇ ਜਾਣੇ-ਪਛਾਣੇ ਰਾਹ ਜਾਣ ਲੱਗਾਂਗਾ। ਖਾਸ ਕਰਕੇ ਇਸ ਲਈ ਕਿ ਇਸ ਦੇ ਆਲੇ-ਦੁਆਲੇ ਅਜੀਤ ਸਮੂਹ ਵਲੋਂ ਲਵਾਏ ਰੁੱਖਾਂ ਦੀ ਛਾਂ ਹੋਵੇਗੀ। ਮੈਂ ਚਾਹਾਂਗਾ ਕਿ ਦੋਹਾਂ ਪਿੰਡਾਂ ਦੇ ਵਾਸੀ, ਪੰਚ ਤੇ ਸਰਪੰਚ ਨਵੇਂ ਪੌਦਿਆਂ ਦੀ ਉਸੇ ਤਰ੍ਹਾਂ ਸੰਭਾਲ ਕਰਨ ਜਿਵੇਂ ਖਡੂਰ ਸਾਹਿਬ ਖੇਤਰ ਦੇ ਵਾਸੀ ਉਥੋਂ ਦੇ ਗੁਰਧਾਮ ਵਲੋਂ ਲਗਵਾਏ ਪੌਦਿਆਂ ਦੀ ਕਰਦੇ ਹਨ। ਵੇਖ ਕੇ ਮਜ਼ਾ ਆ ਜਾਂਦਾ ਹੈ। ਮੈਨੂੰ ਇਨ੍ਹਾਂ ਰੁੱਖਾਂ ਦੀ ਛਾਂ ਮਾਣਦਿਆਂ ਆਪਣੇ ਸਤਿਕਾਰਯੋਗ ਤੇ ਸੀਨੀਅਰ ਮਿੱਤਰ ਡਾ. ਸਾਧੂ ਸਿੰਘ ਹਮਦਰਦ ਨੂੰ ਚੇਤੇ ਕਰਨਾ ਚੰਗਾ ਲੱਗੇਗਾ ਜੋ ਅਮਰ ਸਿੰਘ ਦੁਸਾਂਝ ਦੇ ਬੇਟੇ ਨੂੰ ਐਮਾਂ ਜੱਟਾਂ ਵਿਆਹੁਣ ਆਇਆ ਮੇਰੇ ਘਰ ਸੂਨੀ ਪਧਾਰਿਆ ਸੀ ਤੇ ਮੇਰੇ ਵਿਆਹ ਸਮੇਂ ਮੇਰੀ ਬਰਾਤ ਵਿਚ ਵੀ ਬਹੁੜਿਆ ਸੀ।

**ਤਰਲੋਚਨ ਸਿੰਘ ਦਾ ਸੁੱਚਾ ਅੱਧ**

ਜਿਸ ਦਿਨ ਦੀ ਆਪਣੇ ਮਿੱਤਰ ਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਦੀ ਜੀਵਨ ਸਾਥਣ ਦੇ ਤੁਰ ਜਾਣ ਦੀ ਖਬਰ ਮਿਲੀ ਹੈ, ਮੇਰੇ ਮਨ ਵਿਚ ਪਤਨੀ ਲਈ ਵਰਤਿਆ ਜਾਂਦਾ ਅੰਗਰੇਜ਼ੀ ਦਾ ਸ਼ਬਦ 'ਬੈਟਰ ਹਾਫ' ਭਾਵ ਵਧੀਆ ਅੱਧ ਮੁੜ ਮੁੜ ਚੱਕਰ ਲਾ ਰਿਹਾ ਹੈ। ਮੈਂ ਉਮਰ ਵਿਚ ਤਰਲੋਚਨ ਸਿੰਘ ਨਾਲੋਂ ਛੋਟਾ ਹਾਂ ਪਰ ਬੈਠਦਿਆਂ-ਉਠਦਿਆਂ ਜਾਂ ਸਫ਼ਰ ਕਰਦਿਆਂ ਮੈਨੂੰ ਤੁਰ ਗਈ ਆਤਮਾ ਵਲੋਂ ਜੇਠਾਂ ਵਾਲਾ ਸਤਿਕਾਰ ਮਿਲਦਾ ਰਿਹਾ ਹੈ। ਮੈਂ ਤਰਲੋਚਨ ਸਿੰਘ ਨੂੰ ਕੁਲਵੰਤ ਸਿੰਘ ਵਿਰਕ ਦੇ ਵਾਰਸ ਵਜੋਂ ਜਾਣਦਾ ਆਇਆ ਹਾਂ। ਉਦੋਂ ਤੋਂ ਜਦੋਂ ਉਸ ਨੇ ਵਿਰਕ ਤੋਂ ਜ਼ਿਲਾ ਫਿਰੋਜ਼ਪੁਰ ਦੇ ਸੰਚਾਰ ਅਧਿਕਾਰੀ ਦੀ ਜਿੰਮੇਵਾਰੀ ਸੰਭਾਲੀ ਸੀ। ਉਸ ਦਿਨ ਤੋਂ ਅੱਜ ਤੱਕ ਉਹ ਸ. ਪ੍ਰਤਾਪ ਸਿਘ ਕੈਰੋਂ ਤੋਂ ਲੈ ਕੇ ਗਿਆਨੀ ਜ਼ੈਲ ਸਿੰਘ ਤੱਕ ਸਾਰੇ ਮੁੱਖ ਮੰਤਰੀਆਂ ਅਤੇ ਕੇਂਦਰ ਦੇ ਸਿਰਕੱਢ ਮੰਤਰੀਆਂ ਤੇ ਰਾਸ਼ਟਰਪਤੀਆਂ ਤੱਕ ਨਾਲ ਵਿਚਰਦਾ ਆਇਆ ਹੈ। ਉਸ ਨੇ ਜੀਵਨ ਦਾ ਵੱਡਾ ਹਿੱਸਾ ਸਿਆਸੀ ਝੂਠ ਸੱਚ ਨਾਲ ਖਹਿੰਦਿਆਂ ਲੰਘਾਇਆ ਹੈ, ਵੱਡੇ ਲੋਕਾਂ ਦੇ ਅੰਗ-ਸੰਗ ਰਹਿ ਕੇ। ਮੈਂ ਚਾਹਾਂਗਾ ਕਿ ਉਹ ਇਸ ਵੱਡੇ ਸਦਮੇ ਤੋਂ ਵਿਹਲਾ ਹੋ ਕੇ ਸਾਨੂੰ ਰਾਜ ਤੇ ਦੇਸ਼ ਦੇ ਇਨ੍ਹਾਂ ਮਹਾਰਥੀਆਂ ਨਾਲ ਵੀ ਮਿਲਾਵੇ। ਉਸ ਕੋਲ ਕਲਮ ਦਾ ਸਾਥ ਵੀ ਸੁੱਚਿਆਂ ਵਰਗਾ ਹੀ ਹੈ।

**ਅੰਤਿਕਾ:** (ਮੋਹਨ ਸਿੰਘ ਦੀਵਾਨਾ)

ਖੂੰਜੇ ਅੰਦਰ ਲੁਕਿਆ ਸ਼ਾਇਰ
ਮਜਲਸ ਲਾਈ ਬੈਠਾ ਹੈ।
ਮਜਲਸ ਅੰਦਰ ਸ਼ਾਇਰ ਕੋਈ
ਚੀਜ਼ ਗੰਵਾਈ ਬੈਠਾ ਹੈ।
ਦੁਨੀਆਂ ਅੰਦਰ ਲਾਲ ਅਨੋਖੇ
ਪਾਈ ਗੰਵਾਈ ਬੈਠਾ ਹੈ।
ਅਕਲਾਂ ਮਾਰੇ ਬੰਦਿਆਂ ਵਿਚ
ਆਜ਼ਾਦ ਸ਼ੁਦਾਈ ਬੈਠਾ ਹੈ।

# ਫਿਰ ਹੋ ਗਈ ਮਿਲਖ਼ਾ ਮਿਲਖ਼ਾ




ਫਿਲਮ 'ਭਾਗ ਮਿਲਖਾ ਭਾਗ' ਵਿਚ ਫਰਹਾਨ ਅਖਤਰ

## ਅੱਧੀ ਸਦੀ ਪਹਿਲਾਂ ਇੰਜ ਹੋਈ ਸੀ ਮਿਲਖ਼ਾ ਮਿਲਖ਼ਾ...

*ਮਿਲਖ਼ਾ ਸਿੰਘ ਦਾ ਜਨਮ (1935) ਅਣਵੰਡੇ ਪੰਜਾਬ ਦੇ ਜ਼ਿਲ੍ਹਾ ਮੁਜ਼ੱਫਰਗੜ੍ਹ ਦੇ ਪਿੰਡ ਗੋਬਿੰਦਪੁਰਾ ਵਿਚ ਹੋਇਆ। ਦੇਸ਼ ਦੀ ਵੰਡ ਵੇਲੇ ਉਸ ਦੇ ਮਾਤਾ-ਪਿਤਾ, ਭਰਾ ਅਤੇ ਦੋ ਭੈਣਾਂ ਫੌਤ ਹੋ ਗਈਆਂ। ਦਰਦ ਨਾਲ ਬਿੰਨ੍ਹਿਆ ਬਾਲ ਮਿਲਖਾ ਦਿੱਲੀ ਪੁੱਜਾ। ਬਾਅਦ ਵਿਚ ਉਸ ਦੀ ਇਕ ਭੈਣ ਉਸ ਨੂੰ ਕੈਂਪ ਵਿਚ ਮਿਲ ਪਈ। ਇਕ ਵਾਰ ਗੱਡੀ ਵਿਚ ਬਿਨਾਂ ਟਿਕਟ ਸਫਰ ਕਰਨ 'ਤੇ ਉਸ ਨੂੰ ਜੇਲ੍ਹ ਵੀ ਜਾਣਾ ਪਿਆ। ਹਾਲਾਤ ਦਾ ਝੰਬਿਆ ਮਿਲਖਾ ਸਿੰਘ ਇਕ ਵਾਰ ਡਾਕੂ ਬਣਨ ਬਾਰੇ ਵੀ ਸੋਚਦਾ ਹੈ, ਪਰ ਆਪਣੇ ਭਰਾ ਦੀ ਬਦੌਲਤ ਉਹ ਫੌਜ ਵਿਚ ਭਰਤੀ ਹੋ ਗਿਆ ਅਤੇ ਉਥੇ ਇਕ ਦੌੜ ਦੌਰਾਨ ਕੋਚ ਗੁਰਦੇਵ ਸਿੰਘ ਦੀ ਨਿਗ੍ਹਾ 'ਚ ਆ ਗਿਆ। ਫਿਰ ਤਾਂ ਚੱਲ ਸੋ ਚੱਲ...ਅਤੇ ਉਸ ਨੇ ਕੌਮੀ ਅਤੇ ਕੌਮਾਂਤਰੀ ਮੁਕਾਬਲਿਆਂ ਵਿਚ ਤਮਗਿਆਂ ਦਾ ਢੇਰ ਲਾ ਦਿੱਤਾ। 1956 ਵਿਚ ਉਸ ਨੇ ਆਸਟਰੇਲੀਆ 'ਚ ਹੋਈਆਂ ਮੈਲਬਰਨ ਉਲੰਪਿਕ ਖੇਡਾਂ ਵਿਚ 400 ਮੀਟਰ ਦੌੜ ਵਿਚ ਹਿੱਸਾ ਲਿਆ, ਪਰ ਕਾਮਯਾਬੀ ਨਾ ਮਿਲੀ। 1958 ਵਿਚ ਉਸ ਨੇ ਕੌਮੀ ਖੇਡਾਂ ਮੌਕੇ 200 ਅਤੇ 400 ਮੀਟਰ ਵਿਚ ਰਿਕਾਰਡ ਬਣਾਇਆ। ਉਸੇ ਸਾਲ ਏਸ਼ੀਆਈ ਖੇਡਾਂ ਵਿਚ ਸੋਨ ਤਮਗੇ ਜਿੱਤ ਕੇ ਬੱਲੇ ਬੱਲੇ ਕਰਵਾ ਦਿੱਤੀ। ਫਿਰ 1958 ਵਿਚ ਹੀ ਰਾਸ਼ਟਰਮੰਡਲ ਖੇਡਾਂ ਵਿਚ ਵੀ 400 ਮੀਟਰ ਵਿਚ ਸੋਨ ਤਮਗਾ ਜਿੱਤਿਆ। 1960 ਵਿਚ ਉਹ ਪਾਕਿਸਤਾਨ ਵਿਚ ਮਸ਼ਹੂਰ ਦੌੜਾਕ ਅਬਦੁੱਲ ਖਲਿਕ ਨਾਲ ਦੌੜਿਆ ਅਤੇ ਜਿੱਤ ਹਾਸਲ ਕੀਤੀ। ਉਥੇ ਹੀ ਜਨਰਲ ਆਯੂਬ ਖਾਨ ਨੇ ਉਹਦੇ ਲਈ 'ਉਡਣਾ ਸਿੱਖ' ਸ਼ਬਦ ਵਰਤਿਆ ਜੋ ਬਾਅਦ ਵਿਚ ਉਸ ਨਾਲ ਸਦਾ ਸਦਾ ਲਈ ਜੁੜ ਗਿਆ। 1960 ਦੀ ਰੋਮ ਉਲੰਪਿਕ ਖੇਡਾਂ ਵਿਚ ਉਹ ਤਮਗਾ ਜਿੱਤਦਾ ਜਿੱਤਦਾ ਰਹਿ ਗਿਆ ਅਤੇ ਚੌਥੇ ਨੰਬਰ 'ਤੇ ਰਿਹਾ। 1962 ਦੀਆਂ ਏਸ਼ੀਆਈ ਖੇਡਾਂ ਜੋ ਜਕਾਰਤਾ (ਇੰਡੋਨੇਸ਼ੀਆ) ਵਿਚ ਹੋਈਆਂ, ਵਿਚ ਉਸ ਨੇ 400 ਮੀਟਰ ਅਤੇ 4 ਗੁਣਾਂ 400 ਮੀਟਰ ਰਿਲੇਅ ਦੌੜ ਵਿਚ ਸੋਨ ਤਮਗੇ ਜਿੱਤੇ। ਇਨ੍ਹਾਂ ਪ੍ਰਾਪਤੀ ਲਈ ਭਾਰਤ ਸਰਕਾਰ ਨੇ ਉਸ ਨੂੰ ਪਦਮਸ੍ਰੀ ਇਨਾਮ ਨਾਲ ਨਿਵਾਜਿਆ। ਮਿਲਖਾ ਸਿੰਘ ਅਤੇ ਨਿਰਮਲ ਕੌਰ ਦੇ ਘਰੇ ਤਿੰਨ ਧੀਆਂ ਅਤੇ ਇਕ ਬੇਟੇ ਨੇ ਜਨਮ ਲਿਆ। ਬੇਟਾ ਜੀਵ ਮਿਲਖਾ ਸਿੰਘ ਗੋਲਫ ਦਾ ਉਘਾ ਖਿਡਾਰੀ ਹੈ। 1999 ਵਿਚ ਇਸ ਜੋੜੀ ਨੇ ਹੌਲਦਾਰ ਬਿਕਰਮ ਸਿੰਘ ਦੇ 7 ਸਾਲਾ ਪੁੱਤਰ ਨੂੰ ਗੋਦ ਲੈ ਲਿਆ। ਉਹ 1999 ਵਿਚ ਕਾਰਗਿਲ ਦੀ ਲੜਾਈ ਦੌਰਾਨ ਸ਼ਹੀਦ ਹੋ ਗਿਆ ਸੀ।*

## ਹੁਣ ਧੀ ਸੋਨੀਆ ਸੁਣਾਏਗੀ ਬਾਪੂ ਦੀ ਕਹਾਣੀ




'ਫਲਾਇੰਗ ਸਿੱਖ' ਮਿਲਖ਼ਾ ਸਿੰਘ ਹੁਣ ਆਪਣੀ ਧੀ ਸੋਨੀਆ ਸਨਵਾਲਕਾ ਨਾਲ ਰਲ ਕੇ ਆਪਣੀ ਸਵੈ ਜੀਵਨੀ ਲਿਖ ਰਹੇ ਹਨ। ਇਹ ਕਿਤਾਬ ਜਿਸ ਦਾ ਨਾਂ 'ਦਿ ਰੇਸ ਆਫ਼ ਮਾਈ ਲਾਈਫ਼' ਰੱਖਿਆ ਗਿਆ ਹੈ, ਇਸੇ ਸਾਲ 25 ਅਗਸਤ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਮਿਲਖਾ ਸਿੰਘ ਮੁਤਾਬਕ ਇਹ ਕਿਤਾਬ ਉਸ ਵੱਲੋਂ 1977 ਵਿਚ ਪੰਜਾਬੀ ਵਿਚ ਛਪਵਾਈ ਸਵੈ ਜੀਵਨੀ 'ਫ਼ਲਾਇੰਗ ਸਿੱਖ -ਮਿਲਖਾ ਸਿੰਘ' ਦੀ ਹੀ ਅਗਲੀ ਕੜੀ ਹੈ। ਪੰਜਾਬੀ ਵਾਲੀ ਕਿਤਾਬ ਵਿਚ 1977 ਤੱਕ ਦਾ ਸਮਾਂ ਲਿਆ ਗਿਆ ਹੈ। ਨਵੀਂ ਕਿਤਾਬ ਵਿਚ ਉਸ ਤੋਂ ਬਾਅਦ ਦਾ ਖੁਲਾਸਾ ਕੀਤਾ ਜਾਵੇਗਾ। ਇਸ ਕਿਤਾਬ ਵਿਚ ਖੇਡਾਂ 'ਤੇ ਪਈ ਨਸ਼ਿਆਂ ਦੀ ਮਾਰ ਦਾ ਉਚੇਚਾ ਜ਼ਿਕਰ ਹੈ।

## ਫਿਲਮ ਨਹੀਂ; ਉਡਣੇ ਸਿੱਖ ਬਾਰੇ ਦਸਤਾਵੇਜ਼

'ਉਡਣੇ ਸਿੱਖ' ਵਜੋਂ ਜੱਗ-ਜਹਾਨ ਵਿਚ ਮਸ਼ਹੂਰ ਮਿਲਖਾ ਸਿੰਘ ਬਾਰੇ ਬਣੀ ਫਿਲਮ 'ਭਾਗ ਮਿਲਖਾ ਭਾਗ' ਨਾਲ ਇਕ ਵਾਰ ਫਿਰ, ਮਿਲਖਾ ਸਿੰਘ ਦੀ ਬੱਲੇ ਬੱਲੇ ਹੋ ਗਈ ਹੈ। ਇਹ ਫਿਲਮ ਫਿਲਮਸਾਜ਼ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨੇ ਬਣਾਈ ਹੈ। ਇਸ ਤੋਂ ਪਹਿਲਾਂ ਉਹ 'ਰੰਗ ਦੇ ਬਸੰਤੀ' ਫਿਲਮ ਬਣਾ ਕੇ ਬਥੇਰੀ ਤਾਰੀਫ ਕਰਵਾ ਚੁੱਕਾ ਹੈ, ਪਰ ਇਸ ਫਿਲਮ ਨਾਲ ਉਸ ਦੇ ਵਾਰੇ ਨਿਆਰੇ ਹੋ ਗਏ ਹਨ। ਅਸਲ ਵਿਚ ਇਸ ਫਿਲਮ ਲਈ ਮਹਿਰਾ ਨੇ ਮਿਹਨਤ ਵੀ ਬਥੇਰੀ ਕੀਤੀ ਹੈ। ਕੁਝ ਲੋਕ ਅਤੇ ਆਲੋਚਕ ਇਹ ਫਿਲਮ ਕੁਝ ਵਧੇਰੇ ਹੀ ਲੰਮੀ ਹੋ ਗਈ ਕਹਿ ਰਹੇ ਹਨ, ਪਰ ਇਕ ਗੱਲ ਸਾਫ ਹੈ ਕਿ ਡਾਇਰੈਕਟਰ ਦੀ ਫਿਲਮ ਉਤੇ ਪਕੜ ਹੈ। ਫਿਲਮ ਫਲੈਸ਼-ਬੈਕ ਤਕਨੀਕ ਨਾਲ ਬਣਾਈ ਗਈ ਹੈ। ਵਾਰ ਵਾਰ ਕਹਾਣੀ ਅਗਾਂਹ-ਪਛਾਂਹ ਜਾਂਦੀ ਹੈ। ਮਜਾਲ ਹੈ ਕਿ ਦਰਸ਼ਕ ਦਾ ਧਿਆਨ ਉਖੜ ਜਾਵੇ! ਫਿਲਮ ਦੀ ਕਹਾਣੀ ਇੰਨੀ ਜ਼ੋਰਦਾਰ ਬਣ ਗਈ ਹੈ ਕਿ ਦਰਸ਼ਕ ਕਿਤੇ ਵੀ ਗੁਆਚਦਾ ਨਹੀਂ, ਸਗੋਂ ਅਸ਼-ਅਸ਼ ਕਰ ਉਠਦਾ ਹੈ। ਫਿਲਮ ਦੀ ਸੰਪਾਦਨ ਕਲਾ ਜਿਹੜੀ ਕਿਸੇ ਵੀ ਫਿਲਮ ਦੀ ਜਿੰਦ-ਜਾਨ ਹੁੰਦੀ ਹੈ, ਹੈਰਾਨ ਕਰਨ ਵਾਲੀ ਹੈ। ਇਹ ਫਿਲਮ ਆਖਰਕਾਰ ਜ਼ਿੰਦਗੀ ਦਾ ਜਸ਼ਨ ਹੋ ਨਿਬੜਦੀ ਹੈ। ਫਿਲਮ ਵਿਚ ਮਿਲਖਾ ਸਿੰਘ ਦਾ ਕਿਰਦਾਰ ਫਰਹਾਨ ਅਖਤਰ ਨੇ ਨਿਭਾਇਆ ਹੈ। ਉਸ ਨੇ ਇਸ ਕਿਰਦਾਰ ਵਿਚ ਰੂਹ ਫੂਕ ਦਿੱਤੀ ਹੈ। ਇਹ ਕਿਰਦਾਰ ਉਂਜ ਬੜਾ ਪੇਚੀਦਾ ਸੀ, ਕਿਉਂਕਿ ਮਿਲਖਾ ਸਿੰਘ ਦੀਆਂ ਅਣਗਿਣਤ ਭਾਵਨਾਵਾਂ ਨੂੰ ਇਕੋ ਵੇਲੇ ਸਕਰੀਨ ਉਤੇ ਸਾਕਾਰ ਕਰਨਾ ਹੁੰਦਾ ਸੀ। ਫਰਹਾਨ ਨੇ ਮਿਲਖਾ ਸਿੰਘ ਕੋਲੋਂ ਨਿੱਕੀ ਤੋਂ ਨਿੱਕੀ ਗੱਲ ਵੀ ਪੁੱਛੀ, ਉਹਦਾ ਸਟਾਈਲ ਸਮਝਿਆ। ਸ਼ਾਇਦ ਇਸੇ ਕਰ ਕੇ ਮਿਲਖਾ ਸਿੰਘ ਦੀ ਜੀਵਨ ਸਾਥਣ ਨਿਰਮਲ ਕੌਰ ਜੋ ਖੁਦ ਭਾਰਤੀ ਵਾਲੀਬਾਲ ਟੀਮ ਦੀ ਕੈਪਟਨ ਰਹਿ ਚੁੱਕੀ ਹੈ, ਕਹਿੰਦੀ ਹੈ: "ਇਸ ਮੁੰਡੇ ਨੇ ਤਾਂ ਕਮਾਲ ਕਰ ਦਿੱਤਾ।" ਫਿਲਮ ਵਿਚ ਫਰਹਾਨ ਦੀ ਅਦਾਕਾਰੀ ਦਾ ਸਵੈ-ਭਰੋਸਾ ਕਮਾਲ ਦਾ ਹੈ। ਉਸ ਨੇ ਇਹ ਕਿਰਦਾਰ ਇੰਨਾ ਖੁੱਭ ਕੇ ਨਿਭਾਇਆ ਹੈ ਕਿ ਹੁਣ ਜਦ ਕਦੀ ਵੀ ਮਿਲਖਾ ਸਿੰਘ ਦੀ ਗੱਲ ਚੱਲੇਗੀ, ਫਰਹਾਨ ਅਖਤਰ ਦਾ ਚਿਹਰਾ ਵੀ ਨਾਲ ਦੀ ਨਾਲ ਸਾਹਮਣੇ ਆਇਆ ਕਰੇਗਾ; ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਸੰਸਾਰ ਪ੍ਰਸਿੱਧ ਫਿਲਮ 'ਗਾਂਧੀ' ਵਿਚ ਗਾਂਧੀ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਬੈੱਨ ਕਿੰਗਸਲੇ ਨਾਲ ਹੋਇਆ ਸੀ। ਫਿਲਮ ਵਿਚ ਜਦੋਂ ਦੌੜ ਮੁਕਾਬਲਾ ਸਕਰੀਨ ਉਤੇ ਆ ਰਿਹਾ ਹੁੰਦਾ ਹੈ, ਤਾਂ ਫਿਲਮ ਦੇ ਦਰਸ਼ਕ ਤਾੜੀਆਂ ਵਜਾਉਂਦੇ ਹਨ; ਐਨ ਉਸੇ ਤਰ੍ਹਾਂ ਜਦੋਂ ਅਸਲੀ ਮੁਕਾਬਲੇ ਵੇਲੇ ਲੋਕ ਸੀਟਾਂ ਤੋਂ ਉਠ ਉਠ ਕੇ ਤਾੜੀਆਂ ਅਤੇ ਕੂਕਾਂ ਮਾਰਦੇ ਹਨ। ਇਉਂ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਅਤੇ ਫਰਹਾਨ ਅਖਤਰ ਨੇ ਮਿਲਖਾ ਸਿੰਘ ਨੂੰ ਇਕ ਵਾਰ ਫਿਰ ਸਕਰੀਨ ਉਤੇ ਸਾਕਾਰ ਕਰ ਦਿੱਤਾ। ਇਸ ਫਿਲਮ ਵਿਚ ਫਰਹਾਨ ਹੀ ਨਹੀਂ, ਹੋਰ ਕਲਾਕਾਰਾਂ ਨੇ ਵੀ ਪੂਰਾ ਰੰਗ ਬੰਨ੍ਹਿਆ ਹੈ। ਸੋਨਮ ਕਪੂਰ ਨੇ ਤਾਂ ਸੁਹੱਪਣ ਦੇ ਰੰਗ ਬਖੇਰੇ ਹੀ ਹਨ; ਦਿਵਿਆ ਦੱਤਾ, ਪਵਨ ਮਲਹੋਤਰਾ ਅਤੇ ਪ੍ਰਕਾਸ਼ ਰਾਜ ਨੇ ਆਪੋ-ਆਪਣੇ ਕਿਰਦਾਰਾਂ ਨਾਲ ਫਿਲਮ ਵਿਚ ਜਾਨ ਪਾ ਦਿੱਤੀ ਹੈ। ਫੌਜ ਦੇ ਕੋਚ ਗੁਰਦੇਵ ਸਿੰਘ ਦੇ ਰੂਪ ਵਿਚ ਉਸ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਨਿੱਕੇ ਨਿੱਕੇ ਹੋਰ ਰੋਲ ਨਿਭਾਅ ਕੇ ਕਈ ਕਲਾਕਾਰਾਂ ਨੇ ਭਰਪੂਰ ਹਾਜ਼ਰੀ ਲੁਆਈ ਹੈ। ਮੁਹਾਲੀ ਦੇ ਮੁੰਡੇ ਜਪਤੇਜ ਸਿੰਘ ਨੇ ਮਿਲਖਾ ਸਿੰਘ ਦੇ ਬਚਪਨ ਦਾ ਕਿਰਦਾਰ ਨਿਭਾਇਆ ਹੈ।



## ਪਾਸ਼ ਦੇ ਸ਼ਬਦਾਂ ਦਾ ਜਾਦੂ




ਫਿਲਮਸਾਜ਼ ਰਾਕੇਸ਼ ਮਹਿਰਾ ਦੱਸਦਾ ਹੈ: "ਮੇਰੇ ਇਕ ਮਿੱਤਰ ਨੇ ਮੈਨੂੰ ਮਿਲਖਾ ਸਿੰਘ ਦੀ ਪੰਜਾਬੀ ਵਿਚ ਲਿਖੀ ਜੀਵਨੀ 'ਉਡਣਾ ਸਿੱਖ: ਮਿਲਖਾ ਸਿੰਘ' ਪੜ੍ਹਨ ਨੂੰ ਦਿੱਤੀ। ਕਿਸੇ ਦੀ ਮੱਦਦ ਨਾਲ ਇਸ ਕਿਤਾਬ ਦੇ ਪਹਿਲੇ ਕੁਝ ਕੁ ਸਫੇ ਹੀ ਪੜ੍ਹੇ ਸਨ ਕਿ ਮਿਲਖਾ ਸਿੰਘ ਨੂੰ ਮਿਲਣ ਦਾ ਮਨ ਬਣਾ ਲਿਆ। ਚੰਡੀਗੜ੍ਹ ਉਨ੍ਹਾਂ ਦੇ ਘਰੇ ਮੁਲਾਕਾਤ ਦੌਰਾਨ, ਮਨ ਹੀ ਮਨ ਫੈਸਲਾ ਕਰ ਲਿਆ ਕਿ ਇਹ ਫਿਲਮ ਤਾਂ ਬਣਾਉਣੀ ਹੀ ਬਣਾਉਣੀ ਹੈ। ਮਿਲਖਾ ਸਿੰਘ ਦੇ ਕਰੈਕਟਰ ਵਿਚ ਅੰਤਾਂ ਦੇ ਉਤਰਾਅ-ਚੜ੍ਹਾਅ ਸਨ। ਇਸ ਤੋਂ ਚੰਗੀ ਕਹਾਣੀ ਹੋਰ ਨਹੀਂ ਸੀ ਹੋ ਸਕਦੀ। ਕਿਤਾਬ 'ਚ ਮਿਲਖਾ ਸਿੰਘ ਦੇ ਜੀਵਨ ਦੀਆਂ ਤਹਿਆਂ ਇਕ ਇਕ ਕਰ ਕੇ ਫਰੋਲੀਆਂ ਹੋਈਆ ਸਨ।" ਇਸ ਕਿਤਾਬ ਦੇ ਸ਼ਬਦ ਪੰਜਾਬੀ ਦੇ ਇਨਕਲਾਬੀ ਸ਼ਾਇਰ ਪਾਸ਼ ਨੇ ਬੀੜੇ ਹੋਏ ਹਨ।



*ਲੰਡਨ ਵਿਚ ਫਿਲਮ ਦੇ ਵਿਸ਼ੇਸ਼ ਸ਼ੋਅ ਦੌਰਾਨ ਮਿਲਖਾ ਸਿੰਘ ਆਪਣੇ ਕੋਚ ਨਾਲ। ਤਸਵੀਰ ਵਿਚ ਫ਼ਿਲਮ ਦਾ ਹੀਰੋ ਫਰਹਾਨ ਅਖਤਰ ਤੇ ਸੋਨਮ ਕਪੂਰ ਵੀ ਹਨ।*

## ਫਿਲਮ ਦੇਖ ਕੇ ਕਾਰਲ ਲੂਈਸ ਨੇ ਕੀਤਾ ਫੋਨ

'ਭਾਗ ਮਿਲਖਾ ਭਾਗ' ਦੀ ਕਲਗੀ ਵਿਚ ਇਕ ਹੋਰ ਫੂੰਦਾ ਲੱਗ ਗਿਆ ਹੈ। ਇਹ ਫਿਲਮ ਆਪਣੇ ਸਮੇਂ ਦੇ ਮਹਾਨ ਅਮਰੀਕੀ ਦੌੜਾਕ ਕਾਰਲ ਲੂਈਸ ਨੇ ਆਪਣੇ ਇਕ ਭਾਰਤੀ ਪ੍ਰਸੰਸਕ ਦੀ ਮੱਦਦ ਨਾਲ ਦੇਖੀ ਅਤੇ ਤੁਰੰਤ ਮਿਲਖਾ ਸਿੰਘ ਨੂੰ ਫੋਨ ਕੀਤਾ। ਮਿਲਖਾ ਸਿੰਘ ਨੇ ਕਾਰਲ ਲੂਈਸ ਦੇ ਫੋਨ ਦੀ ਪੁਸ਼ਟੀ ਕੀਤੀ ਹੈ।

ਉਹ ਦੱਸਦੇ ਹਨ: "ਕਾਰਲ ਇਸ ਗੱਲੋਂ ਬਹੁਤ ਪ੍ਰਭਾਵਤ ਹੋਇਆ ਕਿ ਮੈਂ ਇੰਨੇ ਔਖੇ ਹਾਲਾਤ ਵਿਚ ਵੀ ਆਪਣੇ ਦੇਸ਼ ਦੀ ਨੁਮਾਇੰਦਗੀ ਕੀਤੀ। ਕਾਰਲ ਨੇ ਮੈਨੂੰ ਤੋਹਫਾ ਭੇਜਣ ਕਈ ਵੀ ਆਖਿਆ ਹੈ ਅਤੇ ਮੈਥੋਂ ਸਿਰਨਾਵਾਂ ਲੈ ਲਿਆ ਹੈ। ਹੈਰਾਨ ਹਾਂ, ਉਸ ਨੇ ਕਿੰਨੇ ਤਰੱਦਦ ਨਾਲ ਮੇਰਾ ਫੋਨ ਲੱਭਿਆ ਹੋਵੇਗਾ।" ਇਸ ਤੋਂ ਪਹਿਲਾਂ ਇਹ ਦੋਵੇਂ ਮਹਾਨ ਖਿਡਾਰੀ ਇਕ-ਦੂਜੇ ਨੂੰ ਨਾ ਤਾਂ ਮਿਲੇ ਹਨ ਅਤੇ ਹੀ ਕਦੀ ਗੱਲਬਾਤ ਹੋਈ ਹੈ।



ਕਾਰਲ ਲੂਈਸ

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ

## 5 ਅਗਸਤ 2012 ਦੇ ਸਾਕੇ ਦੀ ਪਹਿਲੀ ਵਰ੍ਹੇਗੰਢ




5 ਅਗਸਤ 2012 ਉਹ ਅਭਾਗਾ ਦਿਨ ਹੈ ਜਦੋਂ ਇਕ ਸਿਰ ਫਿਰੇ ਜਨੂੰਨੀ ਨੇ ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ ਵਿਚ ਗੋਲੀ ਚਲਾ ਕੇ ਛੇ ਬੇਕਸੂਰ ਸ਼ਰਧਾਲੂਆਂ ਨੂੰ ਆਪਣੀ ਗੋਲੀ ਦਾ ਸ਼ਿਕਾਰ ਬਣਾ ਦਿੱਤਾ ਅਤੇ ਇਕ ਪੁਲਿਸ ਅਫਸਰ ਸਮੇਤ ਕਈ ਲੋਕਾਂ ਨੂੰ ਜ਼ਖਮੀ ਕਰ ਦਿੱਤਾ। ਇਸ ਮੰਦਭਾਗੀ ਘਟਨਾ ਦੀ ਪਹਿਲਾ ਸ਼ਹੀਦੀ ਸਮਾਗਮ 2 ਤੋਂ 5 ਅਗਸਤ 2013 ਨੂੰ ਕੀਤਾ ਜਾ ਰਿਹਾ ਹੈ। ਆਓ, ਸਾਰੇ ਰਲ ਕੇ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰੀਏ।

*ਗੁਰੂ ਕਾ ਲੰਗਰ ਸਮਾਗਮ ਦੇ ਚਾਰੇ ਦਿਨ ਅਤੁੱਟ ਵਰਤੇਗਾ।*

# SCHEDULE OF EVENTS

### FRI - AUG 2

**10:30 am**
**AKHAND PAATH**
48 non-stop hour recitation of the Shri Guru Granth Sahib, the Sikh Holy book, will begin @ THE SIKH TEMPLE OF WISCONSIN

**1:30 - 3:00 pm**
**REMEMBRANCE**
of the Six Departed Souls at the U.S. Federal Court House 517 Wisconsin Ave. Milwaukee Hosted by U.S. Attorney James Santelle



### SAT - AUG 3

**AKHAND PAATH**
continues
@ THE SIKH TEMPLE OF WISCONSIN

**8:30 am**
**CHARDHI KALA 6K MEMORIAL RUN/WALK**
at Oak Creek High School
340 E. Puetz Rd., Oak Creek
Register: 8:30 - 10 am
Run Starts: 10 am
Event Ends: 3pm
Register @
www.chardhikala6k.org
chardhikala6k@gmail.com




### SUN - AUG 4

**10:30 am**
**AKHAND PAATH**
concludes
@ THE SIKH TEMPLE OF WISCONSIN

**11:00 am - 1:30 pm**
**KIRTAN**
Hymns sung during meditation

**1:30 - 3:00 pm**
**TRIBUTES TO DEPARTED SOULS**
Words are offered from guests dignitaries, and well wishers.




### MON - AUG 5

**6:00 pm - 8:00 pm**
**SIMRAN**

Contemplative Meditation during light music
@ THE SIKH TEMPLE OF WISCONSIN

**8:00 pm**
**CANDLE LIGHT VIGIL**

@ THE SIKH TEMPLE OF WISCONSIN PARKING LOT



ਇਸ ਸਿਮ੍ਰਤੀ ਸਮਾਗਮ ਵਿਚ ਤੁਹਾਡੀ ਸ਼ਮੂਲੀਅਤ ਵਿਛੜੀਆਂ ਰੂਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਪੀੜਤ ਪਰਿਵਾਰਾਂ ਦੇ ਜ਼ਖਮਾਂ ਉਤੇ ਮੱਲ੍ਹਮ ਵਾਂਗ ਹੋਵੇਗੀ।

ਤੁਹਾਡੀ ਹਾਜ਼ਰੀ ਇਹ ਵੀ ਜ਼ਾਹਿਰ ਕਰੇਗੀ ਕਿ ਇਹ ਇਕੱਲਾ ਸਿੱਖਾਂ ਦਾ ਹੀ ਦੁਖਾਂਤ ਨਹੀਂ ਸਗੋਂ ਇਕ ਅਮਰੀਕੀ ਦੁਖਾਂਤ ਹੈ। ਸਾਨੂੰ ਨਿਮਰਤਾ ਅਤੇ ਪਿਆਰ ਸਹਿਤ ਇਕੱਠੇ ਹੋ ਕੇ ਜਨੂੰਨੀ ਹਿੰਸਾ ਵਿਰੁਧ ਡਟਣਾ ਚਾਹੀਦਾ ਹੈ।

**Sikh Temple of Wisconsin, 7512 S. Howell Ave. Oak Creek, WI 53154**
sikhtempleofwi@gmail.com www.sikhtempleofwisconsin.org

# ਅਨੋਖਾ ਅਨੁਭਵ ਸੀ ਰਾਸ਼ਟਰਪਤੀ ਓਬਾਮਾ ਨਾਲ ਮੁਲਾਕਾਤ ਦਾ ਮੌਕਾ

**ਸ਼ਿਕਾਗੋ (ਬਿਊਰੋ):** ਡੈਮੋਕਰੈਟਿਕ ਕਾਂਗਰਸ ਕੈਂਪੇਨ ਕਮੇਟੀ (ਡੀ ਸੀ ਸੀ ਸੀ) ਵਲੋਂ ਇਥੇ ਸ਼ਿਕਾਗੋ ਹਿਲਟਨ ਟਾਵਰਜ਼ ਵਿਚ ਕਰਵਾਏ ਗਏ ਇਕ ਵੱਡੇ ਫੰਡਰੇਜ਼ਰ ਸਮਾਗਮ ਦੌਰਾਨ ਸ਼ਿਕਾਗੋ ਮਿਡਵੈਸਟ ਦੇ ਪੰਜਾਬੀ ਅਮਰੀਕਨਾਂ ਨੂੰ ਵੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੇੜਿਓਂ ਹੋ ਕੇ ਮਿਲਣ ਦਾ ਮੌਕਾ ਮਿਲਿਆ। ਇਸ ਫੰਡਰੇਜ਼ਰ ਸਮੇਂ ਕੋਈ ਡੇਢ ਸੌ ਮਹਿਮਾਨ ਹਾਜ਼ਰ ਸਨ ਜਿਨ੍ਹਾਂ ਵਿਚੋਂ ਕੁਝ ਇਕ ਹੀ ਪੰਜਾਬੀ ਅਮਰੀਕੀ ਸਨ। ਇਸ ਫੰਡਰੇਜ਼ਰ ਦਾ ਪ੍ਰਬੰਧ ਬਲਵਿੰਦਰ ਸਿੰਘ ਨੇ ਕੀਤਾ ਸੀ ਜੋ ਕਿ ਡੀ ਸੀ ਸੀ ਸੀ ਸ਼ਿਕਾਗੋ ਆਫਿਸ ਦੇ ਚੇਅਰਮੈਨ ਹਨ ਅਤੇ ਰਾਸ਼ਟਰਪਤੀ ਓਬਾਮਾ ਦੇ ਲੰਮੇ ਸਮੇਂ ਤੋਂ ਕਰੀਬੀ ਦੋਸਤ ਹਨ।

ਪੰਜਾਬੀ ਅਮੈਰਿਕਨ ਆਰਗੇਨਾਈਜ਼ਨ ਦੇ ਮੈਨੇਜ਼ਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਅਤੇ ਸਥਾਨਕ ਬਿਜਨਸਮੈਨ ਨਿਕ ਗਾਖਲ ਨੇ ਇਸ ਮੁਲਾਕਾਤ ਦੌਰਾਨ ਆਪਣਾ ਅਨੁਭਵ ਦੱਸਦਿਆਂ ਕਿਹਾ ਕਿ ਵਿਸ਼ਵ ਦੇ ਸਭ ਤੋਂ ਤਾਕਤਵਰ ਦੇਸ਼ ਦੇ ਸਭ ਤੋਂ ਤਾਕਤਵਰ ਆਗੂ ਨੂੰ ਇੰਨਾ ਨੇੜਿਓਂ ਹੋ ਕੇ ਮਿਲਣਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਮੌਕਾ ਸੀ। ਉਨ੍ਹਾਂ ਦੱਸਿਆ ਕਿ ਜਿਉਂ ਹੀ ਉਨ੍ਹਾਂ ਦਾ ਸਾਥੀ ਬਲਵਿੰਦਰ ਸਿੰਘ ਰਾਸ਼ਟਰਪਤੀ ਦੇ ਨੇੜੇ ਆਇਆ ਤਾਂ ਉਨ੍ਹਾਂ ਇਕ ਦਮ ਅੱਗੇ ਵਧਦਿਆਂ ਕਿਹਾ, "ਕੀ ਹਾਲ ਹੈ ਬਈ ਮੇਰੇ ਪੁਰਾਣੇ ਮਿੱਤਰ ਬਲਵਿੰਦਰ।" ਇਸ ਪਿਛੋਂ ਉਨ੍ਹਾਂ ਬਹੁਤ ਕਰੀਬੀ ਦੋਸਤਾਂ ਵਜੋਂ ਕੁਝ ਗੱਲਬਾਤ ਕੀਤੀ।

ਆਪਣੀ ਗੱਲ ਜਾਰੀ ਰੱਖਦਿਆਂ ਸ੍ਰੀ ਮੁਲਤਾਨੀ ਨੇ ਦੱਸਿਆ ਕਿ ਉਨ੍ਹਾਂ ਦੀ ਇਹ ਮੁਲਾਕਾਤ ਇਕ ਪ੍ਰਾਈਵੇਟ ਕਮਰੇ ਵਿਚ ਹੋਈ ਜਿਥੇ ਸਕਿਉਰਿਟੀ ਵਾਲੇ ਕਾਫੀ ਦੂਰ ਖੜ੍ਹੇ ਸਨ ਅਤੇ ਇੰਜ ਉਨ੍ਹਾਂ ਨੂੰ ਰਾਸ਼ਟਰਪਤੀ ਓਬਾਮਾ ਨਾਲ ਨੇੜਿਓਂ ਹੋ ਕੇ ਗੱਲਬਾਤ ਕਰਨ ਦਾ ਮੌਕਾ ਮਿਲਿਆ।



ਰਾਸ਼ਟਰਪਤੀ ਓਬਾਮਾ ਆਪਣੇ ਪੁਰਾਣੇ ਮਿੱਤਰ ਬਲਵਿੰਦਰ ਸਿੰਘ ਨਾਲ



ਰਾਸ਼ਟਰਪਤੀ ਓਬਾਮਾ ਨਾਲ ਰਿਨੇ ਅਤੇ ਨਿੱਕ ਗਾਖਲ

ਇਸ ਮੌਕੇ ਰਾਸ਼ਟਰਪਤੀ ਭਵਨ ਦੇ ਫੋਟੋਗ੍ਰਾਫਰ ਰਾਹੀਂ ਉਨ੍ਹਾਂ ਸ੍ਰੀ ਓਬਾਮਾ ਨਾਲ ਤਸਵੀਰਾਂ ਵੀ ਖਿਚਵਾਈਆਂ। ਉਨ੍ਹਾਂ ਦੇ ਨਾਲ ਸ਼ਿਕਾਗੋ ਦੇ ਮੇਅਰ ਰਾਹਮ ਇਮੈਨੂਅਲ, ਡੀ ਸੀ ਸੀ ਸੀ ਦੇ ਚੇਅਰਮੈਨ ਸਟੀਵ ਇਸਰਾਇਲ, ਸਦਨ ਵਿਚ ਮਿਨਾਰਟੀ ਲੀਡਰ ਨੈਨਸੀ ਪਾਲੋਸੀ ਅਤੇ ਸੈਨੇਟਰ ਡਿਕ ਡਰਬਿਨ ਤੋਂ ਇਲਾਵਾ ਬਹੁਤ ਸਾਰੇ ਸੂਬਾਈ ਅਤੇ ਸਥਾਨਕ ਸਿਆਸੀ ਆਗੂ ਮੌਜੂਦ ਸਨ।

ਰਾਸ਼ਟਰਪਤੀ ਨੇ ਉਨ੍ਹਾਂ ਨਾਲ ਗੱਲ ਕਰਦਿਆਂ ਭਾਰਤੀ ਭਾਈਚਾਰੇ ਵਲੋਂ ਅਮਰੀਕੀ ਅਰਥਚਾਰੇ ਅਤੇ ਸਮਾਜ ਵਿਚ ਨਿਭਾਏ ਜਾ ਰਹੇ ਉਸਾਰੂ ਰੋਲ ਦੀ ਸ਼ਲਾਘਾ ਕੀਤੀ। ਉਨ੍ਹਾਂ ਵਾਤਾਵਰਣ ਸੰਭਾਲ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਬਲੈਕ ਹਾਕਸ ਟੀਮ ਸਟੈਨਲੀ ਕੱਪ ਜਿੱਤ ਜਾਵੇਗੀ। ਜ਼ਿਕਰਯੋਗ ਹੈ ਕਿ ਸ੍ਰੀ ਓਬਾਮਾ ਵਾਈਟ ਸਾਕਸ ਦੇ ਵੱਡੇ ਪ੍ਰਸ਼ੰਸਕ ਹਨ।







ਰਾਸ਼ਟਰਪਤੀ ਓਬਾਮਾ ਨਾਲ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਮੁਸਕਰਾਹਟਾਂ ਵੰਡਾਉਂਦੇ ਹੋਏ















